RE/MAX NORTH CENTRAL
6401 Eldorado Pkwy Ste. 219, Mckinney, TX 75070
Serving in North Texas
We can help with finance
Ph: 972-529-5555
Email: info@remaxnorthcentral.com
www.remaxnorthcentral.com
PL Contact For Residential Needs only
37-44

Ad Space Available
Please Call
Ph: 847-359-0746


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Nineteenth Year of Publication ਨਿਊ ਯਾਰਕ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 44, November 3, 2018 20451 N. Plum Grove Rd., Palatine, IL 60074 Ph:847-359-0746, Fax:847-705-9388

## ਕੁਰਸੀ ਬਚਾਉਣ ਲਈ ਬਾਦਲਾਂ ਨੇ ਮੋਰਚੇ ਸੰਭਾਲੇ

### ਬਾਗੀਆਂ ਦਾ ਰੁਖ ਵੀ ਰੰਗ ਦਿਖਾਉਣ ਲੱਗਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਉਤੇ ਬਾਦਲ ਪਰਿਵਾਰ ਦੇ ਦਬਦਬੇ ਖਿਲਾਫ ਉਠਿਆ ਰੋਹ ਸਿਖਰਾਂ ਉਤੇ ਹੈ। ਇਸ ਰੋਹ ਨੂੰ ਹੁਣ ਬਾਦਲ ਵੀ ਚੰਗੀ ਤਰ੍ਹਾਂ ਤਾੜ ਗਏ ਹਨ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਨਾਟਕੀ ਢੰਗ ਨਾਲ ਪ੍ਰਧਾਨਗੀ ਛੱਡਣ ਦੀ ਪੇਸ਼ਕਸ਼ ਕੀਤੀ ਅਤੇ ਅਗਲੇ ਦਿਨ ਹੀ ਕੋਰ ਕਮੇਟੀ ਦੀ ਮੀਟਿੰਗ ਬੁਲਾ ਕੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਟਕਸਾਲੀ ਲੀਡਰਸ਼ਿਪ ਉਨ੍ਹਾਂ ਦੀ ਕੁਰਸੀ ਖਿੱਚਣ ਦੇ ਹੱਕ ਵਿਚ ਨਹੀਂ। ਇਸ ਤੋਂ ਇਹੀ ਸੰਕੇਤ ਮਿਲ ਰਿਹਾ ਹੈ ਕਿ ਪੰਥਕ ਧਿਰ ਵਿਚ ਸਰਦਾਰੀ ਕਾਇਮ ਰੱਖਣ ਲਈ ਬਾਦਲ ਪਰਿਵਾਰ ਕਿਸੇ ਹੱਦ ਤੱਕ ਵੀ ਜਾ ਸਕਦਾ ਹੈ; ਹਾਲਾਂਕਿ ਸੁਖਬੀਰ ਦਾ ਇਹ ਪੈਂਤੜਾ ਇਸ ਪੱਖੋਂ ਪੁੱਠਾ ਪੈ ਗਿਆ ਕਿ ਜੋ ਟਕਸਾਲੀ ਆਗੂ ਸਿਹਤ ਦਾ ਹਵਾਲਾ ਦੇ ਕੇ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਚੁੱਕੇ ਹਨ, ਉਹ ਹੁਣ ਤਕੜੇ ਹੋ ਕੇ ਬਾਦਲਾਂ ਖਿਲਾਫ ਬੋਲਣ ਲੱਗੇ ਹਨ। ਸੀਨੀਆਰ ਆਗੂ ਸੁਖਦੇਵ ਸਿੰਘ ਢੀਂਡਸਾ ਅਤੇ ਮਾਝੇ ਦੇ ਟਕਸਾਲੀ ਆਗੂ ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ ਤੇ ਰਤਨ ਸਿੰਘ ਅਜਨਾਲਾ ਨੇ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਉਤੇ ਖੁੱਲ੍ਹੇਆਮ ਸਵਾਲ ਉਠਾਉਣੇ ਸ਼ੁਰੂ ਕਰ ਦਿੱਤੇ। ਬ੍ਰਹਮਪੁਰਾ ਨੇ ਤਾਂ ਸੁਖਬੀਰ ਦੀ ਅਸਤੀਫੇ ਦੀ ਪੇਸ਼ਕਸ਼ ਤੋਂ ਤੁਰੰਤ ਬਾਅਦ ਮੋਰਚਾ ਸੰਭਾਲ ਲਿਆ ਅਤੇ ਇਥੋਂ ਤੱਕ ਆਖ ਦਿੱਤਾ ਕਿ ਇਹ ਸਭ ਨਾਟਕ ਹੈ। ਜੇ ਅਸਤੀਫਾ ਦੇਣਾ ਹੁੰਦਾ ਤਾਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਨੂੰ ਨਮੋਸ਼ੀ ਵਾਲੀ ਹਾਰ ਸਮੇਂ ਹੀ ਦੇ ਦਿੱਤਾ ਹੁੰਦਾ। ਹੁਣ ਤੱਕ ਢਿੱਲੀ ਸਿਹਤ ਦਾ ਹਵਾਲਾ ਦਿੰਦੇ ਇਸ ਆਗੂ ਨੇ ਗੱਲ ਸਿਰੇ ਲਾਉਂਦਿਆਂ ਇਹ ਵੀ ਆਖ ਦਿੱਤਾ ਕਿ ਜੇ ਅੱਜ ਵੀ ਸੁਖਬੀਰ ਅਸਤੀਫਾ ਦਿੰਦਾ ਹੈ ਤਾਂ ਉਹ ਵਾਪਸੀ ਬਾਰੇ ਸੋਚ ਸਕਦੇ ਹਨ।

ਦੱਸ ਦਈਏ ਕਿ ਸੁਖਬੀਰ ਨੇ ਪਾਰਟੀ ਅੰਦਰ ਉਠੀਆਂ ਬਾਗੀ ਸੁਰਾਂ ਨੂੰ ਵੇਖਦੇ ਹੋਏ ਅੰਮ੍ਰਿਤਸਰ ਵਿਚ ਬਿਆਨ ਦੇ ਦਿੱਤਾ ਕਿ ਜੇ ਪਾਰਟੀ ਕਹੇਗੀ ਤਾਂ ਉਹ ਅਸਤੀਫਾ ਦੇਣ ਲਈ ਤਿਆਰ ਹਨ, ਪਰ ਅਗਲੇ ਹੀ ਦਿਨ ਕੋਰ ਕਮੇਟੀ ਦੀ ਮੀਟਿੰਗ ਬੁਲਾ ਕੇ ਆਪਣੇ ਹੱਕ ਵਿਚ ਨਾਅਰੇ ਮਰਵਾ ਲਏ। ਸੁਖਬੀਰ ਨੂੰ ਉਮੀਦ ਸੀ ਕਿ ਅਸਤੀਫੇ ਦੀ ਪੇਸ਼ਕਸ਼ ਪਿੱਛੋਂ ਉਹ ਬਾਗੀ ਸੁਰਾਂ ਮੱਠੀਆਂ ਕਰਨ ਤੇ ਹਮਦਰਦੀ ਲੈਣ ਵਿਚ ਸਫਲ ਹੋਣਗੇ, ਪਰ ਹੋਇਆ ਇਸ ਦੇ ਉਲਟ। ਵੱਡੀ ਗਿਣਤੀ ਆਗੂਆਂ ਨੇ ਸੁਖਬੀਰ ਦੀ ਪੇਸ਼ਕਸ਼ ਦਾ ਸਵਾਗਤ ਕਰ ਦਿੱਤਾ ਤੇ ਸਲਾਹ ਦੇ ਦਿੱਤੀ ਕਿ ਹੁਣ ਪ੍ਰਧਾਨਗੀ ਤੋਂ ਲਾਂਭੇ ਹੋਣ ਵਿਚ ਹੀ ਭਲਾਈ ਹੈ। ਮੌਕਾ ਹੱਥੋਂ ਨਿਕਲਦਾ ਵੇਖ ਸੁਖਬੀਰ ਨੇ ਇਸ ਪੇਸ਼ਕਸ਼ ਤੋਂ ਭੱਜਣ ਵਿਚ ਹੀ ਭਲਾਈ ਸਮਝੀ। ਅਜਿਹੀ ਰਣਨੀਤੀ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਪਹਿਲਾਂ ਵੀ ਕਈ ਵਾਰ ਅਪਣਾ ਚੁੱਕੇ ਹਨ। ਉਸ ਵਕਤ ਮੌਜੂਦਾ ਬਗਾਵਤੀ ਸੁਰ ਵਾਲੇ ਆਗੂ ਹੀ ਬਾਦਲ ਦੀ ਰਣਨੀਤੀ ਨੂੰ ਅਮਲੀ ਜਾਮਾ ਪਹਿਨਾਉਣ ਵਿਚ ਸਹਾਇਕ ਬਣਦੇ ਰਹੇ ਹਨ। ਅਕਾਲੀ ਦਲ ਵਿਚ ਜੋ ਕੁਝ ਹੋ ਰਿਹਾ ਹੈ, ਇਸ ਤੋਂ

(ਬਾਕੀ ਸਫਾ 6 ਉਤੇ)

### ਪਾਰਟੀ ਦੀ ਥਾਂ ਬਾਦਲਾਂ ਨੂੰ ਬਚਾਉਣ 'ਤੇ ਜ਼ੋਰ

ਪੰਜਾਬ ਦੀ ਸਿਆਸਤ 'ਤੇ ਪੈਦਾ ਹੋਏ ਤਾਜ਼ਾ ਹਾਲਾਤ ਨਾਲ ਸਿੱਝਣ ਲਈ ਅਕਾਲੀਆਂ ਦੀ ਕੋਈ ਠੋਸ ਰਣਨੀਤੀ ਨਜ਼ਰ ਨਹੀਂ ਆਉਂਦੀ ਅਤੇ ਸਾਰਾ ਜ਼ੋਰ ਬਾਦਲ ਪਰਿਵਾਰ ਦੇ ਬਚਾਅ ਲਈ ਲੱਗਿਆ ਹੋਇਆ ਹੈ। ਅਕਾਲੀ ਦਲ ਦੇ ਆਗੂਆਂ ਦਾ ਹੀ ਦਬਵੀਂ ਸੁਰ ਵਿਚ ਕਹਿਣਾ ਹੈ ਕਿ ਪਾਰਟੀ ਦੀਆਂ ਕੋਰ ਕਮੇਟੀ ਦੀਆਂ ਮੀਟਿੰਗਾਂ ਕਰ ਕੇ ਕਾਂਗਰਸ ਨੂੰ ਭੰਡਣ 'ਤੇ ਜ਼ੋਰ ਤਾਂ ਲਾਇਆ ਜਾ ਰਿਹਾ ਹੈ ਪਰ ਪਿਛਲੀਆਂ ਗਲਤੀਆਂ ਨੂੰ ਸੁਧਾਰਨ 'ਤੇ ਤਵੱਕੋ ਨਹੀਂ ਦਿੱਤੀ ਜਾ ਰਹੀ। ਬਾਦਲ ਪਰਿਵਾਰਾਂ ਦੇ ਵਫਾਦਾਰਾਂ ਵੱਲੋਂ ਬਾਗੀ ਆਗੂਆਂ ਨੂੰ ਘੇਰਨ ਵੱਲ ਵੱਧ ਧਿਆਨ ਦਿੱਤਾ ਜਾ ਰਿਹਾ ਹੈ। ਖਾਸ ਕਰ ਕੇ ਰਣਜੀਤ ਸਿੰਘ ਬ੍ਰਹਮਪੁਰਾ ਤੇ ਸੇਵਾ ਸਿੰਘ ਸੇਖਵਾਂ ਨੂੰ ਇਨ੍ਹਾਂ ਦੇ ਹਲਕਿਆਂ ਵਿਚ ਹੀ ਘੇਰਨ ਦੀ ਡਿਊਟੀ ਲਾਈ ਹੋਈ ਹੈ। ਸੁਖਬੀਰ ਸਿੰਘ ਬਾਦਲ ਨੇ ਭਾਵੇਂ ਆਪਣੀ ਕੁਰਸੀ ਕਾਇਮ ਰੱਖਣ ਲਈ ਕੋਰ ਕਮੇਟੀ ਤੋਂ ਮੋਹਰ ਲਗਵਾ ਲਈ ਹੈ ਪਰ ਅਕਾਲੀ ਦਲ ਅੰਦਰ ਲੱਗੀ ਬਗਾਵਤ ਦੀ ਅੱਗ ਦੇ ਲਗਾਤਾਰ ਧੁਖਦੀ ਰਹਿਣ ਕਾਰਨ ਪ੍ਰਧਾਨ ਮੂਹਰੇ ਚੁਣੌਤੀਆਂ ਬਰਕਰਾਰ ਹਨ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਬਰਗਾੜੀ ਮੋਰਚਾ ਅਕਾਲੀਆਂ ਦੀ ਸਿਆਸਤ 'ਤੇ ਭਾਰੂ ਪੈ ਰਿਹਾ ਹੈ। ਸਾਲ 2019 ਵਿਚ ਸੱਤਾਂ ਕੁ ਮਹੀਨਿਆਂ ਤੱਕ ਹੋਣ ਵਾਲੀਆਂ ਲੋਕ ਸਭਾ ਚੋਣਾਂ 'ਤੇ ਵੀ ਇਸ ਦਾ ਸਪੱਸ਼ਟ ਅਸਰ ਪੈਂਦਾ ਦਿਖਾਈ ਦਿੰਦਾ ਹੈ।


## 'ਆਪ' ਵਿਚ ਏਕੇ ਲਈ 'ਦਿੱਲੀ ਅਜੇ ਦੂਰ'

**ਚੰਡੀਗੜ੍ਹ:** ਆਮ ਆਦਮੀ ਪਾਰਟੀ ਵਲੋਂ ਪੰਜਾਬ ਦੇ ਬਾਗੀ ਆਗੂਆਂ ਨੂੰ ਮਨਾਉਣ ਅਤੇ ਪਾਰਟੀ ਦੇ ਏਕੇ ਬਾਰੇ ਦਾਅਵਿਆਂ ਦੀ ਫੂਕ ਨਿਕਲ ਗਈ ਹੈ। ਪਿਛਲੇ ਤਕਰੀਬਨ ਇਕ ਮਹੀਨੇ ਤੋਂ ਰੌਲਾ ਪਾਇਆ ਜਾ ਰਿਹਾ ਸੀ ਕਿ ਦਿੱਲੀ ਹਾਈ ਕਮਾਨ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਲਈ ਤਿਆਰ ਹੈ। ਇਸ ਸਬੰਧੀ ਦਿੱਲੀ ਵਿਚ ਪੰਜਾਬ ਦੇ ਆਗੂਆਂ ਨਾਲ ਧੜਾਧੜਾ ਮੀਟਿੰਗਾਂ ਵੀ ਕੀਤੀਆਂ। ਇਥੋਂ ਤੱਕ ਕਿ ਕਮੇਟੀ ਬਣਾ ਕੇ ਕੁਝ ਆਗੂਆਂ ਦੀ ਉਚੇਚੀ ਡਿਊਟੀ ਲਗਾਈ ਗਈ ਕਿ ਨਾਰਾਜ਼ ਆਗੂਆਂ ਤੱਕ ਪਹੁੰਚ ਕੀਤੀ ਜਾਵੇ ਤੇ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਾਰਿਆਂ ਦੇ ਰੋਸੇ ਦੂਰ ਕਰ ਕੇ ਪਾਰਟੀ ਨੂੰ ਮਜ਼ਬੂਤ ਕੀਤਾ ਜਾਵੇ। ਇਸ ਲਈ ਕੋਸ਼ਿਸ਼ਾਂ ਵੀ ਹੋਈਆਂ। ਬਾਗੀ ਧੜੇ ਦੇ ਆਗੂ ਸੁਖਪਾਲ ਸਿੰਘ ਖਹਿਰਾ ਸਮੇਤ ਹੋਰ ਆਗੂਆਂ ਨਾਲ ਮੀਟਿੰਗਾਂ ਵੀ ਤੈਅ ਹੋਈਆਂ ਤੇ ਇਸ ਦੇ ਚੰਗੇ ਸਿੱਟੇ ਵੀ ਨਿਕਲਦੇ ਦਿਸ ਰਹੇ ਸਨ ਪਰ ਦਿੱਲੀ ਵਾਲੀ ਧਿਰ ਵੱਲੋਂ ਕੀਤੇ ਇਕ ਹੋਰ ਆਪਹੁਦਰੇ ਫੈਸਲੇ ਨੇ ਅਚਾਨਕ ਸਭ ਸੁਆਹ ਕਰ ਦਿੱਤਾ। ਆਮ ਆਦਮੀ ਪਾਰਟੀ (ਆਪ) ਨੇ ਸਾਲ 2019 ਦੀਆਂ ਲੋਕ ਸਭਾ ਚੋਣਾਂ ਲਈ ਆਪਣੇ ਪੰਜ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ।




ਉਮੀਦਵਾਰਾਂ ਦੀ ਸੂਚੀ ਜਾਰੀ ਕਰਨ ਮਗਰੋਂ ਸਪਸ਼ਟ ਹੋ ਗਿਆ ਹੈ ਕਿ ਖਹਿਰਾ ਧੜੇ ਨਾਲ ਸੁਲ੍ਹਾ ਨਹੀਂ ਹੋਏਗੀ। ਵਿਧਾਇਕ ਸੁਖਪਾਲ ਖਹਿਰਾ ਨੇ ਇਸ ਨੂੰ ਆਮ ਆਦਮੀ ਪਾਰਟੀ ਦੀ ਦੋਗਲੀ ਨੀਤੀ ਕਰਾਰ ਦੇ ਦਿੱਤਾ ਅਤੇ ਆਖ ਦਿੱਤਾ ਕਿ ਇਕ ਪਾਸੇ ਗੱਲਬਾਤ ਦਾ ਪਾਖੰਡ ਕੀਤਾ ਜਾ ਰਿਹਾ ਹੈ ਤੇ ਦੂਜੇ ਪਾਸੇ ਉਮੀਦਵਾਰ ਤੇ ਅਹੁਦੇਦਾਰ ਐਲਾਨੇ ਜਾ ਰਹੇ ਹਨ। ਦਰਅਸਲ, ਪਿਛਲੇ ਦਿਨੀਂ ਹੋਈ ਮੀਟਿੰਗ ਵਿਚ ਤੈਅ ਹੋਇਆ ਸੀ ਕਿ ਜਥੇਬੰਦਕ ਢਾਂਚਾ ਭੰਗ ਕਰ ਦਿੱਤਾ ਜਾਏਗਾ। ਇਸ ਮਗਰੋਂ ਹੀ ਨਵੇਂ ਅਹੁਦੇਦਾਰ ਐਲਾਨ ਕੇ ਉਮੀਦਵਾਰਾਂ ਦੀ

(ਬਾਕੀ ਸਫਾ 6 ਉਤੇ)

Tanya`s Beauty Salon

*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave., Jackson Heights, NY 11373
Ph: 718-205-7832

Fall Special Fare
Jan 10th to 31st March. 2019

ਦਿੱਲੀ $849
ਟੈਕਸ ਸਮੇਤ


WorldWide Travel
www.fly2world.com
866 66 INDIA
46342
734 838 9998
24 ਘੰਟੇ ਐਮਰਜੰਸੀ ਸੇਵਾ
Fares shown are from Detroit and may change without notice, please call our office for more details. Other conditions apply.

Singh Accounting & Tax Services
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App

Sarbjit Singh Khakh (Sabhi)
Accountant
Ph: 716-425-7126
Fax: 716-284-0025
Email: singhtaxservice@yahoo.com
Website: singhtaxservice.com


PUNJABI
MEGA
PACK
$14.99 PER MONTH
FOR 24 MONTHS
Save $240 over 2 years
+5 CHANNELS
CALL OR VISIT YOUR LOCAL RETAILER - WE SPEAK PUNJABI!
GO SATELLITE CITY
530-777-4602
1528 COLUSA HWY STE B, YUBA CITY, CA 95993
SUN WIRELESS
888-350-8005
114-11 101 AVE,SOUTH RICHMOND HILL, NY 11419
AUTHORIZED RETAILER
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 1/14/19. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2018 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.

# ਓਬਾਮਾ ਤੇ ਕਲਿੰਟਨ ਨੂੰ ਭੇਜੇ ਪਾਰਸਲ ਬੰਬ

**ਵਾਸ਼ਿੰਗਟਨ:** ਅਮਰੀਕਾ ਦੀ ਖੁਫੀਆ ਏਜੰਸੀ ਐਫ.ਬੀ.ਆਈ. ਨੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਆਲੋਚਕਾਂ ਅਤੇ ਦਿੱਗਜ ਵਿਰੋਧੀ ਆਗੂਆਂ ਨੂੰ ਪਾਰਸਲ ਬੰਬ ਭੇਜਣ ਦੇ ਇਲਜ਼ਾਮ ਹੇਠ ਇਕ 56 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਹੈ। ਮੁਲਜ਼ਮ ਦੀ ਪਛਾਣ ਸੀਜ਼ਰ ਸਿਓਕ ਵਜੋਂ ਹੋਈ ਹੈ। ਗ੍ਰਿਫਤਾਰ ਕੀਤੇ ਜਾਣ ਸਮੇਂ ਉਹ ਟਰੰਪ ਦੇ ਸਮਰਥਨ ਵਿਚ ਲਾਏ ਸਟਿੱਕਰਾਂ ਨਾਲ ਸ਼ਿੰਗਾਰੀ ਕਾਰ ਵਿਚ ਸਵਾਰ ਸਨ। ਅਮਰੀਕਾ ਦੇ ਅਟਾਰਨੀ ਜਨਰਲ ਜੈੱਫ ਸੈਸ਼ਨਜ਼ ਨੇ ਇਸ ਬਾਬਤ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਸੀਜ਼ਰ ਉੱਪਰ ਫੈਡਰਲ ਜੁਰਮ ਦੀਆਂ ਪੰਜ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਗ੍ਰਿਫਤਾਰ ਕੀਤੇ ਵਿਅਕਤੀ ਦੀ ਪਾਰਸਲ ਬੰਬ ਭੇਜ ਕੇ ਕਈ ਡੈਮੋਕ੍ਰੈਟਸ ਦੇ ਨਾਲ-ਨਾਲ ਹੋਰਨਾਂ ਵੱਡੀਆਂ ਸ਼ਖਸੀਅਤਾਂ ਨੂੰ ਨਿਸ਼ਾਨਾ ਬਣਾਏ ਜਾਣ ਦੀ ਯੋਜਨਾ ਸੀ।



ਜ਼ਿਕਰਯੋਗ ਹੈ ਕਿ ਬੀਤੀ 24 ਅਕਤੂਬਰ ਨੂੰ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੂੰ ਭੇਜੇ ਗਏ ਪਾਰਸਲ ਬੰਬ ਬਰਾਮਦ ਕੀਤੇ ਸਨ। ਸੁਰੱਖਿਆ ਏਜੰਸੀਆਂ ਨੇ ਇਕ ਸ਼ੱਕੀ ਪੈਕੇਟ ਵਿਚੋਂ ਧਮਾਕਾਖੇਜ ਸਮੱਗਰੀ ਬਰਾਮਦ ਕੀਤੀ ਸੀ। ਓਬਾਮਾ ਦੇ ਦਫਤਰ ਅਤੇ ਹਿਲੇਰੀ ਦੇ ਘਰ ਲਈ ਇਹ ਪਾਰਸਲ ਬੰਬ ਭੇਜੇ ਗਏ ਸਨ।

# ਇੰਡੋਨੇਸ਼ਿਆਈ ਜਹਾਜ਼ ਹਾਦਸਾਗ੍ਰਸਤ, 189 ਮੌਤਾਂ


**ਜਕਾਰਤਾ:** ਇੰਡੋਨੇਸ਼ੀਆ ਦੀ ਲਾਇਨ ਏਅਰ ਦਾ ਜਹਾਜ਼ ਜਿਸ ਵਿਚ ਅਮਲੇ ਸਮੇਤ 189 ਮੁਸਾਫਰ ਸਵਾਰ ਸਨ, ਸਮੁੰਦਰ ਵਿਚ ਡਿੱਗ ਗਿਆ। ਸਾਰੇ ਯਾਤਰੀ ਇਸ ਹਾਦਸੇ ਵਿਚ ਮਾਰੇ ਗਏ। ਰਾਜਧਾਨੀ ਜਕਾਰਤਾ ਤੋਂ ਉਡਾਣ ਭਰਨ ਤੋਂ ਮਹਿਜ਼ 13 ਮਿੰਟਾਂ ਬਾਅਦ ਹੀ ਇਹ ਜਹਾਜ਼ ਰਾਡਾਰ ਦੇ ਘੇਰੇ ਤੋਂ ਬਾਹਰ ਹੋ ਗਿਆ। ਜ਼ਾਹਰਾ ਤੌਰ 'ਤੇ ਹਾਦਸੇ ਵੇਲੇ ਦੀ ਫਿਲਮਾਈ ਗਈ ਇਕ ਵੀਡੀਓ ਵਿਚ ਸਮੁੰਦਰ ਦੀ ਸਤਹਿ 'ਤੇ ਤੇਲ ਦੀ ਗਹਿਰੀ ਪਰਤ ਨਜ਼ਰ ਆ ਰਹੀ ਹੈ।

ਇਸ ਬੋਇੰਗ 737 ਐਮਏਐਕਸ-8 ਜਹਾਜ਼ ਦਾ ਪਾਇਲਟ ਭਾਰਤ ਦਾ ਭਵਯ ਸੁਨੇਜਾ ਸੀ। ਇਹ ਜਹਾਜ਼ ਪੰਗਕਾਲ ਪਿਨਾਂਗ ਜਾ ਰਿਹਾ ਸੀ ਤੇ ਜਕਾਰਤਾ ਤੋਂ 32 ਕਿਲੋਮੀਟਰ ਦੂਰ ਕੇਰਾਵਾਂਗ ਨੇੜੇ ਹਾਦਸਾਗ੍ਰਸਤ ਹੋ ਗਿਆ। ਇੰਡੋਨੇਸ਼ੀਆ ਵਿਚ ਭਾਰਤੀ ਦੂਤਾਵਾਸ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਦਸੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਕੈਪਟਨ ਸੁਨੇਜਾ ਦੇ ਨਾਲ ਕੋ-ਪਾਇਲਟ ਹਾਰਵਿਨੋ ਤੇ ਕੈਬਿਨ ਦਸਤੇ ਦੇ ਛੇ ਮੈਂਬਰ ਵੀ ਸਨ। ਸੁਨੇਜਾ ਕੋਲ 6 ਹਜ਼ਾਰ ਘੰਟਿਆਂ ਦੀ ਉਡਾਣ ਤੇ ਕੋ-ਪਾਇਲਟ ਵਜੋਂ 5 ਹਜ਼ਾਰ ਘੰਟਿਆਂ ਦੀ ਉਡਾਣ ਦਾ ਤਜਰਬਾ ਸੀ।ਭਵਯ ਸੁਨੇਜਾ ਦਿੱਲੀ ਦਾ ਜੰਮਪਲ ਸੀ ਤੇ ਦੱਖਣੀ ਦਿੱਲੀ ਦੇ ਮਯੂਰ ਵਿਹਾਰ ਇਲਾਕੇ ਦੇ ਅਹਿਲਕੋਨ ਪਬਲਿਕ ਸਕੂਲ ਦਾ ਵਿਦਿਆਰਥੀ ਰਿਹਾ ਹੈ।

# ਰਵਿੰਦਰ ਸਿੰਘ ਪੰਨੂੰ ਸੁਰਗਵਾਸ

**ਕਰਾਊਨ ਪੁਆਇੰਟ, ਇੰਡੀਆਨਾ (ਬਿਊਰੋ):** ਗੁਰਦੁਆਰਾ ਕਰਾਊਨ ਪੁਆਇੰਟ ਦੇ ਅਨਿਨ ਸੇਵਕ ਰਵਿੰਦਰ ਸਿੰਘ ਪੰਨੂੰ ਤਕਰੀਬਨ ਇਕ ਮਹੀਨਾ ਇੰਡੀਆਨਾ ਦੇ ਇਕ ਹਸਪਤਾਲ ਵਿਚ ਜ਼ਿੰਦਗੀ ਮੌਤ ਦੀ ਲੜਾਈ ਲੜਦੇ ਅਖੀਰ



ਲੰਘੇ ਸਨਿਚਰਵਾਰ 27 ਅਕਤੂਬਰ ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਉਹ 67 ਵਰ੍ਹਿਆਂ ਦੇ ਸਨ। ਉਹ ਆਪਣੇ ਪਿਛੇ ਪਤਨੀ ਬਲਜੀਤ ਕੌਰ ਪੰਨੂੰ ਤੋਂ ਇਲਾਵਾ ਦੋ ਪੁਤਰ ਸਮਵਿਤ ਸਿੰਘ ਪੰਨੂੰ, ਤੇਗਪਾਲ ਸਿੰਘ ਪੰਨੂੰ ਅਤੇ ਇਕ ਧੀ ਮੀਸ਼ਾ ਕੌਰ ਛਡ ਗਏ ਹਨ।

ਸਵਰਗੀ ਸ. ਪੰਨੂੰ ਪਿਛੋਂ ਪੰਜਾਬ ਤੋਂ ਹੁਸ਼ਿਆਰਪੁਰ ਜ਼ਿਲੇ ਦੇ ਪਿੰਡ ਜਹਾਂਨਖੇਲਾਂ ਤੋਂ ਸਨ ਅਤੇ ਆਪਣੀਆਂ ਤਿੰਨ ਭੈਣਾਂ-ਰੂਪੀ, ਨੀਲਮ ਅਤੇ ਜੌਲੀ ਦੇ ਇਕਲੌਤੇ ਭਰਾ ਸਨ।

ਉਹ ਪੱਕੇ ਗੁਰਸਿੱਖ ਸਨ ਅਤੇ ਗੁਰਦੁਆਰਾ ਕਰਾਊਨ ਪੁਆਇੰਟ ਇੰਡੀਆਨਾ ਦੇ ਲੰਮਾ ਸਮਾਂ ਰਿਲੀਜੀਅਸ ਸੈਕਟਰੀ ਵੀ ਰਹੇ। ਗੁਰੂਘਰ ਦੇ ਉਹ ਅਣਥਕ ਸੇਵਕ ਸਨ ਅਤੇ ਗੁਰਦੁਆਰਾ ਕਰਾਊਨ ਪੁਆਇੰਟ ਸੰਡੇ ਸਕੂਲ ਵੀ ਚਲਾਉਂਦੇ ਸਨ। ਗੁਰਦੁਆਰਾ ਕਰਾਊਨ ਪੁਆਇੰਟ ਦੀ ਸੰਗਤ ਨੇ ਉਨ੍ਹਾਂ ਦੇ ਅਕਾਲ ਚਲਾਣੇ 'ਤੇ ਗਹਿਰੇ ਦੁਖ ਦਾ ਇਜ਼ਹਾਰ ਕਰਦਿਆਂ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਆਉਂਦੀ 10 ਨਵੰਬਰ ਨੂੰ ਅਰਦਾਸ ਦਾ ਪ੍ਰੋਗਰਾਮ ਵੀ ਰਖਿਆ ਹੈ।

ਉਨ੍ਹਾਂ ਦਾ ਸਸਕਾਰ ਬਰਨਸ ਫਿਊਨਰਲ ਹੋਮ ਵਿਚ 30 ਅਕਤੂਬਰ ਨੂੰ ਕਰ ਦਿਤਾ ਗਿਆ ਅਤੇ ਬਾਅਦ ਵਿਚ ਅੰਤਿਮ ਅਰਦਾਸ ਗੁਰਦੁਆਰਾ ਕਰਾਊਨ ਪੁਆਇੰਟ ਵਿਖੇ ਕੀਤੀ ਗਈ। ਪਰਿਵਾਰ ਨਾਲ ਸੰਪਰਕ ਸਮਵਿਤ ਸਿੰਘ ਫੋਨ 630-936-8039 ਅਤੇ ਤੇਗਪਾਲ ਸਿੰਘ ਨਾਲ ਫੋਨ 765-543-4342 ਰਾਹੀਂ ਕੀਤਾ ਜਾ ਸਕਦਾ ਹੈ।

*To Advertise with Punjab Times*
***Call: 847-359-0746***

# Matrimonials

## ਲੜਕੇ ਦੀ ਲੋੜ ਹੈ

Professionaly qualified well settled American citizen match for jatt sikh girl 24/5'5" MBBS, Passed USMLE Step 1 with high scores. Currently in India. Contact: 001-778-552-8628, 91-98760-61260,630-407-7577 or e-mail: dr.pardeepgill3@gmail.com 42-45

Suitable Jatt Sikh match sought for our daughter, PhD, 38 years, 5'-9", Beautiful and slim, never married, works as a Scientist in New York. Family from Ferozepur. Contact: gks27@cornell.edu 41-44

## ਲੜਕੀ ਦੀ ਲੋੜ ਹੈ

ਜੱਟ ਸਿੱਖ ਚਾਹਲ, 27 ਸਾਲ, 5'-10", ਮਕੈਨੀਕਲ ਇੰਜੀਨੀਅਰ ਬੀ. ਟੈਕ ਜ਼ਿਲ੍ਹਾ ਲੁਧਿਆਣਾ ਲਈ ਅਮਰੀਕਨ ਜਾਂ ਕੈਨੇਡੀਅਨ ਸਿਟੀਜ਼ਨ ਜਾਂ ਪੀ. ਆਰ. ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਅਤੇ ਮਾਤਾ-ਪਿਤਾ ਅਮਰੀਕਾ, ਮਿਸ਼ੀਗਨ ਵਿਚ ਵੈਲ ਸੈਟਲਡ ਹਨ। ਸੰਪਰਕ ਕਰੋ, ਫੋਨ: 734-709-5997 ਜਾਂ 734-837-8799 44-51

Looking for a suitable beautiful educated US citizen/ green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 42-45

## ਲੜਕੇ ਦੀ ਲੋੜ ਹੈ

Suitable Ramgariha Sikh match sought for our daughter, M.Sc. (Botany), Currently enrolled in LPN (US), 28 years, 5'-7", Beautiful and slim, Residing in Chicago. Pl. Contact: manpreets1211@gmail.com 43-46

# ਪੁੱਤਰ ਨੂੰ ਗੋਲੀ ਮਾਰ ਕੇ ਪਿਤਾ ਵੱਲੋਂ ਖੁਦਕੁਸ਼ੀ

**ਸਿਰਸਾ:** ਪਿੰਡ ਢਿੰਗਤਾਣੀਆਂ ਨੇੜੇ ਫਾਰਚੂਨਰ ਕਾਰ 'ਚ ਸਵਾਰ ਵਿਅਕਤੀ ਨੇ 10 ਸਾਲ ਦੇ ਪੁੱਤਰ ਨੂੰ ਗੋਲੀ ਮਾਰਨ ਮਗਰੋਂ ਖੁਦਕੁਸ਼ੀ ਕਰ ਲਈ। ਮ੍ਰਿਤਕ ਦੀ ਪਛਾਣ ਰਾਜਸਥਾਨ ਦੇ ਪਿੰਡ ਕਾਲੀਰਮਨ ਦੇ ਵਿਕਰਮ ਸਿੰਘ ਤੇ ਪੁੱਤਰ ਦੇਵ ਵਜੋਂ ਹੋਈ ਹੈ। ਗੋਲੀ ਚੱਲਣ ਦੀ ਆਵਾਜ਼ ਸੁਣ ਕੇ ਖੇਤਾਂ ਵਿਚ ਕੰਮ ਕਰਦੇ ਲੋਕਾਂ ਨੇ ਜਦੋਂ ਕੋਲ ਜਾ ਕੇ ਵੇਖਿਆ ਤਾਂ ਕਾਰ ਵਿਚ ਦਸ ਸਾਲ ਦਾ ਬੱਚਾ ਖੂਨ ਨਾਲ ਲਥਪਥ ਤੜਫ ਰਿਹਾ ਸੀ ਜਦੋਂਕਿ ਵਿਅਕਤੀ ਦੀ ਮੌਤ ਹੋ ਚੁੱਕੀ ਸੀ।

ਵੇਟਰ ਅਤੇ ਹੈਲਪਰ ਦੀ ਲੋੜ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ ਇੰਡੀਆ ਪੈਲੇਸ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ, ਲਖਵੀਰ ਜੌਹਲ

ਫੋਨ: 317-709-7800

44-45

Khalsa USA Inc.

We are hiring owner operators and (CDL) Drivers

*All 48 States *We Pay Weekly

ਓਨਰ ਆਪਰੇਟਰਾਂ ਅਤੇ (CDL) ਡਰਾਈਵਰਾਂ ਦੀ ਲੋੜ ਹੈ



Please Call: 708-690-6498
847-477-9988
Fax: 888-443-6990
email: khalsausa55@gmail.com

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
Saturday 9:30AM and Sunday 4PM (Pacific Time)

Email:
Homeomedicine@yahoo.com

7021 Village Park Way, Dublin, CA 94568

Michigan Truck Driving School

6405 Middlebelt Road, Romulus, MI 48174

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298

# ਨਵੇਂ ਜਥੇਦਾਰ ਦੀ ਨਿਯੁਕਤੀ ਮੌਕੇ ਵੀ 'ਲਿਫਾਫਾ ਕਲਚਰ' ਨੂੰ ਤਰਜੀਹ

**ਚੰਡੀਗੜ੍ਹ:** ਅਕਾਲ ਤਖਤ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਨੂੰ ਮੁੱਠੀ ਵਿਚ ਰੱਖਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਬਾਦਲ ਪਰਿਵਾਰ ਅਜੇ ਵੀ ਸਿੱਖ ਪੰਥ ਦੇ ਇਨ੍ਹਾਂ ਅਹਿਮ ਅਹੁਦੇਦਾਰਾਂ ਨੂੰ 'ਆਜ਼ਾਦ' ਕਰਨ ਦੇ ਮੂਡ ਵਿਚ ਨਹੀਂ ਹੈ। ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਅਹੁਦੇ ਤੋਂ ਅਸਤੀਫਾ ਦੇਣ ਪਿੱਛੋਂ ਉਮੀਦ ਕੀਤੀ ਜਾ ਰਹੀ ਸੀ ਕਿ ਨਵੇਂ ਜਥੇਦਾਰ ਦੀ ਨਿਯੁਕਤੀ ਸਿੱਖ ਜਥੇਬੰਦੀਆਂ ਦੀ ਰਾਇ ਮੁਤਾਬਕ ਹੀ ਕੀਤੀ ਜਾਵੇਗੀ। ਕਿਉਂਕਿ 'ਸਰਬੱਤ ਖਾਲਸਾ' ਵੱਲੋਂ ਥਾਪੇ ਜਥੇਦਾਰਾਂ ਕਾਰਨ ਪਿਛਲੇ ਕਾਫੀ ਸਮੇਂ ਤੋਂ ਇਹ ਅਹੁਦਾ ਸਵਾਲਾਂ ਦੇ ਘੇਰੇ ਵਿਚ ਹੈ।

ਸਿੱਖ ਜਥੇਬੰਦੀਆਂ ਮੰਗ ਕਰ ਰਹੀਆਂ ਹਨ ਕਿ ਨਵਾਂ ਜਥੇਦਾਰ ਬਾਦਲ ਦੇ ਹੁਕਮਾਂ ਦੀ ਥਾਂ ਸਮੂਹ ਸੰਗਤ ਦੀ ਰਾਇ ਮੁਤਾਬਕ ਲਾਇਆ ਜਾਵੇ, ਪਰ ਜਿਸ ਢੰਗ ਨਾਲ ਗਿਆਨੀ ਹਰਪ੍ਰੀਤ ਸਿੰਘ ਨੂੰ ਕਾਰਜਕਾਰੀ ਜਥੇਦਾਰ ਲਾਇਆ ਗਿਆ ਹੈ, ਉਸ ਤੋਂ ਲੱਗਦਾ ਹੈ ਕਿ ਇਸ ਅਹੁਦੇ ਉਤੇ ਨਿਯੁਕਤੀ ਨਵੇਂ ਵਿਵਾਦ ਵੱਲ ਵਧੇਗੀ। ਚਰਚਾ ਹੈ ਕਿ ਗਿਆਨੀ ਹਰਪ੍ਰੀਤ ਨੂੰ ਕਾਰਜਕਾਰੀ ਜਥੇਦਾਰ ਲਾਉਣ ਪਿੱਛੇ ਸੰਗਤ ਦੇ ਰੋਹ ਨੂੰ ਪਰਖਣਾ ਹੈ। ਸ਼੍ਰੋਮਣੀ ਕਮੇਟੀ ਦੇ ਨਵੇਂ ਪ੍ਰਧਾਨ ਤੇ ਅਹੁਦੇਦਾਰਾਂ ਦੀ ਚੋਣ ਲਈ 13 ਨਵੰਬਰ ਨੂੰ ਇਜਲਾਸ ਸੱਦਿਆ ਜਾਣਾ ਹੈ। ਇਸ ਲਈ ਨਵੀਂ ਕਾਰਜਕਾਰਨੀ ਹੀ ਜਥੇਦਾਰ ਦੀ ਚੋਣ ਕਰ ਸਕੇਗੀ। ਇਹ ਵੀ ਚਰਚਾ ਹੈ ਕਿ ਜਥੇਦਾਰ ਦੇ ਅਸਤੀਫਾ ਦੇਣ ਤੇ ਨਵੇਂ ਜਥੇਦਾਰ ਦੀ ਚੋਣ ਵਿਚ ਇੰਨਾ ਲੰਮਾ ਫਾਸਲਾ ਇਕ ਵਿਸ਼ੇਸ਼ ਰਣਨੀਤੀ ਤਹਿਤ ਰੱਖਿਆ ਗਿਆ ਹੈ।

ਸਿੱਖ ਬੁੱਧੀਜੀਵੀਆਂ ਦਾ ਕਹਿਣਾ ਹੈ ਕਿ ਸਿੱਖ ਜਗਤ ਅੰਦਰੋਂ ਵੱਡੇ ਹਿੱਸੇ ਦੀ ਨਰਾਜ਼ਗੀ ਦਾ ਸਾਹਮਣਾ ਕਰ ਰਹੀ ਅਕਾਲੀ ਲੀਡਰਸ਼ਿਪ ਨੇ ਖੁਦ ਨੂੰ ਪੰਥ ਦਰਦੀ ਸਾਬਤ ਕਰਨ ਦਾ ਇਕ ਹੋਰ ਅਹਿਮ ਮੌਕਾ ਗੁਆ ਲਿਆ ਹੈ। ਜਥੇਦਾਰ ਦੀ ਨਿਯੁਕਤੀ ਨੂੰ ਸਰਬਪ੍ਰਵਾਨਤ ਕਰਵਾਏ ਜਾਣ ਦੇ ਕਿਸੇ ਵੀ ਯਤਨ ਬਗੈਰ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਵੱਲੋਂ ਪਹਿਲਾਂ ਵਾਂਗ ਹੀ ਮਤਾ ਪਾਸ ਕਰ ਕੇ ਗਿਆਨੀ ਹਰਪ੍ਰੀਤ ਸਿੰਘ ਨੂੰ ਕਾਰਜਕਾਰੀ ਜਥੇਦਾਰ ਥਾਪਣ ਨਾਲ ਪੰਥਕ ਰਾਜਸੀ ਤੇ ਧਾਰਮਿਕ ਖੇਤਰ ਵਿਚ ਹਾਲਾਤ ਲਗਭਗ 2015 ਵਾਲੀ ਥਾਂ ਉੱਪਰ ਹੀ ਜਾ ਖੜ੍ਹੇ ਹਨ। ਨਵੇਂ ਜਥੇਦਾਰ ਨੂੰ ਹਾਲੇ ਤੱਕ ਸਿਰਫ ਅਕਾਲੀ ਦਲ ਬਾਦਲ ਦੀ ਹੀ ਹਮਾਇਤ ਹਾਸਲ ਹੈ ਜਦਕਿ ਸਾਰੀ ਬਰਗਾੜੀ ਪੰਥਕ ਧਿਰ, ਸੰਤ ਸਮਾਜ ਤੇ ਵੱਡੀ ਗਿਣਤੀ ਸਿੱਖ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਨੇ ਸ਼੍ਰੋਮਣੀ ਕਮੇਟੀ ਦੇ ਫੈਸਲੇ ਨਾਲ ਹਾਮੀ ਨਹੀਂ ਭਰੀ।

ਵਿਦੇਸ਼ਾਂ ਵਿਚਲੀ ਸਿੱਖ ਸੰਗਤ ਤਾਂ ਦੂਰ ਤਖਤ ਸ੍ਰੀ ਪਟਨਾ ਸਾਹਿਬ ਤੇ ਨਾਂਦੇੜ ਸਾਹਿਬ ਨੇ ਹਾਲੇ ਤੱਕ ਨਵੇਂ ਕਾਰਜਕਾਰੀ ਜਥੇਦਾਰ ਦੀ ਨਿਯੁਕਤੀ ਦੀ ਖੁੱਲ੍ਹੇਆਮ ਤਾਇਦ ਨਹੀਂ ਕੀਤੀ। ਅਕਾਲੀ ਦਲ ਨਾਲ 10 ਸਾਲ ਤੋਂ ਗੂੜਾ ਰਿਸ਼ਤਾ ਨਿਭਾਉਂਦੀ ਆ ਰਹੀ ਦਮਦਮੀ ਟਕਸਾਲ ਨੇ ਵੀ ਹਾਲੇ ਨਵੀਂ ਨਿਯੁਕਤੀ ਦਾ ਸਵਾਗਤ ਕਰਨ ਤੋਂ ਗੁਰੇਜ਼ ਹੀ ਕੀਤਾ ਹੋਇਆ ਹੈ। ਬਰਗਾੜੀ ਮੋਰਚੇ ਵਾਲੀ ਵੱਡੀ ਧਿਰ ਤਾਂ ਪੂਰੀ ਤਰ੍ਹਾਂ ਪਹਿਲਾਂ ਹੀ ਪਾਸਾ ਵੱਟੀ ਬੈਠੀ ਹੈ।

ਜਾਹਰ ਹੈ ਕਿ ਜਥੇਦਾਰ ਦੀ ਨਿਯੁਕਤੀ ਦੇ ਅਹਿਮ ਮੁੱਦੇ ਉਪਰ ਨਾ ਤਾਂ ਅਕਾਲੀ ਲੀਡਰਸ਼ਿਪ ਨੇ ਪੰਥਕ ਮੋੜਾ ਕੱਟਣ ਦਾ ਕੋਈ ਸੰਕੇਤ ਦਿੱਤਾ ਹੈ ਤੇ ਨਾ ਹੀ ਇਸ ਸਰਬਉੱਚ ਸੰਸਥਾ ਨੂੰ ਸਰਬਪ੍ਰਵਾਨਤ ਕਰਨ ਵੱਲ ਕੋਈ ਤਵੱਜੋ ਹੀ ਦਿੱਤੀ ਹੈ। ਪੰਥਕ ਹਲਕਿਆਂ 'ਚ ਇਹੀ ਪ੍ਰਭਾਵ ਗਿਆ ਹੈ ਕਿ ਅਕਾਲੀ ਲੀਡਰਸ਼ਿਪ ਨੇ ਪਿਛਲੇ ਦੋ-ਢਾਈ ਦਹਾਕੇ ਤੋਂ ਪਾਈ ਰਵਾਇਤ ਨੂੰ ਅੱਗੇ ਤੋਰਦਿਆਂ ਮੁੜ ਆਪਣੀ ਪਸੰਦ ਦੇ ਜਥੇਦਾਰ ਦੀ ਨਿਯੁਕਤੀ ਕਰ ਲਈ ਹੈ।

ਪੰਥਕ ਵਿਦਵਾਨਾਂ ਤੇ ਰਾਜਸੀ ਹਲਕਿਆਂ 'ਚ ਚਰਚਾ ਹੈ ਕਿ ਜਥੇਦਾਰ ਦੀ ਨਿਯੁਕਤੀ ਬਾਰੇ ਜੇਕਰ ਅਕਾਲੀ ਲੀਡਰਸ਼ਿਪ ਪੁਰਾਤਨ ਮਰਿਆਦਾ ਤੇ ਸਰਬਪ੍ਰਵਾਨਤ ਜਥੇਦਾਰ ਨਿਯੁਕਤ ਕਰਨ ਦਾ ਪੈਂਤੜਾ ਧਾਰਨ ਕਰ ਲੈਂਦੀ ਤਾਂ ਇਸ ਨਾਲ ਲੀਡਰਸ਼ਿਪ ਦੇ ਪੰਥਕ ਮੋੜਾ ਕੱਟਣ ਵੱਲ ਤੁਰ ਪੈਣ ਦਾ ਸੰਕੇਤ ਮਿਲਣਾ ਸੀ ਤੇ ਸਰਬਪ੍ਰਵਾਨਤ ਜਥੇਦਾਰ ਦੀ ਨਿਯੁਕਤੀ ਲਈ ਸ਼੍ਰੋਮਣੀ ਕਮੇਟੀ ਦੇ ਯਤਨਾਂ ਨਾਲ ਸ਼੍ਰੋਮਣੀ ਕਮੇਟੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਰੁਤਬੇ ਤੇ ਸਨਮਾਨ ਦੀ ਬਹਾਲੀ ਵਾਲਾ ਪਾਸਾ ਵੀ ਭਾਰੂ ਹੋਣਾ ਸ਼ੁਰੂ ਹੋ ਜਾਣਾ ਸੀ।

## ਬਾਦਲਾਂ ਦੇ ਲਿਫਾਫੇ 'ਚੋਂ ਨਿਕਲਿਆ ਜਥੇਦਾਰ ਪ੍ਰਵਾਨ ਨਹੀਂ: ਜਥੇਬੰਦੀ

**ਅੰਮ੍ਰਿਤਸਰ:** ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਨੇ ਕਿਹਾ ਹੈ ਕਿ ਬਾਦਲਾਂ ਦੇ ਲਿਫਾਫੇ ਵਿਚੋਂ ਨਿਕਲਿਆ ਜਾਂ ਇਕ ਧਿਰ ਵੱਲੋਂ ਥਾਪਿਆ ਜਥੇਦਾਰ ਹਰਗਿਜ਼ ਪ੍ਰਵਾਨ ਨਹੀਂ ਹੋਵੇਗਾ ਅਤੇ ਸਿਰਫ ਭਾਈ ਜਗਤਾਰ ਸਿੰਘ ਹਵਾਰਾ ਹੀ ਅਕਾਲ ਤਖਤ ਦੇ ਸਰਬ ਪ੍ਰਵਾਨਿਤ ਜਥੇਦਾਰ ਹਨ। ਪੰਥਕ ਜਥੇਬੰਦੀ ਦੇ ਕੌਮੀ ਪ੍ਰਧਾਨ ਬਲਵੰਤ ਸਿੰਘ ਗੋਪਾਲਾ ਅਤੇ ਸੀਨੀਅਰ ਮੀਤ ਪ੍ਰਧਾਨ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸਿੱਖ ਕੌਮ ਨੂੰ ਇਹ ਹਰਗਿਜ਼ ਪ੍ਰਵਾਨ ਨਹੀਂ ਕਿ ਜਥੇਦਾਰ ਦੀ ਪਦਵੀ 'ਤੇ ਸੇਵਾ ਨਿਭਾਉਣ ਵਾਲਾ ਵਿਅਕਤੀ ਬਾਦਲਾਂ ਦੀ ਕਠਪੁਤਲੀ ਬਣੇ।

# ਬਰਗਾੜੀ ਮੋਰਚੇ ਵੱਲੋਂ ਬਾਦਲਾਂ ਤੇ ਸੈਣੀ ਦੀ ਗ੍ਰਿਫਤਾਰੀ ਲਈ ਰਾਜਪਾਲ ਕੋਲ ਪਹੁੰਚ



**ਚੰਡੀਗੜ੍ਹ:** ਬਰਗਾੜੀ ਇਨਸਾਫ ਮੋਰਚੇ ਨੇ ਵੱਖ-ਵੱਖ ਸਿੱਖ ਜਥੇਬੰਦੀਆਂ ਤੇ ਪਾਰਟੀਆਂ ਦੇ ਆਗੂਆਂ ਸਮੇਤ ਪੰਜਾਬ ਦੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਨਾਲ ਮੁਲਾਕਾਤ ਕੀਤੀ। ਆਗੂਆਂ ਨੇ ਮੰਗ ਕੀਤੀ ਕਿ ਬੇਅਦਬੀ ਤੇ ਬਹਿਬਲ ਕਲਾਂ ਗੋਲੀ ਕਾਂਡ 'ਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਅਤੇ ਤਤਕਾਲੀ ਪੁਲਿਸ ਮੁਖੀ ਸੁਮੇਧ ਸਿੰਘ ਸੈਣੀ ਦਾ ਨਾਂ ਸਾਹਮਣੇ ਆਉਣ 'ਤੇ ਉਨ੍ਹਾਂ ਵਿਰੁੱਧ ਕੇਸ ਦਰਜ ਕਰ ਕੇ ਜੇਲ੍ਹ ਵਿਚ ਡੱਕਿਆ ਜਾਵੇ। ਉਨ੍ਹਾਂ ਸਪਸ਼ਟ ਕੀਤਾ ਕਿ ਜਿੰਨੀ ਦੇਰ ਤੱਕ ਕੈਪਟਨ ਸਰਕਾਰ ਮੋਰਚੇ ਦੀਆਂ ਤਿੰਨੋਂ ਮੰਗਾਂ ਨਹੀਂ ਮੰਨਦੀ, ਉੱਨੀ ਦੇਰ ਤੱਕ ਸੰਘਰਸ਼ ਜਾਰੀ ਰਹੇਗਾ। ਆਗੂਆਂ ਨੇ ਆਖਿਆ ਕਿ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਜਾਗਣਾ ਚਾਹੀਦਾ ਹੈ ਤੇ ਕਸੂਰਵਾਰਾਂ ਵਿਰੁੱਧ ਫੌਰੀ ਕਾਰਵਾਈ ਕਰਨੀ ਚਾਹੀਦੀ ਹੈ।

ਇਸ ਵੀਹ ਮੈਂਬਰੀ ਵਫਦ ਪੰਜਾਬ ਦੇ ਰਾਜਪਾਲ ਬੀ.ਪੀ.ਸਿੰਘ ਬਦਨੌਰ ਨੂੰ ਮਿਲਿਆ ਤੇ ਮੰਗ ਪੱਤਰ ਦਿੱਤਾ। ਆਗੂਆਂ ਨੇ ਰਾਜਪਾਲ ਨੂੰ ਕਿਹਾ ਕਿ ਪਿਛਲੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਭਾਜਪਾ ਤੇ ਅਕਾਲੀ ਦਲ ਦਾ ਵਫਦ ਰਾਜਪਾਲ ਨੂੰ ਮਿਲਿਆ ਸੀ ਤੇ ਇਸ ਵਫਦ ਨੇ ਬਰਗਾੜੀ 'ਚ ਚੱਲ ਰਹੇ ਇਨਸਾਫ ਮੋਰਚੇ ਨੂੰ ਗਰਮ ਖਿਆਲੀ, ਅਤਿਵਾਦੀ ਅਤੇ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ.ਐਸ.ਆਈ. ਦੇ ਏਜੰਟ ਕਿਹਾ ਸੀ ਜਦੋਂਕਿ ਬਰਗਾੜੀ ਵਿਚ ਇਨਸਾਫ ਮੋਰਚਾ ਦਾ ਧਰਨਾ 150 ਦਿਨਾਂ ਤੋਂ ਚੱਲ ਰਿਹਾ ਹੈ ਤੇ ਪੂਰੀ ਤਰ੍ਹਾਂ ਸ਼ਾਂਤਮਈ ਹੈ। ਉਨ੍ਹਾਂ ਨੇ ਬਰਗਾੜੀ ਵਿਚ ਰਹੇ ਇਨਸਾਫ ਮੋਰਚੇ ਬਾਰੇ ਗਲਤ ਪ੍ਰਚਾਰ ਕਰਨ ਲਈ ਅਕਾਲੀ ਦਲ ਦੀ ਸਖਤ ਨਿਖੇਧੀ ਕੀਤੀ।

ਰਾਜਪਾਲ ਨਾਲ ਮੁਲਾਕਾਤ ਤੋਂ ਬਾਅਦ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ, ਲੋਕ ਸਭਾ ਮੈਂਬਰ ਧਰਮਵੀਰ ਗਾਂਧੀ ਨੇ ਮੰਗ ਕੀਤੀ ਕਿ ਪਿਛਲੀ ਅਕਾਲੀ ਸਰਕਾਰ ਸਮੇਂ ਸਾਲ 2015 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਵਿਰੋਧ 'ਚ ਸ਼ਾਂਤਮਈ ਰੋਸ ਪ੍ਰਗਟਾ ਰਹੇ ਲੋਕਾਂ ਉਤੇ ਪੁਲਿਸ ਵੱਲੋਂ ਗੋਲੀ ਚਲਾਉਣ ਅਤੇ ਲਾਠੀਆਂ ਵਰ੍ਹਾਉਣ ਦੇ ਦੋਸ਼ ਹੇਠ ਉਸ ਵੇਲੇ ਦੀ ਸਰਕਾਰ ਦੇ ਮੁਖੀਆ ਅਤੇ ਪੁਲਿਸ ਮੁਖੀ ਵਿਰੁੱਧ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾਵੇ। ਪੁਲਿਸ ਗੋਲੀ ਵਿਚ ਦੋ ਸਿੰਘ ਸ਼ਹੀਦ ਹੋ ਗਏ ਸਨ ਅਤੇ ਕਈ ਜ਼ਖ਼ਮੀ ਹੋ ਗਏ ਸਨ। ਉਨ੍ਹਾਂ ਦੋਸ਼ ਲਾਇਆ ਕਿ ਕੈਪਟਨ ਅਮਰਿੰਦਰ ਸਿੰਘ ਸਰਕਾਰ ਕਸੂਰਵਾਰਾਂ ਖਿਲਾਫ਼ ਕਾਰਵਾਈ ਕਰਨ ਦੀ ਥਾਂ ਲੁਕਣਮੀਚੀ ਦੀ ਖੇਡ, ਖੇਡ ਰਹੀ ਹੈ ਅਤੇ ਕੇਂਦਰ ਸਰਕਾਰ ਵੀ ਤਮਾਸ਼ਾ ਵੇਖ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਨੂੰ ਮੌਕਾ ਸੰਭਾਲਣਾ ਚਾਹੀਦਾ ਹੈ ਤੇ ਸਥਿਤੀ ਨੂੰ ਹੱਥੋਂ ਨਹੀਂ ਨਿਕਲਣਾ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੋਰਚੇ ਦੇ ਆਗੂ ਅਗਲੇ ਦਿਨਾਂ ਵਿਚ ਆਪਣੀਆਂ ਮੰਗਾਂ ਦੇ ਹੱਕ ਵਿਚ ਹੋਰ ਸਰਗਰਮੀ ਵੀ ਕਰਨਗੇ ਤੇ ਉਸ ਤੋਂ ਪਹਿਲਾਂ ਸਰਕਾਰਾਂ ਨੂੰ ਕਾਰਵਾਈ ਕਰਨੀ ਚਾਹੀਦੀ ਹੈ।

## ਸਿੱਖਾਂ ਦੀਆਂ ਮੰਗਾਂ ਨੂੰ ਅਣਸੁਣਿਆ ਕਰ ਰਹੀ ਹੈ ਸਰਕਾਰ: ਸਿਮਰਨਜੀਤ ਸਿੰਘ ਮਾਨ

**ਬਟਾਲਾ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਬਰਗਾੜੀ ਮੋਰਚਾ ਭਾਵੇਂ 4 ਮਹੀਨਿਆਂ ਤੋਂ ਚੱਲ ਰਿਹਾ ਹੈ ਪਰ ਸਿੱਖਾਂ ਦਾ ਕੋਈ ਮਸਲਾ ਅਜੇ ਤੱਕ ਹੱਲ ਨਹੀਂ ਹੋ ਰਿਹਾ। ਉਨ੍ਹਾਂ ਕਿਹਾ ਕਿ ਮੋਰਚਾ ਲਾਉਣ ਵਾਲੇ ਸਿੱਖਾਂ ਦੀ ਮੰਗ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਦੋ ਸਿੰਘਾਂ ਦੀ ਸ਼ਹੀਦੀ ਲਈ ਜ਼ਿੰਮੇਵਾਰ ਪੁਲਿਸ ਅਧਿਕਾਰੀਆਂ ਨੂੰ ਜਲਦੀ ਗ੍ਰਿਫਤਾਰ ਕੀਤਾ ਜਾਵੇ ਪਰ ਸਰਕਾਰ ਸਿੱਖਾਂ ਦੀਆਂ ਮੰਗਾਂ ਨੂੰ ਅਣਸੁਣਿਆ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਸਿੱਖਾਂ ਨੂੰ ਬਦਨਾਮ ਕਰਨ ਲਈ ਕੋਈ ਕਸਰ ਨਹੀਂ ਛੱਡੀ ਤੇ ਹੁਣ ਸਿੱਖ ਸਿਆਸਤ ਵੱਡੀ ਤਬਦੀਲੀ ਵੱਲ ਜਾ ਰਹੀ ਹੈ। ਉਨ੍ਹਾਂ ਕਿਹਾ, ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਲੈ ਕੇ ਵੀ ਸਰਕਾਰਾਂ ਨੇ ਅਜੇ ਤੱਕ ਕੋਈ ਕਦਮ ਨਹੀਂ ਚੁੱਕਿਆ ਹੈ।

# ਸਾਬਕਾ ਫੌਜੀ ਨੇ ਗੁਰੂ ਗ੍ਰੰਥ ਸਾਹਿਬ ਲਿਖਿਆ

**ਮੁਹਾਲੀ:** ਪਿੰਡ ਪੋਪਨਾ (ਖਰੜ) ਦੇ ਵਸਨੀਕ ਤੇ ਸਾਬਕਾ ਫੌਜੀ ਗਿਆਨੀ ਬਲਦੇਵ ਸਿੰਘ ਨੇ ਜੁੜਵੇਂ ਅੱਖਰਾਂ ਵਾਲਾ (ਲੜੀਵਾਰ) ਸ੍ਰੀ ਗੁਰੂ ਗ੍ਰੰਥ ਸਾਹਿਬ ਤਿਆਰ ਕੀਤਾ ਹੈ। ਉਸ ਨੇ ਦੱਸਿਆ ਕਿ 1430 ਪੰਨਿਆਂ ਵਾਲੇ ਇਸ ਅਲੌਕਿਕ ਗੁਰੂ ਗ੍ਰੰਥ ਸਾਹਿਬ ਨੂੰ ਤਿਆਰ ਕਰਨ ਲਈ ਸਾਢੇ ਛੇ ਸਾਲ ਤੋਂ ਵੱਧ ਸਮਾਂ ਲੱਗਿਆ। ਫੌਜ ਦੀ 1972 'ਚ ਨੌਕਰੀ ਛੱਡਣ ਮਗਰੋਂ ਉਨ੍ਹਾਂ 13 ਮਾਰਚ 1975 ਵਿਚ ਸੈਂਟਰਲ ਗਰਾਊਂਡ ਵਾਟਰ ਬੋਰਡ ਚੰਡੀਗੜ੍ਹ ਵਿਚ ਨੌਕਰੀ ਕਰ ਲਈ ਸੀ। ਉਨ੍ਹਾਂ 1982 ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੋਂ ਪਿੰਡ ਸੈਂਪਲੀ ਸਾਹਿਬ ਵਿਚ ਅੰਮ੍ਰਿਤ ਛਕਿਆ ਸੀ।

ਉਨ੍ਹਾਂ 14 ਮਈ 2012 ਵਿਚ ਗੁਰੂ ਗ੍ਰੰਥ ਸਾਹਿਬ ਲਿਖਣ ਦਾ ਕੰਮ ਸ਼ੁਰੂ ਕੀਤਾ ਸੀ। ਉਨ੍ਹਾਂ ਅਮਰੂਦ ਦੀ ਲੱਕੜ ਨਾਲ ਤਿਆਰ ਕਲਮ ਰਾਹੀਂ ਗੁਰੂ ਗ੍ਰੰਥ ਸਾਹਿਬ ਨੂੰ ਤਿਆਰ ਕੀਤਾ ਹੈ। ਇਸ ਤੋਂ ਪਹਿਲਾਂ ਸਰਵਿਸ ਦੌਰਾਨ 2005 ਵਿਚ ਸ੍ਰੀ ਆਨੰਦ ਸਾਹਿਬ ਅਤੇ ਰਹਿਰਾਸ ਸਾਹਿਬ ਅਤੇ ਚੌਪਈ ਸਾਹਿਬ ਲਿਖਿਆ ਸੀ। ਬਾਬਾ ਬੁੱਢਾ ਜੀ ਗੁਰਮਤਿ ਵਿਦਿਆਲਾ ਦੇ ਪ੍ਰਬੰਧਕ ਸੁਖਦੇਵ ਸਿੰਘ ਸਿੱਲ ਨੇ ਸਿੱਖ ਲੇਖਕ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਮਰਹੂਮ ਭਾਈ ਮੱਲ ਸਿੰਘ ਨਾਲ ਮਿਲਾਇਆ ਸੀ ਜਿਨ੍ਹਾਂ ਉਸ ਦੇ ਹੱਥ ਲਿਖਤ ਗੁਰੂ ਗ੍ਰੰਥ ਸਾਹਿਬ ਦਾ ਸ੍ਰੀ ਦਰਬਾਰ ਸਾਹਿਬ ਵਿਚ ਪ੍ਰਕਾਸ਼ ਕਰਨ ਦਾ ਭਰੋਸਾ ਦਿੱਤਾ ਸੀ ਪਰ ਜਥੇਦਾਰ ਦੀ ਮੌਤ ਮਗਰੋਂ ਅੱਗੇ ਗੱਲ ਨਹੀਂ ਤੁਰੀ। ਹੁਣ ਐਸ.ਜੀ.ਪੀ.ਸੀ. ਦੇ ਸਾਬਕਾ ਮੈਂਬਰ ਭਜਨ ਸਿੰਘ ਸ਼ੇਰਗਿੱਲ ਇਸ ਸਬੰਧੀ ਪੈਰਵੀ ਕਰ ਰਹੇ ਹਨ। ਯੂਨਾਈਟਿਡ ਸਿੱਖ ਪਾਰਟੀ ਦੇ ਮੁੱਖ ਸੇਵਾਦਾਰ ਜਸਵਿੰਦਰ ਸਿੰਘ ਨੇ ਹੱਥ ਲਿਖਤ ਗੁਰੂ ਗ੍ਰੰਥ ਸਾਹਿਬ ਨੂੰ ਵਧੀਆ ਉਪਰਾਲਾ ਦੱਸਦੇ ਹੋਏ ਕਿਹਾ ਕਿ ਲੇਖਕ ਨੇ ਪੂਰੀ ਲਗਨ ਅਤੇ ਸੇਵਾ ਭਾਵਨਾ ਨਾਲ ਇਸ ਕੰਮ ਨੂੰ ਨੇਪਰੇ ਚਾੜ੍ਹਿਆ ਹੈ। ਉਨ੍ਹਾਂ ਦੀ ਸੰਸਥਾ ਵੱਲੋਂ ਜਲਦੀ ਹੀ ਗਿਆਨੀ ਬਲਦੇਵ ਸਿੰਘ ਨੂੰ ਸਨਮਾਨਿਤ ਕੀਤਾ ਜਾਵੇਗਾ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸਿੱਖ ਲੇਖਕ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਭਵਿੱਖ ਵਿਚ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਿਆ ਜਾਵੇ। ਹੱਥ ਲਿਖਤ ਗੁਰੂ ਗ੍ਰੰਥ ਸਾਹਿਬ ਦਾ ਸ੍ਰੀ ਦਰਬਾਰ ਸਾਹਿਬ ਵਿਚ ਪ੍ਰਕਾਸ਼ ਕਰਨ ਬਾਰੇ ਪੁੱਛੇ ਜਾਣ 'ਤੇ ਪ੍ਰਧਾਨ ਨੇ ਕਿਹਾ ਕਿ ਇਸ ਸਬੰਧੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਦੀ ਡਿਊਟੀ ਲਗਾਈ ਜਾਵੇਗੀ ਕਿ ਕਿਸੇ ਪ੍ਰਚਾਰਕ ਨੂੰ ਮੌਕੇ 'ਤੇ ਭੇਜ ਕੇ ਪੂਰੇ ਮਾਣ ਸਤਿਕਾਰ ਅਤੇ ਗੁਰ ਮਰਿਆਦਾ ਅਨੁਸਾਰ ਅਗਲੀ ਕਾਰਵਾਈ ਕੀਤੀ ਜਾਵੇ।

# ਤਾਰਾ ਸਿੰਘ ਵੱਲੋਂ ਹਜ਼ੂਰ ਸਾਹਿਬ ਗੁਰਦੁਆਰਾ ਬੋਰਡ ਦੀ ਪ੍ਰਧਾਨਗੀ ਤੋਂ ਅਸਤੀਫਾ

**ਨਾਂਦੇੜ:** ਤਖਤ ਸ੍ਰੀ ਹਜ਼ੂਰ ਸਾਹਿਬ ਗੁਰਦੁਆਰਾ ਬੋਰਡ ਦੇ ਪ੍ਰਧਾਨ ਵਜੋਂ ਭਾਜਪਾ ਦੇ ਵਿਧਾਇਕ ਤਾਰਾ ਸਿੰਘ ਨੇ ਅਸਤੀਫਾ ਦੇ ਦਿੱਤਾ ਹੈ। ਹਾਲਾਂਕਿ ਤਾਰਾ ਸਿੰਘ ਦੇ ਅਸਤੀਫਾ ਦੇਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਪਰ ਉਨ੍ਹਾਂ ਖਿਲਾਫ਼ ਲੱਗੇ ਦੋਸ਼ਾਂ ਪਿਛੋਂ ਵਧ ਰਹੇ ਅਸੰਤੁਸ਼ਟੀ ਕਾਰਨ ਉਨ੍ਹਾਂ ਨੂੰ ਇਸ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਹੈ। ਤਾਰਾ ਸਿੰਘ ਵਿਰੁੱਧ ਸਥਾਨਕ ਸਿੱਖਾਂ ਦੀ ਨਾਰਾਜ਼ਗੀ ਤੋਂ ਬਚਣ ਲਈ ਮਹਾਰਾਸ਼ਟਰ ਸਰਕਾਰ ਨੇ ਇਹ ਕਦਮ ਚੁੱਕਿਆ ਹੈ।

ਦਰਅਸਲ, ਗੁਰਦੁਆਰਾ ਬੋਰਡ ਕਾਨੂੰਨ 1956 ਨੂੰ ਦੋ ਵਾਰ ਸੋਧਣ ਕਰ ਕੇ ਹਜ਼ੂਰ ਸਾਹਿਬ ਦੇ ਸਿੱਖ ਤਾਰਾ ਸਿੰਘ ਤੋਂ ਖਫਾ ਹੋ ਗਏ ਸਨ। ਤਾਰਾ ਸਿੰਘ ਦਾ ਹਿੰਦੂ ਧਰਮ ਦੀਆਂ ਕਈ ਰਸਮਾਂ ਦਾ ਪਾਲਣ ਕਰਦਿਆਂ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਹਨ, ਜਿਸ ਕਾਰਨ ਉਨ੍ਹਾਂ ਦੀ ਕਾਫੀ ਆਲੋਚਨਾ ਵੀ ਹੋਈ ਸੀ। ਬੋਰਡ ਦੇ ਪ੍ਰਧਾਨ ਵਜੋਂ ਨਿਯੁਕਤੀ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰਾਂ ਜਥੇਬੰਦੀਆਂ ਵੱਲੋਂ ਤਾਰਾ ਦਾ ਕਾਫੀ ਵਿਰੋਧ ਕੀਤਾ ਗਿਆ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਫੜਨਵੀਸ ਨੇ ਤਾਰਾ ਸਿੰਘ ਨੂੰ ਤਲਬ ਕੀਤਾ ਸੀ ਅਤੇ ਮੁਲਾਕਾਤ 'ਚ ਵਿਚਾਰ ਚਰਚਾ ਦੌਰਾਨ ਫੜਨਵੀਸ ਨੇ ਉਨ੍ਹਾਂ ਨੂੰ ਆਪਣੀ ਪ੍ਰਧਾਨਗੀ ਤੋਂ ਫਾਰਗ ਹੋਣ ਦੀ ਸਲਾਹ ਦਿੱਤੀ ਸੀ। ਜਿਸ ਪਿੱਛੋਂ ਤਾਰਾ ਸਿੰਘ ਨੇ ਆਪਣਾ ਲਿਖਤੀ ਅਸਤੀਫਾ ਫੜਨਵੀਸ ਨੂੰ ਸੌਂਪ ਦਿੱਤਾ।

ਇਹ ਅੰਦਾਜ਼ੇ ਵੀ ਲਗਾਏ ਜਾ ਰਹੇ ਹਨ ਕਿ ਦਸੰਬਰ ਮਹੀਨੇ 'ਚ ਗੁਰਦੁਆਰਾ ਬੋਰਡ ਦੇ ਤਿੰਨ ਮੈਂਬਰਾਂ ਦੀ ਚੋਣ ਕਰਵਾਉਣ ਦੀ ਪ੍ਰਕਿਰਿਆ ਸਰਕਾਰੀ ਪੱਧਰ 'ਤੇ ਜਾਰੀ ਹੈ, ਜਿਸ ਕਾਰਨ ਉਨ੍ਹਾਂ ਨੂੰ ਹਟਾਇਆ ਗਿਆ ਹੈ। ਚਰਚਾ ਹੈ ਕਿ



ਗੁਰਦੁਆਰਾ ਬੋਰਡ ਦੇ ਕੁਝ ਸਹਿਕਾਰੀ ਮੈਂਬਰਾਂ ਨੇ ਉਨ੍ਹਾਂ ਖਿਲਾਫ਼ ਗੰਭੀਰ ਦੋਸ਼ ਲਗਾ ਕੇ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਦੂਜੇ ਪਾਸੇ ਤਾਰਾ ਸਿੰਘ ਦਾ ਕਹਿਣਾ ਹੈ ਕਿ ਉਹ ਆਪਣੇ ਕਾਰਜਕਾਲ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ ਤੇ ਅੱਗੇ ਤੋਂ ਵੀ ਉਹ ਗੁਰੂ ਘਰ ਦੀ ਸੇਵਾ ਤੋਂ ਪਿੱਛੇ ਨਹੀਂ ਹਟਣਗੇ। ਹਾਲਾਂਕਿ, ਉਨ੍ਹਾਂ ਅਸਤੀਫੇ ਦਾ ਕਾਰਨ ਨਹੀਂ ਦੱਸਿਆ। ਤਾਰਾ ਸਿੰਘ ਤਿੰਨ ਸਾਲ ਸੱਤ ਮਹੀਨੇ ਤੱਕ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਗੁਰਦੁਆਰਾ ਬੋਰਡ ਦੇ ਪ੍ਰਧਾਨ ਦੇ ਅਹੁਦੇ 'ਤੇ ਰਹੇ।

# ਪਾਕਿਸਤਾਨ ਵਿਚ 15 ਸਾਲਾ ਸਿੱਖ ਲੜਕੀ ਨਾਲ ਐਂਬੂਲੈਂਸ 'ਚ ਬਲਾਤਕਾਰ

**ਚੰਡੀਗੜ੍ਹ:** ਪਾਕਿਸਤਾਨ ਵਿਚ ਸਿੱਖ ਲੜਕੀ ਨਾਲ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੇ ਇਸ ਘਟਨਾ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਪਾਕਿਸਤਾਨ ਦੇ ਪੰਜਾਬ ਵਿਚ ਐਂਬੂਲੈਂਸ ਅੰਦਰ 15 ਸਾਲਾਂ ਦੀ ਸਿੱਖ ਲੜਕੀ ਨਾਲ ਬਲਾਤਕਾਰ ਦੀ ਘਟਨਾ ਵਾਪਰੀ। ਇਸ ਸਬੰਧੀ ਪੁਲਿਸ ਨੇ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ।

ਪੁਲਿਸ ਮੁਤਾਬਕ ਲੜਕੀ ਮਾਨਸਿਕ ਤੌਰ 'ਤੇ ਬਿਮਾਰ ਹੈ। ਉਹ ਨਨਕਾਣਾ ਸਾਹਿਬ ਗੁਰਦੁਆਰੇ ਤੋਂ ਲਾਪਤਾ ਹੋ ਗਈ ਸੀ। ਇਸ ਪਿੱਛੋਂ ਲੜਕੀ ਦੇ ਮਾਪਿਆਂ ਨੇ ਪੁਲਿਸ ਨੂੰ ਇਸ ਬਾਰੇ ਸੂਚਨਾ ਦਿੱਤੀ। ਲੜਕੀ ਦੇ ਪਿਤਾ ਨੇ ਹੀ ਦੱਸਿਆ ਕਿ ਨਨਕਾਣਾ ਬਾਈਪਾਸ 'ਤੇ ਉਨ੍ਹਾਂ ਪੰਜਾਬ ਐਮਰਜੈਂਸੀ ਦੀ ਐਂਬੂਲੈਂਸ ਵੇਖੀ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਐਂਬੂਲੈਂਸ ਅੰਦਰ ਲੜਕੀ ਦੇ ਚੀਕਣ ਦੀ ਆਵਾਜ਼ ਸੁਣੀ ਸੀ। ਮੁਲਜ਼ਮਾਂ ਨੇ ਲੜਕੀ ਨੂੰ ਦੋ ਕਿਲੋਮੀਟਰ ਦੂਰ ਗੱਡੀ ਤੋਂ ਬਾਹਰ ਸੁੱਟ ਦਿੱਤਾ ਸੀ। ਨਨਕਾਣਾ ਸ਼ਹਿਰ ਦੇ ਪੁਲਿਸ ਅਧਿਕਾਰੀ ਨਦੀਮ ਅਹਿਮਦ ਨੇ ਦੱਸਿਆ ਕਿ ਇਸ ਸਬੰਧੀ ਅਹਿਸਾਨ ਅਲੀ ਤੇ ਸਮੀਨ ਹੈਦਰ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ। ਦੋਵੇਂ ਮੁਲਜ਼ਮ ਸਰਕਾਰੀ ਮੁਲਾਜ਼ਮ ਹਨ।

## ਅੱਠ ਵਿਦੇਸ਼ੀ ਸ਼ਹਿਰਾਂ ਦੇ ਸੈਲਾਨੀਆਂ ਨੂੰ ਸੌਖਿਆਂ ਮਿਲੇਗਾ ਵੀਜ਼ਾ

**ਨਵੀਂ ਦਿੱਲੀ:** ਗ੍ਰਹਿ ਮੰਤਰਾਲੇ ਨੇ ਦੱਸਿਆ ਕਿ ਕੈਨੇਡਾ ਦੇ ਸ਼ਹਿਰ ਓਟਵਾ, ਰੂਸ ਦੇ ਸ਼ਹਿਰ ਪੀਟਰਸਬਰਗ ਤੇ ਬਲਾਡੀਵੋਸਟ, ਜਰਮਨੀ ਦੇ ਮਿਊਨਿਖ, ਬੈਲਜੀਅਮ ਦੇ ਬ੍ਰਸੱਲਜ਼, ਨਾਰਵੇ ਦੇ ਓਸਲੋ, ਹੰਗਰੀ ਦੇ ਬੁਡਾਪੈਸਟ ਅਤੇ ਕ੍ਰੋਏਸ਼ੀਆ ਦੇ ਜਾਗਰੇਬ ਸ਼ਹਿਰ ਦੇ ਸੈਲਾਨੀਆਂ ਨੂੰ ਹੁਣ ਭਾਰਤ 'ਚ ਸੌਖਿਆਂ ਹੀ ਦਾਖਲਾ ਮਿਲ ਸਕੇਗਾ ਕਿਉਂਕਿ ਇਨ੍ਹਾਂ ਸ਼ਹਿਰਾਂ 'ਚ ਸਥਿਤ ਭਾਰਤੀ ਮਿਸ਼ਨਾਂ 'ਚ ਈ-ਵੀਜ਼ਾ ਬਾਇਓਮੀਟ੍ਰਿਕ ਰਜਿਸਟਰੇਸ਼ਨ ਪ੍ਰਣਾਲੀ ਦੀ ਸਹੂਲਤ ਮੁਹੱਈਆ ਕਰਵਾਈ ਜਾ ਰਹੀ ਹੈ। ਮੰਤਰਾਲੇ ਅਨੁਸਾਰ ਇਸ ਸਹੂਲਤ ਨਾਲ ਸੈਲਾਨੀਆਂ ਦੀ ਖੱਜਲ-ਖੁਆਰੀ ਘਟੇਗੀ।

# ਸੀ.ਬੀ.ਆਈ. ਵਿਚ ਉਥਲ-ਪੁਥਲ ਨੇ ਕਸੂਤੀ ਫਸਾਈ ਸਰਕਾਰ

**ਨਵੀਂ ਦਿੱਲੀ:** ਸੀ.ਬੀ.ਆਈ. ਦੇ 55 ਵਰ੍ਹਿਆਂ ਦੇ ਇਤਿਹਾਸ ਵਿਚ ਦੋ ਅਧਿਕਾਰੀਆਂ ਦੀ ਖਾਨਾਜੰਗੀ ਅਤੇ ਉਸ ਮਗਰੋਂ ਦੇ ਘਟਨਾਕ੍ਰਮ ਨਾਲ ਮੋਦੀ ਸਰਕਾਰ ਕਸੂਤੀ ਫਸ ਗਈ ਹੈ। ਸਰਕਾਰ ਨੇ ਰੱਦੋ-ਬਦਲ ਕਰਦਿਆਂ ਸੀ.ਬੀ.ਆਈ. ਦੇ ਡਾਇਰੈਕਟਰ ਆਲੋਕ ਵਰਮਾ ਅਤੇ ਵਿਸ਼ੇਸ਼ ਡਾਇਰੈਕਟਰ ਰਾਕੇਸ਼ ਅਸਥਾਨਾ ਨੂੰ ਨਾਟਕੀ ਢੰਗ ਨਾਲ ਛੁੱਟੀ 'ਤੇ ਭੇਜਦਿਆਂ ਉਨ੍ਹਾਂ ਤੋਂ ਤਾਕਤਾਂ ਖੋਹ ਲਈਆਂ। ਤਬਾਦਲੇ ਜ਼ਿਆਦਾਤਰ ਉਨ੍ਹਾਂ ਅਧਿਕਾਰੀਆਂ ਦੇ ਕੀਤੇ ਗਏ ਹਨ ਜੋ ਗੁਜਰਾਤ ਕਾਡਰ ਦੇ ਆਈ.ਪੀ.ਐਸ. ਅਫਸਰ ਅਸਥਾਨਾ ਖਿਲਾਫ਼ ਜਾਂਚ ਕਰ ਰਹੀਆਂ ਟੀਮਾਂ ਦਾ ਹਿੱਸਾ ਸਨ।

ਸੀ.ਬੀ.ਆਈ. 'ਚ ਤਬਾਦਲਿਆਂ ਦੀ ਖੇਡ ਨਾਲ ਬੇਯਕੀਨੀ ਦਾ ਮਾਹੌਲ ਪੈਦਾ ਹੋ ਗਿਆ ਹੈ। ਸਰਕਾਰ ਨੇ 1986 ਬੈਚ ਦੇ ਉੜੀਸਾ ਕਾਡਰ ਦੇ ਆਈ.ਪੀ.ਐਸ. ਅਧਿਕਾਰੀ ਸੰਯੁਕਤ ਡਾਇਰੈਕਟਰ ਐਮ. ਨਾਗੇਸ਼ਵਰ ਰਾਓ ਨੂੰ ਅੰਤਰਿਮ ਤੌਰ 'ਤੇ ਡਾਇਰੈਕਟਰ ਤਾਂ ਨਿਯੁਕਤ ਕਰ ਦਿੱਤਾ ਹੈ ਪਰ ਉਹ ਏ.ਡੀ.ਜੀ.ਪੀ. ਰੈਂਕ ਦਾ ਅਧਿਕਾਰੀ ਹੈ ਅਤੇ ਉਸ ਦੇ ਬੈਚ ਦੀ ਡੀਜੀ ਪੱਧਰ ਦੇ ਅਧਿਕਾਰੀ ਬਣਨ ਲਈ ਇੰਪੈਨਲਮੈਂਟ ਅਜੇ ਹੋਣੀ ਹੈ। ਆਲੋਕ ਵਰਮਾ ਵੱਲੋਂ ਸੁਪਰੀਮ ਕੋਰਟ ਦਾ ਰੁਖ ਕਰਨ ਨਾਲ ਸਰਕਾਰ ਦੇ ਹੱਥ ਬਹੁਤਾ ਕੁਝ ਨਹੀਂ ਰਹਿ ਗਿਆ ਹੈ।

ਇਹੀ ਨਹੀਂ ਸਿਖਰਲੀ ਅਦਾਲਤ ਨੇ ਸੀ.ਵੀ.ਸੀ. ਤੇ ਸਰਕਾਰ ਦੀ ਨਿਯੁਕਤੀਆਂ ਬਾਰੇ ਕਮੇਟੀ ਵੱਲੋਂ ਲਾਏ ਸੀ.ਬੀ.ਆਈ. ਦੇ ਅੰਤਰਿਮ ਡਾਇਰੈਕਟਰ ਐਮ. ਨਾਗੇਸ਼ਵਰ ਰਾਓ ਦੇ ਵੀ ਪਰ ਕੁਤਰ ਦਿੱਤੇ ਹਨ। ਸੁਪਰੀਮ ਕੋਰਟ ਨੇ ਆਈ.ਪੀ.ਐਸ. ਅਧਿਕਾਰੀ ਨੂੰ ਏਜੰਸੀ ਸਬੰਧੀ ਨੀਤੀਗਤ ਫੈਸਲੇ ਲੈਣ ਤੋਂ ਰੋਕਦਿਆਂ 23 ਅਕਤੂਬਰ ਤੋਂ ਹੁਣ ਤੱਕ ਲਏ ਫੈਸਲਿਆਂ ਦੀ ਤਫਸੀਲ ਸੀਲਬੰਦ ਲਿਫਾਫੇ ਵਿਚ 12 ਨਵੰਬਰ ਤੱਕ ਜਮ੍ਹਾਂ ਕਰਾਉਣ ਲਈ ਕਿਹਾ ਹੈ। ਇਸ ਦੌਰਾਨ




ਸੁਪਰੀਮ ਕੋਰਟ ਨੇ ਵਿਸ਼ੇਸ਼ ਡਾਇਰੈਕਟਰ ਰਾਕੇਸ਼ ਅਸਥਾਨਾ ਵੱਲੋਂ ਦਾਇਰ ਜਬਾਨੀ ਹਲਫ਼ਨਾਮੇ 'ਤੇ ਸੁਣਵਾਈ ਤੋਂ ਇਨਕਾਰ ਕਰ ਦਿੱਤਾ। ਅਟਾਰਨੀ ਜਨਰਲ ਮੁਕੁਲ ਰੋਹਤਗੀ ਰਾਹੀਂ ਰਜਿਸਟਰੀ ਕੋਲ ਦਾਇਰ ਇਸ ਪਟੀਸ਼ਨ ਵਿੱਚ ਅਸਥਾਨਾ ਨੇ ਉਸ ਨੂੰ ਲਾਂਭੇ ਕਰਨ ਦੇ ਸਰਕਾਰ ਦੇ ਢੰਗ ਤਰੀਕੇ 'ਤੇ ਇਤਰਾਜ ਜਤਾਇਆ ਸੀ। ਸੁਪਰੀਮ ਕੋਰਟ ਨੇ ਕਿਹਾ ਉਹ ਕਿਸੇ ਅਜਿਹੇ ਮਾਮਲੇ ਉਤੇ ਸੁਣਵਾਈ ਨਹੀਂ ਕਰ ਸਕਦਾ, ਜੋ ਉਨ੍ਹਾਂ ਅੱਗੇ ਪੇਸ਼ ਹੀ ਨਹੀਂ ਕੀਤਾ ਗਿਆ।

ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਹੇਠਲੇ ਬੈਂਚ ਨੇ ਹਦਾਇਤ ਕੀਤੀ ਕਿ ਸੀ.ਬੀ.ਆਈ. ਦੇ ਵਿਸ਼ੇਸ਼ ਡਾਇਰੈਕਟਰ ਅਸਥਾਨਾ ਵੱਲੋਂ 24 ਅਗਸਤ ਨੂੰ ਕੈਬਨਿਟ ਸਕੱਤਰ ਨੂੰ ਲਿਖੇ ਪੱਤਰ (ਜਿਸ ਵਿਚ ਆਲੋਕ ਵਰਮਾ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਗਏ ਸਨ) ਦੇ ਅਧਾਰ 'ਤੇ ਸੀ.ਵੀ.ਸੀ. ਵੱਲੋਂ ਸੀ.ਬੀ.ਆਈ. ਮੁਖੀ ਖਿਲਾਫ਼ ਵਿੱਢੀ ਜਾਂਚ ਜਸਟਿਸ (ਸੇਵਾ ਮੁਕਤ) ਏ.ਕੇ.ਪਟਨਾਇਕ ਦੀ ਨਿਗਰਾਨੀ ਵਿਚ ਮੁਕੰਮਲ ਕੀਤੀ ਜਾਵੇ। ਰਾਓ ਨੇ ਏਜੰਸੀ ਦਾ ਆਰਜ਼ੀ ਚਾਰਜ ਲੈਣ ਮਗਰੋਂ ਸੀ.ਬੀ.ਆਈ. ਮੁਖੀ ਦੇ ਨੇੜੇ ਮੰਨੇ ਜਾਂਦੇ 13 ਅਧਿਕਾਰੀਆਂ ਨੂੰ ਤਬਦੀਲ ਕਰ ਦਿੱਤਾ ਸੀ। ਸੁਪਰੀਮ ਕੋਰਟ ਨੇ ਸਾਫ ਕਰ ਦਿੱਤਾ ਕਿ ਰਾਓ, ਜੋ ਕਿ ਸੀ.ਬੀ.ਆਈ. ਵਿਚ ਜੁਆਇੰਟ ਡਾਇਰੈਕਟਰ ਦੇ ਅਹੁਦੇ 'ਤੇ ਤਾਇਨਾਤ ਹੈ, ਜਾਂਚ ਏਜੰਸੀ ਨੂੰ ਚਲਾਉਣ ਲਈ ਨਿਯਮਤ ਕੰਮਕਾਜ ਹੀ ਕਰੇਗਾ। ਸੁਣਵਾਈ ਦੌਰਾਨ ਅਦਾਲਤ ਨੇ ਇਕ ਵਾਰ ਤਾਂ ਰਾਓ ਵੱਲੋਂ ਹੁਣ ਤੱਕ ਲਏ ਫੈਸਲਿਆਂ ਨੂੰ ਲਾਗੂ ਕਰਨ 'ਤੇ ਰੋਕ ਲਾਉਣ ਦੀ ਗੱਲ ਕਹੀ ਸੀ, ਪਰ ਫਿਰ ਬੈਂਚ ਨੇ ਕਿਹਾ ਕਿ ਉਹ ਇਨ੍ਹਾਂ ਫੈਸਲਿਆਂ 'ਤੇ ਨਜ਼ਰਸਾਨੀ ਮਗਰੋਂ ਹੀ ਇਸ ਪੱਖ ਉਤੇ ਗੌਰ ਕਰੇਗੀ।

## ਅਦਾਲਤੀ ਹਦਾਇਤਾਂ ਨਾਲ ਨਿਰਪੱਖ ਕਸੌਟੀ ਨੂੰ ਮਜ਼ਬੂਤੀ ਮਿਲੀ: ਜੇਤਲੀ

**ਨਵੀਂ ਦਿੱਲੀ:** ਸੀ.ਬੀ.ਆਈ. ਦੇ ਦੋ ਸਿਖਰਲੇ ਅਧਿਕਾਰੀਆਂ 'ਤੇ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਦੋ ਹਫਤਿਆਂ 'ਚ ਮੁਕੰਮਲ ਕਰਨ ਦੇ ਸੁਪਰੀਮ ਕੋਰਟ ਦੇ ਹੁਕਮਾਂ ਦਾ ਸਵਾਗਤ ਕਰਦਿਆਂ ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਸਰਕਾਰ ਦੀ ਕਿਸੇ ਵਿਅਕਤੀ ਵਿਸ਼ੇਸ਼ ਵਿਚ ਜਾਂ ਉਸ ਖਿਲਾਫ਼ ਕੋਈ ਨਿੱਜੀ ਹਿੱਤ ਨਹੀਂ ਹਨ ਅਤੇ ਸਰਕਾਰ ਮਹਿਜ਼ ਜਾਂਚ ਏਜੰਸੀ ਦੀ ਸੰਸਥਾਗਤ ਅਖੰਡਤਾ ਤੇ ਨੇਕ ਨੀਤੀ ਨੂੰ ਬਣਾਈ ਰੱਖਣ ਲਈ ਯਤਨਸ਼ੀਲ ਹੈ।

## ਰਾਫਾਲ ਦੇ ਡਰੋਂ ਸੀ.ਬੀ.ਆਈ. ਮੁਖੀ ਨੂੰ ਹਟਾਇਆ: ਪ੍ਰਸ਼ਾਂਤ ਭੂਸ਼ਨ

**ਚੰਡੀਗੜ੍ਹ:** ਸਵਰਾਜ ਅਭਿਆਨ ਦੇ ਆਗੂ ਤੇ ਉਘੇ ਵਕੀਲ ਪ੍ਰਸ਼ਾਂਤ ਭੂਸ਼ਨ ਦਾ ਕਹਿਣਾ ਹੈ ਕਿ ਰਾਫਾਲ ਜਹਾਜ਼ ਸੌਦੇ ਦੀਆਂ ਪਰਤਾਂ ਖੁੱਲ੍ਹਣ ਦੇ ਡਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੇ ਡਾਇਰੈਕਟਰ ਅਲੋਕ ਵਰਮਾ ਨੂੰ ਅੱਧੀ ਰਾਤ ਦੇ ਸਮੇਂ ਚਲਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਬੂਤਾਂ ਅਤੇ ਤੱਥਾਂ ਤੋਂ ਇਹ ਗੱਲ ਸਾਹਮਣੇ ਆ ਚੁੱਕੀ ਹੈ ਕਿ ਪ੍ਰਧਾਨ ਮੰਤਰੀ ਨੇ ਅਨਿਲ ਅੰਬਾਨੀ ਨੂੰ 21 ਹਜ਼ਾਰ ਕਰੋੜ ਰੁਪਏ ਦਾ ਲਾਭ ਦੇਣ ਲਈ ਰਾਫਾਲ ਜਹਾਜ਼ਾਂ ਦੇ ਸੌਦੇ ਲਈ ਰਿਲਾਇੰਸ ਦੀ ਚੋਣ ਕੀਤੀ ਅਤੇ ਇਸ ਸਬੰਧੀ ਸਾਰੇ ਸਬੂਤ 4 ਅਕਤੂਬਰ ਨੂੰ ਸੀ.ਬੀ.ਆਈ. ਦੇ ਡਾਇਰੈਕਟਰ ਅਲੋਕ ਵਰਮਾ ਨੂੰ ਸ਼ਿਕਾਇਤ ਸਮੇਤ ਦਿੱਤੇ ਗਏ ਸਨ। ਸ੍ਰੀ ਭੂਸ਼ਨ ਨੇ ਕਿਹਾ ਕਿ ਸੀ.ਬੀ.ਆਈ. ਨੂੰ ਦਿੱਤੀ ਗਈ ਸ਼ਿਕਾਇਤ ਦੇ ਨਾਲ 46 ਦਸਤਾਵੇਜ਼ ਨੱਥੀ ਸਨ। ਉਨ੍ਹਾਂ ਦੋਸ਼ ਲਾਇਆ ਕਿ ਇਹ ਤੱਥ ਵੀ ਜੱਗ ਜ਼ਾਹਿਰ ਹਨ ਕਿ ਰਿਲਾਇੰਸ ਵੱਲੋਂ ਭਾਰਤੀ ਜਨਤਾ ਪਾਰਟੀ ਨੂੰ ਚੋਣਾਂ ਮੌਕੇ ਚੰਦੇ ਦੇ ਰੂਪ ਵਿੱਚ ਮੋਟੀ ਮਾਇਆ ਦਿੱਤੀ ਜਾਂਦੀ ਹੈ।

# ਅਯੁੱਧਿਆ ਕੇਸ: ਜਨਵਰੀ 'ਚ ਹੋਵੇਗੀ ਸੁਣਵਾਈ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਿਆਸਤ ਪੱਖੋਂ ਅਹਿਮ ਰਾਮ ਜਨਮ ਭੂਮੀ-ਬਾਬਰੀ ਮਸਜਿਦ ਜ਼ਮੀਨ ਵਿਵਾਦ ਕੇਸ ਦੀ ਸੁਣਵਾਈ 'ਢੁਕਵੇਂ ਬੈਂਚ' ਮੂਹਰੇ ਜਨਵਰੀ ਦੇ ਪਹਿਲੇ ਹਫਤੇ ਲਈ ਤੈਅ ਕਰ ਦਿੱਤੀ ਹੈ ਜੋ ਸੁਣਵਾਈ ਦੀਆਂ ਤਰੀਕਾਂ ਬਾਰੇ ਫੈਸਲਾ ਲਏਗਾ। ਸੁਪਰੀਮ ਕੋਰਟ ਦੇ ਇਸ ਫੈਸਲੇ ਨਾਲ ਤੈਅ ਹੋ ਗਿਆ ਹੈ ਕਿ ਆਉਂਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਸ ਵਿਵਾਦ ਦਾ ਹੱਲ ਨਿਕਲਣ ਦੀ ਕੋਈ ਸੰਭਾਵਨਾ ਨਹੀਂ ਹੈ। ਹਿੰਦੂ ਜਥੇਬੰਦੀਆਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਸੰਸਦ ਦੇ ਸਰਦ ਰੁੱਤ ਇਜਲਾਸ 'ਚ ਆਰਡੀਨੈਂਸ ਲਿਆ ਕੇ ਅਯੁੱਧਿਆ 'ਚ ਮੰਦਰ ਦੀ ਤੁਰਤ ਉਸਾਰੀ ਕਰਵਾਈ ਜਾਵੇ।

ਚੀਫ਼ ਜਸਟਿਸ ਰੰਜਨ ਗੋਗੋਈ, ਜਸਟਿਸ ਐਸ.ਕੇ. ਕੌਲ ਅਤੇ ਕੇ.ਐਮ. ਜੋਜ਼ੇਫ਼ 'ਤੇ ਆਧਾਰਿਤ ਬੈਂਚ ਨੇ ਕਿਹਾ ਕਿ ਅਯੁੱਧਿਆ ਜ਼ਮੀਨ ਵਿਵਾਦ ਕੇਸ 'ਚ ਅਲਾਹਾਬਾਦ ਹਾਈ ਕੋਰਟ ਦੇ ਫੈਸਲੇ ਖਿਲਾਫ਼ ਪਾਈਆਂ ਗਈਆਂ ਅਪੀਲਾਂ 'ਤੇ ਸੁਣਵਾਈ ਸਬੰਧੀ ਪ੍ਰਕਿਰਿਆ ਬਾਰੇ ਉਹੀ ਬੈਂਚ ਅਗਲੇ ਸਾਲ ਜਨਵਰੀ 'ਚ ਫੈਸਲਾ ਕਰੇਗੀ। ਬੈਂਚ ਨੇ ਕਿਹਾ,''ਅਸੀਂ ਅਯੁੱਧਿਆ ਵਿਵਾਦ ਕੇਸ ਦੀ ਸੁਣਵਾਈ ਦੀ ਅਗਲੀ ਤਰੀਕ ਢੁਕਵੇਂ ਬੈਂਚ ਮੂਹਰੇ ਜਨਵਰੀ 'ਚ ਤੈਅ ਕਰਾਂਗੇ।'' ਯੂਪੀ ਸਰਕਾਰ ਅਤੇ ਭਗਵਾਨ ਰਾਮਲੱਲਾ ਵੱਲੋਂ ਕ੍ਰਮਵਾਰ ਪੇਸ਼ ਹੋਏ ਸੌਲਿਸਟਰ ਜਨਰਲ ਤੁਸ਼ਾਰ ਮਹਿਤਾ ਅਤੇ ਸੀਨੀਅਰ ਵਕੀਲ ਸੀ ਐਸ ਵੈਦਿਆਨਾਥਨ ਨੇ ਅਪੀਲਾਂ 'ਤੇ ਤੁਰੰਤ ਸੁਣਵਾਈ ਦੀ ਮੰਗ ਉਠਾਈ ਸੀ। ਬੈਂਚ ਨੇ ਕਿਹਾ,''ਸਾਡੀਆਂ ਆਪਣੀਆਂ ਪ੍ਰਾਥਮਿਕਤਾਵਾਂ ਹਨ। ਇਸ ਮਾਮਲੇ 'ਤੇ ਭਾਵੇਂ ਜਨਵਰੀ, ਫਰਵਰੀ ਜਾਂ ਮਾਰਚ 'ਚ ਸੁਣਵਾਈ ਹੋਵੇ ਪਰ ਇਸ ਸਬੰਧੀ ਢੁਕਵਾਂ ਬੈਂਚ ਫ਼ੈਸਲਾ ਲਏਗਾ।'' ਇਸ ਤੋਂ ਪਹਿਲਾਂ ਤਿੰਨ ਜੱਜਾਂ ਦੇ ਬੈਂਚ ਨੇ 2-1 ਦੇ ਬਹੁਮਤ ਨਾਲ 1994 ਦੇ ਉਸ ਫ਼ੈਸਲੇ 'ਤੇ ਮੁੜ ਵਿਚਾਰ ਕਰਨ ਲਈ ਮਾਮਲਾ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਹਵਾਲੇ ਕਰਨ ਤੋਂ ਇਨਕਾਰ ਕਰ ਦਿੱਤਾ ਸੀ, ਜਿਸ 'ਚ ਕਿਹਾ ਗਿਆ ਸੀ ਕਿ ਮਸਜਿਦ ਇਸਲਾਮ ਦਾ ਅਟੁੱਟ ਹਿੱਸਾ ਨਹੀਂ ਹੈ। ਇਹ ਮਾਮਲਾ ਅਯੁੱਧਿਆ ਜ਼ਮੀਨ ਵਿਵਾਦ ਦੀ ਸੁਣਵਾਈ ਦੌਰਾਨ ਉਠਿਆ ਸੀ।

# ਪ੍ਰਦੂਸ਼ਣ ਦੀ ਮਾਰ: ਦਿੱਲੀ 'ਚ ਮੁੜ ਘੁਟਣ ਲੱਗਾ ਦਮ

**ਨਵੀਂ ਦਿੱਲੀ:** ਰਾਸ਼ਟਰੀ ਰਾਜਧਾਨੀ ਦਿੱਲੀ ਵਿਚ ਮੁੜ ਤੋਂ ਧੁੰਦ ਦੀ ਚਾਦਰ ਫੈਲਣੀ ਸ਼ੁਰੂ ਹੋ ਗਈ ਹੈ, ਜੋ ਦਿੱਲੀ ਵਾਲਿਆਂ ਲਈ ਜਾਨ ਲੇਵਾ ਸਾਬਤ ਹੋ ਸਕਦੀ ਹੈ ਕਿਉਂਕਿ ਇਸ ਨਾਲ ਹਵਾ ਦੀ ਗੁਣਵੱਤਾ 'ਚ ਲਗਾਤਾਰ ਗਿਰਾਵਟ ਆ ਰਹੀ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ.ਪੀ.ਸੀ.ਬੀ.) ਦੇ ਅੰਕੜਿਆਂ ਮੁਤਾਬਕ ਰਾਸ਼ਟਰੀ ਰਾਜਧਾਨੀ ਵਿਚ ਹਵਾ ਗੁਣਵੱਤਾ ਸੂਚਕ ਅੰਕ 381 ਦਰਜ ਕੀਤਾ ਗਿਆ ਹੈ, ਜੋ ਬੇਹੱਦ ਖਰਾਬ ਸ਼੍ਰੇਣੀ 'ਚ ਆਉਂਦਾ ਹੈ। ਇਸ ਤੋਂ ਇਲਾਵਾ ਸਾਹਮਣੇ ਆਏ ਅੰਕੜੇ ਵੀ ਕਾਫੀ ਡਰਾਉਣ ਵਾਲੇ ਹਨ।

ਦੱਸਣਯੋਗ ਹੈ ਕਿ 50 ਤੱਕ ਏ. ਕਿਊ. ਆਈ. ਚੰਗਾ, 51 ਤੋਂ 100 ਵਿਚਕਾਰ ਸੰਤੋਸ਼ਜਨਕ, 101 ਤੋਂ 200 ਤੱਕ ਦਰਮਿਆਨੀ ਸ਼੍ਰੇਣੀ, 201 ਤੋਂ300 ਵਿਚਕਾਰ ਖਰਾਬ, 300 ਤੋਂ 400 ਦੇ ਵਿਚਕਾਰ ਬੇਹੱਦ ਖਰਾਬ ਅਤੇ 401 ਤੋਂ 500 ਦੇ ਵਿਚਕਾਰ ਬਹੁਤ ਹੀ ਗੰਭੀਰ ਮੰਨਿਆ ਜਾਂਦਾ ਹੈ। ਦਿੱਲੀ ਤੋਂ ਇਲਾਵਾ ਐਨ.ਸੀ.ਆਰ. ਖੇਤਰ, ਗਾਜ਼ੀਆਬਾਦ ਤੇ ਗੁਰੂ ਗ੍ਰਾਮ 'ਚ ਵੀ ਪ੍ਰਦੂਸ਼ਣ ਦਾ ਪੱਧਰ ਗੰਭੀਰ ਰਿਕਾਰਡ ਕੀਤਾ ਗਿਆ ਜਦਕਿ ਨੋਇਡਾ ਅਤੇ ਗ੍ਰੇਟਰ ਨੋਇਡਾ 'ਚ ਹਵਾ ਦੀ ਗੁਣਵੱਤਾ ਬਹੁਤ ਹੀ ਖਰਾਬ ਰਹੀ। ਅਧਿਕਾਰੀਆਂ ਨੇ ਹਵਾ ਦੀ ਗੁਣਵੱਤਾ 'ਚ ਗਿਰਾਵਟ ਲਈ ਉਸਾਰੀ ਕਾਰਜਾਂ ਤੋਂ ਉੱਡਣ ਵਾਲੀ ਧੂੜ, ਗੱਡੀਆਂ ਤੋਂ ਹੋਣ ਵਾਲੇ ਹਵਾ ਪ੍ਰਦੂਸ਼ਣ ਵਰਗੇ ਸਥਾਨਕ ਕਾਰਨਾਂ ਤੋਂ ਇਲਾਵਾ ਪੰਜਾਬ ਤੇ ਹਰਿਆਣਾ ਵਲੋਂ ਪਰਾਲੀ ਸਾੜਨ ਨੂੰ ਵੀ ਪ੍ਰਦੂਸ਼ਣ ਲਈ ਜ਼ਿੰਮੇਵਾਰ ਮੰਨਿਆ ਹੈ।



## ਕੇਜਰੀਵਾਲ ਵੱਲੋਂ ਹਰਿਆਣਾ ਤੇ ਪੰਜਾਬ ਵੱਲ ਉਂਗਲ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਰਾਜਧਾਨੀ ਦਿੱਲੀ ਵਿਚ ਫੈਲ ਰਹੇ ਹਵਾ ਪ੍ਰਦੂਸ਼ਣ ਲਈ ਕੇਂਦਰ, ਹਰਿਆਣਾ ਤੇ ਪੰਜਾਬ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੀਆਂ ਪਹਿਲ ਕਦਮੀਆਂ ਹਵਾ ਪ੍ਰਦੂਸ਼ਣ ਨੂੰ ਰੋਕਣ ਲਈ ਨਾਕਾਫੀ ਹਨ ਪਰ ਸਬੰਧਤ ਧਿਰਾਂ ਵਲੋਂ ਉਨ੍ਹਾਂ ਨਾਲ ਸਹਿਯੋਗ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਦੱਸਿਆ ਕਿ ਦਿੱਲੀ ਸਰਕਾਰ ਵੱਲੋਂ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਹਰ ਸਾਲ ਬਹੁਤ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ ਪਰ ਸਰਦੀਆਂ 'ਚ ਦਿੱਲੀ ਵਾਸੀਆਂ ਨੂੰ ਅਸਹਿ ਪ੍ਰਦੂਸ਼ਣ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਕੇਂਦਰ ਤੇ ਹਰਿਆਣਾ 'ਚ ਸ਼ਾਸਨ ਕਰ ਰਹੀ ਭਾਜਪਾ ਤੇ ਪੰਜਾਬ ਦੀ ਕਾਂਗਰਸ ਸੂਬਾ ਸਰਕਾਰ ਵਲੋਂ ਕੋਈ ਸਹਿਯੋਗ ਨਹੀਂ ਕੀਤਾ ਜਾਂਦਾ।

# ਲੰਡਨ 'ਚ ਮਹਾਰਾਣੀ ਜਿੰਦਾਂ ਦਾ ਹਾਰ 1.87 ਲੱਖ ਪੌਂਡ 'ਚ ਨਿਲਾਮ

**ਲੰਡਨ:** ਮਹਾਰਾਜਾ ਰਣਜੀਤ ਸਿੰਘ ਦੀ ਪਤਨੀ ਮਹਾਰਾਣੀ ਜਿੰਦਾਂ ਕੌਰ ਦੇ ਗਲੇ ਦਾ ਸ਼ਿੰਗਾਰ ਰਿਹਾ ਪੰਨੇ ਤੇ ਨਿੱਕੇ ਮੋਤੀਆਂ ਨਾਲ ਸਜਿਆ ਹਾਰ ਨਿਲਾਮੀ ਦੌਰਾਨ 1.87 ਲੱਖ ਪੌਂਡ ਵਿਚ ਵਿਕਿਆ।

ਮਹਾਰਾਣੀ ਜਿੰਦਾਂ, ਜਿਨ੍ਹਾਂ ਨੂੰ ਸਿੱਖ ਸਮਰਾਟ ਦੀ ਮੌਤ ਮਗਰੋਂ ਉਨ੍ਹਾਂ ਦੀਆਂ ਹੋਰਨਾਂ ਮਹਾਰਾਣੀਆਂ ਵਾਂਗ ਸਤੀ ਨਹੀਂ ਹੋਣਾ ਪਿਆ ਸੀ, ਦਾ ਇਹ ਹਾਰ ਆਪਣੀ ਅਨੁਮਾਨਤ ਕੀਮਤ ਜੋ ਕਿ ਅੱਸੀ ਹਜ਼ਾਰ ਤੇ 1.20 ਲੱਖ ਪੌਂਡ ਦੇ ਦਰਮਿਆਨ ਸੀ, ਤੋਂ ਵੱਧ ਮੁੱਲ 'ਤੇ ਨਿਲਾਮ ਹੋਇਆ। ਇਹ ਹਾਰ ਲਾਹੌਰ ਦੇ ਉਸ ਖਜ਼ਾਨੇ ਦਾ ਹਿੱਸਾ ਸੀ, ਜਿਸ ਨੂੰ 'ਬੌਨਹੈਮਸ ਇਸਲਾਮਿਕ ਤੇ ਇੰਡੀਅਨ ਆਰਟ ਸੇਲ' ਤਹਿਤ ਲੰਡਨ ਵਿਚ ਨਿਲਾਮ ਕੀਤਾ ਗਿਆ ਸੀ।

ਨਿਲਾਮ ਘਰ ਮੁਤਾਬਕ ਬੋਲੀ ਦੌਰਾਨ ਰੱਖੀਆਂ ਸਾਰੀਆਂ ਵਸਤਾਂ ਮਹਾਰਾਜਾ ਰਣਜੀਤ ਸਿੰਘ ਕਾਲ ਨਾਲ ਸਬੰਧਤ ਸਨ, ਤੇ ਇਨ੍ਹਾਂ ਦੀ ਨਿਲਾਮੀ ਤੋਂ ਕੁੱਲ 18.18 ਲੱਖ ਪੌਂਡ ਦੀ ਕਮਾਈ ਕੀਤੀ ਗਈ। ਇੰਡੀਅਨ ਤੇ ਇਸਲਾਮਿਕ ਆਰਟ ਦੇ ਬੌਨਹੈਮਸ ਹੈੱਡ ਓਲਿਵਰ ਵ੍ਹਾਈਟ ਨੇ ਕਿਹਾ ਕਿ ਨਿਲਾਮੀ ਦੌਰਾਨ ਉਚੀਆਂ ਕੀਮਤਾਂ ਲੱਗਣ ਤੋਂ ਸਾਫ ਹੈ ਕਿ ਬੋਲੀ ਦੌਰਾਨ ਮੁਕਾਬਲਾ ਕਾਫੀ ਸਖਤ ਸੀ। ਨਿਲਾਮੀ ਦੌਰਾਨ ਸਿੱਖ ਖਜ਼ਾਨੇ 'ਚੋਂ ਜਿਹੜੀਆਂ ਹੋਰ ਵਸਤਾਂ ਬੋਲੀ ਲਈ ਰੱਖੀਆਂ ਗਈਆਂ ਸਨ, ਉਨ੍ਹਾਂ ਵਿਚ ਮਖਮਲ ਦੇ ਕੱਪੜੇ, ਜਿਸ 'ਤੇ ਸੋਨੇ ਦੇ ਧਾਗੇ ਦੀ ਕਢਾਈ ਕੀਤੀ ਹੋਈ ਸੀ, ਨਾਲ ਢਕਿਆ ਚਮੜੇ ਦਾ ਬਣਿਆ ਤਰਕਸ਼, ਜੋ ਕਿ ਖਾਸ ਤੌਰ 'ਤੇ ਮਹਾਰਾਜਾ ਰਣਜੀਤ ਸਿੰਘ ਲਈ ਬਣਾਇਆ ਗਿਆ ਸੀ, ਵੀ ਸ਼ਾਮਲ ਸੀ। ਇਹ ਬੋਲੀ ਦੌਰਾਨ ਇਕ ਲੱਖ ਪੌਂਡ ਵਿਚ ਨਿਲਾਮ ਹੋਇਆ।

ਮੰਨਿਆ ਜਾਂਦਾ ਹੈ ਕਿ ਮਹਾਰਾਜਾ ਨੇ ਇਹ ਤਕਰਸ਼ 1838 ਵਿਚ ਆਪਣੇ ਵੱਡੇ ਪੁੱਤਰ ਦੇ ਵਿਆਹ ਮੌਕੇ ਧਾਰਨ ਕੀਤਾ ਸੀ। 19ਵੀਂ ਸਦੀ ਦੀ ਆਖਰੀ ਤਿਮਾਹੀ ਵਿਚ ਪੰਜਾਬ 'ਤੇ ਅੰਤਰ ਝਾਤ ਪਾਉਂਦੀਆਂ 120 ਤਸਵੀਰਾਂ ਦੀ ਕੁਲੈਕਸ਼ਨ ਵੀ ਨਿਲਾਮੀ ਦਾ ਹਿੱਸਾ ਸੀ।

# ਭਾਰਤ 'ਚ ਜ਼ਹਿਰੀਲੀ ਹਵਾ ਨੇ ਲਈ ਇਕ ਲੱਖ ਬੱਚਿਆਂ ਦੀ ਜਾਨ

**ਮੁੰਬਈ:** ਵਿਸ਼ਵ ਸਿਹਤ ਵਿਭਾਗ (ਡਬਲਿਊ.ਐਚ.ਓ) ਨੇ ਰਿਪੋਰਟ ਪੇਸ਼ ਕੀਤੀ ਹੈ ਜਿਸ 'ਚ ਕਿਹਾ ਗਿਆ ਹੈ ਕਿ ਦੁਨੀਆਂ ਦੇ ਘੱਟ ਤੇ ਦਰਮਿਆਨੀ ਆਮਦਨ ਵਾਲੇ ਦੇਸ਼ਾਂ ਵਿਚ 5 ਸਾਲ ਤੋਂ ਘੱਟ ਉਮਰ ਦੇ 98 ਫੀਸਦੀ ਬੱਚੇ ਹਵਾ ਦੇ ਪ੍ਰਦੂਸ਼ਣ ਨਾਲ ਪ੍ਰਭਾਵਿਤ ਹੋਏ ਹਨ।

ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਸਾਲ 2016 ਵਿਚ ਭਾਰਤ ਦੇ ਪੰਜ ਸਾਲ ਤੋਂ ਘੱਟ ਉਮਰ ਦੇ ਇਕ ਲੱਖ ਬੱਚਿਆਂ ਦੀ ਮੌਤ ਜ਼ਹਿਰੀਲਾ ਹਵਾ ਕਰਕੇ ਹੋਈ ਹੈ।

ਏਅਰ ਪੋਲਿਊਸ਼ਨ ਐਂਡ ਚਾਇਲਡ ਹੈਲਥ: ਪ੍ਰਿਸਕ੍ਰਾਈਬਿੰਗ ਕਲੀਨ ਏਅਰ ਰਿਪੋਰਟ ਮੁਤਾਬਕ 2016 'ਚ ਪ੍ਰਦੂਸ਼ਿਤ ਹਵਾ ਨਾਲ ਦੁਨੀਆਂ 'ਚ 15 ਸਾਲ ਤੋਂ ਘੱਟ ਉਮਰ ਦੇ 6 ਲੱਖ ਬੱਚਿਆਂ ਦੀ ਮੌਤ ਹੋਈ ਹੈ। ਇਸ ਦਾ ਅਸਰ ਦੁਨੀਆਂ ਦੇ 18 ਸਾਲ ਤੋਂ ਘੱਟ ਉਮਰ ਦੇ 93% ਬੱਚਿਆਂ 'ਤੇ, 15 ਸਾਲ ਤੋਂ ਘੱਟ ਉਮਰ ਦੇ 1.8 ਅਰਬ ਬੱਚਿਆਂ ਤੇ 5 ਸਾਲ ਤੋਂ ਘੱਟ ਉਮਰ ਦੇ 63 ਕਰੋੜ ਬੱਚਿਆਂ 'ਤੇ ਜ਼ਹਿਰੀਲੀ ਹਵਾ ਦਾ ਅਸਰ ਪਿਆ ਹੈ।

## ਭਾਰਤ ਵੱਲੋਂ ਪਾਕਿਸਤਾਨੀ ਫੌਜ ਦਾ ਮਕਬੂਜ਼ਾ ਕਸ਼ਮੀਰ ਵਿਚਲਾ ਹੈੱਡਕੁਆਟਰ ਤਬਾਹ

**ਜੰਮੂ:** ਭਾਰਤੀ ਫੌਜ ਨੇ ਕੰਟਰੋਲ ਰੇਖਾ 'ਤੇ ਪੁਣਛ ਅਤੇ ਝਲਾਸ ਵਿਚ ਪਾਕਿਸਤਾਨ ਫੌਜ ਵੱਲੋਂ ਕੀਤੀ ਗੋਲਾਬਾਰੀ ਦਾ ਜਵਾਬ ਦਿੰਦਿਆਂ ਮਕਬੂਜ਼ਾ ਕਸ਼ਮੀਰ ਸਥਿਤ ਪਾਕਿਸਤਾਨ ਫੌਜ ਦੇ ਪ੍ਰਸ਼ਾਸਕੀ ਹੈੱਡਕੁਆਰਟਰ ਨੂੰ ਤਬਾਹ ਕਰ ਦਿੱਤਾ। ਸੁਰੱਖਿਆ ਅਧਿਕਾਰੀਆਂ ਨੇ ਦੱਸਿਆ ਕਿ ਫੌਜ ਨੇ ਮਕਬੂਜ਼ਾ ਕਸ਼ਮੀਰ ਦੇ ਖੁਈਰਾਟਾ ਅਤੇ ਸਮਾਨੀ ਇਲਾਕੇ ਵਿਚ ਜਵਾਬੀ ਗੋਲਾਬਾਰੀ ਕੀਤੀ। ਉਨ੍ਹਾਂ ਦੱਸਿਆ ਕਿ ਪਾਕਿਸਤਾਨੀ ਫੌਜ ਨੇ 23 ਅਕਤੂਬਰ ਨੂੰ ਜੰਮੂ ਕਸ਼ਮੀਰ ਦੇ ਪੁਣਛ ਇਲਾਕੇ ਵਿਚ ਭਾਰਤੀ ਫੌਜ ਦੇ ਬ੍ਰਿਗੇਡ ਹੈੱਡਕੁਆਰਟਰ ਅਤੇ ਹੋਰਨਾਂ ਟਿਕਾਣਿਆਂ 'ਤੇ ਗੋਲੇ ਸੁੱਟੇ ਸਨ। ਇਸ ਦੇ ਜਵਾਬ ਵਿਚ ਭਾਰਤੀ ਫੌਜ ਨੇ ਪਾਕਿਸਤਾਨੀ ਫੌਜ ਦੇ ਪ੍ਰਸ਼ਾਸਕੀ ਹੈੱਡਕੁਆਰਟਰ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਨੂੰ ਸਖਤ ਸੰਦੇਸ਼ ਦਿੱਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸਰਹੱਦ ਨੇੜਲੇ ਪਿੰਡਾਂ ਦੇ ਲੋਕਾਂ ਨੇ ਧੂੰਆਂ ਉਡਦਾ ਦੇਖਿਆ।

## *ਦਿੱਲੀ ਦੇ ਸਾਬਕਾ ਮੁੱਖ ਮੰਤਰੀ ਮਦਨ ਲਾਲ ਖੁਰਾਣਾ ਦਾ ਦੇਹਾਂਤ*

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਲੀਡਰ ਮਦਨ ਲਾਲ ਖੁਰਾਣਾ ਦਾ ਦੇਹਾਂਤ ਹੋ ਗਿਆ। ਉਹ 82 ਸਾਲਾਂ ਦੇ ਸਨ। ਖੁਰਾਨਾ ਦਿੱਲੀ ਦੇ ਮੁੱਖ ਮੰਤਰੀ ਅਤੇ ਰਾਜਸਥਾਨ ਦੇ ਰਾਜਪਾਲ ਵੀ ਰਹਿ ਚੁੱਕੇ ਸਨ।

ਦਿੱਲੀ ਵਿਚ ਉਹ ਪੰਜਾਬੀਆਂ ਦੇ ਧੜੱਲੇਦਾਰ ਆਗੂ ਵਜੋਂ ਜਾਣੇ ਜਾਂਦੇ ਸਨ। ਪੰਜ ਕੁ ਸਾਲ ਪਹਿਲਾਂ ਖੁਰਾਨਾ ਦੇ ਦਿਮਾਗ ਦੀ ਨਾੜੀ ਫਟ ਗਈ ਸੀ, ਜਿਸ ਤੋਂ ਬਾਅਦ ਉਨ੍ਹਾਂ ਦੀ ਸਿਹਤ ਕਾਫੀ ਢਿੱਲੀ ਰਹਿੰਦੀ ਸੀ, ਪਰ ਛਾਤੀ ਦੀ ਇਨਫੈਕਸ਼ਨ ਕਾਰਨ ਬੀਤੇ ਦਿਨੀਂ ਤੋਂ ਉਹ ਸਰ ਗੰਗਾ ਰਾਮ ਲੋਹੀਆ ਹਸਪਤਾਲ ਵਿਚ ਦਾਖਲ ਸਨ। ਉਨ੍ਹਾਂ ਨੂੰ ਸਾਹ ਲੈਣ ਵਿਚ ਪਰੇਸ਼ਾਨੀ ਹੋ ਰਹੀ ਸੀ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਚੀਨ 'ਚ ਹਰ ਹਫਤੇ ਦੋ ਬੰਦੇ ਬਣਦੇ ਨੇ ਅਰਬਪਤੀ

**ਜ਼ਿਊਰਿਖ਼:** ਇਕ ਅਧਿਐਨ ਵਿਚ ਸਾਹਮਣੇ ਆਇਆ ਹੈ ਕਿ ਪਿਛਲੇ ਸਾਲ ਚੀਨ 'ਚ ਹਰ ਹਫਤੇ ਦੋ ਅਰਬਪਤੀ ਬਣੇ ਹਨ। ਸਵਿੱਸ ਬੈਂਕ ਦੇ ਵੱਡੇ ਅਦਾਰੇ ਯੂ.ਬੀ.ਐਸ. ਵੱਲੋਂ ਜਾਰੀ ਰਿਪੋਰਟ ਅਨੁਸਾਰ ਦੁਨੀਆਂ ਭਰ 'ਚ 2017 ਦਰਮਿਆਨ 2,158 ਵਿਅਕਤੀਆਂ ਦੀ ਨਿੱਜੀ ਦੌਲਤ 19 ਫੀਸਦੀ ਦੇ ਹਿਸਾਬ ਨਾਲ 8.9 ਖਰਬ ਡਾਲਰ ਵਧੀ ਹੈ, ਪਰ ਚੀਨ ਦੇ ਅਰਬਪਤੀਆਂ ਨੇ ਆਪਣੀ ਦੌਲਤ 'ਚ ਤਕਰੀਬਨ 39 ਫੀਸਦੀ ਦੇ ਹਿਸਾਬ ਨਾਲ ਦੁੱਗਣਾ ਵਾਧਾ ਕੀਤਾ ਹੈ।

ਯੂ.ਐਸ.ਬੀ. ਆਲਮੀ ਦੌਲਤ ਪ੍ਰਬੰਧਨ ਦੇ ਮੁਖੀ ਜੋਸਫ ਸਟੈਡਲਰ ਨੇ ਕਿਹਾ, 'ਪਿਛਲੇ ਇਕ ਦਹਾਕੇ ਦੌਰਾਨ ਚੀਨ ਨੇ ਦੁਨੀਆਂ ਦੀਆਂ ਸਭ ਤੋਂ ਵੱਡੀਆਂ ਤੇ ਕਾਮਯਾਬ ਕੰਪਨੀਆਂ ਤਿਆਰ ਕੀਤੀਆਂ ਹਨ ਤੇ ਉਨ੍ਹਾਂ ਦੇ ਜੀਵਨ ਪੱਧਰ 'ਚ ਵੀ ਵਿਕਾਸ ਹੋਇਆ ਹੈ।' ਰਿਪੋਰਟ ਅਨੁਸਾਰ, 'ਇਹ ਸਿਰਫ ਸ਼ੁਰੂਆਤ ਹੈ। ਚੀਨ ਦੀ ਵੱਡੀ ਆਬਾਦੀ, ਤਕਨੀਕ, ਨਵੀਂ ਖੋਜਾਂ ਤੇ ਸਰਕਾਰ ਦੀ ਮਦਦ ਨਾਲ ਉਦਪਾਦਨ ਨੂੰ ਮਿਲ ਰਹੇ ਹੁੰਗਾਰੇ ਨਾਲ ਨਾ ਸਿਰਫ ਨਿੱਜੀ ਵਿਅਕਤੀਆਂ ਨੂੰ ਅੱਗੇ ਵਧਣ ਦੇ ਮੌਕੇ ਮਿਲ ਰਹੇ ਹਨ ਬਲਕਿ ਚੀਨੀ ਲੋਕਾਂ ਨੂੰ ਚੰਗਾ ਜੀਵਨ ਪੱਧਰ ਵੀ ਮਿਲ ਰਿਹਾ ਹੈ।' ਰਿਪੋਰਟ ਅਨੁਸਾਰ ਸਾਲ 2017 'ਚ ਆਲਮੀ ਪੱਧਰ 'ਤੇ ਚੀਨ ਨੇ ਹਰ ਹਫਤੇ ਦੋ ਅਰਬਪਤੀ ਤਿਆਰ ਕੀਤੇ ਹਨ ਤੇ ਏਸ਼ੀਆ ਦੇ ਆਧਾਰ ਉਤੇ ਇਨ੍ਹਾਂ ਅਰਬਪਤੀਆਂ ਦੀ ਗਿਣਤੀ ਤਿੰਨ ਹੈ।

## ਅਮਰੀਕੀ ਸਿੱਖਾਂ ਵੱਲੋਂ ਮੋਦੀ ਨੂੰ ਕਰਤਾਰਪੁਰ ਲਾਂਘਾ ਖੁਲ੍ਹਵਾਉਣ ਦੀ ਅਪੀਲ

**ਵਾਸ਼ਿੰਗਟਨ:** ਇਕ ਅਮਰੀਕੀ ਸਿੱਖ ਜਥੇਬੰਦੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਗੁਰਦੁਆਰਾ ਕਰਤਾਰਪੁਰ ਸਾਹਿਬ ਲਾਂਘਾ ਖੁਲ੍ਹਵਾਉਣ ਲਈ ਮਦਦ ਦੇਣ ਤਾਂ ਕਿ ਭਾਈਚਾਰੇ ਦੇ ਮੈਂਬਰਾਂ ਨੂੰ ਸਰਹੱਦ ਤੋਂ ਉਸ ਪਾਰ ਪਾਕਿਸਤਾਨ ਵਿਚ ਉਸ ਇਤਿਹਾਸਕ ਜਗ੍ਹਾ ਦੇ ਦਰਸ਼ਨ ਕਰਨ ਦਾ ਮੌਕਾ ਮਿਲ ਸਕੇ ਜਿਥੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਜ਼ਿੰਦਗੀ ਦੇ ਆਖਰੀ 18 ਸਾਲ ਬਿਤਾਏ ਸਨ। ਗੁਰਦੁਆਰਾ ਕਰਤਾਰਪੁਰ ਸਾਹਿਬ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਨਾਰੋਵਾਲ ਜ਼ਿਲ੍ਹੇ ਵਿਚ ਪਾਕਿਸਤਾਨ-ਭਾਰਤ ਸਰਹੱਦ ਦੇ ਨੇੜੇ ਪੈਂਦਾ ਹੈ।

ਅਮਰੀਕਾ ਵਿਚ ਵੱਖ-ਵੱਖ ਹਿੱਸਿਆਂ ਵਿਚ ਰਹਿੰਦੇ ਸਿੱਖਾਂ ਨੇ ਕੈਲੀਫੋਰਨੀਆ ਅਧਾਰਤ ਯੂਨਾਈਟਿਡ ਸਿੱਖ ਮਿਸ਼ਨ ਦੇ ਬੈਨਰ ਹੇਠ ਪ੍ਰਧਾਨ ਮੰਤਰੀ ਦੇ ਨਾਂ ਇਥੇ ਭਾਰਤੀ ਦੂਤਾਵਾਸ ਨੂੰ ਇਕ ਮੰਗ ਪੱਤਰ ਸੌਂਪਿਆ। ਮੰਗ ਪੱਤਰ ਵਿਚ ਕਿਹਾ ਗਿਆ ਹੈ ਕਿ ਪੰਜਾਬ ਵਿਧਾਨ ਸਭਾ ਇਸ ਸਬੰਧ ਵਿਚ ਪਹਿਲਾਂ ਹੀ ਮਤਾ ਪਾਸ ਕਰ ਚੁੱਕੀ ਹੈ।

ਕੌਮਾਂਤਰੀ ਸਰਹੱਦ ਤੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਤੱਕ ਦੀ ਦੂਰੀ ਤਿੰਨ ਕਿਲੋਮੀਟਰ ਹੈ। ਭਾਰਤ ਤੋਂ ਸ਼ਰਧਾਲੂ ਬਿਨਾਂ ਕਿਸੇ ਵੀਜ਼ਾ ਜਾਂ ਹੋਰ ਗੁੰਝਲਦਾਰ ਰਸਮੀ ਕਾਰਵਾਈਆਂ ਤੋਂ ਬਗੈਰ, ਭਾਰਤੀ ਪਛਾਣ ਪੱਤਰ ਨਾਲ ਗੁਰਦੁਆਰੇ ਮੱਥਾ ਟੇਕਣ ਜਾਣ ਦਿੱਤਾ ਜਾਵੇ ਅਤੇ ਉਥੋਂ ਸੇਵਾ ਨਿਭਾਉਣ ਤੋਂ ਬਾਅਦ ਉਸੇ ਦਿਨ ਵਾਪਸ ਆ ਜਾਣ।

## ਅਮਰੀਕਾ 'ਚ ਖੁੱਸ ਸਕਦੀ ਹੈ ਪਰਵਾਸੀਆਂ ਦੇ ਬੱਚਿਆਂ ਦੀ ਨਾਗਰਿਕਤਾ

**ਵਾਸ਼ਿੰਗਟਨ:** ਅਮਰੀਕਾ ਵਿਚ ਪਰਵਾਸੀਆਂ ਦੇ ਬੱਚਿਆਂ ਤੋਂ ਨਾਗਰਿਕਤਾ ਦਾ ਹੱਕ ਖੋਹਣ ਦੀ ਤਿਆਰੀ ਹੈ। ਰਾਸ਼ਟਰਪਤੀ ਡੋਨਲਡ ਟਰੰਪ ਦੇਸ਼ ਵਿਚ ਪਰਵਾਸੀਆਂ ਦੀ ਵਧਦੀ ਆਬਾਦੀ ਨੂੰ ਕਾਬੂ ਕਰਨ ਲਈ ਵੱਡਾ ਫੈਸਲਾ ਲੈਣ ਦੀ ਤਿਆਰੀ ਕਰ ਰਹੇ ਹਨ। ਦਰਅਸਲ, ਟਰੰਪ ਅਮਰੀਕਾ ਵਿਚ ਗੈਰ ਨਾਗਰਿਕਾਂ ਤੇ ਗੈਰ ਕਾਨੂੰਨੀ ਪਰਵਾਸੀਆਂ ਦੇ ਬੱਚਿਆਂ ਨੂੰ ਨਾਗਰਿਕਤਾ ਤੋਂ ਮਹਿਰੂਮ ਰੱਖਣ ਲਈ ਐਗਜ਼ੀਕਿਊਟਿਵ ਆਰਡਰ ਲਿਆਉਣ ਉਤੇ ਵਿਚਾਰ ਕਰ ਰਹੇ ਹਨ।

ਮੌਜੂਦਾ ਕਾਨੂੰਨ ਤਹਿਤ ਅਮਰੀਕਾ ਵਿਚ ਜੰਮਿਆਂ ਕੋਈ ਵੀ ਬੱਚਾ, ਭਾਵੇਂ ਉਹ ਗੈਰ ਨਾਗਰਿਕ ਜਾਂ ਗੈਰ ਕਾਨੂੰਨੀ ਪਰਵਾਸੀ ਦਾ ਹੋਵੇ, ਦੇਸ਼ ਦਾ ਨਾਗਰਿਕ ਬਣ ਸਕਦਾ ਹੈ। ਜੇ ਟਰੰਪ ਇਹ ਕਾਨੂੰਨ ਰੱਦ ਕਰ ਦਿੰਦਾ ਹੈ ਤਾਂ ਇਸ ਦਾ ਅਸਰ ਹਜ਼ਾਰਾਂ ਭਾਰਤੀਆਂ ਉਤੇ ਪਵੇਗਾ। ਟਰੰਪ ਨੇ ਕਿਹਾ ਹੈ ਕਿ ਅਮਰੀਕਾ ਅਜਿਹਾ ਦੇਸ਼ ਹੈ, ਜਿਥੇ ਲੋਕ ਆਉਂਦੇ ਹਨ ਤੇ ਬੱਚੇ ਪੈਦਾ ਕਰਦੇ ਹਨ ਤੇ ਸਾਰੀਆਂ ਸਹੂਲਤਾਂ ਨਾਲ 85 ਸਾਲ ਲਈ ਅਮਰੀਕਾ ਦੇ ਸ਼ਰਤੀਆ ਨਾਗਰਿਕ ਬਣ ਜਾਂਦੇ ਹਨ। ਇਸ ਲਈ ਇਹ ਸਭ ਕਾਫੀ ਨੁਕਸਾਨ ਦਾਇਕ ਹੈ ਤੇ ਇਸ ਨੂੰ ਖਤਮ ਕਰ ਦੇਣਾ ਚਾਹੀਦਾ ਹੈ। ਟਰੰਪ ਨੇ ਸੰਵਿਧਾਨ ਦੇ 14ਵੀਂ ਸੋਧ ਰਾਹੀਂ ਲਿਆਂਦੇ ਗਏ ਬਰਥ ਰਾਈਟ ਸਿਟੀਜ਼ਨਸ਼ਿਪ ਕਾਨੂੰਨ ਰੱਦ ਕਰਨ ਦੇ ਸੰਕੇਤ ਦਿੱਤੇ ਹਨ।

ਜੇ ਅਜਿਹਾ ਹੋਇਆ ਤਾਂ ਇਸ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਜਾ ਸਕਦੀ ਹੈ ਤੇ ਕਾਂਗਰਸ ਵਿਚ ਇਸ ਦਾ ਜ਼ਬਰਦਸਤ ਵਿਰੋਧ ਹੋ ਸਕਦਾ ਹੈ। ਹਾਲਾਂਕਿ ਸੰਵਿਧਾਨ ਵਿਚ ਬਦਲਾਅ ਲਈ ਹਾਊਸ ਆਫ ਰੀਪ੍ਰਜ਼ੈਂਟਿਵ ਅਤੇ ਸੈਨੇਟ ਵਿਚ ਟਰੰਪ ਨੂੰ ਦੋ ਤਿਹਾਈ ਬਹੁਮਤ ਦੀ ਲੋੜ ਹੋਵੇਗੀ। ਟਰੰਪ ਨੇ ਕਿਹਾ ਕਿ ਕਾਂਗਰਸ ਵਿਚ ਕਾਨੂੰਨ ਲਿਆ ਕੇ ਇਸ ਤਰ੍ਹਾਂ ਦਾ ਬਦਲਾਅ ਕੀਤਾ ਜਾ ਸਕਦਾ ਹੈ। ਪਰ ਹੁਣ ਉਹ ਆਖ ਰਹੇ ਹਨ ਕਿ ਐਗਜ਼ੀਕਿਊਟਿਵ ਆਰਡਰ ਰਾਹੀਂ ਇਹ ਕਰ ਸਕਦੇ ਹਨ। ਇਸ ਦੀ ਪ੍ਰਕ੍ਰਿਆ ਚੱਲ ਰਹੀ ਹੈ ਤੇ ਇਹ ਹੋ ਕੇ ਰਹੇਗਾ।

## ਉਚਾਈ ਤੋਂ ਡਿੱਗਣ ਭਾਰਤੀ ਜੋੜੇ ਦੀ ਕਾਰਨ ਮੌਤ

**ਸੈਨ ਹੋਜ਼ੇ, ਕੈਲੀਫੋਰਨੀਆ:** ਯੋਜ਼ੇਮਾਈਟ ਨੈਸ਼ਨਲ ਪਾਰਕ ਵਿਚ ਇਸ ਹਫਤੇ ਇਕ ਭਾਰਤੀ ਜੋੜੇ ਦੀ 800 ਫੁੱਟ ਉਚੀ ਚੋਟੀ ਤੋਂ ਡਿੱਗ ਕੇ ਮੌਤ ਹੋ ਗਈ। ਇਨ੍ਹਾਂ ਦੀ ਪਛਾਣ ਵਿਸ਼ਨੂੰ ਵਿਸ਼ਵਨਾਥ (29) ਤੇ ਉਸ ਦੀ ਪਤਨੀ ਮੀਨਾਕਸ਼ੀ ਮੂਰਤੀ (30) ਵਜੋਂ ਹੋਈ ਹੈ।

'ਸੈਨ ਫਰਾਂਸਿਸਕੋ ਕਰੋਨੀਕਲ' ਅਖਬਾਰ ਦੀ ਰਿਪੋਰਟ ਮੁਤਾਬਕ ਇਹ ਜੋੜਾ ਹਾਲ ਹੀ ਵਿਚ ਨਿਊ ਯਾਰਕ ਤੋਂ ਸੈਨ ਹੋਜ਼ੇ ਤਬਦੀਲ ਹੋਇਆ ਸੀ ਜਿਥੇ ਵਿਸ਼ਵਨਾਥ ਨੂੰ ਸਿਸਕੋ ਕੰਪਨੀ ਵਿਚ ਸਿਸਟਮਜ਼ ਇੰਜੀਨੀਅਰ ਵਜੋਂ ਨੌਕਰੀ ਮਿਲੀ ਸੀ। ਜੋੜਾ ਦੁਨੀਆਂ ਭਰ ਵਿਚ ਖਤਰਨਾਕ ਥਾਂਵਾਂ ਦੀ ਸੈਰ ਕਰਦਾ ਰਹਿੰਦਾ ਸੀ ਤੇ ਆਪਣਾ ਇਕ ਬਲੌਗ 'ਹੌਲੀਡੇਅਜ਼ ਐਂਡ ਹੈਪੀਲੀਐਵਰਆਫਟਰਜ਼' ਲਿਖਦੇ ਸਨ। ਲੰਘੇ ਵੀਰਵਾਰ ਇਨ੍ਹਾਂ ਦੀਆਂ ਲਾਸ਼ਾਂ ਟੈਫਟ ਪੁਆਇੰਟ ਹੇਠੋਂ ਰੇਂਜਰਜ਼ ਨੂੰ ਮਿਲੀਆਂ ਸਨ ਜੋ ਯੋਜ਼ੇਮਾਈਟ ਵੈਲੀ, ਯੋਜ਼ੇਮਾਈਟ ਫਾਲਜ਼ ਤੇ ਅਲ ਕੈਪਟੇਨ ਆਉਣ ਵਾਲੇ ਲੋਕਾਂ ਦੀ ਪਸੰਦੀਦਾ ਜਗ੍ਹਾ ਹੈ।

# ਕੁਰਸੀ ਬਚਾਉਣ ਲਈ ਬਾਦਲਾਂ ਨੇ ਮੋਰਚੇ ਸੰਭਾਲੇ

*(ਸਫਾ ਇਕ ਦੀ ਬਾਕੀ)*

ਇਹ ਸੰਕੇਤ ਮਿਲਦਾ ਹੈ ਕਿ ਪਾਰਟੀ ਦੀ ਅੰਦਰੂਨੀ ਲੜਾਈ ਇਸ ਸਪਸ਼ਟ ਅਤੇ ਫੈਸਲਾਕੁਨ ਦੌਰ ਵਿਚ ਪਹੁੰਚ ਚੁੱਕੀ ਹੈ। ਹੁਣ ਤੱਕ ਅਸਤੀਫਾ ਦੇਣ ਅਤੇ ਬਾਗੀ ਸੁਰਾਂ ਵਾਲੇ ਆਗੂ ਇਹ ਖੁੱਲ੍ਹ ਕੇ ਆਖ ਰਹੇ ਹਨ ਕਿ ਉਹ ਅਕਾਲੀ ਦਲ ਦੇ ਸੱਚੇ ਸਿਪਾਹੀ ਹਨ ਤੇ ਪਾਰਟੀ ਲਈ ਡਟੇ ਰਹਿਣਗੇ; ਪਰ ਬਾਦਲਾਂ, ਖਾਸਕਰ ਸੁਖਬੀਰ ਖਿਲਾਫ ਉਨ੍ਹਾਂ ਦੇ ਸੁਰ ਕਾਫੀ ਸਖਤ ਹਨ। ਦੱਸ ਦਈਏ ਕਿ ਟਕਸਾਲੀ ਆਗੂ ਉਸ ਸਮੇਂ ਬਾਦਲ ਪਰਿਵਾਰ ਖਿਲਾਫ ਮੈਦਾਨ ਵਿਚ ਨਿੱਤਰੇ ਹਨ ਜਦੋਂ ਅਕਾਲੀ ਦਲ ਸਿਆਸੀ ਪੱਖੋਂ ਚਿਹਿੰਦੀਆਂ ਕਲਾਂ ਵੱਲ ਜਾ ਰਿਹਾ ਹੈ। ਵੱਡੀ ਗਿਣਤੀ ਲੀਡਰਸ਼ਿਪ ਇਸ ਲਈ ਸੁਖਬੀਰ ਬਾਦਲ ਦੀਆਂ ਮਾੜੀਆਂ ਨੀਤੀਆਂ ਨੂੰ ਜ਼ਿੰਮੇਵਾਰ ਮੰਨਦੀ ਹੈ। ਬਾਦਲ ਪਰਿਵਾਰ ਨੂੰ ਪਾਰਟੀ ਵਿਚ ਅੰਦਰੂਨੀ ਨਹੀਂ, ਬਾਹਰੀ ਘੇਰਾ ਵੀ ਪਿਆ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਰੋਸ ਵਜੋਂ



ਬਰਗਾੜੀ ਮੋਰਚਾ ਲਾਈ ਬੈਠੀਆਂ ਵੱਡੀ ਗਿਣਤੀ ਸਿੱਖ ਜਥੇਬੰਦੀਆਂ ਬਾਦਲ ਪਰਿਵਾਰ ਦੇ ਬਾਈਕਾਟ ਦੇ ਸੱਦਾ ਦੇ ਚੁੱਕੀਆਂ ਹਨ। ਜਨਤਕ ਸਮਾਗਮ ਵਿਚ ਬਾਦਲਾਂ ਦਾ ਖੁੱਲ੍ਹ ਕੇ ਵਿਰੋਧ ਹੋ ਰਿਹਾ ਹੈ। ਹੁਣ ਅਕਾਲ ਤਖਤ ਦੇ ਨਵੇਂ ਜਥੇਦਾਰ ਦੀ ਨਿਯੁਕਤੀ ਵੀ ਬਾਦਲਾਂ ਲਈ ਵੱਡੀ ਮੁਸੀਬਤ ਖੜ੍ਹੀ ਕਰ ਸਕਦੀ ਹੈ। ਭਾਵੇਂ ਪ੍ਰਭਾਵ ਇਹੀ ਹੈ ਕਿ ਨਵਾਂ ਜਥੇਦਾਰ ਬਾਦਲਾਂ ਦੇ ਲਿਫਾਫੇ ਵਿਚੋਂ ਹੀ ਨਿਕਲੇਗਾ ਪਰ ਜਿਸ ਢੰਗ ਨਾਲ ਬਾਦਲ ਪਰਿਵਾਰ ਖਿਲਾਫ ਕਾਰਵਾਈ ਲਈ ਅਕਾਲ ਤਖਤ ਦੇ ਜਥੇਦਾਰ ਉਤੇ ਦਬਾਅ ਬਣਾਇਆ ਜਾ ਰਿਹਾ ਹੈ, ਇਹ ਸੰਕੇਤ ਦੇ ਰਿਹਾ ਹੈ ਕਿ ਆਉਂਦੇ ਸਮੇਂ ਵਿਚ ਹੋਈ ਸਖਤ ਫੈਸਲਾ ਕੀਤਾ ਜਾ ਸਕਦਾ ਹੈ।

## 'ਆਪ' ਵਿਚ ਏਕੇ ਲਈ 'ਦਿੱਲੀ ਅਜੇ ਦੂਰ'

*(ਸਫਾ ਇਕ ਦੀ ਬਾਕੀ)*

ਚੋਣ ਕੀਤੀ ਜਾਣੀ ਸੀ ਪਰ ਭਗਵੰਤ ਮਾਨ ਧੜੇ ਦੇ ਲੀਡਰ ਇਸ ਨਾਲ ਸਹਿਮਤ ਨਹੀਂ ਸਨ। ਇਹੋ ਕਾਰਨ ਹੈ ਕਿ ਮੀਟਿੰਗ ਤੋਂ ਬਾਅਦ ਵੀ ਅਹੁਦੇਦਾਰਾਂ ਦੀ ਨਿਯੁਕਤੀ ਹੋਈ ਅਤੇ ਹੁਣ ਉਮੀਦਵਾਰ ਐਲਾਨ ਦਿੱਤਾ ਗਏ। ਇਸ ਤੋਂ ਸਪਸ਼ਟ ਹੈ ਕਿ ਭਗਵੰਤ ਮਾਨ ਧੜਾ ਖਹਿਰਾ ਦੀਆਂ ਸ਼ਰਤਾਂ 'ਤੇ ਸਮਝੌਤਾ ਕਰਨ ਲਈ ਤਿਆਰ ਨਹੀਂ।

ਦੂਜੇ ਪਾਸੇ ਸੁਖਪਾਲ ਖਹਿਰਾ ਨੇ ਵੀ ਨਵਾਂ ਸਿਆਸੀ ਫਰੰਟ ਬਣਾਉਣ ਦੇ ਸੰਕੇਤ ਦਿੱਤੇ ਹਨ। ਉਨ੍ਹਾਂ ਕਿਹਾ ਕਿ ਉਹ ਸੱਤ ਨਵੰਬਰ ਤੱਕ ਉਡੀਕ ਕਰਨਗੇ। ਜੇਕਰ ਆਮ ਆਦਮੀ ਪਾਰਟੀ ਮੌਜੂਦਾ ਢਾਂਚੇ ਨੂੰ ਭੰਗ ਨਹੀਂ ਕਰਦੀ ਤਾਂ ਉਹ ਪੰਜਾਬ ਵਿਚ ਨਵਾਂ ਫਰੰਟ ਕਾਇਮ ਕਰਨ ਵੱਲ ਵਧਣਗੇ। ਖਹਿਰਾ ਨੇ ਮੰਨਿਆ ਕਿ ਅਕਾਲੀ ਦਲ ਤੋਂ ਨਾਰਾਜ਼ ਟਕਸਾਲੀ ਆਗੂਆਂ ਨਾਲ ਟੈਲੀਫੋਨ ਉਤੇ ਗੱਲਬਾਤ ਹੋ ਰਹੀ ਹੈ। ਬੈਂਸ ਭਰਾ ਵੀ ਖਹਿਰਾ ਨਾਲ ਚੱਲ ਰਹੇ ਹਨ। ਇਹ ਵੀ ਚਰਚਾ ਹੈ ਕਿ ਬਰਗਾੜੀ ਮੋਰਚੇ ਦੇ ਕੁਝ ਲੀਡਰ ਖਹਿਰਾ ਨਾਲ ਆ ਸਕਦੇ ਹਨ। ਖਹਿਰਾ ਧੜਾ ਪਟਿਆਲਾ ਤੋਂ ਸੰਸਦ ਮੈਂਬਰ ਧਰਮਵੀਰ ਗਾਂਧੀ ਤੇ ਸਾਬਕਾ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ ਨਾਲ ਵੀ ਗੱਲਬਾਤ ਕਰ ਰਿਹਾ ਹੈ। ਅਜਿਹੇ ਵਿਚ ਨਵੇਂ ਸਿਆਸੀ ਫਰੰਟ ਦਾ ਖਾਕਾ ਸਾਹਮਣੇ ਆ ਰਿਹਾ ਹੈ।

ਉਧਰ, ਆਮ ਆਦਮੀ ਪਾਰਟੀ ਵਲੋਂ ਚੁੱਪ-ਚੁਪੀਤੇ ਐਲਾਨੇ ਗਏ ਉਮੀਦਵਾਰਾਂ ਤੋਂ ਸਪਸ਼ਟ ਹੈ ਕਿ ਪਾਰਟੀ ਖਹਿਰਾ ਧੜੇ ਨੂੰ ਆਪਣੀਆਂ ਸ਼ਰਤਾਂ ਤਹਿਤ ਹੀ ਨਾਲ ਲਿਆਉਣਾ ਚਾਹੁੰਦੀ ਹੈ। ਦੂਜੇ ਪਾਸੇ ਖਹਿਰਾ ਧੜਾ ਸਪਸ਼ਟ ਕਰ ਚੁੱਕਾ ਹੈ ਕਿ ਬਠਿੰਡਾ ਕਨਵੈਨਸ਼ਨ ਦੇ ਛੇ ਮਤਿਆਂ ਨੂੰ ਮੰਨਣ ਮਗਰੋਂ ਹੀ ਉਹ ਪਾਰਟੀ ਨਾਲ ਆਉਣ ਦਾ ਫੈਸਲਾ ਲੈਣਗੇ। ਬਾਗੀ ਧੜੇ ਦੀ ਵੱਡੀ ਮੰਗ ਪਾਰਟੀ ਪ੍ਰਧਾਨ ਤੇ ਵਿਰੋਧੀ ਧਿਰ ਦੇ ਨੇਤਾ ਦੀ ਨਵੇਂ ਸਿਰਿਉਂ ਚੋਣ ਹੈ। ਇਸ ਤੋਂ ਇਲਾਵਾ ਮੌਜੂਦਾ ਢਾਂਚਾ ਭੰਗ ਕਰਕੇ ਨਵੇਂ ਸਿਰਿਉਂ ਅਹੁਦੇਦਾਰਾਂ ਦਾ ਐਲਾਨ ਵੀ ਮੁੱਖ ਸ਼ਰਤਾਂ ਹੈ। ਪਾਰਟੀ ਨੇ ਜ਼ਿਆਦਾਤਰ ਅਹੁਦੇਦਾਰ ਖਹਿਰਾ ਧੜੇ ਦੇ ਬਾਗੀ ਹੋਣ ਮਗਰੋਂ ਐਲਾਨ ਸੀ। ਇਸ ਲਈ ਢਾਂਚਾ ਭੰਗ ਕਰਨ ਨਾਲ ਭਗਵੰਤ ਮਾਨ ਧੜੇ ਨੂੰ ਹੀ ਨੁਕਸਾਨ ਪੁੱਜੇਗਾ। ਭਗਵੰਤ ਮਾਨ ਧੜਾ ਅਜਿਹਾ ਰਿਸਕ ਲੈਣ ਤੋਂ ਡਰ ਰਿਹਾ ਹੈ।

## ਪੰਜ ਮਿਲੀਅਨ ਡਾਲਰ ਦੇ ਨਸ਼ੀਲੇ ਪਦਾਰਥਾਂ ਸਮੇਤ ਕਾਬੂ

**ਵੀਗੋ ਕਾਉਂਟੀ, ਇੰਡੀਆਨਾ:** ਪੁਲਿਸ ਨੇ ਮੰਗਲਵਾਰ ਦੀ ਸਵੇਰ ਨੂੰ 22 ਵਰ੍ਹਿਆਂ ਦੇ ਰਵਿੰਦਰ ਕਲੇਰ ਨੂੰ ਨਸ਼ੀਲੇ ਪਦਾਰਥਾਂ ਸਮੇਤ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਨਸ਼ੀਲੇ ਪਦਾਰਥਾਂ ਦੀ ਕੀਮਤ 5 ਮਿਲੀਅਨ ਡਾਲਰ ਦੱਸੀ ਜਾ ਰਹੀ ਹੈ।

ਜਾਣਕਾਰੀ ਅਨੁਸਾਰ ਰਵਿੰਦਰ ਕਲੇਰ ਬੇਕਰਜ਼ਫੀਲਡ (ਕੈਲੀਫੋਰਨੀਆ) ਦਾ ਰਹਿਣ ਵਾਲਾ ਹੈ ਅਤੇ ਉਹ ਕੈਲੀਫੋਰਨੀਆ ਤੋਂ ਓਹਾਇਓ ਜਾ ਰਿਹਾ ਸੀ। ਦੱਸਿਆ ਜਾ ਰਿਹਾ ਹੈ ਕਿ ਉਸ ਨੇ ਨਸ਼ੀਲੇ ਪਦਾਰਥ ਐਲੂਮੀਨੀਅਮ ਦੇ ਕਰੇਟਾਂ ਵਿਚ ਰੱਖੇ ਹੋਏ ਸਨ। ਉਸ ਨੂੰ ਪੁਲਿਸ ਨੇ ਸਵੇਰੇ 10.30 ਰੋਕਿਆ ਅਤੇ ਉਸ ਦੇ ਸੈਮੀ ਟਰੱਕ ਦੀ ਤਲਾਸ਼ੀ ਲਈ ਤਾਂ ਇਸ ਵਿਚੋਂ ਕੋਕੀਨ ਅਤੇ ਮੇਥ ਨਾਂ ਦੇ ਨਸ਼ੀਲੇ ਪਦਾਰਥ ਬਰਾਮਦ ਹੋਏ।



## ਯਹੂਦੀਆਂ 'ਤੇ ਵਰ੍ਹਾਈਆਂ ਗੋਲੀਆਂ, 11 ਮੌਤਾਂ

**ਵਾਸ਼ਿੰਗਟਨ:** ਪਿੱਟਸਬਗਰ ਵਿਚ ਯਹੂਦੀਆਂ ਦੇ ਧਾਰਮਿਕ ਅਸਥਾਨ 'ਤੇ ਗੋਲੀਬਾਰੀ ਕੀਤੀ ਗਈ, ਜਿਸ ਵਿਚ 11 ਲੋਕ ਮਾਰੇ ਗਏ। ਹਮਲੇ ਵਿਚ ਤਿੰਨ ਪੁਲਿਸ ਮੁਲਾਜ਼ਮਾਂ ਸਮੇਤ ਕਈ ਹੋਰ ਜ਼ਖਮੀ ਹੋਏ ਹਨ। ਹਮਲਾ ਕਰਨ ਵਾਲੇ ਨੇ ਬਾਅਦ ਵਿਚ ਪੁਲਿਸ ਕੋਲ ਸਮਰਪਣ ਕਰ ਦਿੱਤਾ।

ਸਮਰਪਣ ਤੋਂ ਪਹਿਲਾਂ ਹਮਲਾਵਰ ਰੌਬਰਟ ਬੋਵਰਸ (46) ਰੌਲਾ ਪਾ ਰਿਹਾ ਸੀ ਕਿ ਆਲ ਜਿਊਸ਼ ਮਸਟ ਡਾਇ ਯਾਨੀ ਸਾਰੇ ਯਹੂਦੀਆਂ ਨੂੰ ਮਰਨਾ ਚਾਹੀਦਾ ਹੈ। ਇਹ ਕਹਿੰਦਾ ਹੋਇਆ ਉਹ ਯਹੂਦੀ ਧਾਰਮਿਕ ਸਥਾਨ ਦੇ ਭਵਨ ਵਿਚ ਦਾਖਲ ਹੋਇਆ ਤੇ ਗੋਲੀਆਂ ਚਲਾ ਦਿੱਤੀਆਂ। ਅਮਰੀਕਾ ਵਿਚ ਯਹੂਦੀਆਂ ਵਿਰੁੱਧ ਨਸਲੀ ਹਮਲੇ ਦੀ ਇਹ ਪਹਿਲੀ ਘਟਨਾ ਹੈ। ਐਫ.ਬੀ.ਆਈ. ਵੀ ਇਸ ਹਮਲੇ ਨੂੰ ਨਸਲੀ ਅਪਰਾਧ ਮੰਨ ਕੇ ਜਾਂਚ ਕਰ ਰਹੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | | | |
| ਬਲਵਿੰਦਰ (ਨਿੱਕੀ) ਕੌਰ ਸੇਖੋਂ | | | |
| ਗੁਰਵੀਰ ਸਿੰਘ ਗਿੱਲ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਪ੍ਰੋ. ਜੋਗਿੰਦਰ ਸਿੰਘ ਰਮਦੇਵ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿੱਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | |

# 'ਆਪ' ਵਿਚ ਏਕੇ ਦੀਆਂ ਕੋਸ਼ਿਸ਼ਾਂ ਨੂੰ ਨਾ ਪਿਆ ਬੂਰ

**ਚੰਡੀਗੜ੍ਹ:** ਪੰਜਾਬ ਦੇ ਬਦਲੇ ਸਿਆਸੀ ਹਾਲਾਤ ਨੂੰ ਵੇਖਦਿਆਂ ਆਮ ਆਦਮੀ ਪਾਰਟੀ ਅੰਦਰੂਨੀ ਕਲੇਸ਼ ਖਤਮ ਕਰ ਕੇ ਇਕਜੁਟਤਾ ਕਾਇਮ ਕਰਨ ਲਈ ਕਾਹਲੀ ਹੈ। ਇਸ ਲਈ ਭਗਵੰਤ ਮਾਨ ਧੜੇ ਨੇ ਪਹਿਲ ਕਰਦਿਆਂ ਬਕਾਇਦਾ ਸੁਖਪਾਲ ਖਹਿਰਾ ਧੜੇ ਨਾਲ ਮੀਟਿੰਗ ਕੀਤੀ ਹੈ। ਇਸ ਮੀਟਿੰਗ ਮਗਰੋਂ ਚਾਹੇ ਦੋਵਾਂ ਧਿਰਾਂ ਨਰਮ ਨਜ਼ਰ ਆਈਆਂ ਪਰ ਲਕੀਰ ਅਜੇ ਵੀ ਸਪਸ਼ਟ ਨਜ਼ਰ ਆ ਰਹੀ ਹੈ।

ਦੋਵੇਂ ਧਿਰਾਂ ਅਜੇ ਇਕ-ਦੂਜੇ 'ਤੇ ਯਕੀਨ ਵੀ ਨਹੀਂ ਕਰ ਰਹੀਆਂ। ਪਤਾ ਲੱਗਾ ਹੈ ਕਿ ਸੁਖਪਾਲ ਖਹਿਰਾ ਧੜਾ ਆਪਣੇ ਸਟੈਂਡ 'ਤੇ ਕਾਇਮ ਹੈ ਜਿਸ ਤੋਂ ਸਪਸ਼ਟ ਹੈ ਕਿ ਪਾਰਟੀ ਵਿਚ ਏਕਾ ਵੱਡੀਆਂ ਸ਼ਰਤਾਂ ਤਹਿਤ ਹੀ ਹੋਏਗਾ। ਖਹਿਰਾ ਧੜਾ ਦੀ ਸਭ ਤੋਂ ਵੱਡੀ ਮੰਗ ਖੁਦਮੁਖਤਿਆਰੀ ਦੀ ਹੈ। ਇਸ ਲਈ ਦਿੱਲੀ ਹਾਈਕਮਾਨ ਕੁਝ ਹੱਦ ਤੱਕ ਸਹਿਮਤ ਵੀ ਹੈ। ਪਿਛਲੇ ਸਮੇਂ ਵਿਚ ਪੰਜਾਬ ਇਕਾਈ ਨੂੰ ਵੱਧ ਅਧਿਕਾਰ ਮਿਲੇ ਹਨ। ਕੇਂਦਰੀ ਦਖਲ ਵੀ ਘਟਿਆ ਹੈ।

ਹੁਣ ਅਗਲਾ ਮਸਲਾ ਇਹ ਹੈ ਕਿ ਖਹਿਰਾ ਧੜੇ ਦੇ ਲੀਡਰਾਂ ਨੂੰ ਪਾਰਟੀ ਢਾਂਚੇ ਵਿਚ ਕਿਵੇਂ ਫਿੱਟ ਕੀਤਾ ਜਾਵੇ। ਦਰਅਸਲ, ਖਹਿਰਾ ਧੜੇ ਦੀ ਬਗਾਵਤ ਮਗਰੋਂ ਆਮ ਆਦਮੀ ਪਾਰਟੀ ਨੇ ਪੂਰਾ ਜਥੇਬੰਧਕ ਢਾਂਚਾ ਨਵੇਂ ਸਿਰੇ ਤੋਂ ਐਲਾਨ ਦਿੱਤਾ ਹੈ। ਇਸ ਵਿਚ ਖਹਿਰਾ ਧੜੇ ਨੂੰ ਕੋਈ ਨੁਮਾਇੰਦਗੀ ਨਹੀਂ ਦਿੱਤੀ ਗਈ। ਹੁਣ ਏਕੇ ਮਗਰੋਂ ਭਗਵੰਤ ਮਾਨ ਧੜੇ ਦੇ ਬਹੁਤ ਸਾਰੇ ਲੀਡਰਾਂ ਦੀ ਛੁੱਟੀ ਕਰ ਕੇ ਹੀ ਖਹਿਰਾ ਧੜੇ ਨੂੰ ਨੁਮਾਇੰਦਗੀ ਦਿੱਤੀ ਜਾ ਸਕਦੀ ਹੈ। ਉਂਜ ਖਹਿਰਾ ਧੜੇ ਨੂੰ ਭਰੋਸਾ ਦਿੱਤਾ ਗਿਆ ਹੈ ਕਿ ਸਮਝੌਤਾ ਹੋਣ 'ਤੇ ਮੌਜੂਦਾ ਢਾਂਚਾ ਭੰਗ ਕਰ ਦਿੱਤਾ ਜਾਵੇਗਾ। ਅਜਿਹੇ ਵਿਚ ਪਾਰਟੀ ਦਾ ਕਲੇਸ਼ ਹੋਰ ਵਧਣ ਦੇ ਆਸਾਰ ਹਨ।

ਸਭ ਤੋਂ ਵੱਡਾ ਮਸਲਾ ਪਾਰਟੀ ਦੀ ਪ੍ਰਧਾਨਗੀ ਤੇ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਦਾ ਹੈ। ਖਹਿਰਾ ਨੂੰ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਤੋਂ ਹਟਾ ਕੇ ਹਰਪਾਲ ਸਿੰਘ ਚੀਮਾ ਨੂੰ ਅੱਗੇ ਲਿਆਂਦਾ ਗਿਆ ਸੀ। ਮੰਨਿਆ ਜਾਂਦਾ ਹੈ ਕਿ ਪਿਛਲੇ ਸਮੇਂ ਅੰਦਰ ਸੁਖਪਾਲ ਖਹਿਰਾ ਦੀ ਮਕਬੂਲੀਅਤ ਵਧੀ ਹੈ। ਇਸ ਲਈ ਪ੍ਰਧਾਨਗੀ ਦੇ ਅਹੁਦੇ ਲਈ ਉਹ ਦਾਅਵੇਦਾਰ ਜ਼ਰੂਰ ਹੋਣਗੇ। ਇਸ ਤੋਂ ਇਲਾਵਾ ਖਰੜ ਤੋਂ ਵਿਧਾਇਕ ਕੰਵਰ ਸੰਧੂ ਨੇ ਖਹਿਰਾ ਦਾ ਡਟ ਕੇ ਸਾਥ ਦਿੱਤਾ। ਇਸ ਲਈ ਉਨ੍ਹਾਂ ਲਈ ਵੀ ਪਾਰਟੀ ਅੰਦਰ ਵੱਡੀ ਪੁਜ਼ੀਸ਼ਨ ਦੀ ਮੰਗ ਉਠੇਗੀ। ਇਸ ਲਈ ਮੰਨਿਆ ਜਾ ਰਿਹਾ ਹੈ ਕਿ ਏਕੇ ਦਾ ਰਾਹ ਇੰਨਾ ਸੌਖਾ ਨਹੀਂ।



## ਸੁਖਪਾਲ ਸਿੰਘ ਖਹਿਰਾ ਦੀਆਂ ਸਖਤ ਸ਼ਰਤਾਂ

**ਲੁਧਿਆਣਾ:** ਆਮ ਆਦਮੀ ਪਾਰਟੀ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ 'ਆਪ' ਦਾ ਮੌਜੂਦਾ ਢਾਂਚਾ ਭੰਗ ਕਰ ਕੇ ਜਦੋਂ ਤੱਕ ਨਵਾਂ ਪ੍ਰਧਾਨ ਤੇ ਵਿਰੋਧੀ ਧਿਰ ਦਾ ਆਗੂ ਨਹੀਂ ਲਗਾਇਆ ਜਾਂਦਾ, ਉਦੋਂ ਤੱਕ ਉਹ ਦਿੱਲੀ ਦੇ ਇਸ਼ਾਰੇ 'ਤੇ ਚੱਲਣ ਵਾਲੇ ਧੜੇ ਨਾਲ ਸਮਝੌਤਾ ਨਹੀਂ ਕਰਨਗੇ। ਉਨ੍ਹਾਂ ਸਾਫ ਸ਼ਬਦਾਂ 'ਚ ਕਿਹਾ ਕਿ ਸੁਖਪਾਲ ਸਿੰਘ ਖਹਿਰਾ ਇੰਨਾ ਮੂਰਖ ਨਹੀਂ ਕਿ ਜਿਸ ਪਾਰਟੀ ਨੂੰ ਲੋਕਾਂ ਨੇ ਨਕਾਰ ਦਿੱਤਾ ਹੈ ਤੇ ਜਿਸ ਦਾ ਲਗਭਗ ਸਿਆਸੀ ਪਤਨ ਹੋ ਚੁੱਕਾ ਹੈ, ਮੈਂ ਉਸ ਪਾਰਟੀ ਦਾ ਪ੍ਰਧਾਨ ਬਣਾ।

## ਗਲਤੀਆਂ ਲਈ ਮੁਆਫੀ ਮੰਗੇ ਹਾਈ ਕਮਾਨ: ਗਾਂਧੀ

ਡਾ. ਧਰਮਵੀਰ ਗਾਂਧੀ ਨੇ ਏਕਤਾ ਬਾਰੇ ਕਿਹਾ ਕਿ ਸਾਰੀਆਂ ਹਵਾਈ ਗੱਲਾਂ ਹਨ। ਜਦੋਂ ਤੱਕ ਪਿਛਲੀਆਂ ਚੋਣਾਂ ਸਮੇਂ ਹੋਈਆਂ ਗਲਤੀਆਂ ਦੀ ਸਮੀਖਿਆ ਕਰ ਕੇ ਹਾਈ ਕਮਾਨ ਮੁਆਫੀ ਨਹੀਂ ਮੰਗਦੀ, ਉਦੋਂ ਤੱਕ ਏਕਤਾ ਕਿਵੇਂ ਹੋ ਸਕਦੀ ਹੈ। ਇਸੇ ਤਰ੍ਹਾਂ ਦੇ ਵਿਚਾਰ ਸਾਬਕਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਕਹੇ।

# ਬੀਬੀ ਜਗੀਰ ਕੌਰ ਤੇ ਹੋਰਨਾਂ ਦੀ ਅਪੀਲ 'ਤੇ ਫੈਸਲਾ ਰਾਖਵਾਂ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਤੇ ਸਾਬਕਾ ਵਿਧਾਇਕ ਬੀਬੀ ਜਗੀਰ ਕੌਰ ਤੋਂ ਇਲਾਵਾ ਹੋਰਨਾਂ ਦੀਆਂ ਅਪੀਲਾਂ 'ਤੇ ਹਾਈ ਕੋਰਟ ਨੇ ਫੈਸਲਾ ਰਾਖਵਾਂ ਰੱਖ ਲਿਆ ਹੈ। ਬੀਬੀ ਜਗੀਰ ਕੌਰ ਨੂੰ ਧੀ ਦੇ ਕਤਲ ਮਾਮਲੇ 'ਚ



ਸੀ.ਬੀ.ਆਈ. ਅਦਾਲਤ ਵੱਲੋਂ ਸਾਲ 2012 'ਚ ਸਜ਼ਾ ਸੁਣਾਈ ਗਈ ਸੀ ਤੇ ਉਨ੍ਹਾਂ ਨੇ ਹਾਈ ਕੋਰਟ ਵਿਚ ਅਪੀਲ ਦਾਖਲ ਕਰਕੇ ਸਜ਼ਾ ਰੱਦ ਕੀਤੇ ਜਾਣ ਦੀ ਮੰਗ ਕੀਤੀ ਸੀ। ਉਨ੍ਹਾਂ ਤੋਂ ਇਲਾਵਾ ਹੋਰਨਾਂ ਨੇ ਵੀ ਸਜ਼ਾ ਰੱਦ ਕਰਨ ਦੀ ਮੰਗ ਕੀਤੀ ਸੀ, ਜਦੋਂ ਕਿ ਸੀ.ਬੀ.ਆਈ. ਨੇ ਸਜ਼ਾ 'ਚ ਵਾਧਾ ਕਰਨ ਹਿਤ ਅਪੀਲ ਦਾਖਲ ਕੀਤੀ ਸੀ। ਇਨ੍ਹਾਂ ਸਭ ਅਪੀਲਾਂ 'ਤੇ ਇਕੱਠਿਆਂ ਸੁਣਵਾਈ ਚੱਲ ਰਹੀ ਸੀ ਤੇ ਲੰਮਾ ਸਮਾਂ ਬਹਿਸ ਸੁਣਨ ਉਪਰੰਤ ਹਾਈ ਕੋਰਟ ਨੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਹੈ।

# ਪੰਜਾਬ ਮਗਰੋਂ ਬਾਦਲਾਂ ਨੂੰ ਦਿੱਲੀ 'ਚ ਝਟਕੇ

**ਚੰਡੀਗੜ੍ਹ:** ਪੰਜਾਬ ਤੋਂ ਬਾਅਦ ਦਿੱਲੀ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਅੰਦਰੂਨੀ ਜੰਗ ਭਖ ਗਈ ਹੈ। ਮਨਜਿੰਦਰ ਸਿੰਘ ਸਿਰਸਾ ਨੇ ਦਿੱਲੀ ਕਮੇਟੀ ਦੇ ਜਨਰਲ ਸਕੱਤਰ ਦਾ ਚਾਰਜ ਛੱਡ ਦਿੱਤਾ ਹੈ। ਹਾਲਾਂਕਿ ਸਿਰਸਾ ਨੇ ਕਿਹਾ ਕਿ ਉਨ੍ਹਾਂ ਨੇ



ਆਪਣੇ ਨਿੱਜੀ ਕਾਰਨਾਂ ਕਰ ਕੇ ਜਨਰਲ ਸਕੱਤਰ ਦਾ ਚਾਰਜ ਛੱਡਿਆ ਹੈ। ਸੁਖਬੀਰ ਬਾਦਲ ਨਾਲ ਉਨ੍ਹਾਂ ਦੀ ਕੋਈ ਮੁਲਾਕਾਤ ਨਹੀਂ ਹੋਈ ਤੇ ਨਾ ਹੀ ਕੋਈ ਗੱਲ ਹੋਈ ਹੈ।

ਕਾਬਲੇਗੌਰ ਹੈ ਕਿ ਦਿੱਲੀ ਸਿੱਖ ਕਮੇਟੀ ਦੇ ਪ੍ਰਧਾਨ ਤੇ ਜਨਰਲ ਸਕੱਤਰ ਦਰਮਿਆਨ ਛਿੜੀ ਜੰਗ ਸੁਲਝਾਉਣ ਲਈ ਸੁਖਬੀਰ ਬਾਦਲ ਨੇ ਵੱਡੇ ਪੱਧਰ 'ਤੇ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਹੈ। ਇਸ ਬਾਰੇ ਗੁਰਦੁਆਰਾ ਪ੍ਰਬੰਧਕ ਕਮੇਟੀ ਪਟਨਾ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਦਾ ਕਹਿਣਾ ਹੈ ਕਿ ਇਹ ਮਨਜੀਤ ਸਿੰਘ ਜੀਕੇ ਤੇ ਮਨਜਿੰਦਰ ਸਿਰਸਾ ਦੀ ਲੜਾਈ ਹੈ। ਉਨ੍ਹਾਂ ਕਿਹਾ ਇਸੇ ਲੜਾਈ ਨੂੰ ਖਤਮ ਕਰਨ ਲਈ ਬੈਠਕਾਂ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ ਹੈ। ਹਾਲਾਂਕਿ ਸੁਖਬੀਰ ਬਾਦਲ ਵੱਲੋਂ ਹਾਲਾਤ ਕਾਬੂ ਕਰਨ ਲਈ ਕੀਤੀਆਂ ਵਿਸ਼ੇਸ਼ ਮੀਟਿੰਗਾਂ ਵੀ ਬੇਅਸਰ ਜਾਪ ਰਹੀਆਂ ਹਨ। ਇਸ ਦਾ ਪ੍ਰਮਾਣ ਮਨਜਿੰਦਰ ਸਿਰਸਾ ਦੀ ਇਕ ਸਮਾਗਮ ਵਿਚੋਂ ਗੈਰਹਾਜ਼ਰੀ ਤੋਂ ਮਿਲਦਾ ਹੈ। ਦਰਅਸਲ, ਦਿੱਲੀ ਵਿਚ ਇਕ ਸਮਾਗਮ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਅਤੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੂੰ ਇਕੱਠਿਆਂ ਸੱਦਾ ਦਿੱਤਾ ਗਿਆ ਸੀ, ਪਰ ਜੀਕੇ ਦੇ ਜਾਣ ਦੀ ਖਬਰ ਸੁਣਦਿਆਂ ਸਿਰਸਾ ਨੇ ਆਪਣਾ ਜਾਣਾ ਰੱਦ ਕਰ ਦਿੱਤਾ। ਸਮਾਗਮ ਦੇ ਸੱਦਾ ਪੱਤਰ ਵਿਚ ਵੀ ਦੋਵਾਂ ਲੀਡਰਾਂ ਦਾ ਨਾਂ ਲਿਖਿਆ ਹੋਇਆ ਸੀ।

ਦੋਵਾਂ ਲੀਡਰਾਂ ਵਿਚ ਸੁਲ੍ਹਾ ਕਰਵਾਉਣ ਲਈ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੇ ਸਿਲਸਿਲੇਵਾਰ ਬੈਠਕਾਂ ਕੀਤੀਆਂ ਸਨ, ਪਰ ਉਹ ਬੇਅਸਰ ਜਾਪ ਰਹੀਆਂ ਹਨ। ਹਾਲਾਂਕਿ, ਪ੍ਰਧਾਨ ਖੁਦ ਵੀ ਇਸ ਬਾਰੇ ਕੁਝ ਨਹੀਂ ਬੋਲ ਰਹੇ ਤੇ ਇਨ੍ਹਾਂ ਆਗੂਆਂ ਨੂੰ ਵੀ ਬੋਲਣ ਤੋਂ ਮਨ੍ਹਾ ਕੀਤਾ ਹੋਇਆ ਹੈ।

## ਸ਼ੰਟੀ ਵੱਲੋਂ ਜੀ.ਕੇ. 'ਤੇ ਗੁਰੂ ਦੀ ਗੋਲਕ ਲੁੱਟਣ ਦੇ ਦੋਸ਼

**ਨਵੀਂ ਦਿੱਲੀ:** ਦਿੱਲੀ ਕਮੇਟੀ ਦੇ ਮੌਜੂਦਾ ਮੈਂਬਰ ਤੇ ਸਾਬਕਾ ਜਨਰਲ ਸਕੱਤਰ ਗੁਰਮੀਤ ਸਿੰਘ ਸ਼ੰਟੀ ਨੇ ਦੋਸ਼ ਲਾਏ ਹਨ ਕਿ ਮਨਜੀਤ ਸਿੰਘ ਜੀ.ਕੇ. ਦਾ ਨਾਂ ਗੁਰੂ ਦੀ ਗੋਲਕ ਲੁੱਟਣ ਬਦਲੇ ਸਿੱਖ ਇਤਿਹਾਸ ਅੰਦਰ ਕਾਲੇ ਅੱਖਰਾਂ 'ਚ ਲਿਖਿਆ ਜਾਵੇਗਾ। ਸ਼ੰਟੀ ਵੱਲੋਂ ਕੀਤੇ ਖੁਲਾਸਿਆਂ ਦੀਆਂ ਫੋਟੋ ਕਾਪੀਆਂ ਵੀ ਪੱਤਰਕਾਰਾਂ ਨੂੰ ਦਿੱਤੀਆਂ ਗਈਆਂ।

ਉਨ੍ਹਾਂ ਜੀ.ਕੇ. ਵੱਲੋਂ ਕਮੇਟੀ ਅੰਦਰ ਕੀਤੇ ਲੱਖਾਂ ਕਰੋੜਾਂ ਦੇ ਭ੍ਰਿਸ਼ਟਾਚਾਰ ਦਾ ਪਰਦਾ ਚੁੱਕਣ ਦਾ ਦਾਅਵਾ ਕਰਦਿਆਂ ਇਹ ਵੀ ਕਿਹਾ ਗੁਰੂ ਦੀ ਗੋਲਕ ਨੂੰ ਆਪਣੇ ਚਹੇਤਿਆਂ ਨੂੰ ਲੁਟਾਉਂਦਿਆਂ ਵੱਡਾ ਵਿੱਤੀ ਘਾਟਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਦਫਤਰ, ਗ੍ਰਹਿ ਵਿਭਾਗ, ਦਿੱਲੀ ਦੇ ਉਪ ਰਾਜਪਾਲ, ਦਿੱਲੀ ਦੇ ਮੁੱਖ ਮੰਤਰੀ, ਗੁਰਦੁਆਰਾ ਚੋਣ ਡਾਇਰੈਕਟਰ ਕੋਲ ਵੀ ਸ਼ਿਕਾਇਤ ਕੀਤੀ ਹੈ।

ਜ਼ਿਕਰਯੋਗ ਹੈ ਕਿ ਸਿਰਸਾ ਵੱਲੋਂ ਮੁਅੱਤਲ ਕੀਤੇ ਕਮੇਟੀ ਮੁਲਾਜ਼ਮ ਨੂੰ ਜੀਕੇ ਵੱਲੋਂ ਮੁੜ ਬਹਾਲ ਕਰਨ ਤੋਂ ਉਹ ਖਫ਼ਾ ਹੋ ਗਏ ਹਨ ਤੇ ਡੀ.ਐਸ.ਜੀ.ਐਮ.ਸੀ. ਦੇ ਜਨਰਲ ਸਕੱਤਰ ਦਾ ਚਾਰਜ ਛੱਡ ਦਿੱਤਾ ਸੀ। ਉਨ੍ਹਾਂ ਦੀ ਮੰਗ ਹੈ ਕਿ ਮੁਅੱਤਲ ਕੀਤੇ ਮੁਲਾਜ਼ਮ ਨੂੰ ਜਿੰਨਾ ਸਮਾਂ ਬਾਹਰ ਨਹੀਂ ਕੀਤਾ ਜਾਂਦਾ, ਉਹ ਵਾਪਸ ਨਹੀਂ ਆਉਣਗੇ।

# ਲਾਭ ਦਾ ਅਹੁਦਾ: ਰਾਸ਼ਟਰਪਤੀ ਵੱਲੋਂ 'ਆਪ' ਦੇ 27 ਵਿਧਾਇਕ ਦੋਸ਼ ਮੁਕਤ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਨੂੰ ਉਸ ਸਮੇਂ ਵੱਡੀ ਰਾਹਤ ਮਿਲ ਗਈ ਜਦੋਂ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਲਾਭ ਦੇ ਅਹੁਦੇ ਦੇ ਮਾਮਲੇ 'ਚ ਪਾਰਟੀ ਦੇ 27 ਵਿਧਾਇਕਾਂ ਨੂੰ ਦੋਸ਼ ਮੁਕਤ ਕਰ ਦਿੱਤਾ। ਦਿੱਲੀ ਦੀ ਰੋਗੀ ਕਲਿਆਣ ਸਮਿਤੀ ਦੇ ਚੇਅਰਪਰਸਨ ਨਿਯੁਕਤ ਹੋਣ ਕਰ ਕੇ ਵਿਧਾਇਕਾਂ ਨੂੰ ਲਾਭ ਦੇ ਅਹੁਦੇ 'ਤੇ ਤਾਇਨਾਤੀ ਦਾ ਦੋਸ਼ੀ ਠਹਿਰਾਉਂਦਿਆਂ ਉਨ੍ਹਾਂ ਨੂੰ ਅਯੋਗ ਠਹਿਰਾਉਣ ਲਈ ਅਰਜ਼ੀ ਦਾਖਲ ਕੀਤੀ ਗਈ ਸੀ।

ਰਾਸ਼ਟਰਪਤੀ ਨੇ ਚੋਣ ਕਮਿਸ਼ਨ ਵੱਲੋਂ ਦਿੱਤੀ ਰਾਏ ਮਗਰੋਂ 15 ਅਕਤੂਬਰ ਨੂੰ ਅਰਜ਼ੀ ਖਾਰਿਜ ਕਰਨ ਦੇ ਹੁਕਮਾਂ 'ਤੇ ਦਸਤਖਤ ਕੀਤੇ। ਇਸ ਤਰ੍ਹਾਂ ਰੋਗੀ ਕਲਿਆਣ ਸਮਿਤੀ ਦੇ ਮਾਮਲੇ ਵਿਚ ਇਨ੍ਹਾਂ 27 ਵਿਧਾਇਕਾਂ ਉਪਰ ਲਟਕੀ ਬਰਖਾਸਤਗੀ ਦੀ ਤਲਵਾਰ ਹਟ ਗਈ ਹੈ। ਵਿਭੋਰ ਆਨੰਦ ਨਾਂ ਦੇ ਵਿਅਕਤੀ ਵੱਲੋਂ ਰੋਗੀ ਕਲਿਆਣ ਸਮਿਤੀ ਦੇ ਨਾਲ ਜੋੜੇ ਗਏ 27 ਵਿਧਾਇਕਾਂ ਵੱਲੋਂ ਸਹੂਲਤਾਂ ਲੈਣ ਦੇ ਮੁੱਦੇ ਨੂੰ ਉਠਾਉਂਦਿਆਂ ਪਟੀਸ਼ਨ ਚੋਣ ਕਮਿਸ਼ਨ ਕੋਲ ਪਾਈ ਗਈ ਸੀ। ਉਸ ਨੇ ਦੋਸ਼ ਲਾਇਆ ਸੀ ਕਿ ਆਮ ਆਦਮੀ ਪਾਰਟੀ ਦੇ 27 ਵਿਧਾਇਕ ਰੋਗੀ ਕਲਿਆਣ ਸਮਿਤੀ ਦੇ ਮੁਖੀ ਲਾਏ ਗਏ ਹਨ ਅਤੇ ਇਹ ਮਾਮਲਾ ਲਾਭ ਦੇ ਅਹੁਦੇ ਹੇਠ ਆਉਂਦਾ ਹੈ। ਦਿੱਲੀ ਦੇ ਸਰਕਾਰੀ ਹਸਪਤਾਲਾਂ ਵਿਚ ਕਾਰਜਸ਼ੀਲ ਇਹ ਸਮਿਤੀ ਇਕ ਸਵੈ ਸੇਵੀ ਸੰਸਥਾ ਵਾਂਗ ਕੰਮ ਕਰਦੀ ਹੈ ਅਤੇ 27 ਵਿਧਾਇਕਾਂ ਨੂੰ ਹਸਪਤਾਲਾਂ ਦਾ ਕੰਮ ਸੁਚਾਰੂ ਰੂਪ ਵਿਚ ਚਲਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ।

ਜ਼ਿਕਰਯੋਗ ਹੈ ਕਿ ਰੋਗੀ ਕਲਿਆਣ ਸਮਿਤੀਆਂ ਸਲਾਹ ਦੇਣ ਵਾਲੀਆਂ ਹੁੰਦੀਆਂ ਹਨ ਅਤੇ ਇਨ੍ਹਾਂ ਨੂੰ ਗ੍ਰਾਂਟ ਵਜੋਂ ਤਿੰਨ ਲੱਖ ਰੁਪਏ ਸਾਲਾਨਾ ਦਿੱਤੇ ਜਾਂਦੇ ਹਨ। ਇਸ ਦੌਰਾਨ ਆਮ ਆਦਮੀ ਪਾਰਟੀ ਨੇ ਵਿਧਾਇਕਾਂ ਨੂੰ ਅਯੋਗ ਠਹਿਰਾਉਣ ਦੀ ਅਰਜ਼ੀ ਨੂੰ ਰੱਦ ਕਰਨ ਲਈ ਰਾਸ਼ਟਰਪਤੀ ਦਾ ਧੰਨਵਾਦ ਕੀਤਾ ਹੈ।

## ਕੇਜਰੀਵਾਲ ਤੇ ਸਾਥੀ ਵਿਧਾਇਕਾਂ ਨੂੰ ਜ਼ਮਾਨਤ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਸਾਥੀ ਮੰਤਰੀਆਂ ਨੂੰ ਦਿੱਲੀ ਦੇ ਮੁੱਖ ਸਕੱਤਰ ਅੰਸ਼ੂ ਪ੍ਰਕਾਸ਼ ਨਾਲ ਕੁੱਟਮਾਰ ਦੇ ਮਾਮਲੇ ਵਿਚ ਦਿੱਲੀ ਦੀ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਹੈ। ਇਸ ਮਾਮਲੇ ਵਿਚ ਸ੍ਰੀ ਕੇਜਰੀਵਾਲ ਤੋਂ ਇਲਾਵਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ 11 ਵਿਧਾਇਕ ਦਿੱਲੀ ਪੁਲਿਸ ਨੇ ਵੱਖ-ਵੱਖ ਧਾਰਾਵਾਂ ਹੇਠ ਨਾਮਜ਼ਦ ਕੀਤੇ ਸਨ।

# ਇਕਦਮ ਕਿਉਂ ਵਿਗੜ ਰਹੀ ਹੈ ਟਕਸਾਲੀ ਆਗੂਆਂ ਦੀ ਸਿਹਤ?

## ਅਕਾਲੀ ਦਲ ਦਾ ਸੰਕਟ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦਾ ਅੰਦਰੂਨੀ ਸੰਕਟ ਗੰਭੀਰ ਹੁੰਦਾ ਜਾ ਰਿਹਾ ਹੈ। ਪਿਛਲੇ ਇਕ ਮਹੀਨੇ ਵਿਚ ਅਕਾਲੀ ਦਲ ਦੇ ਸੰਕਟ 'ਤੇ ਝਾਤੀ ਮਾਰੀਏ ਤਾਂ ਪਹਿਲਾਂ ਸੁਖਦੇਵ ਸਿੰਘ ਢੀਂਡਸਾ ਨੇ ਸਿਹਤ ਦਾ ਹਵਾਲਾ ਦਿੰਦੇ ਹੋਏ ਅਸਤੀਫਾ ਦਿੱਤਾ। ਉਸ ਤੋਂ ਬਾਅਦ ਮਾਝੇ ਦੇ ਵੱਡੇ ਲੀਡਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਵੀ ਪਾਰਟੀ ਦੀਆਂ ਅਹੁਦੇਦਾਰੀਆਂ ਤੋਂ ਸਿਹਤ ਦਾ ਹਵਾਲਾ ਦੇ ਕੇ ਅਸਤੀਫਾ ਦੇ ਦਿੱਤਾ।

ਇਸ ਤੋਂ ਬਾਅਦ ਅਕਾਲੀ ਦਲ ਵਿਚ ਬਾਗੀ ਸੁਰਾਂ ਵਾਲਿਆਂ ਦੀਆਂ ਝੜੀਆਂ ਹੀ ਲੱਗ ਗਈਆਂ। ਇਨ੍ਹਾਂ ਵਿਚ ਮਨਜੀਤ ਸਿੰਘ ਜੀਕੇ, ਰਤਨ ਸਿੰਘ ਅਜਨਾਲਾ, ਸੇਵਾ ਸਿੰਘ ਸੇਖਵਾਂ ਮਨਜਿੰਦਰ ਸਿੰਘ ਸਿਰਸਾ ਦੇ ਨਾਂ ਜ਼ਿਕਰਯੋਗ ਹਨ। ਅਹਿਮ ਗੱਲ ਹੈ ਕਿ ਬ੍ਰਹਮਪੁਰਾ ਤੇ ਢੀਂਡਸਾ ਜੋ ਪ੍ਰਕਾਸ਼ ਸਿੰਘ ਬਾਦਲ ਤੋਂ ਦਸ ਬਾਰਾਂ ਸਾਲ ਛੋਟੇ ਹਨ, ਨੇ ਸਿਹਤ ਦਾ ਹਵਾਲਾ ਦਿੰਦਿਆਂ ਪਾਰਟੀ ਤੋਂ ਅਚਾਨਕ ਦੂਰੀ ਬਣਾ ਲਈ ਹੈ। ਉਨ੍ਹਾਂ ਭਵਿੱਖ ਵਿਚ ਕਿਸੇ ਵੀ ਤਰ੍ਹਾਂ ਦੀ ਚੋਣ ਨਾ ਲੜਨ ਦਾ ਐਲਾਨ ਕੀਤੀ ਹੈ। ਦੋਵੇਂ ਆਗੂ ਭਾਵੇਂ ਸਿਹਤ ਪੱਖੋਂ ਬਾਦਲ ਨਾਲੋਂ ਉਮਰ ਵਿਚ ਛੋਟੇ ਹਨ ਤੇ ਸਿਹਤਮੰਦ ਵੀ ਹਨ ਪਰ ਅਕਾਲੀ ਦਲ ਦੇ ਨਾਲ-ਨਾਲ ਉਹ ਪ੍ਰਕਾਸ਼ ਸਿੰਘ ਬਾਦਲ ਤੋਂ ਵੀ ਦੂਰੀ ਬਣਾ ਕੇ ਰੱਖ ਰਹੇ ਹਨ। ਦੋਵਾਂ ਦੇ ਪਿਛਲੇ ਦਿਨਾਂ ਦੇ ਸਫਰ ਦੀ ਝਾਤ ਮਾਰੀਏ ਤਾਂ ਦੋਵਾਂ ਵੱਡੇ ਆਗੂਆਂ ਨੇ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਬਾਦਲ ਨੂੰ ਮਿਲਣ ਦੀਆਂ ਕੋਸ਼ਿਸ਼ਾਂ ਨੂੰ ਵੀ ਨਾਕਾਮ ਕਰ ਕੇ ਰੱਖ ਦਿੱਤਾ ਸੀ।

ਰਣਜੀਤ ਸਿੰਘ ਬ੍ਰਹਮਪੁਰਾ ਨੇ ਜਿਸ ਦਿਨ ਅਸਤਿਫਾ ਦਿੱਤਾ, ਉਸੇ ਦਿਨ ਡਾ. ਰਤਨ ਸਿੰਘ ਅਜਨਾਲਾ ਨੇ ਇਹ ਗੱਲ ਕਹੀ ਸੀ ਕਿ ਉਨ੍ਹਾਂ ਦਾ ਅਸਤਿਫਾ ਕਿਸੇ ਵੇਲੇ ਵੀ ਆ ਸਕਦਾ ਹੈ। ਉਹ ਵੀ ਸਮਾਂ ਦੇਖ ਕੇ ਆਪਣੀ ਗੱਲ ਰੱਖਣਗੇ। ਡਾ. ਅਜਨਾਲਾ ਨੇ ਇਸ਼ਾਰਿਆਂ-ਇਸ਼ਾਰਿਆਂ ਵਿਚ ਇਹ ਵੀ ਕਿਹਾ ਸੀ ਕਿ ਉਨ੍ਹਾਂ ਦਾ ਕਾਫਲਾ ਵੱਡਾ ਹੋ ਰਿਹਾ ਹੈ। ਇਸ ਤੋਂ ਇਲਾਵਾ ਅਕਾਲੀ ਦਲ ਦੇ ਮਾਝੇ ਨਾਲ ਸਬੰਧਤ ਇਕ ਹੋਰ ਵੱਡੇ ਨੇਤਾ ਸੇਵਾ ਸਿੰਘ ਸੇਖਵਾਂ ਵੀ ਪਿਛਲੇ ਕਾਫੀ ਸਮੇਂ ਤੋਂ ਬਾਗੀ ਸੁਰਾਂ ਅਲਾਪ ਰਹੇ ਹਨ। ਉਹ ਵੀ ਆਉਣ ਵਾਲੇ ਦਿਨਾਂ ਵਿਚ ਕੋਈ ਵੱਡਾ ਧਮਾਕਾ ਕਰ ਸਕਦੇ ਹਨ। ਉਨ੍ਹਾਂ ਦਾ ਅਸਤੀਫਾ ਵੀ ਕਿਸੇ ਵੇਲੇ ਵੀ ਆ ਸਕਦਾ ਹੈ। ਹਾਲਾਂਕਿ ਇਹ ਆਗੂ ਨਾਲ ਵੀ ਇਹ ਕਹਿ ਰਹੇ ਹਨ ਕਿ ਉਹ ਪਾਰਟੀ ਨਾਲ ਜੁੜੇ ਹਨ ਪਰ ਪਾਰਟੀ ਦੇ ਕਿਸੇ ਅਹੁਦੇ 'ਤੇ ਕੰਮ ਨਹੀਂ ਕਰਨਾ ਚਾਹੁੰਦੇ। ਸੇਵਾ ਸਿੰਘ ਸੇਖਵਾਂ ਨਾਲ ਜੁੜੇ ਸੂਤਰਾਂ ਦੀ ਮੰਨੀਏ ਤਾਂ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਵਜੋਂ ਸੇਵਾ ਕਰਨਾ ਚਾਹੁੰਦੇ ਸਨ ਪਰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਉਨ੍ਹਾਂ ਦੀ ਗੱਲ ਨੂੰ ਗੌਲਿਆ ਹੀ ਨਹੀਂ ਗਿਆ। ਆਉਣ ਵਾਲੇ ਦਿਨਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੁੜ ਚੋਣ ਹੋਣ ਵਾਲੀ ਹੈ। ਇਸ ਤੋਂ ਬਾਅਦ ਸੇਵਾ ਸਿੰਘ ਸੇਖਵਾਂ ਵੀ ਕੋਈ ਵੱਡਾ ਫੈਸਲਾ ਲੈ ਸਕਦੇ ਹਨ।



# ਕਿਸਾਨਾਂ ਲਈ ਹੁਣ ਮੁਸੀਬਤ ਨਹੀਂ ਬਣੇਗੀ ਪਰਾਲੀ

**ਚੰਡੀਗੜ੍ਹ:** ਝੋਨੇ ਦੀ ਪਰਾਲੀ ਦੇ ਨਿਬੇੜੇ ਲਈ ਸਰਕਾਰ ਲਗਾਤਾਰ ਹੱਲ ਤਲਾਸ਼ ਰਹੀ ਸੀ। ਹੁਣ ਝੋਨੇ ਦੀ ਪਰਾਲੀ ਤੋਂ ਬਿਜਲੀ ਬਣਾਉਣ ਦੀ ਤਕਨੀਕ ਅਮਲ ਵਿਚ ਲਿਆਂਦੀ ਗਈ ਹੈ। ਜੈਤੋ ਤੋਂ ਬਾਜਾਖਾਨਾ ਰੋਡ 'ਤੇ ਅਜਿਹਾ ਹੀ ਪਾਵਰ ਪਲਾਂਟ ਲੱਗਾ ਹੈ, ਜਿਥੇ ਇਨ੍ਹੀਂ ਦਿਨੀਂ ਇਕ ਪਾਸੇ ਤਾਂ ਤਕਨੀਕ 'ਤੇ ਅਧਾਰਤ ਹੈ। ਕਿਸਾਨਾਂ ਤੋਂ ਖਰੀਦੀ ਪਰਾਲੀ ਮਾਰਚ, 2019 ਤੋਂ ਸ਼ੁਰੂ ਹੋ ਰਹੇ ਪ੍ਰੋਜੈਕਟ ਲਈ ਇਕੱਠੀ ਕੀਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਹੁਣ ਤੱਕ ਕਰੀਬ 10 ਹਜ਼ਾਰ ਟਨ ਪਰਾਲੀ ਦੀ ਖਰੀਦ ਹੋ ਚੁੱਕੀ ਹੈ। ਇਕ ਲੱਖ ਟਨ ਪਰਾਲੀ ਖਰੀਦਣ ਦਾ ਟੀਚਾ



ਇਲਾਕੇ ਦੇ ਕਿਸਾਨ 130 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਪਰਾਲੀ ਵੇਚ ਕੇ ਮੁਨਾਫਾ ਕਮਾ ਰਹੇ ਹਨ ਤੇ ਨਾਲ ਹੀ ਵਾਤਾਵਰਨ ਨੂੰ ਸ਼ੁੱਧ ਰੱਖਣ ਤੇ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਬਣਾਈ ਰੱਖਣ ਵਿਚ ਵੀ ਮਦਦ ਮਿਲ ਰਹੀ ਹੈ।

ਪ੍ਰੋਜੈਕਟ ਮੈਨੇਜਰ ਕਰਮਜੀਤ ਸਿੰਘ ਨੇ ਦੱਸਿਆ ਕਿ ਇਹ ਪੰਜਾਬ ਦਾ ਪਹਿਲਾ ਅਜਿਹਾ ਪ੍ਰੋਜੈਕਟ ਹੈ ਜਿਥੇ ਸਿਰਫ ਪਰਾਲੀ ਤੋਂ ਹੀ ਬਿਜਲੀ ਪੈਦਾ ਕੀਤੀ ਜਾਵੇਗੀ। ਇਹ ਡੈਨਮਾਰਕ ਦੀ ਰੱਖਿਆ ਗਿਆ ਹੈ, ਜਿਸ ਨਾਲ ਇਹ ਪਾਵਰ ਪਲਾਂਟ ਕਰੀਬ 6 ਮਹੀਨੇ ਤੱਕ ਬਿਜਲੀ ਪੈਦਾ ਕਰੇਗਾ। ਪਾਵਰ ਪਲਾਂਟ ਦੀ ਬਿਜਲੀ ਪੈਦਾ ਕਰਨ ਦੀ ਸਮਰਥਾ 18 ਮੈਗਾਵਾਟ ਦੀ ਹੋਵੇਗੀ। ਕਿਸਾਨਾਂ ਵਿਚ ਇਸ ਪ੍ਰੋਜੈਕਟ ਪ੍ਰਤੀ ਬਹੁਤ ਉਤਸ਼ਾਹ ਹੈ। ਪਰਾਲੀ ਸਾੜਨ ਦੀ ਬਜਾਏ ਕਿਸਾਨ ਪਰਾਲੀ ਵੇਚ ਕੇ ਮੁਨਾਫਾ ਕਮਾ ਰਹੇ ਹਨ। ਇਸ ਪ੍ਰੋਜੈਕਟ ਸਬੰਧੀ ਕਿਸਾਨਾਂ ਨੇ ਕਿਹਾ ਕਿ ਪਾਰਲੀ ਸਾੜਨ ਦੇ ਇਸ ਬਦਲ ਤੋਂ ਬੇਹੱਦ ਖੁਸ਼ ਹਨ।

## ਮੋਦੀ ਵੱਲੋਂ ਪੰਜਾਬ ਦੇ ਕਿਸਾਨਾਂ ਦੀ ਸ਼ਲਾਘਾ

**ਨਵੀਂ ਦਿੱਲੀ:** ਦੇਸ਼ ਦੀ ਰਾਜਧਾਨੀ 'ਚ ਵਧ ਰਹੇ ਹਵਾ ਪ੍ਰਦੂਸ਼ਣ ਦੀ ਚਿੰਤਾ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਦੇ ਕਿਸਾਨਾਂ ਵੱਲੋਂ ਖੇਤਾਂ 'ਚ ਪਰਾਲੀ ਨਾ ਸਾੜਨ ਦੇ ਕਦਮ ਦੀ ਸ਼ਲਾਘਾ ਕੀਤੀ ਹੈ।

ਆਪਣੇ ਮਹੀਨਾਵਾਰ ਰੇਡੀਓ ਸੰਵਾਦ ਪ੍ਰੋਗਰਾਮ 'ਮਨ ਕੀ ਬਾਤ' ਵਿਚ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਰਾਲੀ ਦੇ ਮੁੱਦੇ 'ਤੇ ਪੰਜਾਬ ਦੇ ਕਿਸਾਨ ਗੁਰਬਚਨ ਸਿੰਘ ਦੀ ਸ਼ਲਾਘਾ ਕੀਤੀ, ਜਿਸ ਨੇ ਬੇਟੇ ਦੇ ਵਿਆਹ ਲਈ ਆਪਣੇ ਕੁੜਮਾਂ ਤੋਂ ਵਾਅਦਾ ਲਿਆ ਸੀ ਕਿ ਉਹ ਆਪਣੇ ਖੇਤਾਂ 'ਚ ਪਰਾਲੀ ਨਹੀਂ ਸਾੜਨਗੇ। ਉਨ੍ਹਾਂ ਕਿਹਾ ਕਿ ਤੁਸੀਂ ਗੁਰਬਚਨ ਸਿੰਘ ਵੱਲੋਂ ਕੀਤੇ ਵਾਅਦੇ ਦੀ ਸਮਾਜਿਕ ਤਾਕਤ ਨੂੰ ਸਮਝ ਸਕਦੇ ਹੋ। ਉਨ੍ਹਾਂ ਕਿਹਾ ਕਿ ਪਟਿਆਲਾ ਜ਼ਿਲ੍ਹੇ ਦੀ ਨਾਭਾ ਤਹਿਸੀਲ ਦੇ ਪਿੰਡ ਕੱਲਰ ਮਾਜਰਾ ਦੇ ਲੋਕ ਪਰਾਲੀ ਨੂੰ ਸਾੜਨ ਦੀ ਬਜਾਏ ਇਸ ਨੂੰ ਖੇਤ 'ਚ ਹੀ ਵਾਹ ਰਹੇ ਹਨ ਤੇ ਇਸ ਕੰਮ ਲਈ ਉਹ ਜ਼ਰੂਰੀ ਤਕਨੀਕ ਵੀ ਅਪਨਾ ਰਹੇ ਹਨ। ਉਨ੍ਹਾਂ ਕਿਸਾਨ ਗੁਰਬਚਨ ਸਿੰਘ ਸਮੇਤ ਪਿੰਡ ਕੱਲਰ ਮਾਜਰਾ ਤੇ ਪੰਜਾਬ ਦੇ ਉਨ੍ਹਾਂ ਕਿਸਾਨਾਂ ਨੂੰ ਵਧਾਈ ਦਿੱਤੀ, ਜੋ ਵਾਤਾਵਰਨ ਨੂੰ ਬਚਾਉਣ ਤੇ ਪ੍ਰਦੂਸ਼ਣ ਮੁਕਤੀ ਲਈ ਵਧੀਆ ਯਤਨ ਕਰ ਰਹੇ ਹਨ।

## ਅਮਰੀਕੀ ਸੈਟੇਲਾਈਟ ਰਾਹੀਂ ਪਰਾਲੀ ਸਾੜਨ ਵਾਲਿਆਂ 'ਤੇ ਨਜ਼ਰ

**ਚੰਡੀਗੜ੍ਹ:** ਤੰਦਰੁਸਤ ਪੰਜਾਬ ਮਿਸ਼ਨ ਤਹਿਤ ਇਸ ਵਾਰ ਅਮਰੀਕਾ ਦੇ ਸਿਓਮੀ ਤੇ ਮੋਡਿਸ ਉਪਗ੍ਰਹਿ ਜ਼ਰੀਏ ਪਰਾਲੀ ਸਾੜਨ ਵਾਲਿਆਂ 'ਤੇ ਨਜ਼ਰ ਰੱਖੀ ਜਾ ਰਹੀ ਹੈ। ਇਨ੍ਹਾਂ ਉਪਗ੍ਰਹਿ ਦੀ ਮਦਦ ਨਾਲ ਜ਼ਿਲ੍ਹਾ ਪ੍ਰਸ਼ਾਸਨ ਨੇ 30 ਸਤੰਬਰ ਤੋਂ 24 ਅਕਤੂਬਰ ਤੱਕ ਪਰਾਲੀ ਸਾੜਨ ਲਈ 285 ਲੋਕਾਂ ਦੇ ਚਲਾਨ ਕੱਟੇ ਹਨ। ਸੈਟੇਲਾਈਟ ਰਾਹੀਂ ਪ੍ਰਸ਼ਾਸਨ ਕੋਲ 656 ਸ਼ਿਕਾਇਤਾਂ ਪੁੱਜੀਆਂ ਹਨ।

ਦਰਅਸਲ, ਪਿਛਲੇ ਸਾਲ ਪੰਜਾਬ ਤੇ ਹਰਿਆਣਾ ਵਿਚ ਪਰਾਲੀ ਸਾੜਨ ਕਾਰਨ ਧੂੰਏਂ ਨੇ ਦਿੱਲੀ ਤੇ ਐਨ.ਸੀ.ਆਰ. ਦੇ ਲੋਕਾਂ ਦੇ ਜਨ-ਜੀਵਨ 'ਤੇ ਵੀ ਅਸਰ ਪਾਇਆ ਸੀ। ਉਸ ਤੋਂ ਬਾਅਦ ਕੇਂਦਰ ਸਰਕਾਰ ਨੇ ਇਸ ਮੁੱਦੇ ਨੂੰ ਗੰਭੀਰਤਾ ਨਾਲ ਲੈਂਦਿਆਂ ਹੋਇਆਂ ਨਿਗਰਾਨੀ ਵਿਚ ਉਪਗ੍ਰਹਿ ਦੀ ਮਦਦ ਲੈਣ ਦੀ ਯੋਜਨਾ ਬਣਾਈ ਹੈ।

# ਮੰਡੀਆਂ 'ਚ ਰੁਲਿਆ ਕਿਸਾਨਾਂ ਦਾ ਚਿੱਟਾ ਸੋਨਾ

**ਚੰਡੀਗੜ੍ਹ:** ਪੰਜਾਬ ਦੀਆਂ ਮੰਡੀਆਂ ਵਿਚ ਪਿਛਲੇ ਦੋ ਹਫਤਿਆਂ ਤੋਂ ਨਰਮੇ ਦੀ ਆਮਦ ਸ਼ੁਰੂ ਹੋ ਚੁੱਕੀ ਹੈ ਪਰ ਭਾਰਤੀ ਕਪਾਹ ਨਿਗਮ (ਕਾਟਨ ਕਾਰਪੋਰੇਸ਼ਨ ਆਫ ਇੰਡੀਆ) ਨੇ ਨਰਮੇ ਦੀ ਖਰੀਦ ਸ਼ੁਰੂ ਨਹੀਂ ਕੀਤੀ। ਇਸ ਦੇ ਨਤੀਜੇ ਵਜੋਂ ਵਪਾਰੀ ਘੱਟੋ ਘੱਟ ਸਮਰਥਨ ਮੁੱਲ ਦੀ ਬਜਾਇ ਮਨਮਰਜ਼ੀ ਦੇ ਭਾਅ 'ਤੇ ਨਰਮਾ ਖਰੀਦ ਰਹੇ ਹਨ। ਇਸ ਵਾਰ ਕੇਂਦਰ ਸਰਕਾਰ ਨੇ ਨਰਮੇ ਦੇ ਸਮਰਥਨ ਮੁੱਲ ਵਿਚ 1100 ਰੁਪਏ ਦੇ ਵਾਧੇ ਦਾ ਐਲਾਨ ਕੀਤਾ ਸੀ ਅਤੇ ਇਸ ਅਨੁਸਾਰ ਨਰਮਾ 5450 ਰੁਪਏ ਪ੍ਰਤੀ ਕੁਇੰਟਲ ਹੋਣਾ ਚਾਹੀਦਾ ਹੈ ਜਦੋਂਕਿ ਵਪਾਰੀ ਕਿਸਾਨਾਂ ਤੋਂ 4600-5000 ਰੁਪਏ ਪ੍ਰਤੀ ਕੁਇੰਟਲ ਨਰਮਾ ਖਰੀਦ ਰਹੇ ਹਨ।



ਖੇਤੀ ਨਾਲ ਸਬੰਧਤ ਹਰ ਵਸਤ, ਜਿਸ ਵਿਚ ਡੀਜ਼ਲ ਵੀ ਸ਼ਾਮਲ ਹੈ, ਦੀਆਂ ਕੀਮਤਾਂ ਵਿਚ ਭਾਰੀ ਵਾਧਾ ਹੋਇਆ ਹੈ ਅਤੇ ਇਸ ਕਰਕੇ ਕਿਸਾਨਾਂ ਨੂੰ ਨਰਮੇ ਦਾ ਵਾਜਬ ਭਾਅ ਨਾ ਮਿਲਣ ਕਰਕੇ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨਰਮੇ ਦੀ ਖੇਤੀ ਲਈ ਕਿਸਾਨਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਚਿੱਟੀ ਮੱਖੀ ਦੀ ਬਿਮਾਰੀ ਦਾ ਖਤਰਾ ਹਮੇਸ਼ਾ ਉਨ੍ਹਾਂ ਦੇ ਸਿਰ 'ਤੇ ਮੰਡਰਾਉਂਦਾ ਰਹਿੰਦਾ ਹੈ। ਇਨ੍ਹਾਂ ਮੁਸ਼ਕਲਾਂ ਕਾਰਨ ਨਰਮਾ ਬੀਜਣ ਵਾਲਾ ਰਕਬਾ ਵੀ ਘਟਿਆ ਹੈ ਤੇ ਝਾੜ ਵੀ। ਮਾਲਵੇ ਦੇ ਕਿਸਾਨ ਇਸ ਤੋਂ ਖਾਸ ਤੌਰ 'ਤੇ ਪ੍ਰਭਾਵਿਤ ਹੋਏ ਹਨ।

ਅੰਤਰਰਾਸ਼ਟਰੀ ਮੰਡੀ ਅਤੇ ਖਾਸ ਕਰਕੇ ਚੀਨ ਦੇ ਨਾਲ-ਨਾਲ ਬੰਗਲਾਦੇਸ਼, ਵੀਅਤਨਾਮ ਤੇ ਇੰਡੋਨੇਸ਼ੀਆ ਵਿਚ ਹਿੰਦੁਸਤਾਨ ਦੇ ਵੱਖ-ਵੱਖ ਸੂਬਿਆਂ ਵਿਚ ਪੈਦਾ ਹੋਣ ਵਾਲੇ ਨਰਮੇ ਦੀ ਮੰਗ ਹਮੇਸ਼ਾ ਤੋਂ ਰਹੀ ਹੈ। ਇਹ ਮੰਗ ਇਸ ਲਈ ਹੈ ਕਿ ਇਨ੍ਹਾਂ ਦੇਸ਼ਾਂ ਦੇ ਵਪਾਰੀ ਅਮਰੀਕਾ ਤੇ ਯੂਰਪ ਨੂੰ ਪਹਿਨਣ ਵਾਲੇ ਵਸਤਰ ਬਣਾ ਕੇ ਬਰਾਮਦ ਕਰਦੇ ਹਨ, ਭਾਵ ਭਾਰਤ ਵਿਚ ਪੈਦਾ ਹੋਣ ਵਾਲੀ ਕਪਾਹ ਦੀ ਅੰਤਰਰਾਸ਼ਟਰੀ ਮੰਡੀ ਵਿਚ ਮੰਗ ਹੈ ਅਤੇ ਜੇ ਸਰਕਾਰ ਇਸ ਵੱਲ ਬਣਦਾ ਧਿਆਨ ਦੇਵੇ ਤਾਂ ਬਰਾਮਦ ਕਰਕੇ ਨਰਮੇ ਦੇ ਭਾਅ ਵਧ ਸਕਦੇ ਹਨ।

## ਝੋਨੇ ਦੀ ਖਰੀਦ ਵਿਚ ਦਿੱਕਤਾਂ

ਝੋਨੇ ਦੇ ਝਾੜ ਵਿਚ ਕਮੀ ਨੇ ਕਰਜ਼ੇ ਦੇ ਬੋਝ ਹੇਠ ਦੱਬੀ ਕਿਸਾਨੀ ਲਈ ਨਵੀਂ ਪਰੇਸ਼ਾਨੀ ਪੈਦਾ ਕਰ ਦਿੱਤੀ ਹੈ। ਪ੍ਰਤੀ ਏਕੜ ਪੰਜ ਕੁਇੰਟਲ ਤੱਕ ਘਟੇ ਝਾੜ ਕਾਰਨ ਉਤਪਾਦਨ ਲਾਗਤ ਦੇ ਮੁਕਾਬਲੇ ਆਮਦਨ ਵਿਚ ਅੰਤਰ ਵਧਣ ਦੇ ਆਸਾਰ ਹਨ। ਪਰਾਲੀ ਦਾ ਕੋਈ ਠੋਸ ਬਦਲ ਨਾ ਹੋਣ ਕਰਕੇ ਅੱਗ ਲਗਾਉਣ ਦੇ ਦੋਸ਼ ਹੇਠ ਵਾਤਾਵਰਨ ਮੁਆਵਜ਼ੇ ਦੇ ਡਰ ਨਾਲ ਜੂਝ ਰਹੇ ਕਿਸਾਨ ਲਈ ਹੁਣ ਝੋਨਾ ਵੇਚਣ ਦੀ ਸਮੱਸਿਆ ਵੀ ਗੰਭੀਰ ਹੁੰਦੀ ਜਾਂਦੀ ਹੈ। ਝੋਨੇ ਦੀ ਫਸਲ ਇਕੋ ਸਮੇਂ ਨਾ ਆਉਣ ਕਰਕੇ ਮੰਡੀਆਂ ਵਿਚ ਅੰਬਾਰ ਲੱਗਣ ਦੀ ਨੌਬਤ ਨਹੀਂ ਆਈ, ਇਸ ਦੇ ਬਾਵਜੂਦ ਝੋਨੇ ਦੀ ਨਮੀ ਦੇ ਨਿਰਧਾਰਤ 17 ਫੀਸਦੀ ਮਿਆਰ ਨੂੰ ਆਧਾਰ ਬਣਾ ਕੇ ਏਜੰਸੀਆਂ ਅਤੇ ਸ਼ੈਲਰ ਮਾਲਕ ਇਸ ਨੂੰ ਖਰੀਦਣ ਤੋਂ ਪਾਸਾ ਵੱਟ ਰਹੇ ਹਨ। ਕਿਸਾਨਾਂ ਨੂੰ ਕਈ ਕਈ ਰਾਤਾਂ ਮੰਡੀਆਂ ਵਿਚ ਗੁਜ਼ਾਰਨੀਆਂ ਪੈ ਰਹੀਆਂ ਹਨ। ਸੰਗਰੂਰ, ਨਾਭਾ ਅਤੇ ਹੋਰ ਬਹੁਤ ਸਾਰੀਆਂ ਮੰਡੀਆਂ ਵਿਚ ਕਿਸਾਨ ਨਮੀ ਨੂੰ ਮਾਪਣ ਵਾਲੇ ਯੰਤਰਾਂ ਉੱਤੇ ਸੁਆਲ ਉਠਾ ਰਹੇ ਹਨ।

## ਫਸਲੀ ਕਰਜ਼ਾ ਹੱਦ ਪ੍ਰਤੀ ਏਕੜ ਤਿੰਨ ਹਜ਼ਾਰ ਵਧਾਈ

**ਚੰਡੀਗੜ੍ਹ:** ਡੀਜ਼ਲ ਦੀਆਂ ਵਧਦੀਆਂ ਕੀਮਤਾਂ ਅਤੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਬਜਾਏ ਇਸ ਦੀ ਸਾਂਭ ਸੰਭਾਲ ਲਈ ਪ੍ਰੇਰਨ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੇ ਇਕ ਅਹਿਮ ਫੈਸਲਾ ਲੈਂਦਿਆਂ ਕਿਸਾਨਾਂ ਨੂੰ ਦਿੱਤੀ ਫਸਲੀ ਕਰਜ਼ਿਆਂ (ਬੀ ਕੰਪੋਨੈਂਟ) ਦੀ ਹੱਦ ਕਰਜ਼ਾ ਲਿਮਟ (ਐਮ.ਸੀ.ਐਲ.) 3000 ਰੁਪਏ ਪ੍ਰਤੀ ਏਕੜ ਵਧਾ ਦਿੱਤੀ ਹੈ। ਕਿਸਾਨਾਂ ਨੂੰ ਹੁਣ ਇਕ ਏਕੜ ਪਿੱਛੇ ਦਿੱਤੀ ਜਾਂਦੀ ਐਮ.ਸੀ.ਐਲ. 9 ਹਜ਼ਾਰ ਰੁਪਏ ਤੋਂ ਵਧਾ ਕੇ 12 ਹਜ਼ਾਰ ਰੁਪਏ ਕਰ ਦਿੱਤੀ ਹੈ। ਵਧੀ ਹੋਈ 3000 ਰੁਪਏ ਰਾਸ਼ੀ ਵਿਚੋਂ ਕਿਸਾਨ 2000 ਰੁਪਏ ਪਰਾਲੀ ਦੀ ਸਾਂਭ-ਸੰਭਾਲ ਲਈ ਵਰਤੇ ਜਾਂਦੀ ਮਸ਼ੀਨਰੀ ਅਤੇ 1000 ਰੁਪਏ ਡੀਜ਼ਲ ਲਈ ਵਰਤ ਸਕਦਾ ਹੈ।

# ਸਰਕਾਰੀ ਪੈਸਾ ਮਾਰਨ ਵਾਲੇ ਜ਼ੋਰਾਵਰਾਂ ਨੂੰ ਘੇਰਨ ਦੀ ਤਿਆਰੀ

**ਬਠਿੰਡਾ:** ਆਰਥਿਕ ਤੰਗੀ ਨਾਲ ਜੂਝ ਰਹੀ ਪੰਜਾਬ ਸਰਕਾਰ ਨੇ ਆਪਣੀ ਡੁੱਬੀ ਵਸੂਲੀ ਲਈ ਹੁਣ ਹੱਥ-ਪੈਰ ਮਾਰਨੇ ਸ਼ੁਰੂ ਕਰ ਦਿੱਤੇ ਹਨ। ਸਭ ਤੋਂ ਪਹਿਲਾ ਨੰਬਰ ਸ਼ਰਾਬ ਦੇ ਠੇਕੇਦਾਰਾਂ ਦਾ ਹੈ। ਪੰਜਾਬ ਸਰਕਾਰ ਕਰੀਬ ਡੇਢ ਵਰ੍ਹੇ ਤੋਂ ਇਨ੍ਹਾਂ ਡਿਫਾਲਟਰ ਠੇਕੇਦਾਰਾਂ ਨਾਲ ਨਰਮੀ ਵਰਤ ਰਹੀ ਸੀ, ਜਿਨ੍ਹਾਂ ਨੇ ਕੋਈ 200 ਕਰੋੜ ਦੱਬੇ ਹੋਏ ਹਨ।

ਆਬਕਾਰੀ ਮਹਿਕਮੇ ਨੇ ਡਿਫਾਲਟਰ ਠੇਕੇਦਾਰਾਂ ਦੀਆਂ ਜ਼ਮੀਨ ਨਿਲਾਮ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ, ਜਿਸ ਤਹਿਤ ਜ਼ਮੀਨ ਨਿਲਾਮੀ ਲਈ ਤਰੀਕਾਂ ਵੀ ਤੈਅ ਕਰ ਦਿੱਤੀਆਂ ਹਨ। ਇਸ ਤੋਂ ਪਹਿਲਾਂ ਆਬਕਾਰੀ ਮਹਿਕਮੇ ਨੇ ਮਾਲ ਮਹਿਕਮੇ ਦੇ ਰਿਕਾਰਡ ਵਿਚ ਸਿਰਫ ਰੈੱਡ ਇੰਟਰੀ ਪਾ ਕੇ ਖਾਨਾ ਪੂਰਤੀ ਕੀਤੀ ਸੀ। ਆਬਕਾਰੀ ਮਹਿਕਮੇ ਨੇ ਉੱਚ ਪੱਧਰੀ ਮੀਟਿੰਗ ਕੀਤੀ ਹੈ, ਜਿਸ ਵਿਚ ਡਿਫਾਲਟਰ ਠੇਕੇਦਾਰਾਂ ਨੂੰ ਤਕੜੇ ਹੱਥੀਂ ਲੈਣ ਦਾ ਫੈਸਲਾ ਹੋਇਆ ਹੈ। ਬਠਿੰਡਾ ਜ਼ਿਲ੍ਹਾ ਪੰਜਾਬ ਭਰ ਵਿਚੋਂ ਇਸ ਮਾਮਲੇ 'ਚ ਨੰਬਰ ਵਨ ਹੈ, ਜਿਥੋਂ ਦੀਆਂ ਤਿੰਨ ਸ਼ਰਾਬ ਕੰਪਨੀਆਂ ਵੱਲ ਮਹਿਕਮੇ ਦੀ ਕਰੀਬ 68 ਕਰੋੜ ਰੁਪਏ ਦੀ ਰਾਸ਼ੀ ਫਸੀ ਹੋਈ ਹੈ। ਸਾਲ 2016-17 ਦੇ ਡਿਫਾਲਟਰ ਠੇਕੇਦਾਰਾਂ ਨੇ ਹੁਣ ਤੱਕ ਪੈਰਾਂ 'ਤੇ ਪਾਣੀ ਨਹੀਂ ਪੈਣ ਦਿੱਤਾ ਸੀ। ਪੰਜਾਬ ਭਰ ਦੀ ਸਾਲ 2016-17 ਦੀ ਇਹ ਡਿਫਾਲਟਰ ਰਾਸ਼ੀ ਕਰੀਬ 200 ਕਰੋੜ ਬਣਦੀ ਹੈ। ਹੁਣ ਉਪ ਕਰ ਅਤੇ ਆਬਕਾਰੀ ਅਫਸਰਾਂ ਤਰਫੋਂ ਬਤੌਰ ਕਲੈਕਟਰ ਪੰਜਾਬ ਲੈਂਡ ਰੈਵੇਨਿਊ ਐਕਟ 1887 ਤਹਿਤ ਸੰਪਤੀ ਨਿਲਾਮੀ ਲਈ ਪ੍ਰਕਿਰਿਆ ਵਿੱਢੀ ਗਈ ਹੈ, ਜਿਸ ਦੇ ਤਹਿਤ ਪਹਿਲਾਂ ਜਨਤਕ ਤੌਰ 'ਤੇ ਮੁਨਿਆਦੀ ਦੇ ਢੋਲ ਵਜਾਏ ਜਾਣਗੇ। ਇਵੇਂ ਉਸ ਮਗਰੋਂ ਡਿਫਾਲਟਰ ਠੇਕੇਦਾਰਾਂ ਦੇ ਇਸ਼ਤਿਹਾਰ ਪ੍ਰਕਾਸ਼ਿਤ ਕੀਤੇ ਜਾਣਗੇ।

ਬਠਿੰਡਾ ਵਿਚ ਸ਼ਿਵ ਲਾਲ ਡੋਡਾ ਦੇ ਪਰਿਵਾਰ ਦੀ ਮੈਸਰਜ਼ ਗਗਨ ਵਾਈਨ ਵੱਲ ਕਰੀਬ 23.83 ਕਰੋੜ ਦੇ ਬਕਾਏ ਖੜ੍ਹੇ ਹਨ, ਜਿਸ ਦੀ ਪਹਿਲਾਂ ਹੀ ਮਾਲ ਮਹਿਕਮੇ ਦੇ ਰਿਕਾਰਡ ਵਿਚ ਰੈੱਡ ਐਂਟਰੀ ਪਾਈ ਜਾ ਚੁੱਕੀ ਹੈ। ਏਕਮ ਵਾਈਨ ਵੱਲ 24.33 ਕਰੋੜ ਅਤੇ ਐਡਵਾਂਸ ਵਾਈਨ ਵੱਲ 20.38 ਕਰੋੜ ਦੀ ਰਾਸ਼ੀ ਫਸੀ ਹੋਈ ਹੈ। ਆਬਕਾਰੀ ਤੇ ਕਰ ਅਫਸਰ ਕੁਲਵਿੰਦਰ ਵਰਮਾ ਨੇ ਦੱਸਿਆ ਕਿ ਡਿਫਾਲਟਰ ਠੇਕੇਦਾਰਾਂ ਦੀ ਜ਼ਮੀਨ ਨਿਲਾਮੀ 28 ਨਵੰਬਰ ਨੂੰ ਹੋਵੇਗੀ ਅਤੇ ਇਸ ਸਬੰਧੀ ਲੋੜੀਂਦੀ ਪ੍ਰਕਿਰਿਆ ਮੁਕੰਮਲ ਕੀਤੀ ਜਾ ਰਹੀ ਹੈ। ਉਸ ਤੋਂ ਪਹਿਲਾਂ ਮੁਨਿਆਦੀ ਵੀ ਕਰਾਈ ਜਾਵੇਗੀ। ਮਾਨਸਾ ਜ਼ਿਲ੍ਹੇ ਦੇ ਸ਼ਰਾਬ ਦੇ ਠੇਕੇਦਾਰਾਂ ਵੱਲ 2016-17 ਦੇ ਕਰੀਬ 15 ਕਰੋੜ ਦੇ ਬਕਾਏ ਫਸੇ ਹੋਏ ਹਨ ਅਤੇ ਪਿਛਲੇ ਸਮੇਂ ਦੌਰਾਨ ਕਰੀਬ 60 ਲੱਖ ਰੁਪਏ ਦੀ ਵਸੂਲੀ ਆਈ ਵੀ ਹੈ।

ਏ.ਈ.ਟੀ.ਸੀ. ਮਾਨਸਾ ਮਨਿੰਦਰ ਸਿੰਘ ਨੇ ਦੱਸਿਆ ਕਿ ਡਿਫਾਲਟਰ ਠੇਕੇਦਾਰਾਂ ਦੀ ਜ਼ਮੀਨ ਨਿਲਾਮੀ ਲਈ 26 ਨਵੰਬਰ ਅਤੇ 29 ਨਵੰਬਰ ਤਰੀਕ ਤੈਅ ਕੀਤੀ ਗਈ ਹੈ।

ਵੇਰਵਿਆਂ ਅਨੁਸਾਰ ਜ਼ਿਲ੍ਹਾ ਫਰੀਦਕੋਟ ਵਿਚ ਵੀ ਆਬਕਾਰੀ ਮਹਿਕਮੇ ਦੇ ਠੇਕੇਦਾਰਾਂ ਵੱਲ 21.25 ਕਰੋੜ ਰੁਪਏ ਫਸੇ ਹੋਏ ਹਨ। ਏ.ਈ.ਟੀ.ਸੀ ਫਰੀਦਕੋਟ ਜੋਗਿੰਦਰ ਕੁਮਾਰ ਸਿੰਗਲਾ ਨੇ ਦੱਸਿਆ ਕਿ ਡਿਫਾਲਟਰਾਂ ਖਿਲਾਫ ਐਕਸ਼ਨ ਕੀਤਾ ਜਾ ਰਿਹਾ ਹੈ, ਜਿਸ ਤਹਿਤ 26 ਨਵੰਬਰ ਅਤੇ 4 ਦਸੰਬਰ ਨੂੰ ਕੁਝ ਠੇਕੇਦਾਰਾਂ ਦੀ ਜ਼ਮੀਨ ਨਿਲਾਮੀ ਹੋਵੇਗੀ। ਹਾਲੇ ਚਾਰ ਕਰੋੜ ਦੀ ਵਸੂਲੀ ਲਈ ਤਰੀਕਾਂ ਨਿਸ਼ਚਿਤ ਕੀਤੀਆਂ ਹਨ। ਮੋਗਾ ਜ਼ਿਲ੍ਹੇ ਵਿਚ ਵੀ ਠੇਕੇਦਾਰਾਂ ਵੱਲ ਕਰੀਬ 24 ਕਰੋੜ ਫਸੇ ਹੋਏ ਹਨ। ਬਦਨਾਮੀ ਦੇ ਡਰੋਂ ਪਹਿਲਾਂ ਹੀ ਠੇਕੇਦਾਰ ਪੋਲੇ ਪੈਣੇ ਸ਼ੁਰੂ ਹੋਏ ਹਨ। ਏ.ਈ.ਟੀ.ਸੀ ਮੋਗਾ ਜਗਤਾਰ ਸਿੰਘ ਨੇ ਦੱਸਿਆ ਕਿ ਚਾਰੋਂ ਠੇਕੇਦਾਰ ਹਿੱਸੇਦਾਰ ਹੀ ਸਨ, ਜਿਨ੍ਹਾਂ ਨੇ ਵਸੂਲੀ ਮੋੜਨ ਲਈ ਆਪਸੀ ਐਗਰੀਮੈਂਟ ਕਰ ਲਿਆ ਹੈ ਅਤੇ ਮਹਿਕਮੇ ਨੂੰ ਜਲਦ ਵਸੂਲੀ ਮਿਲ ਜਾਣੀ ਹੈ। ਇਸੇ ਤਰ੍ਹਾਂ ਸੰਗਰੂਰ ਜ਼ਿਲ੍ਹੇ ਵਿਚ ਵੀ ਠੇਕੇਦਾਰ ਕਰੀਬ 30 ਕਰੋੜ ਰੁਪਏ ਦੇ ਡਿਫਾਲਟਰ ਹਨ।


## ਮਨਾਲੀ 'ਚ ਰੂਸੀ ਮਹਿਲਾ ਨਾਲ ਬਲਾਤਕਾਰ

**ਚੰਡੀਗੜ੍ਹ:** ਮਨਾਲੀ ਵਿਚ ਇਕ ਵਿਦੇਸ਼ੀ ਮਹਿਲਾ ਨਾਲ ਸਮੂਹਿਕ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਹੈ। ਮਹਿਲਾ ਨੇ ਮਨਾਲੀ ਥਾਣੇ ਵਿਚ ਇਸ ਦੀ ਸ਼ਿਕਾਇਤ ਕਰ ਕੇ ਦੋ ਜਣਿਆਂ 'ਤੇ ਗੈਂਗਰੇਪ ਦਾ ਇਲਜ਼ਾਮ ਲਾਇਆ ਹੈ। ਪੁਲਿਸ ਨੇ ਮਹਿਲਾ ਦੀ ਸ਼ਿਕਾਇਤ ਦੇ ਆਧਾਰ ਉਤੇ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮਹਿਲਾ ਦਾ ਮੈਡੀਕਲ ਕਰਾਇਆ ਜਾ ਰਿਹਾ ਹੈ।

ਪੁਲਿਸ ਨੇ ਮੁਲਜ਼ਮਾਂ ਨੂੰ ਫੜਨ ਲਈ ਟੀਮਾਂ ਦਾ ਗਠਨ ਕੀਤਾ ਹੈ। ਜਾਣਕਾਰੀ ਮੁਤਾਬਕ ਰੂਸ ਦੀ ਰਹਿਣ ਵਾਲੀ ਮਹਿਲਾ ਹਫਤਾ ਪਹਿਲਾਂ ਸਟੱਡੀ ਗਰੁੱਪ ਤਹਿਤ ਮਨਾਲੀ ਆਈ ਸੀ। ਉਹ ਓਲਡ ਮਨਾਲੀ ਦੇ ਹੋਟਲ ਜਾ ਰਹੀ ਸੀ, ਜਿਥੇ ਉਹ ਠਹਿਰੀ ਹੋਈ ਸੀ। ਇਸੇ ਦੌਰਾਨ 2 ਜਣਿਆ ਨੇ ਉਸ ਦੇ ਨੇਪਾਲੀ ਸਾਥੀ ਨੂੰ ਕੁੱਟਿਆ ਤੇ ਉਸ ਨੂੰ ਘਟਨਾ ਸਥਾਨ ਤੋਂ ਭਜਾ ਦਿੱਤਾ। ਇਸ ਤੋਂ ਬਾਅਦ ਘਟਨਾ ਨੂੰ ਅੰਜਾਮ ਦਿੱਤਾ।

# ਸਾਢੇ ਸੱਤ ਕਰੋੜ ਦੇ ਬਿਜਲੀ ਬਿੱਲ ਨੇ ਡਾਕਟਰ ਸਾਬ੍ਹ ਕੀਤੇ 'ਬਿਮਾਰ'

**ਫਰੀਦਕੋਟ:** ਬਿਜਲੀ ਮਹਿਕਮੇ ਦੀਆਂ ਲਾਪਰਵਾਹੀਆਂ ਨੇ ਖਪਤਕਾਰਾਂ ਦੀ ਨੀਂਦ ਹਰਾਮ ਕੀਤੀ ਹੋਈ ਹੈ। ਕਦੇ ਲੋਕਾਂ ਨੂੰ ਅਦਾ ਕੀਤੇ ਹੋਏ ਬਿੱਲ ਦੁਬਾਰਾ ਨਵੇਂ ਬਿੱਲ ਵਿਚ ਲੱਗ ਕੇ ਆ ਰਹੇ




ਹਨ ਤੇ ਕਦੀ ਮੀਟਰ ਰੀਡਿੰਗ ਦਰਜ ਕੀਤੇ ਬਗੈਰ ਹੀ ਵੱਡੇ-ਵੱਡੇ ਬਿੱਲ ਖਪਤਕਾਰਾਂ ਨੂੰ ਭੇਜੇ ਜਾ ਰਹੇ ਹਨ। ਮਹਿਕਮਾ ਬਿੱਲ ਭੇਜ ਕੇ ਫਾਰਗ ਹੋ ਜਾਂਦਾ ਹੈ, ਪਰ ਲੋਕਾਂ ਨੂੰ ਬਿੱਲ ਦਰੁਸਤ ਕਰਵਾਉਣ ਲਈ ਕਈ-ਕਈ ਚੱਕਰ ਲਾਉਣੇ ਪੈਂਦੇ ਹਨ ਤੇ ਕਈ ਵਾਰ ਜੁਰਮਾਨੇ ਤੋਂ ਬਚਣ ਲਈ ਵੱਧ ਬਿੱਲ ਵੀ ਭਰਨਾ ਪੈ ਜਾਂਦਾ ਹੈ। ਅਜਿਹਾ ਹੀ ਇਕ ਮਾਮਲਾ ਫਰੀਦਕੋਟ ਦਾ ਹੈ ਜਿਥੇ ਪ੍ਰਾਈਵੇਟ ਹਸਪਤਾਲ ਦੇ ਡਾਕਟਰ ਨੂੰ ਵਿਭਾਗ ਨੇ ਸਾਢੇ ਸੱਤ ਕਰੋੜ ਰੁਪਏ ਦਾ ਬਿਲ ਭੇਜ ਦਿੱਤਾ ਹੈ।

7,52,28,720 ਰੁਪਏ ਦਾ ਬਿਲ ਦੇਖ ਡਾਕਟਰ ਸਾਬ੍ਹ ਦੇ ਹੋਸ਼ ਹੀ ਉੱਡ ਗਏ। ਬੱਚਿਆਂ ਦੇ ਮਾਹਰ ਡਾ. ਪ੍ਰੇਮ ਬਾਂਸਲ ਦਾ ਨੇ ਦੱਸਿਆ ਕਿ ਉਨ੍ਹਾਂ ਦੀ ਪਤਨੀ ਦੇ ਨਾਂ 'ਤੇ ਜਾਰੀ ਇਸ ਬਿਜਲੀ ਕੁਨੈਕਸ਼ਨ ਦਾ ਹਰ ਮਹੀਨੇ ਬਿਲ ਤਕਰੀਬਨ 28 ਤੋਂ 30 ਹਜ਼ਾਰ ਆਉਂਦਾ ਹੈ, ਪਰ ਇਸ ਵਾਰ ਜਦੋਂ ਉਨ੍ਹਾਂ ਆਨ ਲਾਈਨ ਬਿਲ ਚੈੱਕ ਕੀਤਾ ਤਾਂ ਉਹ ਹੈਰਾਨ ਰਹਿ ਗਏ। ਉਨ੍ਹਾਂ ਦੇ ਖਾਤੇ ਵਿਚ 99,96,962 ਯੂਨਿਟ ਦੀ ਖਪਤ ਦਰਸਾਈ ਗਈ ਸੀ, ਜਿਸ ਦਾ ਬਿਲ 7,52,28,720 ਰੁਪਏ ਦਰਸਾਇਆ ਗਿਆ ਸੀ। ਇਸ ਦੇ ਨਾਲ ਹੀ ਇਹ ਨੋਟ ਸੀ ਕਿ ਜੇਕਰ ਤੈਅ ਤਰੀਕ ਤੋਂ ਪਹਿਲਾਂ ਉਨ੍ਹਾਂ ਬਿਲ ਨਹੀਂ ਅਦਾ ਕੀਤਾ ਤਾਂ ਉਨ੍ਹਾਂ ਨੂੰ 5 ਫੀਸਦੀ ਦੇ ਹਿਸਾਬ ਨਾਲ ਜੁਰਮਾਨਾ ਦੇਣਾ ਪਵੇਗਾ ਜੋ ਤਕਰੀਬਨ 12,53,807 ਰੁਪਏ ਬਣਦਾ ਹੈ।

## ਸਰਵਣ ਸਿੰਘ ਬੈਂਸ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ


**ਸੈਲਮਾ, ਕੈਲੀਫੋਰਨੀਆ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਨੇ ਇਥੇ ਰਹਿੰਦੇ ਪਤਵੰਤੇ ਸੱਜਣ ਸ. ਸਰਵਣ ਸਿੰਘ ਬੈਂਸ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।



ਜਥੇਬੰਦੀ ਦੇ ਕਨਵੀਨਰ ਸ. ਬੂਟਾ ਸਿੰਘ ਖੜੌਦ ਨੇ ਦੱਸਿਆ ਕਿ ਸਵਰਗੀ ਬੈਂਸ ਲੰਬੇ ਸਮੇਂ ਤੋਂ ਸੈਲਮਾ ਵਿਚ ਰਹਿੰਦੇ ਸਨ ਅਤੇ ਥੋੜ੍ਹਾ ਸਮਾਂ ਬਿਮਾਰ ਰਹਿਣ ਪਿਛੋਂ ਅਕਾਲ ਚਲਾਣਾ ਕਰ ਗਏ। ਉਹ ਪੰਜਾਬ ਦੇ ਪਿੰਡ ਥਾਂਦੀਆਂ (ਨੇੜੇ ਬੰਗਾ), ਜ਼ਿਲਾ ਨਵਾਂ ਸ਼ਹਿਰ ਤੋਂ ਸਨ। ਸਵਰਗੀ ਬੈਂਸ ਬਹੁਤ ਸ਼ਾਂਤ ਸੁਭਾਅ, ਇਮਾਨਦਾਰ ਤੇ ਗੁਰਸਿਖ ਸੱਜਣ ਸਨ।

# ਸੀ. ਬੀ. ਆਈ. ਵਿਚ ਰਾਜ-ਪਲਟੇ ਦੀ ਤਫਸੀਲ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਮੁਕੱਦਮਾ ਅਕਾਲੀ-ਭਾਜਪਾ ਸਰਕਾਰ ਵੇਲੇ ਬਣਦਾ ਸੀ ਤਾਂ ਕਾਂਗਰਸ ਵਾਲੇ ਕਹਿੰਦੇ ਸਨ ਕਿ ਇਸ ਦੀ ਜਾਂਚ ਸੀ. ਬੀ. ਆਈ. ਨੂੰ ਸੌਂਪੀ ਜਾਵੇ ਤੇ ਅੱਜ ਕੱਲ੍ਹ ਜਦੋਂ ਕੋਈ ਕੇਸ ਕਾਂਗਰਸੀ ਰਾਜ ਵਿਚ ਬਣਦਾ ਹੈ, ਇਹੋ ਗੱਲ ਅਕਾਲੀ-ਭਾਜਪਾ ਵਾਲੇ ਲੀਡਰ ਕਹਿ ਛੱਡਦੇ ਹਨ। ਹਰ ਰਾਜ ਵਿਚ ਹਰ ਵਿਰੋਧੀ ਧਿਰ ਵੱਲੋਂ ਇਹੋ ਜਿਹੀ ਮੰਗ ਦਾ ਉਠਣਾ ਦੱਸਦਾ ਹੈ ਕਿ ਭਾਰਤ ਦੀ ਇਸ ਕੇਂਦਰੀ ਜਾਂਚ ਏਜੰਸੀ ਦੀ ਭਰੋਸੇਯੋਗਤਾ ਹਾਲੇ ਤੱਕ ਬਾਕੀਆਂ ਨਾਲੋਂ ਕੁਝ ਨਾ ਕੁਝ ਵੱਧ ਹੈ।

ਦੂਜਾ ਪੱਖ ਇਹ ਹੈ ਕਿ ਭਾਜਪਾ ਰਾਜ ਵਿਚ ਕਾਂਗਰਸੀ ਕਹਿੰਦੇ ਹਨ ਕਿ ਇਹ ਏਜੰਸੀ ਕੇਂਦਰ ਸਰਕਾਰ ਦਾ ਹੱਥ-ਠੋਕਾ ਬਣ ਗਈ ਹੈ ਤੇ ਪਿਛਲੇ ਸਮੇਂ ਵਿਚ ਕਾਂਗਰਸੀ ਰਾਜ ਵੇਲੇ ਇਹੋ ਗੱਲ ਭਾਜਪਾ ਆਗੂ ਕਿਹਾ ਕਰਦੇ ਸਨ। ਇਸ ਮਾਮਲੇ ਵਿਚ ਸਭ ਤੋਂ ਸਪੱਸ਼ਟ ਰਾਏ ਬਹੁਜਨ ਸਮਾਜ ਪਾਰਟੀ ਦੀ ਮੁਖੀ ਬੀਬੀ ਮਾਇਆਵਤੀ ਦੀ ਸੀ। ਡਾ. ਮਨਮੋਹਨ ਸਿੰਘ ਦੇ ਰਾਜ ਵੇਲੇ ਭਾਜਪਾ ਆਗੂਆਂ ਨੇ ਰਾਜ ਸਭਾ ਵਿਚ ਇਹ ਦੁਹਾਈ ਪਾਈ ਕਿ ਸਰਕਾਰ ਸੀ. ਬੀ. ਆਈ. ਦੀ ਦੁਰਵਰਤੋਂ ਕਰਦੀ ਹੈ। ਬਹਿਸ ਵਿਚ ਬੋਲਣ ਵੇਲੇ ਅਗਲਾ ਮਿਹਣਾ ਮਾਇਆਵਤੀ ਮਾਰ ਗਈ ਕਿ ਇਹ ਦੁਰਵਰਤੋਂ ਕਿਸ ਨੇ ਨਹੀਂ ਕੀਤੀ, ਤੁਹਾਡੀ ਵਾਜਪਾਈ ਸਰਕਾਰ ਦੌਰਾਨ ਤੁਸੀਂ ਵੀ ਇਸ ਦੀ ਵਰਤੋਂ ਮੇਰੀ ਸਰਕਾਰ ਡੇਗਣ ਵਾਸਤੇ ਕੀਤੀ ਸੀ। ਫਿਰ ਭਾਜਪਾ ਆਗੂ ਚੁੱਪ ਹੋ ਗਏ ਸਨ।

ਏਨਾ ਕੁਝ ਹੋਈ ਜਾਣ ਦੇ ਬਾਵਜੂਦ ਇਸ ਏਜੰਸੀ ਦੀ ਕੁਝ ਨਾ ਕੁਝ ਭਰੋਸੇਯੋਗਤਾ ਬਚੀ ਹੋਈ ਸੀ, ਪਰ ਕੇਂਦਰੀ ਹਾਕਮਾਂ ਤੇ ਖੁਦ ਸੀ. ਬੀ. ਆਈ. ਦੇ ਅਗਵਾਨੂੰ ਅਫਸਰਾਂ ਨੇ ਇਸ ਏਜੰਸੀ ਨੂੰ ਹੱਦੋਂ ਬਾਹਰਾ ਖੋਰਾ ਲਾ ਦਿੱਤਾ ਹੈ। ਕਾਂਗਰਸ ਰਾਜ ਵਿਚ ਜਦੋਂ ਕੋਲਾ ਸਕੈਂਡਲ ਦੀ ਜਾਂਚ ਚੱਲਦੀ ਪਈ ਸੀ, ਸੁਪਰੀਮ ਕੋਰਟ ਨੇ ਸਾਫ ਕਿਹਾ ਸੀ ਕਿ ਇਹ ਏਜੰਸੀ ਸਿਰਫ ਸੁਪਰੀਮ ਕੋਰਟ ਨੂੰ ਰਿਪੋਰਟ ਕਰੇਗੀ, ਕਿਸੇ ਵੀ ਮੰਤਰੀ ਜਾਂ ਹੋਰ ਬਾਹਰੀ ਅਧਿਕਾਰੀ ਨਾਲ ਸਲਾਹ ਨਹੀਂ ਕਰੇਗੀ ਤੇ ਇਹ ਗੱਲ ਅਗਲੇ ਹਫਤੇ ਹੀ ਸਾਹਮਣੇ ਆ ਗਈ ਕਿ ਇਹ ਸਲਾਹ ਇੱਕ ਮੰਤਰੀ ਨਾਲ ਕੀਤੀ ਜਾ ਰਹੀ ਹੈ। ਉਸ ਕੇਂਦਰੀ ਮੰਤਰੀ ਨੂੰ ਫਿਰ ਇਸ ਦੋਸ਼ ਕਰਕੇ ਅਸਤੀਫਾ ਦੇਣਾ ਪਿਆ ਸੀ।

ਉਦੋਂ ਪਹਿਲਾਂ ਵਾਜਪਾਈ ਸਰਕਾਰ ਵੇਲੇ ਜਦੋਂ ਪ੍ਰਧਾਨ ਮੰਤਰੀ ਕਿਸੇ ਵਿਦੇਸ਼ ਦੌਰੇ ਉਤੇ ਗਏ ਸਨ, ਡਿਪਟੀ ਪ੍ਰਧਾਨ ਮੰਤਰੀ ਲਾਲ ਕ੍ਰਿਸ਼ਨ



ਰਾਕੇਸ਼ ਅਸਥਾਨਾ



ਆਲੋਕ ਵਰਮਾ

ਅਡਵਾਨੀ ਨੇ ਇਸ ਏਜੰਸੀ ਨੂੰ ਆਪਣੇ ਚਾਰਜ ਵਿਚ ਲੈਣ ਦਾ ਹੁਕਮ ਜਾਰੀ ਕੀਤਾ ਤੇ ਫਿਰ ਅਯੁੱਧਿਆ ਵਾਲੇ ਕੇਸ ਦੇ ਦੋਸ਼ੀਆਂ ਵਿਚੋਂ ਆਪਣਾ ਨਾਂ ਕਢਵਾ ਲਿਆ ਸੀ। ਏਜੰਸੀ ਦੇ ਮੁਖੀ ਨੂੰ ਪੁੱਛਿਆ ਗਿਆ ਤਾਂ ਉਸ ਨੇ ਕਿਹਾ ਸੀ ਕਿ ਅਡਵਾਨੀ ਦਾ ਨਾਂ ਕਾਨੂੰਨੀ ਰਾਏ ਲੈ ਕੇ ਕੱਢਿਆ ਹੈ, ਪਰ ਕਾਨੂੰਨੀ ਰਾਏ ਉਦੋਂ ਲਈ ਗਈ ਸੀ, ਜਦੋਂ ਏਜੰਸੀ ਦੇ ਇੰਚਾਰਜ ਮੰਤਰੀ ਅਡਵਾਨੀ ਖੁਦ ਆਪ ਬਣ ਗਏ ਸਨ।

ਅੱਜ ਕੱਲ੍ਹ ਫਿਰ ਇਹ ਸਭ ਤੋਂ ਵੱਡੀ ਅਤੇ ਹਾਲੇ ਤੱਕ ਸਭ ਤੋਂ ਵੱਧ ਭਰੋਸੇਯੋਗ ਮੰਨੀ ਜਾਂਦੀ ਏਜੰਸੀ ਵਿਵਾਦ ਵਿਚ ਉਲਝੀ ਹੋਈ ਹੈ। ਬੀਤੇ ਸੋਮਵਾਰ ਨੂੰ ਇਸ ਦੇ ਸਿਖਰਲੇ ਅਫਸਰ ਨੇ ਚਾਬੀਆਂ ਘੁੰਮਾਈਆਂ ਅਤੇ ਦੂਸਰੇ ਨੰਬਰ ਵਾਲੇ ਅਫਸਰ ਦੇ ਖਿਲਾਫ ਕਰੋੜਾਂ ਦੀ ਰਿਸ਼ਵਤ ਦਾ ਕੇਸ ਦਰਜ ਕਰ ਦਿੱਤਾ। ਅੱਗੋਂ ਉਸ ਨੇ ਕਹਿ ਦਿੱਤਾ ਕਿ ਸਿਖਰਲੇ ਅਫਸਰ ਦੇ ਖਿਲਾਫ ਮੈਂ ਪੰਦਰਾਂ ਦਿਨ ਪਹਿਲਾਂ ਇਹ ਹੀ ਦੋਸ਼ ਲਾ ਚੁਕਾ ਸਾਂ, ਉਸ ਤੋਂ ਬਚਣ ਲਈ ਮੇਰੇ ਉਤੇ ਕੇਸ ਕੀਤਾ ਹੈ। ਇਸ ਦੇ ਅਗਲੇ ਦਿਨ ਦੂਜੇ ਅਫਸਰ ਦੇ ਨੇੜਲੇ ਇੱਕ ਡੀ. ਐਸ. ਪੀ. ਨੂੰ ਗ੍ਰਿਫਤਾਰ ਕਰ ਕੇ ਅਦਾਲਤ ਵਿਚ ਪੇਸ਼ ਕਰ ਦਿੱਤਾ ਗਿਆ ਤੇ ਜਿਹੜੇ ਡੀ. ਐਸ. ਪੀ. ਨੂੰ ਉਹ ਫੜ੍ਹਿਆ ਹੋਇਆ ਡੀ. ਐਸ. ਪੀ. ਪੇਸ਼ ਕਰਨ ਲਈ ਭੇਜਿਆ ਗਿਆ, ਉਸ ਤੋਂ ਅਗਲੇ ਦਿਨ ਹੀ ਉਸ ਦੂਜੇ ਡੀ. ਐਸ. ਪੀ. ਦੀ ਖੜ੍ਹੇ ਪੈਰ ਤਬਦੀਲੀ ਕਰ ਕੇ ਅੰਡੇਮਾਨ ਨਿਕੋਬਾਰ ਦੇ ਕਾਲੇ ਪਾਣੀ ਪੁਚਾ ਦਿੱਤਾ ਗਿਆ। ਇਹ ਬਦਲੀ ਕੇਂਦਰ ਸਰਕਾਰ ਦੇ ਹੁਕਮ ਨਾਲ ਰਾਤੋ-ਰਾਤ ਇਸ ਏਜੰਸੀ ਦੇ ਨਵੇਂ ਕਾਰਜਕਾਰੀ ਡਾਇਰੈਕਟਰ ਬਣੇ ਅਫਸਰ ਨੇ ਆ ਕੇ ਕੀਤੀ ਸੀ।

ਨਵਾਂ ਅਫਸਰ ਤੀਜੇ ਨੰਬਰ ਦਾ ਸੀ, ਪਹਿਲੇ ਤੇ ਦੂਜੇ ਦੇ ਆਪਸੀ ਝਗੜੇ ਨੂੰ ਬਹਾਨਾ ਬਣਾ ਕੇ ਦੋਵਾਂ ਨੂੰ ਛੁੱਟੀ ਭੇਜ ਦਿੱਤਾ ਗਿਆ ਤੇ ਤੀਜੇ ਨੂੰ ਅੱਧੀ ਰਾਤ ਕਮਾਨ ਸੌਂਪੀ ਗਈ ਸੀ। ਤੀਜਾ ਏਨੀ ਫੁਰਤੀ ਨਾਲ ਚੱਲਿਆ ਕਿ ਉਸ ਨੇ ਅੱਧੀ ਰਾਤ ਨੂੰ ਦਿੱਲੀ ਪੁਲਿਸ ਦੇ ਸਪੈਸ਼ਲ ਦਸਤੇ ਮੰਗਵਾਏ ਤੇ ਆਪਣੀ ਹੀ ਏਜੰਸੀ ਦੇ ਹੈਡ ਕੁਆਰਟਰ ਉਤੇ ਰਾਜ-ਪਲਟਾ ਕਰਨ ਵਾਂਗ ਕਾਰਵਾਈ ਕਰ ਦਿੱਤੀ। ਦੋਹਾਂ ਵੱਡੇ ਅਫਸਰਾਂ ਦੇ ਦਫਤਰ ਸੀਲ ਕਰ ਕੇ ਉਨ੍ਹਾਂ ਦੀਆਂ ਚਾਬੀਆਂ ਆਪਣੀ ਜੇਬ ਵਿਚ ਪਾ ਕੇ ਸਾਰਾ ਦਿਨ ਦਫਤਰ ਵਿਚ ਕਿਸੇ ਨੂੰ ਨਹੀਂ ਵੜ੍ਹਨ ਦਿੱਤਾ ਗਿਆ। ਇਸ ਨਾਲ ਸਾਰਾ ਦੇਸ਼ ਬਹੁਤ ਬੁਰੀ ਤਰ੍ਹਾਂ ਝੰਜੋੜਿਆ ਗਿਆ। ਫਿਰ ਇਹ ਕੇਸ ਦੇਸ਼ ਦੀ ਸੁਪਰੀਮ ਕੋਰਟ ਵਿਚ ਜਾ ਪਹੁੰਚਿਆ।

ਜੋ ਗੱਲ ਇਸ ਕੇਸ ਵਿਚ ਬਹੁਤੇ ਲੋਕਾਂ ਨੂੰ ਪਤਾ ਨਾ ਲੱਗ ਸਕੀ, ਉਹ ਇਹ ਹੈ ਕਿ ਜਿਸ ਦੂਜੇ ਨੰਬਰ ਦੇ ਅਫਸਰ ਰਾਕੇਸ਼ ਅਸਥਾਨਾ ਖਿਲਾਫ ਭ੍ਰਿਸ਼ਟਾਚਾਰ ਦਾ ਪਰਚਾ ਦਰਜ ਹੁੰਦੇ ਸਾਰ ਕੇਂਦਰ ਸਰਕਾਰ ਰਾਜ-ਪਲਟਾ ਕਰਨ ਦੇ ਰਾਹ ਪੈ ਗਈ, ਉਸ ਦਾ ਪਿਛੋਕੜ ਗੁਜਰਾਤ ਨਾਲ ਜੁੜਦਾ ਹੈ। ਗੁਜਰਾਤ ਦੇ ਇੱਕ-ਤਰਫਾ ਦੰਗਿਆਂ ਤੋਂ ਪਹਿਲਾਂ ਗੋਧਰਾ ਦੇ ਸਟੇਸ਼ਨ ਉਤੇ ਖੜ੍ਹੀ ਇੱਕ ਰੇਲ ਗੱਡੀ ਦੇ ਡੱਬੇ ਨੂੰ ਅੱਗ ਲੱਗੀ ਸੀ ਤੇ ਅਯੁੱਧਿਆ ਤੋਂ ਮੁੜਦੇ ਕੁਝ ਕਾਰ-ਸੇਵਕ ਸੜਨ ਨਾਲ ਮਾਰੇ ਗਏ ਸਨ। ਅੱਗ ਦੀ ਉਸ ਘਟਨਾ ਲਈ ਕੁਝ ਮੁਸਲਿਮ ਨੌਜਵਾਨਾਂ ਨੂੰ ਦੋਸ਼ੀ ਦੱਸਿਆ ਗਿਆ ਸੀ ਤੇ ਫਿਰ ਗੁਜਰਾਤ ਦੇ ਹਰ ਕੋਨੇ ਵਿਚ ਦੰਗੇ ਹੋਣ ਲੱਗੇ ਸਨ। ਗੋਧਰਾ ਦੇ ਉਸ ਡੱਬੇ ਨੂੰ ਲੱਗੀ ਅੱਗ ਦੀ ਜਾਂਚ ਕਰਨ ਅਤੇ ਫਿਰ ਉਸ ਅੱਗ ਦੇ ਲਈ ਇੱਕ ਤਰਫਾ ਰਿਪੋਰਟ ਦੇਣ ਵਾਲਾ ਅਫਸਰ ਹੋਰ ਨਹੀਂ, ਸੀ. ਬੀ. ਆਈ. ਦਾ ਇਹੋ ਦੂਜੇ ਨੰਬਰ ਦਾ ਅਫਸਰ ਸੀ, ਜਿਸ ਖਿਲਾਫ ਤਿੰਨ ਕਰੋੜ ਰੁਪਏ ਰਿਸ਼ਵਤ ਲੈਣ ਦਾ ਕੇਸ ਦਰਜ ਹੋਣਾ ਮੋਦੀ ਸਰਕਾਰ ਤੋਂ ਜਰਿਆ ਨਾ ਗਿਆ।

ਇਹੀ ਨਹੀਂ ਕਿ ਉਹ ਅਫਸਰ ਗੁਜਰਾਤ ਦੇ ਉਸ ਖਾਸ ਕੇਸ ਨਾਲ ਸਬੰਧਤ ਰਿਹਾ ਸੀ, ਜਿਸ ਸਟਰਲਿੰਗ ਬਾਇਓਟੈਕ ਕੰਪਨੀ ਬਾਰੇ ਇਹ ਦੋਸ਼ ਲੱਗ ਰਿਹਾ ਹੈ ਕਿ ਵਿਜੇ ਮਾਲਿਆ ਤੇ ਨੀਰਵ ਮੋਦੀ ਤੋਂ ਵੀ ਵੱਡਾ ਘਪਲਾ ਕਰ ਕੇ ਭੱਜ ਗਈ ਹੈ, ਉਸ ਨਾਲ ਵੀ ਇਸ ਰਾਕੇਸ਼ ਅਸਥਾਨਾ ਦਾ ਨਾਂ ਜੁੜਦਾ ਹੈ। ਜਦੋਂ ਇਸ ਨੂੰ ਗੁਜਰਾਤ ਪੁਲਿਸ ਵਿਚੋਂ ਸੀ. ਬੀ. ਆਈ. ਵਿਚ ਲਿਆਂਦਾ ਜਾਣਾ ਸੀ ਤਾਂ ਇੱਕ ਸਮਾਜ ਸੇਵੀ ਸੰਸਥਾ ਨੇ ਸਬੂਤ ਪੇਸ਼ ਕਰ ਕੇ ਸਵਾਲ ਉਠਾਏ ਸਨ ਕਿ ਸਟਰਲਿੰਗ ਬਾਇਓਟੈਕ ਦੇ ਖਿਲਾਫ ਜੋ ਸੀ. ਬੀ. ਆਈ. ਜਾਂਚ ਕਰ ਰਹੀ ਹੈ, ਉਸੇ ਏਜੰਸੀ ਵਿਚ ਚੱਲਦੀ ਜਾਂਚ ਦੌਰਾਨ ਉਸ ਬਦਨਾਮ ਕੰਪਨੀ ਦੇ ਨੇੜੂ ਰਹੇ ਰਾਕੇਸ਼ ਅਸਥਾਨਾ ਨੂੰ ਨੰਬਰ ਦੋ ਦਾ ਅਫਸਰ ਬਣਾਏ ਜਾਣ ਨਾਲ ਜਾਂਚ ਦਾ ਭੱਠਾ ਬੈਠ ਜਾਵੇਗਾ।

ਜਿਨ੍ਹਾਂ ਗੱਲਾਂ ਦੀ ਉਦੋਂ ਪ੍ਰਵਾਹ ਨਹੀਂ ਸੀ ਕੀਤੀ ਗਈ, ਉਹ ਗੱਲਾਂ ਸੀ. ਬੀ. ਆਈ. ਵਿਚ ਹੋਏ ਅੱਧੀ ਰਾਤ ਵਾਲੇ ਰਾਜ-ਪਲਟੇ ਦਾ ਕੇਸ ਸੁਪਰੀਮ ਕੋਰਟ ਵਿਚ ਪੁੱਜਣ ਪਿੱਛੋਂ ਕਾਨੂੰਨ ਦੇ ਕਟਹਿਰੇ ਵਿਚ ਖੜ੍ਹੇ ਹੋ ਕੇ ਸਰਕਾਰ ਚਲਾਉਣ ਵਾਲੇ ਲੋਕਾਂ ਤੋਂ ਸਿੱਧਾ ਜਵਾਬ ਮੰਗ ਰਹੀਆਂ ਹਨ। ਉਨ੍ਹਾਂ ਤੋਂ ਜਵਾਬ ਨਹੀਂ ਦਿੱਤਾ ਜਾ ਰਿਹਾ। ਇਸ ਰੌਲੇ ਵਿਚ ਇਹ ਗੱਲ ਵੀ ਨਾਲ ਸ਼ਾਮਲ ਹੋ ਗਈ ਹੈ ਕਿ ਰਾਜ-ਪਲਟੇ ਦੇ ਦੋ ਕਾਰਨਾਂ ਵਿਚੋਂ ਇੱਕ ਤਾਂ ਗੁਜਰਾਤ ਦੇ ਸੁਪਰ-ਕੌਪ ਅਸਥਾਨਾ ਦੇ ਬਚਾਅ ਲਈ ਹੀਲਾ ਕਰਨਾ ਸੀ ਤੇ ਦੂਜੀ ਇਹ ਕਿ ਸੀ. ਬੀ. ਆਈ. ਦਾ ਮੁਖੀ ਆਲੋਕ ਵਰਮਾ ਅੱਜ ਕੱਲ੍ਹ ਫਰਾਂਸ ਤੋਂ ਖਰੀਦੇ ਗਏ ਰਾਫੇਲ ਜੰਗੀ ਜਹਾਜਾਂ ਦੇ ਸ਼ੱਕੀ ਸੌਦੇ ਦੇ ਦਸਤਾਵੇਜ ਫੋਲਣ ਲੱਗ ਪਿਆ ਸੀ। ਕਾਰਨ ਤਾਂ ਦੋਵੇਂ ਹੀ ਸਾਫ ਦਿੱਸਦੇ ਹਨ।

# ਮਾਸਟਰ ਪ੍ਰੋਫੈਸਰ ਅਧਿਆਪਕ

ਸਾਡੇ ਇੱਥੇ ਵਿੱਦਿਆ ਪ੍ਰਦਾਤੇ ਅਰਥਾਤ ਪੜ੍ਹਾਉਣ ਵਾਲੇ ਦੋ ਤਰ੍ਹਾਂ ਦੇ ਹਨ-ਮਾਸਟਰ ਤੇ ਪ੍ਰੋਫੈਸਰ। ਸਕੂਲ ਵਾਲਿਆਂ ਨੂੰ ਅਸੀਂ ਮਾਸਟਰ ਤੇ ਕਾਲਜ ਵਾਲਿਆਂ ਨੂੰ ਪ੍ਰੋਫੈਸਰ ਕਹਿੰਦੇ ਹਾਂ।

ਪੰਜਾਬ ਵਿਚ ਉਚ ਵਿੱਦਿਅਕ ਅਦਾਰਾ ਕਾਲਜ ਨੂੰ ਹੀ ਸਮਝਿਆ ਜਾਂਦਾ ਹੈ; ਯੂਨੀਵਰਸਿਟੀਆਂ ਤਾਂ ਕੱਲ੍ਹ ਦੀਆਂ ਬੱਚੀਆਂ ਹਨ; ਇਨ੍ਹਾਂ ਨੂੰ ਕੌਣ ਜਾਣਦਾ ਸੀ! ਇਹ ਤਾਂ ਐਵੇਂ ਧੱਕੇ ਨਾਲ ਹੀ ਸਰਕਾਰਾਂ ਨੇ ਕਾਲਜਾਂ ਦੇ ਸਿਰ 'ਤੇ ਬਹਾ ਦਿੱਤੀਆਂ; ਇਹ ਤਾਂ ਕਾਲਜਾਂ ਲਈ ਪੈਰਾਸਾਈਟ ਹਨ।

ਮਾਸਟਰ ਤੇ ਪ੍ਰੋਫੈਸਰ ਦਾ ਭੇਦ ਬੜਾ ਦਿਲਚਸਪ ਹੈ। ਨਿਰੁਕਤ ਅਨੁਸਾਰ ਮਾਸਟਰ ਦਾ ਅਰਥ ਮੈਜਿਸਟਰੇਟ ਹੈ, ਜਿਸ ਦਾ ਫਰਜ ਕੰਟਰੋਲ ਕਰਨਾ ਹੈ। ਲਾਡ ਪਿਆਰ ਵਿਚ ਪਲੇ ਬੱਚਿਆਂ ਨੂੰ ਕਾਬੂ ਕਰਨਾ ਹੀ ਮਾਸਟਰਾਂ ਦਾ ਕੰਮ ਹੈ। ਇਸੇ ਲਈ ਮਾਸਟਰ ਡੰਡਾ ਪਰੇਡ ਲਈ ਜਾਣੇ ਜਾਂਦੇ ਹਨ। ਇਸ ਦੇ ਉਲਟ ਨਿਰੁਕਤ ਮੁਤਾਬਕ ਪ੍ਰਫੈਸਰ ਸ਼ਬਦ ਦਾ ਅਰਥ ਹੈ, ਕਹਿਣਾ।



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਮਾਸਟਰ ਤੇ ਪ੍ਰੋਫੈਸਰ ਵਿਚ ਕਾਬੂ ਕਰਨ ਤੇ ਕਹਿਣ ਜਿੰਨਾ ਫਰਕ ਹੈ। ਮਾਸਟਰ ਬੱਚਿਆਂ ਨੂੰ ਬਹਿਣ-ਉਠਣ ਸਿਖਾ ਕੇ ਅਨੁਸ਼ਾਸਤ ਕਰਦਾ ਹੈ। ਮੈਜਿਸਟਰੇਟ ਵੀ ਪ੍ਰਸ਼ਾਸਨ ਕਰਦਾ ਹੈ।

ਕੱਬੇ ਸੁਭਾਅ ਕਾਰਨ ਮੇਰੇ ਇਕ ਮਾਸਟਰ ਦੋਸਤ ਦੀ ਅੱਲ ਐਸ. ਐਚ. ਓ. ਪਈ ਹੋਈ ਹੈ; ਜਿਸ 'ਤੇ ਉਹ ਇਤਰਾਜ਼ ਵੀ ਨਹੀਂ ਕਰਦਾ ਸਗੋਂ ਖੁਸ਼ ਹੁੰਦਾ ਹੈ। ਉਸ ਨੂੰ ਇਹ ਨਹੀਂ ਪਤਾ ਕਿ ਐਸ. ਐਚ. ਓ. ਤਾਂ ਉਸ ਨੂੰ ਉਸ ਦੇ ਸਾਹਮਣੇ ਕਹਿੰਦੇ ਹਨ; ਪਿੱਠ ਪਿੱਛੇ ਸਾਰੇ ਬੁੱਚੜ ਕਹਿੰਦੇ ਹਨ।

ਮਾਸਟਰ ਤੇ ਮੈਜਿਸਟਰੇਟ ਦਾ ਨਿਰੁਕਤ ਇੱਕੋ ਹੈ।

ਪ੍ਰੋਫੈਸਰ ਕੁਝ ਆਖਦਾ ਹੈ, ਕੁਝ ਦੱਸਦਾ ਹੈ, ਦਾਅਵਾ ਕਰਦਾ ਹੈ, ਪ੍ਰੋਫੈਸ ਕਰਦਾ ਹੈ। ਇਹ ਕੰਮ ਕਾਲਜਾਂ ਵਿਚ ਹੀ ਹੁੰਦਾ ਹੈ। ਯੂਨੀਵਰਸਿਟੀ ਵਾਲੇ ਤਾਂ ਕੋਈ ਦਾਵਾ ਹੀ ਨਹੀਂ ਕਰਦੇ; ਉਹ ਨਿਰਦਾਅਵੇ ਹੀ ਰਹਿੰਦੇ ਹਨ; ਉਨ੍ਹਾਂ ਦੇ ਦਾਅਵੇ ਇਸ ਤਰ੍ਹਾਂ ਦੇ ਹੁੰਦੇ ਹਨ: 'ਕਿਹਾ ਜਾ ਸਕਦਾ ਹੈ', 'ਪ੍ਰਤੀਤ ਹੁੰਦਾ ਹੈ', 'ਹੋ ਸਕਦਾ ਹੈ', 'ਮੈਨੂੰ ਲੱਗਦਾ ਹੈ', 'ਮੈਂ ਸਮਝਦਾ ਹਾਂ', ਅਮਕਾ ਢਿਮਕਾ।

ਯੂਨੀਵਰਸਿਟੀ ਦੇ ਬਹੁਤੇ ਅਧਿਆਪਕਾਂ ਦਾ ਕੰਮ ਤਾਂ ਰਾਜੀਵ ਗਾਂਧੀ ਜਿਹਾ ਹੁੰਦਾ ਹੈ: ਹਮਨੇ ਦੇਖਾ ਹੈ, ਹਮਨੇ ਦੇਖਨਾ ਹੈ, ਹਮ ਦੇਖੇਂਗੇ ਆਦਿ। ਯੂਨੀਵਰਸਿਟੀਆਂ 'ਚ ਕੋਈ ਟਾਵਾਂ ਟਾਵਾਂ ਪ੍ਰੋਫੈਸਰ ਹੀ ਮਸਾਂ ਲੱਭਦਾ ਹੈ, ਜਿਸ ਨੂੰ ਕੁਝ ਪਤਾ ਹੁੰਦਾ ਹੈ, ਜੋ ਕੁਝ ਕਹਿੰਦਾ ਅਤੇ ਦੱਸਦਾ ਹੈ; ਨਹੀਂ ਤਾਂ ਬਹੁਤੇ ਨਕਲ ਜੋਗੀ ਅਕਲ ਨਾਲ ਹੀ ਕੰਮ ਚਲਾਈ ਜਾਂਦੇ ਹਨ ਤੇ ਗੱਡੀ ਰੇੜ੍ਹੀ ਜਾਂਦੇ ਹਨ।

ਕੋਈ ਕਹਿ ਸਕਦਾ ਹੈ ਕਿ ਕਾਲਜਾਂ ਦੇ ਪ੍ਰੋਫੈਸਰ ਖੋਜ ਨਹੀਂ ਕਰਦੇ, ਪਰਚੇ ਨਹੀਂ ਲਿਖਦੇ ਜਾਂ ਕਿਤਾਬਾਂ ਨਹੀਂ ਛਾਪਦੇ। ਯੂਨੀਵਰਸਿਟੀ ਵਾਲੇ ਵੀ ਖੋਜ ਨਹੀਂ ਕਰਦੇ, ਬਲਕਿ ਖੋਜ ਦੇ ਨਾਂ 'ਤੇ 'ਚੋਜ' ਕਰਦੇ ਹਨ, ਪਰਚਿਆਂ ਦੀ ਭਾਜੀ ਪਾਉਂਦੇ ਅਤੇ ਮੋੜਦੇ ਹਨ। ਇਨ੍ਹਾਂ ਦੀਆਂ ਕਿਤਾਬਾਂ ਹੋਰਨਾਂ ਦੀਆਂ ਕਿਤਾਬਾਂ 'ਚੋਂ ਸੂੰਦੀਆਂ ਹਨ।

ਸਾਡੇ ਇੱਥੇ ਸਕੂਲ ਅਤੇ ਯੂਨੀਵਰਸਿਟੀ 'ਚ ਪੜ੍ਹਦੇ ਵਿਦਿਆਰਥੀ ਲਈ ਕੋਈ ਲਫਜ਼ ਨਹੀਂ ਹੈ; ਸਿਰਫ ਕਾਲਜ 'ਚ ਪੜ੍ਹਦੇ ਵਿਦਿਆਰਥੀ ਨੂੰ ਹੀ ਕਾਲਜੀਏਟ ਕਿਹਾ ਜਾਂਦਾ ਹੈ। ਸਾਡੀਆਂ ਵਿਦਿਆਰਥੀ ਲਹਿਰਾਂ ਵੀ ਕਾਲਜਾਂ ਵਿਚ ਹੀ ਉਦੈ ਹੋਈਆਂ ਤੇ ਯੂਨੀਵਰਸਿਟੀ 'ਚ ਜਾ ਕੇ ਤਾਂ ਅਸਤ ਹੋ ਗਈਆਂ।

ਮੇਰਾ ਸਹਿਕਰਮੀਆਂ ਯੂਨੀਵਰਸਿਟੀ ਪੀਐਚ. ਡੀ ਕਰਨ ਗਿਆ ਤਾਂ ਉਸ ਦੀ ਆਪਣੀ ਗਾਈਡ ਨਾਲ ਲੰਬੀ ਚੌੜੀ ਗੱਲ-ਬਾਤ ਹੋਈ। ਉਸ ਨੇ ਮੇਰਾ ਸੁਝਾਇਆ ਕੋਈ ਨੁਕਤਾ ਉਸ ਨਾਲ ਸਾਂਝਾ ਕੀਤਾ ਤਾਂ ਉਹ ਹੈਰਾਨੀ 'ਚ ਕਹਿਣ ਲੱਗੀ: ਕਾਲਜਾਂ ਵਿਚ ਵੀ ਸਿਆਣੇ ਪ੍ਰੋਫੈਸਰ ਹੁੰਦੇ ਹਨ!

ਉਸ ਨੇ ਕੋਲ ਬੈਠੇ ਦੀ ਵੀ ਇੱਜਤ ਦਾ ਖਿਆਲ ਰੱਖਿਆ। ਮੇਰੇ ਸਹਿਕਰਮੀ ਨੇ ਆ ਕੇ ਮੈਨੂੰ ਦੱਸਿਆ ਤਾਂ ਮੈਂ ਕਿਹਾ ਕਿ ਉਸ ਨੂੰ ਕਹਿਣਾ ਸੀ ਕਿ ਅਸੀਂ ਯੂਨੀਵਰਸਿਟੀਆਂ ਬਾਬਤ ਇਸ ਤਰ੍ਹਾਂ ਸੋਚਦੇ ਹਾਂ।

ਨਾਲ ਦੇ ਕਾਲਜ ਹੋ ਰਹੇ ਸੈਮੀਨਾਰ 'ਚ ਮੈਂ ਕਿਤੇ ਚਲਿਆ ਗਿਆ, ਜਿੱਥੇ ਯੂਨੀਵਰਸਿਟੀ ਦੇ ਮਹਾਂਰਥੀ ਆਏ ਹੋਏ ਸਨ। ਮੈਂ ਕਿਸੇ ਗੱਲ ਬਾਬਤ ਆਪਣਾ ਪੱਖ ਰੱਖਿਆ ਤਾਂ ਯੂਨੀਵਰਸਿਟੀ ਵਾਲੇ ਪ੍ਰੋਫੈਸਰ ਨੇ ਆਪਣੀ ਗੱਲ ਹੀ ਵਾਪਸ ਲੈ ਲਈ। ਬਾਹਰ ਆ ਕੇ ਉਹ ਮੈਨੂੰ ਸਭ ਦੇ ਸਾਹਮਣੇ ਕਹਿਣ ਲੱਗਾ, "ਕਾਕਾ, ਤੈਨੂੰ ਯੂਨੀਵਰਸਿਟੀ 'ਚ ਹੋਣਾ ਚਾਹੀਦਾ ਸੀ।" ਮੈਨੂੰ ਉਸ ਦੀ ਸਿਫਤ ਵਿਚ ਵੀ ਆਪਣੀ ਹੱਤਕ ਨਜ਼ਰ ਆਈ ਤੇ ਮੈਂ ਉਤਰ ਦਿੱਤਾ, "ਜੀ ਕਾਲਜਾਂ 'ਚ ਨਾਲਾਇਕ ਹੀ ਰਹਿਣੇ ਚਾਹੀਦੇ ਹਨ।"

ਬੰਗੇ ਕਾਲਜ ਪੜ੍ਹਾਉਣ ਦਾ ਮੇਰਾ ਸੁਪਨਾ ਸੀ, ਜੋ ਪੂਰਾ ਨਾ ਹੋਇਆ। ਫਿਰ ਫਗਵਾੜੇ ਆ ਲੱਗਿਆ। ਇੱਥੋਂ ਕਿਤੇ ਹੋਰ ਜਾਣ ਦਾ ਖਿਆਲ ਤੱਕ ਕਦੀ ਦਿਲ ਵਿਚ ਨਹੀਂ ਆਇਆ। ਮੇਰੀ ਨਜ਼ਰ 'ਚ ਕਾਲਜ ਵਿੱਦਿਆ ਦਾ ਖੁਸ਼ਗਵਾਰ ਅਦਾਰਾ ਹੈ।

ਗੱਲ ਉਥੇ ਲੈ ਚੱਲੀਏ; ਮਾਸਟਰ ਤੇ ਪ੍ਰੋਫੈਸਰ ਵਿਚ ਨਿਰੁਕਤ ਮੁਤਾਬਕ ਡੰਡੇ ਅਤੇ ਦਿਮਾਗ ਜਿੰਨਾ ਹੀ ਫਰਕ ਹੈ; ਮਾਸਟਰ ਡੰਡੇ ਤੋਂ ਕੰਮ ਲੈਂਦੇ ਹਨ, ਪ੍ਰੋਫੈਸਰ ਦਿਮਾਗ ਤੋਂ। ਸਾਡੀ ਪਰੰਪਰਾ ਵਿਚ ਇਨ੍ਹਾਂ ਦੋਹਾਂ ਲਈ ਇੱਕੋ ਸ਼ਬਦ ਹੈ-ਅਧਿਆਪਕ, ਜਿਸ ਦਾ ਫਰਜ਼ ਹੈ ਅਧਿਆਪਨ। ਨਿਰੁਕਤ ਅਨੁਸਾਰ ਅਧਿਆਪਨ ਦੋ ਸ਼ਬਦਾਂ ਅਧੀ ਅਤੇ ਪਨ ਦਾ ਸੁਮੇਲ ਹੈ।

ਸੰਸਕ੍ਰਿਤ ਦੇ ਸ਼ਬਦ 'ਅਧੀਯ' ਦਾ ਅਰਥ ਹੈ, ਧਿਆਨ ਦੁਆਉਣਾ। ਸਰ ਮੋਨੀਅਰ ਵਿਲੀਅਮਜ਼ ਨੇ ਆਪਣੇ ਸੰਸਕ੍ਰਿਤ ਕੋਸ਼ ਵਿਚ 'ਅਧੀਯ' ਦਾ ਅਰਥ 'ਟੂ ਟਰਨ ਦਾ ਮਾਈਂਡ ਟੂਵਰਡਜ਼' ਦੱਸਿਆ ਹੈ।

ਸੰਸਕ੍ਰਿਤ ਦੇ ਪਿਛੇਤਰ 'ਪਨ' ਦੀ ਵਰਤੋਂ ਭਾਵ-ਵਾਚਕ ਨਾਂਵ ਬਣਾਉਣ ਲਈ ਹੁੰਦੀ ਹੈ, ਜਿਸ ਅਨੁਸਾਰ ਅਧਿਆਪਨ ਦੇ ਅਰਥ ਕਿਸੇ ਵਿਸ਼ੇਸ਼ ਵਿਸ਼ੇ ਵੱਲ ਧਿਆਨ ਦੁਆਉਣਾ ਬਣ ਜਾਂਦੇ ਹਨ। ਭਾਰਤੀ ਲੋਕਾਂ ਦੀ ਬੋਲਚਾਲ ਵਿਚ ਅਕਸਰ ਬੋਲੇ ਜਾਂਦੇ 'ਧਿਆਨ ਰੱਖੀਂ' ਦਾ ਵਿਸ਼ੇਸ਼ ਮਹੱਤਵ ਹੈ; ਸਾਨੂੰ ਹਰ ਕੰਮ ਹੀ 'ਧਿਆਨ ਨਾਲ' ਕਰਨ ਦੀ ਹਦਾਇਤ ਮਿਲਦੀ ਹੈ। 'ਧਿਆਨ' ਭਾਰਤੀ ਸੱਭਿਅਤਾ ਦੀ ਚੂਲ ਹੈ। ਧਿਆਨ ਦੁਆਉਣ ਵਾਲਾ ਅਧਿਆਪਕ ਹੈ।

ਪਿਛਲੇ ਦਿਨੀਂ ਚੋਣ ਡਿਊਟੀ ਸਮੇਂ ਕਿਸੇ ਅਫਸਰ ਨੇ ਅਧਿਆਪਕ ਲਈ ਮੁਲਾਜ਼ਮ ਲਫਜ਼ ਵਰਤ ਲਿਆ; ਮੈਂ ਉਥੇ ਹੀ ਉਸ ਦੀ ਭਰਮ ਨਵਿਰਤੀ ਕਰਨੀ ਚਾਹੀ; ਮੈਂ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਸੱਭਿਅਤਾ ਦਾ ਸਾਰਾ ਦਾਰੋ-ਮਦਾਰ ਅਧਿਆਪਕ 'ਤੇ ਨਿਰਭਰ ਹੈ ਅਤੇ ਭਾਰਤੀ ਸਾਹਿਤ ਵਿਚ ਅਧਿਆਪਕ ਨੂੰ ਗੁਰੂ ਵੀ ਆਖਿਆ ਗਿਆ ਹੈ; ਉਹ, ਜੋ ਹਨੇਰੇ 'ਚ ਲੋਅ ਕਰਦਾ ਹੈ।

ਅਧਿਆਪਕ ਹਨੇਰਿਆਂ 'ਚ ਚਮਕਦਾ ਜੁਗਨੂੰ ਹੈ; ਘਰਾਂ 'ਚ ਜਗਦਾ ਚਿਰਾਗ ਹੈ; ਬਨੇਰਿਆਂ 'ਤੇ ਬਲਦੀ ਬੱਤੀ ਹੈ; ਅਕਾਸ਼ ਵਿਚ ਚਮਕਦਾ ਚੰਦਰਮਾ ਹੈ; ਬ੍ਰਹਿਮੰਡ 'ਚ ਬਲਦਾ ਸੂਰਜ ਹੈ; ਅਧਿਆਪਕ ਗੁਰੂ ਹੈ; ਅਧਿਆਪਕ ਪਾਰਬ੍ਰਹਮ ਪਰਮੇਸ਼ਵਰ ਹੈ। ਉਹ ਮੇਰੇ ਵਿਚਾਰ 'ਤੇ ਕਾਇਲ ਹੋ ਗਿਆ ਤੇ ਕਹਿਣ ਲੱਗਾ, "ਕੋਈ ਸੇਵਾ ਦੱਸੋ।" ਮੈਂ ਕਿਹਾ, ਅਧਿਆਪਕ ਨੂੰ ਕਿਸੇ 'ਸੇਵਾ' ਦੀ ਲੋੜ ਨਹੀਂ ਹੁੰਦੀ, ਉਸ ਦੀ ਇੱਜਤ ਕਰਨੀ ਸਿੱਖੋ।

ਅੱਜ ਜਦੋਂ ਮੈਂ ਦੇਖਦਾ ਹਾਂ ਕਿ ਅਧਿਆਪਕਾਂ ਨੂੰ ਰੋਜ ਰੋਜ ਹੜਤਾਲਾਂ ਕਰਨੀਆਂ ਪੈ ਰਹੀਆਂ ਹਨ ਅਤੇ ਥਾਂ ਥਾਂ ਧਰਨਿਆਂ 'ਚ ਖੱਜਲ ਖੁਆਰ ਹੋਣਾ ਪੈਂਦਾ ਹੈ ਤਾਂ ਮਨ ਵਿਚ ਤਰਸ ਪੈਦਾ ਹੁੰਦਾ ਹੈ; ਅਧਿਆਪਕ 'ਤੇ ਨਹੀਂ; ਭਾਰਤੀ ਸੱਭਿਅਤਾ 'ਤੇ ਤਰਸ ਆਉਂਦਾ ਹੈ, ਜਿੱਥੇ ਅਧਿਆਪਕ ਦੀ ਇੱਜਤ ਨਹੀਂ, ਜਿੱਥੇ ਅਧਿਆਪਕ ਰੁਲਦੇ ਹਨ, ਉਹ ਸੱਭਿਅਤਾ ਆਪਣੀ ਜੜ੍ਹ ਆਪ ਪੁੱਟ ਰਹੀ ਹੈ।

ਜਦ ਅਸੀਂ ਸੱਭਿਅਤਾ ਜਾਂ ਤਹਿਜੀਬ ਦੀ ਗਿਰਾਵਟ ਦੀ ਗੱਲ ਕਰਦੇ ਹਾਂ ਤਾਂ ਅਸੀਂ ਸਰਕਾਰੀ/ਗੈਰ-ਸਰਕਾਰੀ ਸੰਸਥਾਵਾਂ ਬਾਬਤ ਸੋਚਣ ਲੱਗ ਪੈਂਦੇ ਹਾਂ; ਉਦੋਂ ਅਸੀਂ ਬਿਲਕੁਲ ਗਲਤ ਹੁੰਦੇ ਹਾਂ। ਸੱਭਿਅਤਾ ਦਾ ਨਿਰਮਾਣ ਘਰ 'ਚ ਹੁੰਦਾ ਹੈ। ਸੰਸਥਾਵਾਂ ਦਾ ਸ਼ਿਲਾਅਧਾਰ ਘਰ ਹੈ। ਇੱਥੇ ਹੀ ਤਹਿਜੀਬ ਦਾ ਜਨਮ ਹੁੰਦਾ ਹੈ। ਇਸੇ ਲਈ ਗੁਰੂ ਨਾਨਕ ਨੇ 'ਘਰਿ ਘਰਿ ਅੰਦਰਿ ਧਰਮਸਾਲ' ਦਾ ਸੁਪਨਾ ਲਿਆ ਸੀ; ਧਰਮਸਾਲ, ਸਕੂਲ, ਕਾਲਜ ਜਾਂ ਯੂਨੀਵਰਸਿਟੀ ਇੱਕੋ ਗੱਲ ਹੈ।

ਘਰ ਘਰ ਅੰਦਰ ਅਧਿਆਪਨ ਦਾ ਸਤਿਕਾਰ ਹੋਵੇਗਾ; ਫਿਰ ਅਧਿਆਪਕ ਦੀ ਇੱਜਤ ਹੋਵੇਗੀ; ਤਾਂ ਹੀ ਸਰਕਾਰ ਅਧਿਆਪਕ ਦੀ ਸਾਰ ਲਵੇਗੀ। ਸੁਤੰਤਰ ਸੋਚ ਅਧਿਆਪਕ ਦਾ ਹੱਕ ਹੈ। ਅੰਗਰੇਜ਼ੀ ਦਾ ਅਖਾਣ ਹੈ, "ਟੂ ਥਿੰਕ ਫਰੀਅਲੀ ਵੰਨ ਮਸਟ ਬੀ ਫਰੀ ਫਰੌਮ ਡੌਮੈਸਟਿਕ ਵੱਰੀਜ਼।" ਜੇ ਅਧਿਆਪਕ ਨੇ ਆਪਣੇ ਇਸ ਹੱਕ ਦੀ ਵਰਤੋਂ ਕਰਨੀ ਹੈ ਜਾਂ ਜੇ ਅਸੀਂ ਚਾਹੁੰਦੇ ਹਾਂ ਕਿ ਅਧਿਆਪਕ ਦੀ ਸੋਚ ਸੁਤੰਤਰ ਹੋਵੇ ਅਤੇ ਰਹੇ ਤਾਂ ਫਿਰ ਅਧਿਆਪਕ ਨੂੰ ਘਰੇਲੂ ਫਿਕਰਾਂ ਤੋਂ ਮੁਕਤ ਰੱਖਣਾ ਸਾਡਾ ਸਭ ਦਾ ਸਾਂਝਾ ਫਰਜ ਹੈ। ਜੇ ਅਸੀਂ ਆਪਣਾ ਇਹ ਫਰਜ਼ ਅਦਾ ਨਹੀਂ ਕਰਾਂਗੇ ਤਾਂ ਅਧਿਆਪਕ ਦੀ ਚਿੰਤਾਗ੍ਰਸਤ ਸੋਚ ਸਾਡੇ ਹੀ ਬੱਚਿਆਂ ਦੇ ਭਵਿੱਖ ਦਾ ਖਿਲਵਾੜ ਕਰੇਗੀ।

ਆਪਣੇ ਬੱਚਿਆਂ ਖਾਤਰ ਹੀ ਜੇ ਅਸੀਂ ਅਧਿਆਪਕ ਦਾ ਸਤਿਕਾਰ ਕਰਨਾ ਅਰੰਭ ਦੇਈਏ ਅਤੇ ਉਸ ਦੇ ਫਿਕਰਾਂ ਦਾ ਭਾਰ ਆਪਣੇ ਸਿਰ ਲੈ ਲਈਏ ਤਾਂ ਅਸੀਂ ਸਰਬ ਸਾਂਝੇ ਚੰਗੇ ਭਵਿੱਖ ਦੀ ਉਮੀਦ ਕਰ ਸਕਦੇ ਹਾਂ। ਜਿਸ ਘਰ ਵਿਚ ਵਿੱਦਿਆ, ਵਿਦਿਆਰਥੀ ਤੇ ਅਧਿਆਪਕ ਦੀ ਇੱਜਤ ਨਹੀਂ ਹੁੰਦੀ, ਉਹ ਘਰ ਨਹੀਂ, ਭੂਤਵਾੜਾ ਹੁੰਦਾ ਹੈ।

ਅੱਛੇ ਅਧਿਆਪਕ ਬਿਨਾ ਕਦੀ ਕਿਸੇ ਸਮਾਜ ਨੇ ਤਰੱਕੀ ਨਹੀਂ ਕੀਤੀ, ਅੱਛਾਈ ਹਮੇਸ਼ਾ ਇੱਜਤ ਦੀ ਇੱਛਾ ਰੱਖਦੀ ਹੈ ਤੇ ਅੱਛਾਈ ਦੀ ਇੱਜਤ ਦਾ ਪਹਿਲਾ ਸਬਕ ਘਰ 'ਚ ਮਿਲਣਾ ਜਰੂਰੀ ਹੈ।

'ਘਰਿ ਘਰਿ ਅੰਦਰਿ ਧਰਮ ਸਾਲ' ਦਾ ਇਹੀ ਮਹੱਤਵ ਅਤੇ ਮਨੋਰਥ ਹੈ।

**ਮੀ ਟੂ**

# ਜਬਰ ਜਨਾਹ ਅਤੇ ਸੱਤਾ ਦੀ ਤਾਕਤ

## ਬਿਸ਼ਪ ਮੁਲੱਕਲ ਦਾ ਇਨਕਾਰ ਬਨਾਮ ਟਰੰਪ ਦੀ ਢੀਠਤਾਈ ਵਾਲੀ ਰਣਨੀਤੀ

***ਉਘਾ ਟਿੱਪਣੀਕਾਰ ਪੀਟਰ ਫਰੈਡਰਿਕ ਦੱਖਣੀ ਏਸ਼ੀਆ ਦੇ ਮਾਮਲਿਆਂ ਬਾਰੇ ਲਗਾਤਾਰ ਲਿਖ ਰਿਹਾ ਹੈ। ਉਸ ਦੇ 46 ਸਫਿਆਂ ਦੇ ਪੈਂਫਲਿਟ 'ਗਾਂਧੀ: ਨਸਲਪ੍ਰਸਤ ਜਾਂ ਇਨਕਲਾਬੀ' ਨੇ ਸਭ ਦਾ ਧਿਆਨ ਖਿਚਿਆ ਸੀ। 'ਜਬਰ ਜਨਾਹ ਅਤੇ ਸੱਤਾ' ਨਾਂ ਦੇ ਇਸ ਲੇਖ ਵਿਚ ਉਸ ਨੇ ਜਿਨਸੀ ਸ਼ੋਸ਼ਣ ਬਾਰੇ ਚਰਚਾ ਕੀਤੀ ਹੈ ਅਤੇ ਇਹ ਵੀ ਦਰਸਾਇਆ ਹੈ ਕਿ ਜਿਨਸੀ ਸ਼ੋਸ਼ਣ ਕਰਨ ਵਾਲੇ ਕਿਸ ਤਰ੍ਹਾਂ ਆਪਣੀ ਤਾਕਤ ਦੀ ਦੁਰਵਰਤੋਂ ਆਪਣੇ ਖਿਲਾਫ ਉਠਣ ਵਾਲੀ ਹਰ ਆਵਾਜ਼ ਨੂੰ ਦਬਾਉਣ ਲਈ ਕਰਦੇ ਹਨ ਅਤੇ ਬਹੁਤੀ ਵਾਰ ਆਪਣੇ ਇਨ੍ਹਾਂ ਮਨਸੂਬਿਆਂ ਵਿਚ ਕਾਮਯਾਬ ਵੀ ਰਹਿੰਦੇ ਹਨ। ਇਸ ਅਹਿਮ ਅਤੇ ਲੰਮੇ ਲੇਖ ਦਾ ਅਨੁਵਾਦ ਸਾਡੀ ਕਾਲਮਨਵੀਸ ਡਾ. ਗੁਰਨਾਮ ਕੌਰ ਨੇ ਕੀਤਾ ਹੈ। ਇਸ ਵਾਰ ਲੇਖ ਦੀ ਪਹਿਲੀ ਕਿਸ਼ਤ ਛਾਪੀ ਜਾ ਰਹੀ ਹੈ। -ਸੰਪਾਦਕ***

ਸੰਸਾਰ ਪੱਧਰੀ 'ਮੀ ਟੂ' ਲਹਿਰ ਜੋ ਪਿਛਲੇ ਸਾਲ ਫੈਲਣੀ ਸ਼ੁਰੂ ਹੋਈ ਸੀ, ਭਾਰਤ ਦੇ ਦੱਖਣ-ਪੱਛਮੀ ਤੱਟ 'ਤੇ ਵਸੇ ਸੂਬੇ ਕੇਰਲਾ ਵਿਚ 44 ਸਾਲਾ ਸਾਧਵੀ ਦੀ ਦੁਖਦਾਈ ਕਥਾ ਦੇ ਖੁਲਾਸੇ ਨਾਲ ਨਵੀਆਂ ਦਿਸ਼ਾਵਾਂ ਲੈ ਰਹੀ ਹੈ। ਇਹ ਸਾਧਵੀ ਕੈਥੋਲਿਕ ਬਿਸ਼ਪ ਫਰਾਂਕੋ ਮੁਲੱਕਲ 'ਤੇ ਦੋ ਸਾਲ ਤੱਕ ਵਾਰ ਵਾਰ ਜਬਰ ਜਨਾਹ ਕਰਨ ਦੇ ਦੋਸ਼ ਲਾਉਣ ਪਿਛੋਂ ਇਨਸਾਫ ਲੈਣ ਲਈ ਜੂਝ ਰਹੀ ਹੈ।

ਗੁੰਮਨਾਮ ਸਾਧਵੀ ਦੇ ਕੇਸ ਵਿਚਲੀ ਕਥਾ ਉਨ੍ਹਾਂ ਹੋਰ ਬਹੁਤ ਸਾਰੀਆਂ ਔਰਤਾਂ ਦੀਆਂ ਦਰਦ ਕਥਾਵਾਂ ਬਿਆਨ ਕਰਦੀ ਹੈ ਜੋ 'ਮੀ ਟੂ' ਕਹਿਣ ਲਈ ਅੱਗੇ ਆਈਆਂ ਹਨ। ਇਕ ਨਿਤਾਣੀ ਪੀੜਤ ਔਰਤ ਇਕ ਅਮੀਰ, ਤਾਕਤਵਰ ਅਤੇ



**ਪੀਟਰ ਫਰੈਡਰਿਕ**

**ਅਨੁਵਾਦ: ਡਾ. ਗੁਰਨਾਮ ਕੌਰ, ਕੈਨੇਡਾ**

ਬਾਰਸੂਖ ਦਰਿੰਦੇ ਵਲੋਂ ਸ਼ੋਸ਼ਿਤ ਕੀਤੀ ਜਾਂਦੀ ਹੈ, ਜਿਹੜਾ ਉਸ ਖਿਲਾਫ ਲਾਏ ਗੁਨਾਹ ਦੇ ਇਲਜ਼ਾਮ ਨੂੰ ਆਧਾਰਹੀਣ ਤੇ ਝੂਠ ਕਹਿ ਕੇ ਨਕਾਰ ਦਿੰਦਾ ਹੈ ਅਤੇ ਨਾਲ ਹੀ ਫਰਿਆਦੀ ਨੂੰ ਦੋਸ਼ ਦੇਣ ਤੇ ਸ਼ਰਮਿੰਦਾ ਕਰਨ ਦੀ ਕੋਸ਼ਿਸ਼ ਕਰਨ ਲੱਗ ਪੈਂਦਾ ਹੈ। ਇਸ ਦੌਰਾਨ ਰਸੂਖ ਵਾਲੇ ਰੁਤਬਿਆਂ 'ਤੇ ਲੱਗੇ ਅਕਸਰ ਮੁਜ਼ਰਿਮ ਦੀ ਰੱਖਿਆ ਲਈ ਕੁੱਦ ਪੈਂਦੇ ਹਨ। ਕੁਝ ਕੇਸਾਂ ਵਿਚ ਤਾਂ ਮੁਜ਼ਰਿਮ ਦਰਿੰਦੇ ਹੀ ਮੁਜ਼ਰਿਮ ਦਰਿੰਦਿਆਂ ਨੂੰ ਬਚਾਉਂਦੇ ਹਨ।

ਅਮਰੀਕਾ, ਜਿਥੇ ਪਹਿਲਾਂ ਪਹਿਲ ਇਹ ਲਹਿਰ ਸ਼ੁਰੂ ਹੋਈ, ਵਿਚ ਪੀੜਤਾਂ ਨੇ ਦੋਸ਼ੀਆਂ ਦੀ ਪਛਾਣ ਹਰ ਖੇਤਰ ਵਿਚ ਕੀਤੀ ਹੈ-ਮਨੋਰੰਜਨ ਤੋਂ ਲੈ ਕੇ ਮੀਡੀਆ ਤੱਕ, ਖੇਡਾਂ ਤੋਂ ਫੌਜ ਤੱਕ ਅਤੇ ਸਿਆਸਤ ਤੋਂ ਧਰਮ ਦੇ ਖੇਤਰ ਤੱਕ। ਕੁਝ ਮਸ਼ਹੂਰ ਨਾਂਵਾਂ ਵਿਚ ਸ਼ਾਮਲ ਹਨ-ਹਾਰਵੀ ਵਾਈਨਸਟੀਨ, ਟੀ. ਵੀ. ਪੇਸ਼ਕਾਰ ਬਿਲ ਓ'ਰਾਇਲੀ ਅਤੇ ਹਾਸ-ਰਸ ਅਭਿਨੇਤਾ ਬਿਲ ਕਾਜ਼ਬੀ। ਸਿਆਸਤ ਵਿਚ ਅਜਿਹੇ ਦੋਸ਼ੀ ਹਰ ਰੰਗ ਦੀ ਪਾਰਟੀ ਅੰਦਰ ਮਿਲ ਜਾਂਦੇ ਹਨ। ਰਿਪਬਲਿਕਨ ਪਾਰਟੀ ਵਿਚੋਂ ਸੈਨੇਟ ਦਾ ਅਸਫਲ ਉਮੀਦਵਾਰ ਰਾਏ ਮੂਰ ਅਤੇ ਕਾਂਗਰਸਮੈਨ ਪੈਟ ਮੀਹਨ ਹਨ। ਡੈਮੋਕਰੈਟਾਂ ਵਿਚ ਸੈਨੇਟਰ ਅਲ ਫਰਾਂਕਨ ਅਤੇ ਕਾਂਗਰਸਮੈਨ ਜੌਹਨ ਕੌਨੀਅਰਜ਼ ਦੇ ਨਾਂ ਸਾਹਮਣੇ ਆਏ। ਸਾਲ 2017 ਤੋਂ ਅਮਰੀਕਨ ਕਾਂਗਰਸ ਦੇ ਘੱਟੋ-ਘੱਟ ਅੱਧੀ ਦਰਜਨ ਮੈਂਬਰ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਕਾਰਨ ਅਸਤੀਫਾ ਦੇ ਚੁੱਕੇ ਹਨ ਜਾਂ ਸੇਵਾ-ਮੁਕਤ ਹੋ ਗਏ ਹਨ।

ਫਿਰ ਵੀ ਮੁਜ਼ਰਿਮ ਹਮੇਸ਼ਾ ਗੁੰਮਨਾਮੀ ਵਿਚ ਗੁੰਮ ਨਹੀਂ ਹੋ ਜਾਂਦੇ। ਜਿੰਨੇ ਵੱਧ ਉਹ ਤਾਕਤਵਰ ਹੁੰਦੇ ਹਨ, ਓਨੇ ਹੀ ਵੱਧ ਉਹ ਦ੍ਰਿੜ ਹੋ ਜਾਂਦੇ ਹਨ ਅਤੇ ਆਪਣੇ ਉਤੇ ਦੋਸ਼ਾਂ ਖਿਲਾਫ ਲੜਦੇ ਹਨ। ਅਮਰੀਕਾ ਵਿਚ ਜਿਸ ਢੀਠਤਾਈ ਨਾਲ ਇਹ ਕਾਰਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਰ ਦਿਖਾਇਆ ਹੈ, ਉਸ ਦੀ ਮਿਸਾਲ ਕਿਤੇ ਨਹੀਂ ਮਿਲਦੀ।

2017 ਵਿਚ ਤਿੰਨ ਔਰਤਾਂ ਨੇ ਰਾਏ ਮੂਰ 'ਤੇ ਜਿਨਸੀ ਛੇੜਛਾੜ ਦਾ ਦੋਸ਼ ਲਾਇਆ (ਸਮੇਤ ਦੋ ਉਨ੍ਹਾਂ ਦੇ, ਜਿਨ੍ਹਾਂ ਨੇ ਕਿਹਾ ਕਿ ਉਨ੍ਹਾਂ ਨਾਲ ਇਹ ਅੱਲੜ ਉਮਰ ਵਿਚ ਵਾਪਰਿਆ)। ਟਰੰਪ ਨੇ ਇਸ ਤੋਂ ਸਾਫ ਇਨਕਾਰ ਕੀਤਾ ਅਤੇ ਮੂਰ ਦੀ ਸੈਨੇਟ ਚੋਣ ਦੇ ਸਮਰਥਨ ਲਈ ਜ਼ੋਰਦਾਰ ਮੁਹਿੰਮ ਸ਼ੁਰੂ ਕਰ ਦਿੱਤੀ। ਮੂਰ ਹਾਰ ਗਿਆ। ਉਸੇ ਸਾਲ ਦੇ ਸ਼ੁਰੂ ਵਿਚ ਬਿਲ ਓ'ਰਾਇਲੀ ਉਤੇ ਛੇ ਵੱਖ-ਵੱਖ ਔਰਤਾਂ ਨੇ ਜਿਨਸੀ ਛੇੜ-ਛਾੜ ਦੇ ਦੋਸ਼ ਲਾਏ। ਓ'ਰਾਇਲੀ ਨੂੰ ਫੌਕਸ ਨਿਊਜ਼ ਵਿਚੋਂ 21 ਸਾਲ ਦੇ ਕੈਰੀਅਰ ਬਾਅਦ ਕੱਢੇ ਜਾਣ ਤੋਂ ਕੁਝ ਦਿਨ ਪਹਿਲਾਂ ਟਰੰਪ ਨੇ ਟਿੱਪਣੀ ਕੀਤੀ, "ਮੈਂ ਨਹੀਂ ਸਮਝਦਾ ਕਿ ਬਿਲ ਨੇ ਕੁਝ ਗਲਤ ਕੀਤਾ ਸੀ।"

ਪੀੜਤਾਂ ਵੱਲੋਂ ਲਾਏ ਦੋਸ਼ਾਂ ਨੂੰ ਦਰਕਿਨਾਰ ਕਰਨ ਵਿਚ ਟਰੰਪ ਦੀ ਤੀਬਰਤਾ ਨੂੰ ਸ਼ਾਇਦ ਉਨ੍ਹਾਂ ਦੋਸ਼ਾਂ ਦੀ ਲੰਮੀ ਲੜੀ ਨਾਲ ਜੋੜ ਕੇ ਦੇਖਿਆ ਗਿਆ, ਜਿਨ੍ਹਾਂ ਦਾ ਉਹ ਖੁਦ ਸਾਹਮਣਾ ਕਰਦਾ ਹੈ। ਅਕਤੂਬਰ 2016 ਵਿਚ ਜਦੋਂ ਉਹ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਲੜ ਰਿਹਾ ਸੀ, ਇਕ ਆਡੀਓ ਰਿਕਾਰਡਿੰਗ ਸਾਹਮਣੇ ਆਈ ਜਿਸ ਵਿਚ ਉਹ ਫੜ੍ਹਾਂ ਮਾਰ ਰਿਹਾ ਸੀ ਕਿ ਮਸ਼ਹੂਰ ਹਸਤੀ ਹੋਣ ਦੇ ਨਾਤੇ ਔਰਤਾਂ ਨਾਲ 'ਤੁਸੀਂ ਕੁਝ ਵੀ ਕਰ ਸਕਦੇ ਹੋ' ਅਤੇ ਇਸ ਤੋਂ ਬਚ ਕੇ ਨਿਕਲ ਸਕਦੇ ਹੋ। ਬਾਅਦ ਵਿਚ ਇਕ ਦਰਜਨ ਤੋਂ ਵੱਧ ਔਰਤਾਂ ਅੱਗੇ ਆਈਆਂ ਜਿਨ੍ਹਾਂ ਨੇ ਟਰੰਪ ਉਤੇ ਪ੍ਰੇਸ਼ਾਨ ਕਰਨ ਅਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਾਏ। ਉਸ ਵਕਤ ਟਰੰਪ ਨੇ ਆਪਣੇ ਆਪ ਨੂੰ ਸਿਆਸੀ ਪੀੜਿਤ ਗਰਦਾਨਿਆ।

ਉਸ ਨੇ ਕਿਹਾ ਸੀ, "ਮੈਂ ਆਪਣੇ ਦੇਸ਼ ਦੇ ਇਤਿਹਾਸ ਵਿਚ ਬਹੁਤ ਜ਼ਿਆਦਾ ਬਦਨਾਮ ਰਾਜਨੀਤਕ ਮੁਹਿੰਮਾਂ ਵਿਚੋਂ ਇਕ ਦਾ ਸ਼ਿਕਾਰ ਰਿਹਾ ਹਾਂ। ਮੇਰੇ 'ਤੇ ਝੂਠਾਂ ਦੇ ਸਹਾਰੇ ਦਾਗ ਲਾਉਣ ਦੀ ਕੋਸ਼ਿਸ਼ ਕੀਤੀ ਗਈ।" ਆਪਣੇ ਖਿਲਾਫ ਉਠ ਖੜ੍ਹੀਆਂ ਹੋਈਆਂ ਪੀੜਤਾਂ 'ਤੇ ਹਮਲਾ ਕਰਦਿਆਂ ਉਸ ਨੇ ਸਗੋਂ ਇਹ ਕਿਹਾ ਕਿ ਇਹ ਲੋਕ ਇਸ ਲਈ ਦੂਸ਼ਣ ਲਾ ਰਹੇ ਹਨ ਕਿਉਂਕਿ "ਉਨ੍ਹਾਂ ਨੂੰ ਮੁਫਤ ਦੀ ਕੁਝ ਮਸ਼ਹੂਰੀ ਮਿਲ ਜਾਂਦੀ ਹੈ।" ਉਨ੍ਹਾਂ ਨੂੰ 'ਝੂਠੇ ਦੋਸ਼ ਲਾਉਣ ਵਾਲੀਆਂ' ਆਖਦਿਆਂ ਉਸ ਨੇ ਇਕ ਖਾਸ ਸ਼ਿਕਾਇਤ-ਕਰਤਾ ਨੂੰ ਬਾਕੀਆਂ ਨਾਲੋਂ ਨਿਖੇੜਦਿਆਂ ਉਸ ਨੂੰ 'ਬਦਸੂਰਤ ਔਰਤ' ਗਰਦਾਨਿਆ। ਉਸ ਮੁਤਾਬਿਕ, ਉਹ ਉਸ ਲਈ ਕੋਈ ਐਡੀ ਆਕਰਸ਼ਕ ਵੀ ਨਹੀਂ ਸੀ। ਅਖੇ, "ਉਹ ਮੇਰੀ ਪਹਿਲੀ ਪਸੰਦ ਨਹੀਂ ਹੋਵੇਗੀ।" ਫਿਰ ਉਸ ਨੇ ਇਹ ਕਹਿ ਕੇ ਗੱਲ ਮੁਕਾ ਛੱਡੀ ਕਿ ਉਸ ਉਤੇ ਜਿਨਸੀ ਛੇੜ-ਛਾੜ ਦਾ ਦੋਸ਼ ਲਾਉਣਾ ਰਾਸ਼ਟਰ-ਵਿਰੋਧੀ ਕਾਰਵਾਈ ਦੇ ਤੁਲ ਹੈ। ਉਸ ਦੀ ਟਿੱਪਣੀ ਸੀ, "ਉਹ ਮੇਰੇ ਪਿੱਛੇ ਪਏ ਹੋਏ ਹਨ ਤਾਂ ਕਿ ਉਸ ਲਹਿਰ ਨੂੰ ਬਰਬਾਦ ਕਰ ਸਕਣ ਜੋ ਦੇਸ਼ ਦੇ ਇਤਿਹਾਸ 'ਚ ਮਹਾਨ ਮੰਨੀ ਗਈ ਹੈ।"

ਇਹ ਨਮੋਸ਼ੀ ਵਾਲੀ ਗੱਲ ਹੈ ਕਿ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ (ਜੋ ਹੁਣ ਰਾਸ਼ਟਰਪਤੀ ਹੈ) ਉਤੇ ਜਿਨਸੀ ਸ਼ਿਕਾਰੀ ਹੋਣ ਦਾ ਦੋਸ਼ ਲੱਗਾ। ਉਂਜ, ਇਸ ਤੋਂ ਵੀ ਜ਼ਿਆਦਾ ਪ੍ਰੇਸ਼ਾਨ ਕਰਨ ਵਾਲੀ ਗੱਲ ਇਹ ਹੈ, ਜਦੋਂ ਅਧਿਆਤਮਕ ਨੇਤਾਵਾਂ ਉਤੇ ਅਜਿਹੇ ਦੋਸ਼ ਲਗਦੇ ਹਨ। ਧਰਮ ਦੇ ਖੇਤਰ ਅੰਦਰ ਸਰਗਰਮ ਸਮੂਹਾਂ ਵਿਚੋਂ ਇਕ, ਕੈਥੋਲਿਕ ਪਾਦਰੀ ਵਰਗ ਉਤੇ ਦੁਰਵਿਹਾਰ ਕਰਨ ਦਾ ਦੋਸ਼ ਬਹੁਤ ਵਾਰ ਲੱਗਦਾ ਰਿਹਾ ਹੈ। ਜਿਨ੍ਹਾਂ ਬਦਨਾਮੀਆਂ ਨੇ ਚਰਚ ਦਾ ਦਹਾਕਿਆਂ ਤੱਕ ਪਿੱਛਾ ਕੀਤਾ, ਲੰਘੇ ਸਾਲ ਦੌਰਾਨ ਇਹ ਕੇਸ ਸਭ ਤੋਂ ਵੱਧ ਸਨ।

1990 ਸ਼ੁਰੂ ਹੁੰਦਿਆਂ ਹੀ ਪੀੜਤਾਂ ਨੇ ਇਹ ਦੱਸਣ ਲਈ ਅੱਗੇ ਆਉਣਾ ਸ਼ੁਰੂ ਕਰ ਦਿੱਤਾ ਕਿ ਉਨ੍ਹਾਂ ਨਾਲ ਕਿਸ ਤਰ੍ਹਾਂ ਦੁਰਵਿਹਾਰ ਕੀਤਾ ਗਿਆ। ਇਹ ਕਾਰਾ ਪਾਦਰੀਆਂ ਨੇ ਉਸ ਵਕਤ ਕੀਤਾ ਜਦੋਂ ਇਹ ਪੀੜਤ ਅਜੇ ਬਚਪਨ ਵਿਚ ਸਨ। ਸਾਰੇ ਮਹਾਂਦੀਪਾਂ ਵਿਚੋਂ ਹਜ਼ਾਰਾਂ ਪੀੜਤਾਂ ਨੇ ਖੁਲਾਸਾ ਕੀਤਾ ਹੈ, ਬਹੁਤੀਆਂ ਨੇ ਇਹ ਦੋਸ਼ ਲਾਇਆ ਹੈ ਕਿ ਉਨ੍ਹਾਂ ਨਾਲ ਜਬਰ ਜਨਾਹ ਕੀਤਾ ਗਿਆ। ਪਿਛਲੇ ਸਾਲ ਪੋਪ ਫਰਾਂਸਿਸ ਨੇ ਮੰਨਿਆ ਕਿ ਚਰਚ ਕੋਲ ਅਜਿਹੇ 2000 ਕੇਸ ਬਕਾਇਆ ਪਏ ਹਨ।

ਹੁਣੇ ਜਿਹੇ ਪੈਨਸਿਲਵੇਨੀਆ ਵਿਚ 300 ਤੋਂ ਵੱਧ ਪਾਦਰੀਆਂ ਨੂੰ ਤਕਰੀਬਨ 1000 ਬੱਚਿਆਂ ਨਾਲ ਛੇੜਖਾਨੀ ਕਰਨ ਦੇ ਦੋਸ਼ੀ ਠਹਿਰਾਇਆ ਗਿਆ ਹੈ। ਇਸ ਕੇਸ ਨੇ ਅਮਰੀਕਾ ਦੇ ਘੱਟੋ-ਘੱਟ ਅੱਠ ਹੋਰ ਸੂਬਿਆਂ ਵਿਚ ਜਾਂਚ-ਪੜਤਾਲ ਕਰਨ ਲਈ ਰਾਹ ਖੋਲ੍ਹਿਆ। ਇਨ੍ਹਾਂ ਨੇ ਪੈਨਸਿਲਵੇਨੀਆ ਦੇ ਅਟਾਰਨੀ ਜਨਰਲ ਜੋਸ਼ ਸ਼ਾਪੀਰੋ ਨੂੰ ਇਹ ਦੱਸਣ ਲਈ ਮਜਬੂਰ ਕੀਤਾ, "ਸਾਡੇ ਕੋਲ ਸਬੂਤ ਹੈ ਕਿ ਵੈਟੀਕਨ ਨੂੰ ਇਨ੍ਹਾਂ ਮਾਮਲਿਆਂ ਉਤੇ ਪੋਚਾ ਪਾਏ ਜਾਣ ਦੀ ਜਾਣਕਾਰੀ ਸੀ।"

ਇਹ ਜ਼ਖਮਾਂ 'ਤੇ ਲੂਣ ਛਿੜਕਣ ਵਾਲੀ ਗੱਲ ਹੈ। ਇਹ ਦੋਸ਼ੀ, ਚੜ੍ਹਦੀ ਉਮਰ ਦੀ ਮਾਸੂਮੀਅਤ ਨੂੰ ਦਾਗਦਾਰ ਕਰਨ ਦੇ ਗੁਨਾਹਗਾਰ ਹਨ। ਇਹ ਲੋਕ ਬਹੁਤ ਪਾਕ ਭਰੋਸੇ ਨੂੰ ਤੋੜਦਿਆਂ, ਜਨਤਕ ਤੌਰ 'ਤੇ ਤਾਂ ਰੋਮਨ ਕੈਥੋਲਿਕ ਈਸਾਈ ਹੋਣ ਦਾ ਪ੍ਰਚਾਰ ਕਰਦੇ ਹਨ ਜਦਕਿ ਗੁਪਤ ਤੌਰ 'ਤੇ ਆਪਣੀਆਂ ਬ੍ਰਹਮਚਾਰੀ ਹੋਣ ਦੀਆਂ ਕਸਮਾਂ ਤੋੜਦੇ ਹਨ। ਫਿਰ ਵੀ ਚਰਚ ਦੇ ਸਰਵਉਚ ਅਧਿਕਾਰੀ ਪੀੜਤਾਂ ਦੀ ਥਾਂ ਮੁਜ਼ਰਿਮਾਂ ਦਾ ਬਚਾਅ ਕਰ ਰਹੇ ਹਨ।

ਪੋਪ ਨੇ ਅਗਸਤ 2018 ਵਿਚ ਜਿਨਸੀ ਸ਼ੋਸ਼ਣ ਦੇ ਖਿਲਾਫ ਬਿਆਨ ਦਿੱਤਾ ਹੈ। ਇਕ ਖੁੱਲ੍ਹੇ ਖਤ ਵਿਚ ਉਸ ਨੇ ਕਿਹਾ ਹੈ, "ਇਨ੍ਹਾਂ ਪੀੜਤਾਂ ਦੇ ਦਿਲ ਨੂੰ ਵਿੰਨ੍ਹਣ ਵਾਲੇ ਦੁੱਖ ਦੀਆਂ ਚੀਕਾਂ ਜੋ ਸਵਰਗ ਤੱਕ ਪਹੁੰਚਦੀਆਂ ਹਨ, ਲੰਮੇ ਸਮੇਂ ਤੱਕ ਨਜ਼ਰਅੰਦਾਜ਼ ਕੀਤੀਆਂ ਗਈਆਂ, ਇਸ ਬਾਰੇ ਖਾਮੋਸ਼ੀ ਧਾਰੀ ਗਈ ਜਾਂ ਇਨ੍ਹਾਂ ਨੂੰ ਚੁੱਪ ਕਰਾ ਦਿੱਤਾ ਗਿਆ।" 'ਸ਼ਰਮ ਅਤੇ ਪਸ਼ਚਾਤਾਪ' ਬਾਰੇ ਉਸ ਨੇ ਮੰਨਿਆ ਕਿ ਬਹੁਤ ਸਾਰੀਆਂ ਜਿੰਦੜੀਆਂ ਦੀ ਕੀਤੀ ਗਈ ਤਬਾਹੀ ਦੀ ਗੰਭੀਰਤਾ ਨੂੰ ਨਜ਼ਰਅੰਦਾਜ਼ ਕਰਦਿਆਂ ਅਸੀਂ ਸਮੇਂ ਸਿਰ ਕਾਰਵਾਈ ਨਹੀਂ ਕੀਤੀ। ਅਸੀਂ ਨੰਨ੍ਹੀਆਂ ਜਿੰਦੜੀਆਂ ਦੀ ਕੋਈ ਪ੍ਰਵਾਹ ਨਹੀਂ ਕੀਤੀ, ਅਸੀਂ ਉਨ੍ਹਾਂ ਨੂੰ ਉਨ੍ਹਾਂ ਦੇ ਹਾਲ 'ਤੇ ਇਕੱਲਿਆਂ ਛੱਡ ਦਿੱਤਾ। ਪੋਪ ਨੇ ਇਸ ਨੂੰ 'ਤਾਕਤ ਦੀ ਦੁਰਵਰਤੋਂ' ਕਿਹਾ।



**ਡੋਨਲਡ ਟਰੰਪ**

ਉਂਜ, ਸਤੰਬਰ 2018 ਵਿਚ ਪੋਪ ਨੇ ਉਪਦੇਸ਼ ਦਿੱਤਾ, ਜਿਸ ਦਾ ਸੁਨੇਹਾ ਇਹ ਸੀ ਕਿ ਜਿਹੜੇ ਪੀੜਤ ਦੋਸ਼ ਲਾਉਂਦੇ ਹਨ, ਉਹ ਸ਼ੈਤਾਨ ਦਾ ਪੱਖ ਪੂਰ ਰਹੇ ਹਨ: "ਇਨ੍ਹਾਂ ਸਮਿਆਂ ਵਿਚ, ਇਸ ਤਰ੍ਹਾਂ ਜਾਪਦਾ ਹੈ ਕਿ ਵੱਡੇ ਮੁਜ਼ਰਿਮ ਨੂੰ ਖੁੱਲ੍ਹਾ ਛੱਡ ਦਿੱਤਾ ਗਿਆ ਹੈ ਅਤੇ ਉਹ ਪਾਦਰੀਆਂ 'ਤੇ ਹਮਲਾ ਕਰ ਰਿਹਾ ਹੈ।" ਉਸ ਦੇ ਕਹਿਣ ਦਾ ਭਾਵ ਜਾਪਦਾ ਸੀ ਕਿ ਦੁਰਵਿਹਾਰ ਨੂੰ ਬੇਨਕਾਬ ਕਰਨਾ ਸ਼ੈਤਾਨ ਦਾ ਕੰਮ ਹੈ। ਉਨ੍ਹਾਂ ਕਿਹਾ ਕਿ "ਵੱਡਾ ਮੁਜ਼ਰਿਮ ਪਾਪਾਂ ਨੂੰ ਨੰਗੇ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਉਂ ਉਹ ਲੋਕਾਂ ਨੂੰ ਬਦਨਾਮ ਕਰਨ ਲਈ ਦਿਖਾਈ ਦੇ ਰਹੇ ਹਨ।"

ਪੋਪ ਨੇ ਪਾਦਰੀਆਂ ਵਿਚੋਂ ਜਿਸ ਬਿਸ਼ਪ ਵੱਲ ਇਸ਼ਾਰਾ ਕੀਤਾ, ਕੀ ਉਹ ਬਿਸ਼ਪ ਫਰਾਂਕੋ ਮੁਲੱਕਲ ਸੀ? ਕੈਥੋਲਿਕ ਗਿਰਜੇ ਦਾ ਜਿਨਸੀ ਸ਼ੋਸ਼ਣ ਦਾ ਨਾਟਕ ਅਮਰੀਕਾ ਵਿਚ ਸਾਹਮਣੇ ਆਇਆ ਅਤੇ ਹੁਣ ਮੁਲੱਕਲ ਵਾਲਾ ਕਾਂਡ ਸੰਸਾਰ ਦੇ ਕਿਸੇ ਹੋਰ ਹਿੱਸੇ ਵਿਚ ਉਧੜ ਰਿਹਾ ਹੈ। ਇਹ ਮਸਲਾ ਹੁਣ ਪੂਰੇ ਭਾਰਤ ਵਿਚ ਚਰਚਾ ਦਾ ਵਿਸ਼ਾ ਬਣਿਆ ਹੈ; ਭਾਰਤ ਦੇ ਧੁਰ ਦੱਖਣ, ਕੇਰਲਾ ਤੋਂ ਲੈ ਕੇ ਧੁਰ ਉਤਰ ਵਿਚ ਪੰਜਾਬ ਤੱਕ ਅਤੇ ਤਾਕਤ ਦੀ ਦੁਰਵਰਤੋਂ ਦੀਆਂ ਹੋਰ ਬਹੁਤ ਸਾਰੀਆਂ ਮਿਸਾਲਾਂ ਇਸ ਵਿਚ ਸ਼ਾਮਲ ਹਨ।

ਮੁਲੱਕਲ, ਜੋ ਪੰਜਾਬ ਵਿਚ ਜਲੰਧਰ ਡਾਇਸਿਸ (ਬਿਸ਼ਪ ਦੇ ਅਧੀਨ ਖੇਤਰ) ਦੀ ਦੇਖ ਰੇਖ ਕਰਦਾ ਹੈ, ਉਤੇ ਜੂਨ ਵਿਚ ਕੇਰਲਾ ਵਿਚ ਇਕ ਸਾਧਵੀ ਨਾਲ 2014 ਤੋਂ 2016 ਵਿਚਕਾਰ 13 ਵਾਰ ਜਬਰ ਜਨਾਹ ਕਰਨ ਦਾ ਦੋਸ਼ ਲੱਗਾ ਹੈ। ਪਾਦਰੀ ਦੀ ਪ੍ਰਤੀਕਿਰਿਆ ਟਰੰਪ ਦੀ ਰਣਨੀਤੀ ਦਾ ਹੀ ਪੰਨਾ ਜਾਪਦੀ ਹੈ। ਉਹ ਖੁਦ ਨੂੰ ਪੀੜਤ ਆਖਦਾ ਹੈ ਅਤੇ ਐਲਾਨ ਕਰਦਾ ਹੈ, "ਮੇਰੇ ਖਿਲਾਫ ਅਪਮਾਨਜਨਕ ਬਿਆਨ ਦਿੱਤੇ ਜਾ ਰਹੇ ਹਨ... ਬੇਸ਼ੱਕ ਮੇਰੇ 'ਤੇ ਦੋਸ਼ ਲੱਗਾ ਹੈ, ਪ੍ਰੰਤੂ ਇਸ ਨਾਲ ਕਿਸੇ ਨੂੰ ਵੀ ਮੇਰੇ ਚਰਿਤਰ 'ਤੇ ਚਿੱਕੜ ਸੁੱਟਣ ਦਾ ਲਾਈਸੈਂਸ ਨਹੀਂ ਮਿਲ ਜਾਂਦਾ।" ਉਸ ਨੇ ਆਪਣੇ ਡੂੰਘੇ ਦਰਦ ਦੀ ਗੱਲ ਕਰਦਿਆਂ ਕਿਹਾ, "ਮੈਂ ਚੁੱਪਚਾਪ ਦਰਦ ਜਰਿਆ ਹੈ। ਇਹ ਸੰਕਟ ਦਾ ਸਮਾਂ ਹੈ... ਮੈਂ ਦਰਦਨਾਕ ਵੇਦਨਾ ਵਿਚੋਂ ਗੁਜ਼ਰ ਰਿਹਾ ਹਾਂ।"

ਦੋਸ਼ਾਂ ਤੋਂ ਸਾਫ ਇਨਕਾਰ ਕਰਦਿਆਂ ਮੁਲੱਕਲ ਨੇ ਉਨ੍ਹਾਂ ਨੂੰ 'ਆਧਾਰਹੀਣ ਤੇ ਮਨਘੜਤ' ਕਿਹਾ ਅਤੇ ਸਾਧਵੀ ਉਤੇ ਆਪਣੇ ਨਿੱਜੀ ਲਾਭਾਂ ਲਈ ਉਸ ਨੂੰ ਬਲੈਕਮੇਲ ਕਰਨ ਦਾ ਦੋਸ਼ ਲਾਇਆ। ਸਾਧਵੀ ਵੱਲੋਂ ਉਸ 'ਤੇ ਦੋਸ਼ ਲਾਉਣ ਤੋਂ ਕਈ ਦਿਨ ਪਹਿਲਾਂ ਹੀ ਉਸ ਨੇ ਪੁਲਿਸ ਕੋਲ ਕੇਸ ਦਰਜ ਕਰਾਉਂਦਿਆਂ, ਉਸ (ਸਾਧਵੀ) ਦੇ ਰਿਸ਼ਤੇਦਾਰਾਂ 'ਤੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਭੇਜਣ ਦੇ ਦੋਸ਼ ਲਾਏ। ਇਸ ਬਾਰੇ ਜਿਨ੍ਹਾਂ ਲੋਕਾਂ ਕੋਲੋਂ ਪੁੱਛ-ਪੜਤਾਲ ਕੀਤੀ ਗਈ, ਉਨ੍ਹਾਂ ਵਿਚੋਂ ਇਕ ਨੇ ਪੁਲਿਸ ਨੂੰ ਦੱਸਿਆ ਕਿ ਬਿਸ਼ਪ ਨੇ ਹੀ ਉਸ ਨੂੰ ਧਮਕੀਆਂ ਭੇਜਣ ਲਈ ਉਕਸਾਇਆ ਸੀ।

ਚਰਚ ਬਿਸ਼ਪ ਦੇ ਬਚਾਉ ਲਈ ਇਕਜੁਟ ਹੋ ਗਿਆ। ਜੁਲਾਈ ਵਿਚ ਜਲੰਧਰ ਦੇ ਵਿਕਰ-ਜਨਰਲ (ਬਿਸ਼ਪ ਦਾ ਡਿਪਟੀ) ਨੇ ਬਿਆਨ ਦਿੱਤਾ, "ਇਹ ਸਭ ਮਨਸੂਬਾ ਘੜਿਆ ਗਿਆ ਹੈ ਤਾਂ ਕਿ ਬਿਸ਼ਪ ਨੂੰ ਉਸ (ਸਾਧਵੀ) ਦੇ ਖਿਲਾਫ ਸਜ਼ਾ ਦੇਣ ਦੀ ਕਾਰਵਾਈ ਕਰਨ ਤੋਂ ਰੋਕਣ ਲਈ ਬਲੈਕਮੇਲ ਕੀਤਾ ਜਾ ਸਕੇ।" ਸਤੰਬਰ ਵਿਚ ਕੁਝ ਸਾਧਵੀਆਂ ਉਸ (ਸਾਧਵੀ) ਦੇ ਖਿਲਾਫ ਅੱਗੇ ਆਈਆਂ ਅਤੇ ਇਹ ਦਲੀਲ ਦਿੱਤੀ ਕਿ, "ਪੀੜਤ ਨੂੰ ਬਿਸ਼ਪ ਨਾਲ ਉਸ ਤੋਂ ਇੱਕ ਦਿਨ ਬਾਅਦ ਹੱਸਦੀ ਦੇਖਿਆ ਗਿਆ, ਜਿਸ ਦਿਨ ਉਸ ਨਾਲ ਜਬਰ ਜਨਾਹ ਹੋਣ ਦੀ ਗੱਲ ਕਹੀ ਜਾ ਰਹੀ ਹੈ।"

ਉਂਜ, ਐਨ ਅਡੋਲ ਰਹਿੰਦਿਆਂ ਪੀੜਤਾ ਨੇ ਆਪਣਾ ਸੰਘਰਸ਼ ਜਾਰੀ ਰੱਖਿਆ। 8 ਸਤੰਬਰ ਨੂੰ ਵੈਟੀਕਨ ਨੂੰ ਲਿਖੀ ਖੁੱਲ੍ਹੀ ਚਿੱਠੀ ਵਿਚ ਉਸ ਨੇ ਚਿਤਾਵਨੀ ਦਿੱਤੀ, "ਉਹ ਸਾਡੇ 'ਤੇ ਹਮਲਾ ਕਰਨ ਲਈ ਲੋਕਾਂ ਦਾ ਪ੍ਰਬੰਧ ਕਰ ਰਹੇ ਹਨ ਅਤੇ ਬਿਸ਼ਪ ਫਰਾਂਕੋ ਆਪਣੀ ਸਿਆਸੀ ਤਾਕਤ ਤੇ ਪੈਸਾ ਵਰਤ ਰਿਹਾ ਹੈ ਤਾਂ ਕਿ ਪੜਤਾਲੀਆ ਉਚ ਅਧਿਕਾਰੀ ਅਤੇ ਸਰਕਾਰ ਉਸ ਕਾਨੂੰਨੀ ਕਾਰਵਾਈ ਨੂੰ ਦਬਾ ਦੇਣ, ਜੋ ਮੈਂ ਉਸ ਦੇ ਖਿਲਾਫ ਦਾਇਰ ਕੀਤੀ ਹੈ।" ਉਸੇ ਦਿਨ, ਪੰਜ ਸਾਧਵੀਆਂ ਨੇ ਮੁਲੱਕਲ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਕੋਚੀ (ਕੇਰਲਾ ਦਾ ਸਭ ਤੋਂ ਸੰਘਣੀ ਆਬਾਦੀ ਵਾਲਾ ਮਹਾਂ ਨਗਰ) ਵਿਚ ਅੰਦੋਲਨ ਸ਼ੁਰੂ ਕਰ ਦਿੱਤਾ। ਉਦੋਂ ਤੋਂ ਹਰ ਰੋਜ਼, ਉਹ ਕੋਚੀ ਦੇ ਵਾਂਚੀ ਚੌਕ ਵਿਚ ਮੂਕ ਵਿਰੋਧ ਕਰਨ ਲਈ ਆਉਂਦੀਆਂ ਹਨ।

ਵਿਰੋਧ ਕਰ ਰਹੀਆਂ ਸਾਧਵੀਆਂ ਵਿਚੋਂ ਇਕ, ਸਿਸਟਰ ਅੰਕਿਤਾ ਉਸ ਘਰ ਵਿਚ, ਜਿੱਥੇ ਉਹ ਪੀੜਤਾ ਨਾਲ ਰਹਿ ਰਹੀ ਹੈ, ਖੁੱਲ੍ਹ ਕੇ ਬੋਲੀ, "ਸਾਡੀ ਸਿਸਟਰ, ਅਸੀਂ ਉਸ ਨੂੰ ਅੰਮਾ (ਮਾਂ) ਕਹਿੰਦੀਆਂ ਹਾਂ, ਇੱਥੇ ਸੁਰੱਖਿਅਤ ਨਹੀਂ ਹੈ।" ਉਸ ਨੇ ਕਿਹਾ, "ਉਹ ਕੁਝ ਵੀ ਕਰ ਸਕਦੇ ਹਨ। ਸਾਡੀ ਅੰਮਾ ਨੇ ਗਿਰਜੇ ਦੇ ਬਹੁਤ ਤਾਕਤਵਰ ਲੋਕਾਂ ਵਿਚੋਂ ਇਕ ਨੂੰ ਵੰਗਾਰਿਆ ਹੈ।"

ਮੁਲੱਕਲ ਦੀ ਤਾਕਤ ਦਾ ਜਲਵਾ ਤਾਂ ਉਦੋਂ ਹੀ ਸਪਸ਼ਟ ਹੋ ਗਿਆ ਸੀ, ਜਦੋਂ ਕੇਰਲਾ ਦੇ ਇਕ ਵਿਧਾਇਕ ਨੇ ਉਸ (ਮੁਲੱਕਲ) ਦੇ ਬਚਾਉ ਲਈ ਪੀੜਤਾ 'ਤੇ ਨੀਚ ਕਿਸਮ ਦਾ ਹਮਲਾ ਕੀਤਾ। ਵਿਧਾਇਕ (ਐਮ.ਐਲ.ਏ.) ਪੀ.ਸੀ. ਜਾਰਜ ਨੇ 9 ਸਤੰਬਰ ਨੂੰ ਕਿਹਾ, "ਕਿਸੇ ਨੂੰ ਕੋਈ ਸ਼ੱਕ ਨਹੀਂ ਹੈ ਕਿ ਸਾਧਵੀ ਵੇਸਵਾ ਹੈ। ਬਾਰ੍ਹਾਂ ਵਾਰ ਉਸ ਨੇ ਇਸ ਦਾ ਅਨੰਦ ਮਾਣਿਆ ਅਤੇ ਤੇਰ੍ਹਵੀਂ ਵਾਰ ਉਹ ਕਹਿੰਦੀ ਹੈ ਕਿ ਇਹ ਜਬਰ ਜਨਾਹ ਹੈ। ਉਸ ਨੇ ਉਸ ਵਕਤ ਸ਼ਿਕਾਇਤ ਕਿਉਂ ਨਾ ਕੀਤੀ, ਜਦੋਂ ਅਜਿਹਾ ਪਹਿਲੀ ਵਾਰ ਹੋਇਆ ਸੀ?"

ਜਦੋਂ ਵਿਧਾਇਕ ਦੀਆਂ ਇਨ੍ਹਾਂ ਟਿੱਪਣੀਆਂ ਖਿਲਾਫ ਰੋਸ ਭੜਕ ਉਠਿਆ ਤਾਂ ਉਹ 'ਵੇਸਵਾ' ਵਾਲੇ ਦੂਸ਼ਣ ਤੋਂ ਮੁੱਕਰ ਗਿਆ, ਉਂਜ ਉਸ ਨੇ ਆਪਣੇ ਹਮਲੇ ਜਾਰੀ ਰੱਖੇ, "ਮੇਰੇ ਮੁਤਾਬਿਕ ਉਹ ਸਾਧਵੀ ਨਹੀਂ ਹੈ।" ਉਸ ਕਿਹਾ, "ਕਿਸੇ ਔਰਤ ਦਾ 'ਵੇਸਵਾ' ਦੇ ਤੌਰ 'ਤੇ ਹਵਾਲਾ ਦੇਣਾ ਗਲਤ ਹੈ, ਮੈਨੂੰ ਉਹ ਸ਼ਬਦ ਨਹੀਂ ਸੀ ਵਰਤਣਾ ਚਾਹੀਦਾ ਪਰ ਮੈਂ ਉਨ੍ਹਾਂ ਸਾਰੀਆਂ ਹੋਰ ਟਿੱਪਣੀਆਂ 'ਤੇ ਦ੍ਰਿੜਤਾ ਨਾਲ ਕਾਇਮ ਹਾਂ, ਜੋ ਮੈਂ ਉਸ ਔਰਤ ਬਾਰੇ ਕੀਤੀਆਂ ਹਨ।"

ਜਾਰਜ ਪਹਿਲਾਂ ਵੀ ਜਿਨਸੀ ਸ਼ੋਸ਼ਣ ਦੇ ਪੀੜਤਾਂ 'ਤੇ ਧਾਵਾ ਬੋਲਦਾ ਅਤੇ ਦੋਸ਼ੀਆਂ ਦਾ ਪੱਖ ਪੂਰਦਾ ਰਿਹਾ ਹੈ। 2017 ਵਿਚ ਇਕ ਸਥਾਨਕ ਅਭਿਨੇਤਰੀ ਨੂੰ ਕਿਸੇ ਗੈਂਗ ਨੇ ਅਗਵਾ ਕਰ ਲਿਆ, ਕਾਰ ਵਿਚ ਸੁੱਟਿਆ ਤੇ ਜਿਨਸੀ ਸ਼ੋਸ਼ਣ ਕੀਤਾ ਅਤੇ ਧਾੜਵੀਆਂ ਨੇ ਉਸ ਨਾਲ ਦੁਰਵਿਹਾਰ ਦੀ ਫਿਲਮ ਵੀ ਬਣਾਈ। ਪੁਲਿਸ ਨੇ ਜਦੋਂ ਜਾਂਚ ਕੀਤੀ ਤਾਂ ਇਸ ਸਿੱਟੇ 'ਤੇ ਪੁੱਜੀ ਕਿ ਇਹ ਹਮਲਾ ਮੰਨੇ-ਪ੍ਰਮੰਨੇ ਅਭਿਨੇਤਾ ਦਿਲੀਪ ਨੇ ਕਰਵਾਇਆ ਹੋ ਸਕਦਾ ਹੈ।

ਐਮ.ਐਲ.ਏ. ਨੇ ਪਹਿਲਾਂ ਪੀੜਿਤਾ ਦੇ ਦਾਅਵਿਆਂ ਤੋਂ ਇਹ ਪੁਛਦਿਆਂ ਇਨਕਾਰ ਕੀਤਾ ਕਿ "ਇਸ ਦਾ ਸਬੂਤ ਕਿੱਥੇ ਹੈ ਕਿ ਉਸ 'ਤੇ ਹਮਲਾ ਹੋਇਆ ਸੀ?" ਫਿਰ ਮੁਲਜ਼ਿਮ ਦੇ ਬਚਾਉ ਲਈ ਕੁੱਦਦਿਆਂ ਉਸ ਨੇ ਐਲਾਨ ਕੀਤਾ, "ਮੰਨੇ-ਪ੍ਰਮੰਨੇ ਅਭਿਨੇਤਾ ਦਿਲੀਪ ਨੂੰ ਨਿਸ਼ਾਨਾ ਬਣਾਇਆ ਗਿਆ ਹੈ ਅਤੇ ਉਸ ਦੇ ਖਿਲਾਫ ਕੇਸ ਘੜਿਆ ਗਿਆ ਹੈ।" ਉਸ ਨੇ ਅਭਿਨੇਤਾ ਨੂੰ ਪੀੜਤ ਦੱਸਿਆ। ਇਹ ਦਲੀਲ ਦਿੰਦਿਆਂ ਕਿ ਅਸਲੀ ਸ਼ਿਕਾਰ ਤਾਂ 'ਆਦਮੀ' ਸਨ, ਉਸ ਨੇ ਕਿਹਾ, "ਇਹ ਕਿਸੇ ਔਰਤ ਨੂੰ ਨਹੀਂ, ਸਗੋਂ ਆਦਮੀ ਨੂੰ ਪ੍ਰੇਸ਼ਾਨ ਕਰਨ ਦਾ ਮਾਮਲਾ ਹੈ।" ਕੇਰਲਾ ਵੂਮੈਨ ਕਮੇਟੀ ਵੱਲੋਂ ਜਦੋਂ ਉਸ ਦੀਆਂ ਟਿੱਪਣੀਆਂ ਦੀ ਨਿੰਦਾ ਕੀਤੀ ਗਈ ਤਾਂ ਪਤਾ ਲੱਗਿਆ ਕਿ ਉਸ ਨੇ ਜੁਆਬ ਵਿਚ ਉਨ੍ਹਾਂ ਨੂੰ ਵੀ ਧਮਕੀ ਭਰੀਆਂ ਚਿੱਠੀਆਂ ਦੇ ਨਾਲ ਗੰਦ (ਮੈਲੇ) ਦੇ ਪੈਕਟ ਭੇਜੇ।

ਸਤਾਈ ਹੋਈ ਅਭਿਨੇਤਰੀ ਚੁੱਪ ਕਰਕੇ ਨਹੀਂ ਬੈਠੀ ਰਹੀ। ਉਸ ਨੇ ਐਮ.ਐਲ.ਏ. ਖਿਲਾਫ ਮੋਰਚਾ ਖੋਲ੍ਹਿਆ, "ਪੀ.ਸੀ. ਜਾਰਜ ਵਰਗੇ ਲੋਕ ਖੁਦ ਨੂੰ ਸਮਝਦੇ ਕੀ ਹਨ?... ਉਹਦੇ ਹਿਸਾਬ ਨਾਲ ਕੀ ਮੈਨੂੰ ਆਤਮ-ਹੱਤਿਆ ਕਰ ਲੈਣੀ ਚਾਹੀਦੀ ਸੀ?" ਜਾਂ ਕੀ ਮੈਨੂੰ ਪਾਗਲਾਂ ਦੇ ਕਿਸੇ ਹਸਪਤਾਲ ਵਿਚ ਸੁੱਟ ਦਿੱਤਾ ਜਾਣਾ ਚਾਹੀਦਾ ਸੀ? ਜਾਂ ਫਿਰ ਕੀ ਮੈਨੂੰ ਆਪਣੇ ਆਪ ਨੂੰ ਕਿਧਰੇ ਛੁਪਾ ਲੈਣਾ ਚਾਹੀਦਾ ਸੀ, ਲੋਕਾਂ ਦੇ ਸਾਹਮਣੇ ਨਹੀਂ ਸੀ ਆਉਣਾ ਚਾਹੀਦਾ? ਕੀ ਕੋਈ ਮੈਨੂੰ ਦੱਸ ਸਕਦਾ ਹੈ ਕਿ ਮੇਰਾ ਕਸੂਰ ਕੀ ਸੀ?"

ਕੇਰਲਾ ਦੀ ਸਾਧਵੀ ਦਾ ਦਰਦ ਅਤੇ ਧਾਰਮਿਕ ਤੇ ਰਾਜਨੀਤਕ ਹਸਤੀਆਂ ਦੀ ਪ੍ਰਤੀਕਿਰਿਆ 21ਵੀਂ ਸਦੀ ਵਿਚ ਭਾਰਤੀ ਔਰਤ ਦੀ ਹਾਲਤ ਦੀ ਮਿਸਾਲ ਹੈ। ਪੱਛਮੀ ਯੂਰਪ ਅਤੇ ਅਮਰੀਕਾ ਔਰਤਾਂ ਨਾਲ ਦੁਰਵਿਹਾਰ ਦੇ ਅਜਿਹੇ ਮੁੱਦਿਆਂ ਤੋਂ ਕਾਫੀ ਜਾਣੂ ਹੋ ਚੁੱਕਾ ਹੈ, ਪਰ ਪੂਰਬ ਵੱਲ ਇਸ ਪਾਸੇ ਬਹੁਤ ਘੱਟ ਧਿਆਨ ਦਿੱਤਾ ਗਿਆ ਹੈ; ਖਾਸ ਕਰਕੇ ਭਾਰਤ ਅਜਿਹਾ ਮੁਲਕ ਹੈ ਜਿੱਥੇ ਨਾ ਕੇਵਲ ਔਰਤਾਂ ਨਾਲ ਦੁਰਵਿਹਾਰ ਦੀਆਂ ਬਹੁਤ ਘਿਨਾਉਣੀਆਂ ਵਾਰਦਾਤਾਂ ਹੁੰਦੀਆਂ ਹਨ, ਉਥੇ ਤਾਂ ਦੁਰਵਿਹਾਰ ਕਰਨ ਵਾਲਿਆਂ ਵਿਚੋਂ ਬਹੁਤੇ ਸਜ਼ਾ ਤੋਂ ਵੀ ਸਾਫ ਬਚ ਨਿਕਲਦੇ ਹਨ।

**(ਚਲਦਾ)**

ਮੀ ਟੂ

# ਔਰਤਾਂ ਬੋਲਦੀਆਂ ਕਿਉਂ ਨਹੀਂ?

ਵੀਹ, ਘੱਟ ਜਾਂ ਵੱਧ ਜਾਣੀਆਂ ਜਾਂਦੀਆਂ ਪੱਤਰਕਾਰ ਔਰਤਾਂ ਦੇ ਖੁੱਲ੍ਹ ਕੇ ਬੋਲਣ ਪਿਛੋਂ (ਸੋਸ਼ਲ ਹੀ ਨਹੀਂ, ਰਵਾਇਤੀ ਮੀਡੀਆ ਵਿਚ ਕਈ ਦਿਨ ਝਖੜ ਝੁਲਦੇ ਰਹਿਣ ਮਗਰੋਂ) ਜਦੋਂ ਇਕ ਕੇਂਦਰੀ ਮੰਤਰੀ ਨੂੰ ਅਸਤੀਫਾ ਦੇਣਾ ਪਿਆ ਤਾਂ ਮੇਰੇ ਸੰਵੇਦਨਸ਼ੀਲ, ਸੁਹਿਰਦ, ਅਗਾਂਹ-ਵਧੂ ਵਗੈਰਾ ਵਗੈਰਾ ਮਿੱਤਰ ਦਾ ਟਿਪਣੀਨੁਮਾ ਸਵਾਲ ਸੀ, "20 ਸਾਲ ਤੱਕ ਚੁਪ ਬੈਠੀਆਂ ਰਹੀਆਂ। ਇਹ ਪਹਿਲਾਂ ਕਿਉਂ ਨਾ ਬੋਲੀਆਂ? ਅਜਿਹੇ ਦੋਸ਼ ਲਾਉਣਾ ਤਾਂ ਫੈਸ਼ਨ ਹੋ ਗਿਆ ਹੈ।"

ਇਹੋ ਜਿਹੇ ਮੌਕਿਆਂ 'ਤੇ ਮੈਂ ਅਵਾਕ ਨਹੀਂ ਰਹਿੰਦਾ, ਭਖਣ ਲੱਗ ਪੈਂਦਾ ਹਾਂ। ਸੰਵੇਦਨਸ਼ੀਲ, ਸੁਹਿਰਦ, ਅਗਾਂਹ-ਵਧੂ ਵਗੈਰਾ ਵਿਸ਼ੇਸ਼ਣਾਂ ਦੀ

**ਸੁਕੀਰਤ**

ਪਰਿਭਾਸ਼ਾ ਉਤੇ ਮੈਨੂੰ ਸ਼ੱਕ ਹੋਣ ਲੱਗ ਪੈਂਦਾ ਹੈ। ਤੇ ਮਨ ਵਿਚੋਂ ਲੰਘਦਾ ਹੈ ਕਿ ਜਿਹੜੇ 'ਦੋ ਧੜਿਆਂ ਵਿਚ ਖਲਕਤ ਵੰਡੀ' ਹੋਈ ਹੈ, ਉਸ ਦੀ ਸਭ ਤੋਂ ਤਿੱਖੀ ਲਕੀਰ ਸ਼ਾਇਦ ਮਰਦਾਂ ਅਤੇ ਔਰਤਾਂ ਵਿਚਾਲੇ ਹੈ। ਬੌਧਿਕ ਸ਼ਬਦਾਂ ਵਿਚ ਕਹਾਂ ਤਾਂ ਇਹ ਪਿਤਰੀ ਸੱਤਾ ਵਾਲੀ ਉਸ ਮਾਨਸਿਕਤਾ ਦਾ ਗਲਬਾ ਹੈ ਜਿਸ ਦੀ ਜਕੜ ਵਿਚ ਫਸੇ 'ਸੰਵੇਦਨਸ਼ੀਲ' ਮਰਦਾਂ ਨੂੰ ਪਤਾ ਵੀ ਨਹੀਂ ਕਿ ਉਹ ਕਿਹੋ ਜਿਹੀ ਪਿਛਾਂਹ-ਖਿਚੂ ਸੋਚ ਦੇ ਸ਼ਿਕਾਰ ਹਨ।

ਪਹਿਲੋਂ ਇਸ ਮਾਮਲੇ ਬਾਰੇ ਕੁਝ ਸਿਧੇ-ਪੱਧਰੇ ਤੱਥ। ਕੋਈ ਸਾਲ ਕੁ ਪਹਿਲਾਂ 'ਵੋਗ' ਰਿਸਾਲੇ ਵਿਚ ਛਪੀ ਮੁਲਾਕਾਤ ਦੌਰਾਨ ਇਕ ਸਵਾਲ ਦੇ ਜਵਾਬ ਵਿਚ ਪੱਤਰਕਾਰ ਪ੍ਰਿਯਾ ਰਮਾਨੀ ਨੇ ਦਸਿਆ ਕਿ ਕੰਮ ਕਾਜ਼ੀ ਔਰਤਾਂ ਨੂੰ ਹਰ ਥਾਂ ਭੱਦੀਆਂ ਟਿਪਣੀਆਂ, ਅਣਚਾਹੀ ਛੇੜਛਾੜ ਅਤੇ ਕਾਮੀ ਸੱਦਿਆਂ ਨਾਲ ਸਿਝਣਾ ਪੈਂਦਾ ਹੈ, ਤੇ ਪੱਤਰਕਾਰੀ ਦਾ ਖੇਤਰ ਵੀ ਇਸ ਲਾਗ ਤੋਂ ਮੁਕਤ ਨਹੀਂ। ਬਿਨਾਂ ਕਿਸੇ ਦਾ ਨਾਂ ਲਏ, ਉਸ ਨੇ ਇਹ ਵੀ ਕਿਹਾ ਕਿ 20 ਸਾਲ ਪਹਿਲਾਂ ਉਸ ਨੂੰ ਵੀ ਉਸ ਦੇ ਸੰਪਾਦਕ ਨੇ ਚੋਖਾ ਤੰਗ ਕੀਤਾ ਸੀ ਜੋ ਭਾਰਤੀ ਪੱਤਰਕਾਰੀ ਵਿਚ ਵੱਡੇ ਅਹੁਦਿਆਂ ਉਤੇ ਰਹਿ ਚੁਕਾ ਹੈ। ਨਾ ਇਹ ਵਰਤਾਰਾ ਕਿਸੇ ਕੋਲੋਂ ਲੁਕਿਆ ਛੁਪਿਆ ਹੈ, ਤੇ ਨਾ ਹੀ ਪ੍ਰਿਯਾ ਰਮਾਨੀ ਨੇ ਕਿਸੇ ਦਾ ਨਾਂ ਲਿਆ, ਸੋ ਗਲ ਆਈ-ਗਈ ਹੋ ਗਈ।

ਹੁਣ ਕੁਝ ਚਿਰ ਪਹਿਲਾਂ ਰਹਿ ਚੁਕੀ ਅਭਿਨੇਤਰੀ ਤਨੂਸ਼੍ਰੀ ਦੱਤਾ ਨੇ ਨਾਨਾ ਪਾਟੇਕਰ ਉਤੇ ਦੋਸ਼ ਲਾਇਆ ਕਿ ਦਸ ਸਾਲ ਪਹਿਲਾਂ ਫਿਲਮ ਦੀ ਸ਼ੂਟਿੰਗ ਦੌਰਾਨ ਉਸ ਨਾਲ ਵਾਰ-ਵਾਰ ਕਾਮੁਕ ਛੇੜਛਾੜ ਕੀਤੀ ਗਈ। ਉਸ ਨੇ ਸ਼ਿਕਾਇਤ ਵੀ ਕੀਤੀ ਸੀ, ਪਰ ਕੋਈ ਸੁਣਵਾਈ ਨਾ ਹੋਈ ਕਿਉਂਕਿ ਨਾਨਾ ਪਾਟੇਕਰ ਵੱਡਾ ਨਾਂ ਸੀ; ਸਗੋਂ ਤਨੂਸ਼੍ਰੀ ਨੂੰ ਹੀ ਕੰਮ ਮਿਲਣਾ ਬੰਦ ਹੋ ਗਿਆ ਅਤੇ ਉਹ ਅਮਰੀਕਾ ਚਲੀ ਗਈ। ਆਪਣੇ ਨਾਲ ਹੋਏ ਧੱਕੇ, ਆਪਣੇ ਕੈਰੀਅਰ ਦੀ ਮੁਢ ਵਿਚ ਹੀ ਹੋਈ ਤਬਾਹੀ ਦਾ ਰੋਹ ਉਸ ਦੇ ਅੰਦਰ ਰਿੱਝਦਾ ਰਿਹਾ ਅਤੇ ਅਮਰੀਕਾ ਵਿਚ 'ਮੀ ਟੂ' ਦੀ ਪਿਛਲੇ ਸਾਲ ਤੋਂ ਤੁਰੀ ਮੁਹਿੰਮ ਦੇ ਨਤੀਜਿਆਂ ਨੇ ਉਸ ਨੂੰ ਪ੍ਰੇਰਿਆ ਕਿ ਨਾਨਾ ਪਾਟੇਕਰ ਦੀ ਜ਼ਿਆਦਤੀ ਬਾਰੇ ਮੁੜ ਗਲ ਛੇੜੇ (ਸੋਸ਼ਲ ਮੀਡੀਆ ਉਤੇ ਅਕਤੂਬਰ 2017 ਤੋਂ ਵਾਇਰਲ ਹੋਈ 'ਮੀ ਟੂ' ਯਾਨਿ ਇੰਜ ਮੇਰੇ ਨਾਲ ਵੀ ਹੋਇਆ ਸੀ, ਮੁਹਿੰਮ ਔਰਤਾਂ ਵਲੋਂ ਇਹ ਦੱਸਣ ਦਾ ਉਪਰਾਲਾ ਸੀ ਕਿ ਕੰਮ ਕਰਨ ਵਾਲੀਆਂ ਥਾਂਵਾਂ ਉਤੇ ਕਾਮੁਕ ਹਮਲੇ ਅਤੇ ਉਨ੍ਹਾਂ ਨੂੰ ਤੰਗ ਕਰਨ ਦੇ ਉਪਰਾਲੇ ਕਿੰਨੇ ਆਮ



*ਅਭਿਨੇਤਰੀ ਤਨੂਸ਼੍ਰੀ ਦੱਤਾ*

ਹਨ। ਅਮਰੀਕੀ ਅਭਿਨੇਤਰੀ ਅਲੀਸਾ ਮਿਲਾਨੋ ਨੇ ਅਜਿਹੇ ਹਮਲਿਆਂ ਦੀਆਂ ਸ਼ਿਕਾਰ ਔਰਤਾਂ ਨੂੰ ਪ੍ਰੇਰਿਆ ਕਿ ਉਹ ਇਹੋ ਜਿਹੇ ਹਾਦਸਿਆਂ ਬਾਰੇ ਖੁੱਲ੍ਹ ਕੇ ਬੋਲਣ ਤਾਂ ਜੋ ਲੋਕਾਂ ਨੂੰ ਪਤਾ ਲੱਗੇ ਕਿ ਇਹ ਸਮੱਸਿਆ ਕਿੰਨੀ ਵੱਡੀ ਹੈ)।


ਤਨੂਸ਼੍ਰੀ ਦੇ ਹੌਸਲੇ ਤੋਂ ਪ੍ਰੇਰਤ ਹੋ ਕੇ ਟੈਲੀ-ਸੀਰੀਅਲਾਂ ਦੀ ਲੇਖਕ ਵਿੰਟਾ ਨੰਦਾ ਨੇ ਵੀ ਖੁੱਲ੍ਹ ਕੇ ਕਿਹਾ ਕਿ 90ਵਿਆਂ ਵਿਚ 'ਤਾਰਾ' ਸੀਰੀਅਲ ਦੀ ਸ਼ੂਟਿੰਗ ਦੌਰਾਨ ਅਭਿਨੇਤਾ ਆਲੋਕ ਨਾਥ ਨੇ ਉਸ ਨਾਲ ਬਲਾਤਕਾਰ ਕੀਤਾ ਸੀ। ਉਸ ਸਮੇਂ ਉਹ ਚੁੱਪ ਰਹੀ, ਪਰ 2005 ਤੱਕ ਜਦੋਂ ਉਹ ਪਕੇਰੇ ਪੈਰੀਂ ਖੜ੍ਹੀ ਹੋ ਚੁੱਕੀ ਸੀ, ਉਸ ਨੇ ਇਸ ਬਲਾਤਕਾਰ ਬਾਰੇ ਇੰਕਸ਼ਾਫ ਵੀ ਕੀਤਾ ਸੀ ਪਰ ਇਸ ਤੋਂ ਬਾਅਦ ਉਸ ਨੂੰ ਕੰਮ ਹੀ ਮਿਲਣਾ ਬੰਦ ਹੋ ਗਿਆ। ਹੁਣ 'ਮੀ ਟੂ' ਨੇ ਉਸ ਨੂੰ ਹੌਸਲਾ ਦਿਤਾ ਕਿ ਉਹ ਆਪਣੀ ਗੱਲ ਮੁੜ ਸਭ ਦੇ ਸਾਹਮਣੇ ਲਿਆਵੇ।

ਤੇ ਇਹੋ ਕਾਰਨ ਹੈ ਕਿ ਪ੍ਰਿਯਾ ਰਮਾਨੀ ਨੇ ਵੀ ਐਮ.ਜੇ. ਅਕਬਰ ਦਾ ਨਾਂ ਖੁੱਲ੍ਹ ਕੇ ਦੱਸ ਦਿਤਾ।

ਪਰ ਨਾ ਨਾਨਾ ਪਾਟੇਕਰ, ਨਾ ਹੀ ਆਲੋਕ ਨਾਥ ਅਤੇ ਨਾ ਹੀ ਐਮ.ਜੇ. ਅਕਬਰ ਇਹ ਮੰਨਣ ਨੂੰ ਤਿਆਰ ਹਨ ਕਿ ਉਨ੍ਹਾਂ ਵੱਲੋਂ ਕੋਈ ਵਧੀਕੀ ਹੋਈ ਹੈ ਸਗੋਂ ਉਨ੍ਹਾਂ ਨੇ ਇਨ੍ਹਾਂ ਔਰਤਾਂ ਉਤੇ ਮਾਨਹਾਨੀ ਦੇ ਮੁਕੱਦਮੇ ਠੋਕ ਦਿਤੇ ਹਨ। ਇਸ ਅੜੀਅਲ ਮਰਦਾਨਾ ਹਿਕਾਰਤ ਨੂੰ ਦੇਖ ਕੇ ਹੋਰ ਔਰਤਾਂ ਵੀ ਬੋਲਣ ਲੱਗ ਪਈਆਂ। ਐਮ.ਜੇ. ਅਕਬਰ ਦੇ ਕਾਰਿਆਂ/ਕਾਮੁਕ ਵਧੀਕੀਆਂ ਨਾਲ ਆਪਣੇ ਤਜਰਬੇ ਬਾਰੇ ਤਾਂ 20 ਪੱਤਰਕਾਰ ਔਰਤਾਂ ਨੇ ਮੂੰਹ ਖੋਲ੍ਹਿਆ ਹੈ, ਜਿਨ੍ਹਾਂ ਵਿਚੋਂ ਕਈਆਂ ਦੇ ਨਾਂ ਚੋਖੇ ਜਾਣੇ-ਪਛਾਣੇ ਹਨ।

ਤੇ ਮੇਰਾ 'ਸੰਵੇਦਨਸ਼ੀਲ' ਮਿੱਤਰ ਹੀ ਨਹੀਂ, ਭਾਜਪਾਈ ਮੰਤਰੀਆਂ ਤੋਂ ਲੈ ਕੇ ਸੱਥ ਵਿਚ ਬੈਠੇ ਸਾਥੀ ਕਹਿ ਰਹੇ ਹਨ ਕਿ 20 ਸਾਲ ਮਗਰੋਂ ਦੋਸ਼ ਲਾਉਣ ਦੀ ਕੀ ਤੁਕ ਹੈ? ਇਹੋ ਜਿਹੇ ਦੋਸ਼ ਲਾਉਣ ਦਾ ਤਾਂ ਫੈਸ਼ਨ ਹੋ ਗਿਆ ਹੈ। ਜੇ ਇਹ ਸੱਚ ਸੀ ਤਾਂ ਇਹ ਪਹਿਲਾਂ ਕਿਉਂ ਨਾ ਬੋਲੀਆਂ? ਇਹ ਸਸਤੀ ਸ਼ੁਹਰਤ ਖਟਣ ਦਾ ਉਪਰਾਲਾ ਹੈ।

ਐਮ.ਜੇ. ਅਕਬਰ ਨੇ ਅਸਤੀਫਾ ਤਾਂ ਦੇ ਦਿਤਾ ਹੈ ਪਰ 97 ਵਕੀਲਾਂ ਦੀ ਟੀਮ ਬਣਾ ਕੇ ਪ੍ਰਿਯਾ ਰਮਾਨੀ ਉਤੇ ਹੱਤਕ ਇੱਜਤ ਦਾ ਮੁਕੱਦਮਾ ਠੋਕ ਦਿਤਾ ਹੈ। ਇਸ ਮੁਲਕ ਦੀ ਨਿਆਂ ਪ੍ਰਣਾਲੀ ਅਜਿਹੀ ਹੈ ਕਿ ਲੰਮਾ ਸਮਾਂ ਨਾ ਸਿਰਫ ਕਚਹਿਰੀਆਂ ਵਿਚ ਖੱਜਲ ਖੁਆਰ ਹੋਣਾ ਪੈਂਦਾ ਹੈ ਸਗੋਂ ਤੁਸੀਂ ਦੀਵਾਲੀਏ ਵੀ ਹੋ ਸਕਦੇ ਹੋ। ਇਸੇ ਡਰ ਤੋਂ ਤਾਂ ਪਿਛਲੇ ਸਾਲ 'ਇਕਨੌਮਿਕ ਐਂਡ ਪੋਲਿਟਿਕਲ ਵੀਕਲੀ' ਵਰਗੇ ਸਤਿਕਾਰੇ ਖੱਬੇ-ਪੱਖੀ ਰਿਸਾਲੇ ਨੇ ਵੀ ਅਡਾਨੀ ਦੀ ਮੁਕੱਦਮਾ ਧਮਕੀ ਅਗੇ ਹਥਿਆਰ ਸੁੱਟ ਦਿਤੇ। ਕੇਂਦਰੀ ਵਿਤ ਮੰਤਰੀ ਵੱਲੋਂ ਮੁਕੱਦਮੇਬਾਜ਼ੀ ਦੇ ਇਸੇ ਡਰਾਵੇ ਕਾਰਨ ਤਾਂ ਦਿੱਲੀ ਦਾ ਮੁੱਖ ਮੰਤਰੀ ਉਸ ਉਤੇ ਲਾਏ ਦੋਸ਼ ਬਿਨਾਂ ਸ਼ਰਤ ਵਾਪਸ ਲੈਣ ਲਈ ਮਜਬੂਰ ਹੋ ਗਿਆ। ਸੋ, ਜੇ ਪ੍ਰਿਯਾ ਰਮਾਨੀ, ਅਕਬਰ ਦੀ 97 ਵਕੀਲਾਂ ਦੀ ਫੌਜ ਰਾਹੀਂ ਲੜੀ ਜਾਣ ਵਾਲੀ ਲੜਾਈ ਵਿਚ ਹਥਿਆਰ ਨਹੀਂ ਸੁੱਟ ਰਹੀ ਤਾਂ ਉਸ ਦੀ ਮਦਦ



*ਸਾਬਕਾ ਕੇਂਦਰੀ ਮੰਤਰੀ ਐਮ.ਜੇ. ਅਕਬਰ*

ਲਈ ਹਰ ਉਹ ਔਰਤ ਮੈਦਾਨ ਵਿਚ ਨਿਤਰੇਗੀ ਜਿਸ ਨੇ ਐਮ.ਜੇ. ਅਕਬਰ ਦੀਆਂ ਵਧੀਕੀਆਂ ਸਹੀਆਂ ਜਾਂ ਦੇਖੀਆਂ ਹੋਈਆਂ ਹਨ। ਤੇ ਇਹੋ ਗਲ ਫਿਲਮ ਅਤੇ ਟੈਲੀ ਜਗਤ ਨਾਲ ਜੁੜੀਆਂ ਉਨ੍ਹਾਂ ਔਰਤਾਂ ਉਤੇ ਢੁਕਦੀ ਹੈ ਜੋ ਤਨੂਸ਼੍ਰੀ ਦੱਤਾ ਅਤੇ ਵਿੰਟਾ ਨੰਦਾ ਨਾਲ ਹੋਈਆਂ ਵਧੀਕੀਆਂ ਦੀਆਂ ਗਵਾਹ ਹੋਣ ਕਾਰਨ ਉਨ੍ਹਾਂ ਦੇ ਸਮਰਥਨ ਵਿਚ ਉਤਰੀਆਂ ਹਨ।

ਇਹ ਗੱਲ ਨਹੀਂ ਕਿ ਔਰਤਾਂ ਬੋਲਦੀਆਂ ਨਹੀਂ। ਦਰਅਸਲ ਉਨ੍ਹਾਂ ਨੂੰ ਚੁੱਪ ਰਹਿਣਾ ਪੈਂਦਾ ਹੈ, ਕਿਉਂਕਿ ਕਿਤੇ ਕਿਸੇ ਸੁਣਵਾਈ ਦੀ ਆਸ ਨਹੀਂ ਹੁੰਦੀ। 14 ਸਾਲਾਂ ਦੀ ਕੁੜੀ ਨੇ ਹਰਿਆਣਾ



*ਪੱਤਰਕਾਰ ਪ੍ਰਿਯਾ ਰਮਾਨੀ*

ਦੇ ਆਈ.ਜੀ. ਪੁਲੀਸ ਰਾਠੌੜ ਦੀ ਕਾਮੁਕ ਛੇੜਛਾੜ ਖਿਲਾਫ ਬੋਲਣ ਦੀ ਹਿੰਮਤ ਕੀਤੀ ਸੀ, ਪਰ ਆਤਮ-ਹੱਤਿਆ ਕਰਨ ਲਈ ਮਜਬੂਰ ਹੋ ਗਈ। ਏਅਰ ਹੋਸਟੈਸ ਗੀਤਿਕਾ ਸ਼ਰਮਾ ਨੇ ਹਰਿਆਣੇ ਦੇ ਹੀ ਮੰਤਰੀ ਗੋਪਾਲ ਕੰਡਾ ਖਿਲਾਫ ਸ਼ਿਕਾਇਤ ਕੀਤੀ ਸੀ, ਪਰ ਤਾਕਤਵਰ ਮਰਦ ਸਾਹਮਣੇ ਸਾਧਾਰਨ ਔਰਤ ਦੀ ਔਕਾਤ ਹੀ ਕੀ ਹੈ! ਉਸ ਨੂੰ ਇੰਨਾ ਤੰਗ ਕੀਤਾ ਗਿਆ ਕਿ ਸਿਰਫ ਉਹ ਆਪ ਹੀ ਨਹੀਂ, ਉਸ ਦੀ ਮਾਂ ਵੀ ਖੁਦਕੁਸ਼ੀ ਕਰਨ ਵਲ ਧੱਕੀਆਂ ਗਈਆਂ। ਹਰ ਔਰਤ ਰੂਪਨ ਦਿਓਲ ਬਜਾਜ ਵਾਲਾ ਰੁਤਬਾ ਜਾਂ ਜੇਰਾ ਨਹੀਂ ਰੱਖਦੀ ਕਿ ਉਹ ਸਾਲਾਂ ਦਰ ਸਾਲ ਕੇ.ਪੀ.ਐਸ. ਗਿੱਲ ਵਰਗਿਆਂ ਨਾਲ ਸਿੱਝਦੀ ਰਹੇ।

ਵੀਹ ਸਾਲ ਪਹਿਲਾਂ ਦਫਤਰੀ ਮਾਹੌਲ ਵਿਚ ਕਾਮੁਕ ਫਤਵਿਆਂ ਜਾਂ ਤੰਗ ਕਰਨ ਦੇ ਮਾਮਲਿਆਂ ਬਾਰੇ ਵਿਸ਼ਾਖਾ ਕਮੇਟੀ ਦੇ ਦਿਸ਼ਾ ਨਿਰਦੇਸ਼ ਨਹੀਂ ਸਨ ਹੁੰਦੇ। ਇਸ ਲਈ ਮਰਦਾਂ ਦੀ ਤਾਂ ਗੱਲ ਛੱਡੋ, ਔਰਤਾਂ ਨੂੰ ਵੀ ਪਤਾ ਨਹੀਂ ਸੀ, ਕਿਹੜੀ ਸੀਮਾ ਉਲੰਘੇ ਜਾਣ ਉਤੇ ਉਹ ਹੱਕੀ ਤੌਰ ਉਤੇ ਆਪਣੇ ਨਾਲ ਹੋਈ ਵਧੀਕੀ ਬਾਰੇ ਸ਼ਿਕਾਇਤ ਦਰਜ ਕਰਾ ਸਕਦੀਆਂ ਹਨ। ਕੰਮ ਦੀ ਥਾਂ ਉਤੇ ਔਰਤਾਂ ਨਾਲ ਵਿਹਾਰ ਬਾਰੇ ਐਕਟ ਤਾਂ ਅਜੇ ਪੰਜ ਸਾਲ ਪਹਿਲਾਂ ਹੀ 2013 ਵਿਚ ਮਨਜ਼ੂਰ ਹੋਇਆ ਹੈ, ਜਿਸ ਮੁਤਾਬਕ ਹਰ ਮਾਲਕ ਲਈ 10 ਮੈਂਬਰੀ ਕਮੇਟੀ ਬਣਾਉਣਾ ਜ਼ਰੂਰੀ ਹੈ ਜੋ ਗਲਤ ਵਿਹਾਰ ਦੀ ਸ਼ਿਕਾਇਤ ਬਾਰੇ ਪੜਤਾਲ ਕਰ ਸਕੇ। ਇਹ ਕਮੇਟੀਆਂ ਬਹੁਤੇ ਥਾਂਈਂ ਅਜੇ ਕਾਗਜ਼ੀ ਹੀ ਹਨ; ਪਰ ਘਟੋ-ਘਟ ਇਨ੍ਹਾਂ ਦਾ ਸਪਸ਼ਟ ਖਾਕਾ ਤਾਂ ਮੌਜੂਦ ਹੈ।


ਵੀਹ ਸਾਲ ਪਹਿਲਾਂ ਔਰਤਾਂ ਬੋਲਦੀਆਂ ਨਹੀਂ ਸਨ, ਕਿਉਂਕਿ ਉਹ ਨਿਹਾਇਤ ਕਮਜ਼ੋਰ ਧਿਰ ਸਨ। ਹੁਣ ਇਨ੍ਹਾਂ ਕਾਨੂੰਨੀ ਤਬਦੀਲੀਆਂ ਨੇ ਹੀ ਨਹੀਂ, ਉਨ੍ਹਾਂ ਦੀ ਸਮੂਹਕ ਤੌਰ ਉਤੇ ਉਠੀ ਆਵਾਜ਼ ਨੇ ਵੀ ਉਨ੍ਹਾਂ ਨੂੰ ਇਹ ਤਾਕਤ ਦਿਤੀ ਹੈ ਕਿ ਉਹ ਨਾ ਸਿਰਫ ਅਜਿਹੀਆਂ ਵਧੀਕੀਆਂ ਨੂੰ ਨਸ਼ਰ ਕਰਨ, ਉਨ੍ਹਾਂ ਨੂੰ ਥਾਂਏਂ ਨੱਪਣ ਦੀ ਹਿੰਮਤ ਵੀ ਕਰ ਸਕਣ। ਅਜ ਵੱਡੇ ਸ਼ਹਿਰਾਂ ਦੇ ਦਫਤਰੀ ਮਾਹੌਲ ਵਿਚ ਵਿਚਰ ਰਹੀਆਂ ਔਰਤਾਂ ਵਿਚ ਜਾਗ੍ਰਿਤੀ ਆਈ ਹੈ, ਕੱਲ੍ਹ ਇਸ ਦਾ ਛੋਟੇ ਸ਼ਹਿਰਾਂ ਅਤੇ ਪਿੰਡਾਂ ਤਕ ਪਹੁੰਚਣਾ ਵੀ ਲਾਜ਼ਮੀ ਹੈ। ਇਹ ਤਾਂ ਮੇਰੇ 'ਸੰਵੇਦਨਸ਼ੀਲ' ਦੋਸਤਾਂ ਨੂੰ ਵੀ ਪਤਾ ਹੀ ਹੋਵੇਗਾ ਕਿ ਗੋਹਾ-ਕੂੜਾ ਕਰਨ ਆਈ ਹੋਵੇ, ਜਾਂ ਭਾਂਡੇ-ਪੋਚਾ ਕਰਨ, ਕਿਸੇ ਦੇ ਘਰ ਕੰਮ ਕਰਨ ਆਈ ਔਰਤ ਕਿੰਨੀ ਕੁ ਸੁਰੱਖਿਅਤ ਹੁੰਦੀ ਹੈ; ਜਾਂ ਉਸ ਨਾਲ ਹੋ ਰਹੇ ਕਾਮੁਕ ਤਜਰਬਿਆਂ ਵਿਚ ਕਿੰਨੀ ਕੁ ਉਸ ਦੀ ਸਹਿਮਤੀ ਸ਼ਾਮਲ ਹੁੰਦੀ ਹੈ, ਤੇ ਕਿਸ ਹੱਦ ਤੱਕ ਮਜਬੂਰੀ।

ਖਦਸ਼ਾ ਇਹ ਵੀ ਜਾਹਰ ਕੀਤਾ ਜਾ ਰਿਹਾ ਹੈ ਕਿ ਕਈ ਔਰਤਾਂ ਸਿਰਫ ਕਿੜ ਕੱਢਣ ਲਈ ਵੀ ਦੋਸ਼ ਲਾ ਸਕਦੀਆਂ ਹਨ, ਇਹੋ ਜਿਹੀਆਂ ਗੱਲਾਂ ਨੂੰ ਬਹੁਤੀ ਹਵਾ ਨਹੀਂ ਦੇਣੀ ਚਾਹੀਦੀ ਪਰ ਇਹੋ ਗੱਲ ਤਾਂ ਬਲਾਤਕਾਰ ਦੇ ਦੋਸ਼ 'ਤੇ ਵੀ ਲਾਗੂ ਹੁੰਦੀ ਹੈ, ਕੋਈ ਵਿਰਲੀ ਟਾਵੀਂ ਇਸ ਦੋਸ਼ ਨੂੰ ਵੀ ਵਰਤ ਲੈਂਦੀ ਹੈ। ਇਸ ਦਾ ਇਹ ਮਤਲਬ ਤਾਂ ਨਹੀਂ ਕਿ ਬਲਾਤਕਾਰ ਦੇ ਜੁਰਮ ਬਾਰੇ ਕਾਨੂੰਨ ਨਾ ਹੋਣ ਜਾਂ ਉਨ੍ਹਾਂ ਨੂੰ ਹਵਾ ਨਾ ਦਿਤੀ ਜਾਵੇ। ਕਦੇ ਕਦੇ ਕੁਝ ਕਸਬੀ ਕਿਸਮ ਦੇ ਦਲਿਤ, ਸਿਆਸੀ ਜਾਂ ਆਰਥਿਕ ਬਲੈਕਮੇਲ ਲਈ ਬੇਦੋਸ਼ੇ ਸਵਰਨਾਂ ਨੂੰ ਵੀ ਘੇਰ ਲੈਂਦੇ ਹਨ, ਪਰ ਇਸ ਤੋਂ ਇਹ ਨਤੀਜਾ ਤਾਂ ਨਹੀਂ ਕੱਢਿਆ ਜਾ ਸਕਦਾ ਕਿ ਦਲਿਤਾਂ ਨਾਲ ਸਦੀਆਂ ਤੋਂ ਹੁੰਦੀਆਂ ਆਈਆਂ ਅਤੇ ਅਜੇ ਵੀ ਹੋ ਰਹੀਆਂ ਵਧੀਕੀਆਂ ਨੂੰ ਠੱਲ੍ਹ ਪਾਉਣ ਵਾਲੇ ਕਾਨੂੰਨ ਹੀ ਖਾਰਜ ਕਰ ਦਿਤੇ ਜਾਣ। ਦਾਜ ਵਿਰੋਧੀ ਕਾਨੂੰਨ ਹੋਵੇ, ਜਾਂ ਔਰਤਾਂ ਨਾਲ ਦੁਰਵਿਹਾਰ ਵਿਰੋਧੀ; ਹਰ ਕਾਨੂੰਨ ਦੀ ਦੁਰਵਰਤੋਂ ਦੀਆਂ ਇਕਾ ਦੁਕਾ ਮਿਸਾਲਾਂ ਮਿਲਦੀਆਂ ਰਹਿਣਗੀਆਂ ਪਰ ਇਹ ਕਾਨੂੰਨ ਇਸ ਲਈ ਜ਼ਰੂਰੀ ਹਨ, ਕਿਉਂਕਿ ਇਹ ਅਲਾਮਤਾਂ ਸਾਡੇ ਸਮਾਜ ਵਿਚ ਇੰਨੀਆਂ ਫੈਲੀਆਂ ਹੋਈਆਂ ਹਨ, ਜਿਨ੍ਹਾਂ ਨਾਲ ਸਿੱਝਣ ਲਈ ਕਾਨੂੰਨ ਹੋਣੇ ਨਿਹਾਇਤ ਜ਼ਰੂਰੀ ਹਨ।

ਨਹੀਂ ਤਾਂ ਔਰਤਾਂ ਬੋਲਣਗੀਆਂ ਕਿਵੇਂ? ਮਰਦ ਤਾਂ ਉਦੋਂ ਵੀ ਬੋਲਣਾ ਬੰਦ ਨਹੀਂ ਕਰਦੇ ਜਦੋਂ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਉਨ੍ਹਾਂ ਦੇ ਹੱਥ ਪੱਲੇ ਕੋਈ ਦਲੀਲ ਨਹੀਂ, ਸਿਰਫ ਮਰਦ ਸੱਤਾ ਪ੍ਰਧਾਨ ਸਮਾਜ ਵੱਲੋਂ ਬਖਸ਼ੀ ਤਾਕਤ ਅਤੇ ਮਾਨਸਿਕਤਾ ਹੁੰਦੀ ਹੈ। ਮੈਂ ਗੱਲ ਐਮ.ਜੇ. ਅਕਬਰ, ਆਲੋਕ ਨਾਥ ਜਾਂ ਨਾਨਾ ਪਾਟੇਕਰ ਦੀ ਨਹੀਂ ਕਰ ਰਿਹਾ; ਤੁਹਾਡੇ ਤੇ ਮੇਰੇ ਵਰਗਿਆਂ ਦੀ ਵੀ ਕਰ ਰਿਹਾ ਹਾਂ।

# ਕੈਪਟਨ ਸਰਕਾਰ ਦਾ ਮੰਤਰੀ ਵੀ 'ਮੀ ਟੂ' ਦੇ ਲਪੇਟੇ 'ਚ ਆਇਆ

**ਚੰਡੀਗੜ੍ਹ:** ਪੰਜਾਬ ਦੇ ਇਕ ਮੰਤਰੀ ਵੱਲੋਂ ਅੱਧੀ ਰਾਤ ਸਮੇਂ ਮਹਿਲਾ ਆਈ.ਏ.ਐਸ. ਅਫਸਰ ਨੂੰ ਵਟਸਐਪ ਰਾਹੀਂ ਭੇਜੇ ਸ਼ੇਅਰ ਮਹਿੰਗੇ ਪੈਣ ਲੱਗੇ ਹਨ। ਇਹ ਘਟਨਾ ਵਾਪਰੇ ਨੂੰ ਭਾਵੇਂ ਕਾਫੀ ਸਮਾਂ ਹੋ ਗਿਆ ਹੈ, ਪਰ ਕੌਮੀ ਪੱਧਰ ਉਤੇ 'ਮੀ ਟੂ' ਮੁਹਿੰਮ ਤਹਿਤ ਔਰਤਾਂ ਵੱਲੋਂ ਆਪਣੇ ਨਾਲ ਵਾਪਰੀਆਂ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ




ਤੋਂ ਪਰਦਾ ਚੁੱਕੇ ਜਾਣ ਨਾਲ ਮੰਤਰੀ ਦੀ ਕੁਰਸੀ ਖਤਰੇ ਵਿਚ ਜਾਪਦੀ ਹੈ। ਇਸ ਘਟਨਾ ਨਾਲ ਕਾਂਗਰਸ ਦੀ ਅੰਦਰੂਨੀ ਖਾਨਾਜੰਗੀ ਵੀ ਸਾਹਮਣੇ ਆ ਗਈ ਹੈ।

ਮੰਤਰੀ ਵੱਲੋਂ ਮਹਿਲਾ ਅਧਿਕਾਰੀ ਨੂੰ ਅੱਧੀ ਰਾਤ ਸਮੇਂ ਸ਼ੇਅਰ ਭੇਜੇ ਗਏ ਤੇ ਮਹਿਲਾ ਨੇ ਤੁਰਤ ਮੋੜਵਾਂ ਜਵਾਬ ਦਿੰਦਿਆਂ ਕਿਹਾ, ''ਮੈਨੂੰ ਇਸ ਤਰ੍ਹਾਂ ਦੇ ਸੰਦੇਸ਼ ਨਾ ਭੇਜੇ ਜਾਣ ਕਿਉਂਕਿ ਮੈਂ ਅਸਹਿਜ ਮਹਿਸੂਸ ਕਰਦੀ ਹਾਂ।'' ਇਸ ਤੋਂ ਬਾਅਦ ਮੰਤਰੀ ਚੁੱਪ ਹੋ ਗਿਆ ਤੇ ਅੱਗੋਂ ਕੋਈ ਹੋਰ ਸੰਦੇਸ਼ ਨਹੀਂ ਭੇਜਿਆ। ਇਸ ਮਹਿਲਾ ਅਧਿਕਾਰੀ ਨੇ ਆਪਣੇ ਸਾਥੀ ਅਧਿਕਾਰੀਆਂ ਨਾਲ ਘਟਨਾ ਸਾਂਝੀ ਕਰਦਿਆਂ ਕਿਹਾ ਕਿ ਜਦੋਂ ਕੋਈ ਵਿਅਕਤੀ ਜਿਸ ਨੂੰ ਤੁਸੀਂ ਜਾਣਦੇ ਨਹੀਂ ਤੇ ਨਾ ਹੀ ਕੋਈ ਦੋਸਤੀ ਤੇ ਰਿਸ਼ਤਾ ਹੈ, ਇਸ ਤਰ੍ਹਾਂ ਦਾ ਸੰਦੇਸ਼ ਕਿਸੇ ਔਰਤ ਨੂੰ ਭੇਜੇਗਾ ਤਾਂ ਸੁਭਾਵਿਕ ਤੌਰ 'ਤੇ ਬੁਰਾ ਲੱਗਦਾ ਹੈ, ਜੋ ਮੈਨੂੰ ਵੀ ਲੱਗਿਆ। ਮਗਰੋਂ ਇਸ ਮਹਿਲਾ ਅਧਿਕਾਰੀ ਨੇ ਸਾਰਾ ਮਾਮਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਧਿਆਨ 'ਚ ਲਿਆਂਦਾ। ਇਥੇ ਅਹਿਮ ਗੱਲ ਇਹ ਹੈ ਕਿ ਮੁੱਖ ਮੰਤਰੀ ਨੇ ਮਾਮਲਾ ਧਿਆਨ ਵਿਚ ਆਉਣ ਤੋਂ ਬਾਅਦ ਵੀ ਕੁਝ ਨਹੀਂ ਕੀਤਾ। ਸੀਨੀਅਰ ਅਧਿਕਾਰੀਆਂ ਨੇ ਇੰਨਾ ਜ਼ਰੂਰ ਕਿਹਾ ਕਿ ਕਿਸੇ ਮਹਿਲਾ ਨੂੰ ਅੱਧੀ ਰਾਤ ਸਮੇਂ ਸੰਦੇਸ਼ ਭੇਜਣਾ ਜਾਂ ਫੋਨ ਕਰਨਾ ਚੰਗੀ ਗੱਲ ਨਹੀਂ।

ਪ੍ਰਸ਼ਾਸਕੀ ਹਲਕਿਆਂ ਵਿਚ ਮੰਤਰੀ ਬਨਾਮ ਆਈ.ਏ.ਐਸ. ਅਫਸਰ ਦਾ ਇਹ ਮਾਮਲਾ ਚਰਚਾ ਦਾ ਵਿਸ਼ਾ ਹੈ। ਇਕ ਸੀਨੀਅਰ ਆਈ.ਏ.ਐਸ. ਅਧਿਕਾਰੀ ਨੇ ਦੱਸਿਆ ਕਿ ਇਸ ਮੰਤਰੀ ਦੇ ਵਿਧਾਨ ਸਭਾ ਹਲਕੇ ਨਾਲ ਹੀ ਸਬੰਧਤ ਮਹਿਲਾ ਮੁਲਾਜ਼ਮ ਨੇ ਕੁਝ ਸਾਲ ਪਹਿਲਾਂ ਮੰਤਰੀ ਨੂੰ ਹਲਕੇ ਤੋਂ ਬਾਹਰ ਤਬਦੀਲ ਕਰਨ ਦੀ ਮੰਗ ਕੀਤੀ ਸੀ। ਕਿਉਂਕਿ ਉਸ ਮਹਿਲਾ ਮੁਲਾਜ਼ਮ ਅਨੁਸਾਰ ਉਹ ਮੰਤਰੀ ਦੀਆਂ ਕੁਝ ਹਰਕਤਾਂ ਤੋਂ ਪਰੇਸ਼ਾਨ ਸੀ। ਇਨ੍ਹਾਂ ਘਟਨਾਵਾਂ ਤੋਂ ਇਹ ਪ੍ਰਭਾਵ ਜਾਂਦਾ ਹੈ ਕਿ ਇਹ ਮੰਤਰੀ ਰੰਗੀਨ ਮਿਜ਼ਾਜ ਹੈ। ਹਾਕਮ ਪਾਰਟੀ ਦੇ ਸੂਤਰਾਂ ਦਾ ਦੱਸਣਾ ਹੈ ਕਿ ਕਾਂਗਰਸ ਦੇ ਇਕ ਧੜੇ ਵੱਲੋਂ ਇਸ ਮਾਮਲੇ 'ਤੇ ਮੰਤਰੀ ਨੂੰ ਘੇਰਿਆ ਜਾ ਰਿਹਾ ਹੈ। ਪੰਜਾਬ ਸਰਕਾਰ ਵਿਚ ਇਹ ਮੰਨਿਆ ਜਾਂਦਾ ਹੈ ਕਿ ਵਿਵਾਦਾਂ ਵਿਚ ਘਿਰਿਆ ਮੰਤਰੀ ਅਕਸਰ ਮੁੱਖ ਮੰਤਰੀ ਦੀਆਂ ਅੱਖਾਂ ਵਿਚ ਰੜਕਦਾ ਹੈ ਤੇ ਇਕ ਵਾਰੀ ਤਾਂ ਬਹੁਗਿਣਤੀ ਮੰਤਰੀਆਂ ਨੇ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਵੀ ਇਸ ਮੰਤਰੀ ਦੇ ਵਿਹਾਰ ਦੀ ਆਲੋਚਨਾ ਕੀਤੀ ਸੀ।

ਉਂਜ ਇਹ ਮੰਤਰੀ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦਾ ਕਰੀਬੀ ਮੰਨਿਆ ਜਾਂਦਾ ਹੈ ਤੇ ਸ੍ਰੀ ਗਾਂਧੀ ਨੇ ਜ਼ੋਰ ਦੇ ਕੇ ਮੰਤਰੀ ਨੂੰ ਕੁਰਸੀ ਦਿਵਾਈ ਸੀ। ਸੂਤਰਾਂ ਦਾ ਦੱਸਣਾ ਹੈ ਕਿ ਇਹ ਮਹਿਲਾ ਅਧਿਕਾਰੀ ਜਦੋਂ ਮੰਤਰੀ ਦੇ ਇਲਾਕੇ ਵਿਚ ਤਾਇਨਾਤ ਸੀ ਤਾਂ ਉਦੋਂ ਵੀ ਇਸ ਮੰਤਰੀ (ਉਦੋਂ ਵਿਧਾਇਕ ਸੀ) ਦੀਆਂ ਹਰਕਤਾਂ ਇਸ ਮਹਿਲਾ ਲਈ ਬਰਦਾਸ਼ਤ ਤੋਂ ਬਾਹਰ ਸਨ। ਕਾਂਗਰਸ ਦੇ ਇਕ ਸੀਨੀਅਰ ਆਗੂ ਦਾ ਕਹਿਣਾ ਹੈ ਕਿ ਮਹਿਲਾ ਅਧਿਕਾਰੀ ਨਾਲ ਇਹ ਹਰਕਤ ਮੰਤਰੀ ਦੀ ਕੁਰਸੀ ਲਈ ਖਤਰਾ ਬਣ ਗਈ ਹੈ। ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨੇ ਮੰਤਰੀ ਖਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ।

## ਖਹਿਰਾ ਨੇ ਮਹਿਲਾਵਾਂ ਦੀ ਸੁਰੱਖਿਆ 'ਤੇ ਚੁੱਕੇ ਸਵਾਲ

ਚੰਡੀਗੜ੍ਹ: ਆਮ ਆਦਮੀ ਪਾਰਟੀ ਦੇ ਵਿਧਾਇਕ ਸੁਖਪਾਲ ਖਹਿਰਾ ਨੇ ਕਿਹਾ ਕਿ ਜੇ ਪੰਜਾਬ ਵਿਚ ਆਈ.ਏ.ਐਸ. ਅਧਿਕਾਰੀ ਮਹਿਫ਼ੂਜ਼ ਨਹੀਂ ਹੈ ਤਾਂ ਆਮ ਔਰਤਾਂ ਦੀ ਸੁਰੱਖਿਆ ਕਿਵੇਂ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦਾ ਕੰਮ ਦੋਸ਼ੀਆਂ ਨੂੰ ਸਜ਼ਾ ਦਿਵਾਉਣਾ ਹੁੰਦਾ ਹੈ ਨਾ ਕਿ ਸਮਝੌਤਾ ਕਰਵਾ ਕੇ ਮਾਮਲਾ ਠੰਢੇ ਬਸਤੇ ਪਾਉਣਾ। ਮੁੱਖ ਮੰਤਰੀ ਨੂੰ ਆਪਣੇ ਮੰਤਰੀ ਨੂੰ ਬਚਾਉਣਾ ਨਹੀਂ, ਬਲਕਿ ਉਨ੍ਹਾਂ 'ਤੇ ਕਾਰਵਾਈ ਕਰਨੀ ਚਾਹੀਦੀ ਹੈ।

## ਫੋਨ ਮੈਸੇਜ ਜਿਨਸੀ ਸ਼ੋਸ਼ਣ ਨਹੀਂ: ਆਸ਼ਾ ਕੁਮਾਰੀ

**ਚੰਡੀਗੜ੍ਹ:** ਕਾਂਗਰਸ ਦੀ ਸੀਨੀਅਰ ਆਗੂ ਆਸ਼ਾ ਕੁਮਾਰੀ ਨੇ ਪੰਜਾਬ ਦੇ ਤਕਨੀਕੀ ਸਿੱਖਿਆ ਵਿਭਾਗ ਦੇ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਮਹਿਲਾ ਆਈ.ਏ.ਐਸ. ਅਧਿਕਾਰੀ ਨੂੰ 'ਵਟਸ ਐਪ' ਰਾਹੀਂ ਭੇਜੇ ਮੈਸੇਜ ਨੂੰ ਮਾਮੂਲੀ ਮਾਮਲਾ ਕਰਾਰ ਦਿੰਦਿਆਂ ਟਾਲਣ ਦਾ ਯਤਨ ਕੀਤਾ ਹੈ। ਕਾਂਗਰਸ ਵੱਲੋਂ ਸੀ.ਬੀ.ਆਈ. ਦਫਤਰ ਮੂਹਰੇ ਦਿੱਤੇ ਧਰਨੇ ਦੌਰਾਨ ਸ੍ਰੀਮਤੀ ਆਸ਼ਾ ਕੁਮਾਰੀ ਨੂੰ ਜਦੋਂ ਮੰਤਰੀ ਦੇ ਵਿਵਹਾਰ ਸਬੰਧੀ ਸਵਾਲ ਕੀਤਾ ਤਾਂ ਉਨ੍ਹਾਂ ਕਿਹਾ ਕਿ ਮੋਬਾਈਲ ਫੋਨ ਰਾਹੀਂ ਭੇਜੇ ਸੰਦੇਸ਼ ਨੂੰ 'ਜਿਨਸੀ ਸ਼ੋਸ਼ਣ' ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਕਿਹਾ ਕਿ ਸੰਦੇਸ਼ ਭੇਜਣਾ ਕਿਸੇ ਨੂੰ ਬੁਰਾ ਲੱਗ ਸਕਦਾ ਹੈ ਤੇ ਕਿਸੇ ਨੂੰ ਨਹੀਂ ਵੀ।

ਪੰਜਾਬ ਟਾਈਮਜ਼

*ਸਨਿਚਰਵਾਰ, 3 ਨਵੰਬਰ 2018*

# ਅਕਾਲੀ ਦਲ ਸੁਧਾਰ ਲਹਿਰ

ਪਹਿਲੀ ਜੂਨ ਤੋਂ ਚੱਲ ਰਹੇ ਬਰਗਾੜੀ ਇਨਸਾਫ ਮੋਰਚੇ ਅਤੇ ਪੰਜਾਬ ਦੇ ਸਿਆਸੀ ਪਿੜ ਵਿਚ ਆਏ ਮੋੜ ਨੇ ਸ਼੍ਰੋਮਣੀ ਅਕਾਲੀ ਵਿਚ ਸੁਧਾਰ ਦੀ ਗੁੰਜਾਇਸ਼ ਵਧਾ ਦਿੱਤੀ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਭਾਵੇਂ ਆਪਣੇ ਅਸਤੀਫੇ ਵਾਲਾ ਪੱਤਾ ਖੇਡਣ ਦੀ ਕੋਸ਼ਿਸ਼ ਕੀਤੀ ਹੈ ਪਰ ਇਸ ਨਾਲ ਉਨ੍ਹਾਂ ਦੇ ਬਚਾਓ ਦਾ ਫਿਲਹਾਲ ਕੋਈ ਖਾਸ ਸਬੱਬ ਬਣ ਨਹੀਂ ਸਕਿਆ ਹੈ। ਇਸ ਦਾ ਵੱਡਾ ਕਾਰਨ ਸ਼ਾਇਦ ਇਹੀ ਹੈ ਕਿ ਜਿਹੜੇ ਸੀਨੀਅਰ ਆਗੂਆਂ ਨੇ ਪਿਛਲੇ ਸਮੇਂ ਦੌਰਾਨ ਬਗਾਵਤ ਦਾ ਝੰਡਾ ਬੁਲੰਦ ਕੀਤਾ ਹੈ, ਉਹ ਫਿਲਹਾਲ ਆਪਣੇ ਪੈਂਡੜੇ ਉਤੇ ਕਾਇਮ ਹਨ ਸਗੋਂ ਸੁਖਬੀਰ ਬਾਦਲ ਦੇ ਅਸਤੀਫੇ ਦਾ ਉਨ੍ਹਾਂ ਬੜੇ ਤਿੱਖੇ ਬਿਆਨਾਂ ਨਾਲ ਸਵਾਗਤ ਕੀਤਾ ਹੈ। ਉਂਜ, ਇਕ ਨੁਕਤੇ ਤੋਂ ਵਿਚਾਰਿਆਂ ਬਾਗੀ ਆਗੂ ਪਹਿਲੇ ਗੇੜ ਦੀ ਬਾਜ਼ੀ ਜਿੱਤਣ ਤੋਂ ਬਾਅਦ ਅਜੇ ਪਛੜ ਰਹੇ ਹਨ। ਇਕ ਤਾਂ ਉਨ੍ਹਾਂ ਨੇ ਸਿਹਤ ਦਾ ਬਹਾਨਾ ਲਾ ਕੇ ਪਿਛਾਂਹ ਮੁੜਨ ਦੀ ਗੁੰਜਾਇਸ਼ ਰੱਖੀ ਹੋਈ ਹੈ; ਦੂਜੇ, ਜਿਸ ਤਰ੍ਹਾਂ ਸੁਖਬੀਰ ਬਾਦਲ ਅਤੇ ਉਸ ਦੇ ਜੋਟੀਦਾਰ ਵੱਖ-ਵੱਖ ਲੀਡਰਾਂ ਨੂੰ ਨਾਲ ਤੋਰਨ ਲਈ ਸੰਪਰਕ ਸਾਧ ਰਹੇ ਹਨ, ਉਸ ਤਰ੍ਹਾਂ ਦੀ ਸੁਰ ਬਾਗੀ ਲੀਡਰਾਂ ਨੇ ਅਖਤਿਆਰ ਨਹੀਂ ਕੀਤੀ। ਸੂਹ ਹੈ ਕਿ ਮਾਝੇ ਦੇ ਇਕਾ-ਦੁਕਾ ਆਗੂਆਂ ਨੇ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਰੰਗ ਤਾਂ ਦਿਖਾਇਆ ਪਰ ਇਸ ਦੀ ਸ਼ਿੱਦਤ ਬਗਾਵਤ ਵਾਲੀ ਨਹੀਂ ਸੀ। ਜੇ ਕਿਤੇ ਅਜਿਹਾ ਸੰਭਵ ਹੋ ਜਾਂਦਾ ਹੈ ਤਾਂ ਸੁਖਬੀਰ ਬਾਦਲ ਨੂੰ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਆਪਣੀ ਪ੍ਰਧਾਨਗੀ ਉਤੇ ਮੋਹਰ ਲੁਆਉਣੀ ਰਤਾ ਕੁ ਮੁਸ਼ਕਿਲ ਹੋ ਜਾਣੀ ਸੀ। ਸਿਆਸਤ ਵਿਚ ਵਿਚਰਦੇ ਕਿਸੇ ਵੀ ਆਗੂ ਨੂੰ ਇੰਨਾ ਕੁ ਅਹਿਸਾਸ ਤਾਂ ਹੋਣਾ ਹੀ ਚਾਹੀਦਾ ਹੈ ਕਿ ਸੁਖਬੀਰ ਬਾਦਲ ਦੇ ਜੋਟੀਦਾਰਾਂ ਨੇ ਜਿਸ ਢੰਗ ਨਾਲ ਪਾਰਟੀ ਅਤੇ ਹੋਰ ਸਿੱਖ ਸੰਸਥਾਵਾਂ ਉਤੇ ਕਬਜ਼ਾ ਕੀਤਾ ਹੋਇਆ ਹੈ, ਇਸ ਕਬਜ਼ੇ ਨੂੰ ਤੋੜਨ ਲਈ ਉਸ ਤੋਂ ਕਿਤੇ ਵਡੇਰੀ ਰਣਨੀਤੀ ਦੀ ਲੋੜ ਹੈ।

ਉਂਜ, ਇਹ ਕਬਜ਼ਾ ਤੋੜਨ ਦੀ ਰਣਨੀਤੀ ਦੇ ਮਾਮਲੇ ਵਿਚ ਬਰਗਾੜੀ ਇਨਸਾਫ ਮੋਰਚੇ ਵਾਲੇ ਵੀ ਪਹਿਲਾ ਗੇੜ ਜਿੱਤਣ ਦੇ ਬਾਵਜੂਦ ਮਾਰ ਖਾ ਗਏ ਜਾਪਦੇ ਹਨ। ਕਿਤੇ ਕੋਈ ਕਨਸੋਅ ਨਹੀਂ ਮਿਲੀ ਕਿ ਇਨਸਾਫ ਮੋਰਚੇ ਵਾਲੇ ਬਾਗੀ ਲੀਡਰਾਂ ਨਾਲ ਕਿਤੇ ਸੰਪਰਕ ਸਾਧ ਰਹੇ ਹਨ, ਕਿਉਂਕਿ ਇਸ ਵੇਲੇ ਮੁੱਖ ਮੁੱਦਾ ਬਾਦਲਾਂ ਦੇ ਉਖੜੇ ਪੈਰਾਂ ਨੂੰ ਹੋਰ ਉਖਾੜਨ ਦਾ ਸੀ। ਮੋਰਚੇ ਵਾਲੇ ਵਾਰ ਵਾਰ ਇਹੀ ਆਖ ਰਹੇ ਹਨ ਕਿ ਮੋਰਚੇ ਦਾ ਰੁਖ ਧਾਰਮਿਕ ਹੀ ਰੱਖਿਆ ਜਾਵੇਗਾ। ਵੱਡਾ ਸਵਾਲ ਹੁਣ ਇਹੀ ਹੈ ਕਿ ਸਿਆਸੀ ਚੋਟ ਤੋਂ ਬਗੈਰ ਬਾਦਲਾਂ ਨੂੰ ਸਿਆਸੀ ਸੀਨ ਤੋਂ ਲਾਂਭੇ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ? ਇਹੀ ਅਸਲ ਵਿਚ ਇਨਸਾਫ ਮੋਰਚੇ ਦੀਆਂ ਸੀਮਾਵਾਂ ਹਨ। ਪੰਜਾਬ ਵਿਚ ਪਹਿਲਾਂ ਵੀ ਇਕ ਤੋਂ ਵੱਧ ਵਾਰ ਅਜਿਹੇ ਮੌਕੇ ਆਏ ਹਨ ਜਦੋਂ ਲੋਕ ਬੇਅਦਬੀ ਵਰਗੀਆਂ ਵਧੀਕੀਆਂ ਖਿਲਾਫ ਆਪ-ਮੁਹਾਰੇ ਉਠਦੇ ਰਹੇ ਪਰ ਹਰ ਵਾਰ ਹੀ ਇਸ ਰੋਹ ਨੂੰ ਸਿਆਸਤ ਵਿਚ ਪਲਟਾਉਣ ਵਾਲਾ ਪ੍ਰਾਜੈਕਟ ਸਿਰੇ ਨਹੀਂ ਚੜ੍ਹ ਸਕਿਆ। ਇਹੀ ਕਾਰਨ ਹੈ ਕਿ ਇੰਨੇ ਵੱਡੇ ਹੁੰਗਾਰੇ ਦੇ ਬਾਵਜੂਦ ਬਰਗਾੜੀ ਇਨਸਾਫ ਮੋਰਚੇ ਵਿਚੋਂ ਅਜੇ ਤਕ ਪੰਜਾਬ ਅੰਦਰ ਨਵੀਂ ਸਿਆਸਤ ਦੀ ਪੈੜਚਾਲ ਕਿਤੇ ਸੁਣਾਈ ਨਹੀਂ ਦੇ ਰਹੀ, ਜਾਂ ਇਸ ਦੀ ਚਾਲ/ਸੁਰ ਬੇਹੱਦ ਧੀਮੀ ਹੈ। ਕਈ ਸਿਆਸੀ ਵਿਸ਼ਲੇਸ਼ਕਾਂ ਨੇ ਇਸ ਨੂੰ ਤੀਜੇ ਮੋਰਚੇ ਦੀ ਪੈੜਚਾਲ ਵੀ ਆਖਿਆ ਹੈ ਅਤੇ ਦਾਅਵਾ ਕੀਤਾ ਹੈ ਕਿ ਸੰਗਤ ਦਾ ਇਹ ਉਭਾਰ ਪੰਜਾਬ ਦੀ ਸਿਆਸਤ ਵਿਚ ਵੱਡਾ ਵੱਢ ਮਾਰਨ ਦੀ ਤਾਕਤ ਰੱਖਦਾ ਹੈ। ਉਨ੍ਹਾਂ ਦੀ ਪੇਸ਼ੀਨਗੋਈ ਹੈ ਕਿ ਇਸ ਉਭਾਰ ਵਿਚੋਂ ਕਿਸੇ ਦਮਦਾਰ ਲੀਡਰ ਦੇ ਉਭਰ ਆਉਣ ਦੀ ਪੂਰੀ ਸੰਭਾਵਨਾ ਹੈ।

ਦੋ ਰੋਜ਼ਾ ਪੰਥਕ ਅਸੈਂਬਲੀ ਨੂੰ ਵੀ ਇਸੇ ਪ੍ਰਸੰਗ ਵਿਚ ਰੱਖ ਕੇ ਦੇਖਿਆ ਗਿਆ ਹੈ। ਉਂਜ, ਉਥੇ ਜਿਸ ਤਰ੍ਹਾਂ ਕਾਰਵਾਈ ਚਲਾਈ ਗਈ, ਉਸ ਤੋਂ ਸਿਆਸੀ ਪਿੜ ਵਿਚ ਵੱਢ ਮਾਰਨ ਜੋਗੀ ਪਹਿਲਕਦਮੀ ਘੱਟ ਹੀ ਨਜ਼ਰੀਂ ਪਈ ਹੈ। ਅਜਿਹੇ ਇਕੱਠਾਂ ਦਾ ਸਭ ਤੋਂ ਪਹਿਲਾ, ਕੋਈ ਖਾਸ ਸੁਨੇਹਾ ਹੋਣਾ ਚਾਹੀਦਾ ਹੈ ਪਰ ਅਸੈਂਬਲੀ ਦੌਰਾਨ ਸਭ ਬੁਲਾਰਿਆਂ ਨੇ ਆਪੋ-ਆਪਣੀ ਸਿਆਸਤ ਮੁਤਾਬਕ ਹੀ ਭਾਸ਼ਨ ਦਿੱਤੇ। ਭਾਸ਼ਨ ਦੇਣੇ ਅਤੇ ਮਤੇ ਪਾਸ ਕਰਨੇ ਅਲੱਗ ਮਸਲੇ ਹਨ, ਮੌਜੂਦਾ ਸਿਆਸਤ ਦੇ ਸਮੁੱਚੇ ਹਾਲਾਤ ਨੂੰ ਹੰਗਾਲ ਕੇ ਬਰਾਬਰ ਦੀ ਸਿਆਸਤ ਲਈ ਪਿੜ ਬੰਨ੍ਹਣਾ ਹੋਰ ਮਸਲਾ ਹੈ। ਇਸ ਲਈ ਜਿੰਨੀ ਦੇਰ ਬਾਦਲਾਂ ਦੇ ਬਰਾਬਰ ਸਿਆਸੀ ਪਿੜ ਨਹੀਂ ਬੱਝਦਾ, ਓਨੀ ਦੇਰ ਨਵੀਂ ਸਿਆਸਤ ਲਈ ਰਾਹ ਖੁੱਲ੍ਹਣਾ ਜੇ ਅਸੰਭਵ ਨਹੀਂ ਤਾਂ ਔਖਾ ਜ਼ਰੂਰ ਹੈ। ਦਰਅਸਲ, ਬਾਦਲ ਵਿਰੋਧੀ ਧੜਿਆਂ, ਜੋ ਖੁਦ ਨੂੰ ਪੰਥਕ ਕਹਿਲਵਾ ਕੇ ਵਧੇਰੇ ਖੁਸ਼ ਰਹਿੰਦੇ ਹਨ, ਵਿਚ ਏਕੇ ਦੀ ਘਾਟ ਦਾ ਸਾਰਾ ਫਾਇਦਾ ਬਾਦਲਾਂ ਦੀ ਸਿਆਸਤ ਨੂੰ ਪੁੱਜਦਾ ਹੈ। ਇਸ ਲਈ ਜਿੰਨਾ ਚਿਰ ਬਾਦਲਾਂ ਦੇ ਬਰਾਬਰ ਸਿਆਸੀ ਪਿੜ ਨਹੀਂ ਬੱਝਦਾ, ਓਨੀ ਦੇਰ ਪੰਜਾਬ, ਖਾਸ ਕਰਕੇ ਸਿੱਖ ਦੀ ਸਿਆਸਤ ਦੀ ਕਾਇਆ-ਕਲਪ ਮੁਸ਼ਕਿਲ ਹੈ। ਪਿਛਲੇ ਸਮੇਂ ਦੌਰਾਨ ਇਸ ਪਾਸੇ ਕੋਸ਼ਿਸਾਂ ਤਾਂ ਹੋਈਆਂ ਹਨ ਪਰ ਲੀਡਰਸ਼ਿਪ ਦੀ ਘਾਟ ਕਾਰਨ ਇਸ ਦਾ ਹਾਲ ਵੀ ਆਮ ਆਦਮੀ ਪਾਰਟੀ ਦੇ ਉਭਾਰ ਵਰਗਾ ਹੀ ਹੋਇਆ ਹੈ। ਇਹ ਉਹੀ ਪਾਰਟੀ ਹੈ, ਜੋ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਵੱਡੀ ਜਿੱਤ ਹਾਸਲ ਕਰਕੇ ਸਰਕਾਰ ਬਣਾਉਣ ਦੇ ਦਾਅਵੇ ਕਰ ਰਹੀ ਸੀ ਪਰ 2014 ਵਾਲੀਆਂ ਲੋਕ ਸਭਾ ਚੋਣਾਂ ਤੋਂ ਲੈ ਕੇ 2017 ਵਾਲੀਆਂ ਵਿਧਾਨ ਸਭਾ ਚੋਣਾਂ ਤਕ ਪੂਰੇ ਤਿੰਨ ਸਾਲ ਇਸ ਨੇ ਜਥੇਬੰਦੀ ਦੇ ਢਾਂਚੇ ਵੱਲ ਕੋਈ ਧਿਆਨ ਨਹੀਂ ਦਿੱਤਾ ਜਿਸ ਦਾ ਨਤੀਜਾ ਸਮੁੱਚੇ ਪੰਜਾਬੀ ਦੇਖ ਹੀ ਰਹੇ ਹਨ। ਹੁਣ ਲੋਕ ਸਭਾ ਚੋਣਾਂ ਇਕ ਵਾਰ ਫਿਰ ਸਿਰ 'ਤੇ ਖੜ੍ਹੀਆਂ ਹਨ ਅਤੇ ਇਹ ਪਾਰਟੀ ਖੱਖੜੀਆਂ ਕਰੇਲੇ ਹੋਈ ਪਈ ਹੈ। ਪਿਛਲੇ ਸਮੇਂ ਦੌਰਾਨ ਅਕਾਲੀ ਦਲ ਨੂੰ ਭਾਵੇਂ ਪਛਾੜਾਂ ਲੱਗ ਰਹੀਆਂ ਹਨ, ਪਰ ਜਿਸ ਢੰਗ ਦਾ ਵਰਤਾਰਾ ਇਸ ਦੇ ਅੰਦਰੂਨੀ ਖੇਮਿਆਂ ਅੰਦਰ ਪਨਪ ਰਿਹਾ ਹੈ, ਉਸ ਤੋਂ ਕਈ ਪ੍ਰਕਾਰ ਦੀਆਂ ਕਿਆਸਆਰਾਈਆਂ ਲਾਈਆਂ ਜਾ ਰਹੀਆਂ ਹਨ। ਜਾਹਰ ਹੈ ਕਿ ਸੂਬੇ ਦੀ ਸਿਆਸਤ ਦਾ ਕੁਝ ਅਸਰ ਬਰਗਾੜੀ ਮੋਰਚੇ ਅਤੇ ਬਾਗੀ ਅਕਾਲੀਆਂ ਦੇ ਅਗਲੇ ਕਦਮਾਂ ਉਤੇ ਵੀ ਨਿਰਭਰ ਕਰ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕਾਰਾ ਕੋਰ ਕਮੇਟੀ ਦਾ!*

ਰੁੱਸੇ ਹੋਏ ਜੋ ਖੁੱਲ੍ਹ ਕੇ ਬੋਲਦੇ ਨਾ, ਮਿਣ ਮਿਣ ਮੂੰਹ ਦੇ ਵਿਚ ਹੀ ਕਰੀ ਜਾਂਦੇ।
ਗਿੱਦੜ ਭਬਕੀਆਂ ਮਾਰ ਪ੍ਰੈਸ ਮੋਹਰੇ, ਸਖਤ ਫੈਸਲੇ ਲੈਣ ਤੋਂ ਡਰੀ ਜਾਂਦੇ।
ਨਾਲੇ ਗਰਮ ਸਿਆਸਤ ਦਾ ਪਿੜ ਕੀਤਾ, ਫਿਰ ਵੀ ਅੰਦਰੋ ਅੰਦਰ ਨੇ ਠਰੀ ਜਾਂਦੇ।
ਕਹਿੰਦੇ ਲੋਕ 'ਟਕਸਾਲੀ ਅਕਾਲੀ' ਨੇ ਇਹ, ਐਪਰ ਜਿੱਤਣ ਤੋਂ ਪਹਿਲਾਂ ਹੀ ਹਰੀ ਜਾਂਦੇ।
ਬੱਜਰ ਗਲਤੀਆਂ ਕਰੀਆਂ ਅਣਡਿੱਠ ਦੇਖੋ, ਪਿਓ-ਪੁੱਤ ਦਾ ਪੱਖ ਹੀ ਪੂਰ ਦਿੱਤਾ।
ਮਾਲਕ ਜਿਵੇਂ ਗੁਲਾਮਾਂ ਤੋਂ ਕੰਮ ਲੈਂਦੇ, ਜਾਪੇ 'ਕੋਰ ਕਮੇਟੀ' ਨੂੰ ਘੂਰ ਦਿੱਤਾ!

# ਅੱਜ ਦਾ ਪੰਜਾਬ: ਲੋਕ ਵੇਦਨਾ ਨੂੰ ਸਮਝਦਿਆਂ

*ਬਰਗਾੜੀ ਇਨਸਾਫ ਮੋਰਚਾ ਪਹਿਲੀ ਜੂਨ ਤੋਂ ਚੱਲ ਰਿਹਾ ਹੈ। ਇਸ ਅੰਦਰ ਕਈ ਉਤਰਾਅ-ਚੜ੍ਹਾਅ ਦੇਖਣ ਨੂੰ ਮਿਲੇ ਹਨ। ਪਿਛਲੇ ਸਮੇਂ ਦੌਰਾਨ ਮੋਰਚੇ ਲਈ ਹੋਏ ਆਪ-ਮੁਹਾਰੇ ਇਕੱਠਾਂ ਨੇ ਪੰਜਾਬ ਦੀ ਸਿਆਸਤ ਅੰਦਰ ਨਵੀਂ ਚਰਚਾ ਛੇੜੀ ਹੈ। ਇਨ੍ਹਾਂ ਉਤਰਾਵਾਂ-ਚੜ੍ਹਾਵਾਂ ਨੂੰ ਸਮਝਦਿਆਂ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਸਵਰਾਜਬੀਰ ਨੇ ਲੋਕ ਵੇਦਨਾ ਅਤੇ ਵੱਖ-ਵੱਖ ਸਮਿਆਂ ਦੌਰਾਨ ਉਠੇ ਰੋਹ ਬਾਰੇ ਟਿੱਪਣੀ ਕੀਤੀ ਹੈ, ਜੋ ਅਸੀਂ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। -ਸੰਪਾਦਕ*

ਸਵਰਾਜਬੀਰ

ਲੋਕ ਵੇਦਨਾ ਕਈ ਰੂਪਾਂ ਵਿਚ ਪ੍ਰਗਟ ਹੁੰਦੀ ਹੈ। ਹਾਕਮ ਜਮਾਤਾਂ ਵਿਰੁਧ ਰੋਸ ਅਤੇ ਵਿਰੋਧ ਭਿੰਨ-ਭਿੰਨ ਲਹਿਰਾਂ/ਮੁਜ਼ਾਹਰਿਆਂ ਦੇ ਰੂਪ ਵਿਚ ਸਾਹਮਣੇ ਆਉਂਦੇ ਹਨ। ਹਰ ਰੋਸ ਪ੍ਰਗਟਾਵੇ ਦਾ ਆਪਣਾ ਵਿਲੱਖਣ ਚਰਿਤਰ ਹੁੰਦਾ ਹੈ ਤੇ ਪੈੜਾਂ ਨਿਵੇਕਲੀਆਂ। ਇਤਿਹਾਸ ਵਿਚ ਲੋਕ-ਵਿਰੋਧਾਂ ਦੇ ਵੱਖ-ਵੱਖ ਰੂਪ ਵੇਖਣ ਲਈ ਮਿਲਦੇ ਹਨ ਜਿਵੇਂ ਗ਼ੁਲਾਮਾਂ ਦੇ ਵਿਰੋਧ, ਕਿਸਾਨ ਬਗ਼ਾਵਤਾਂ ਅਤੇ ਧਾਰਮਿਕ ਰੰਗਤ ਵਿਚ ਰੰਗੇ ਹੋਏ ਵਿਸ਼ਾਲ ਵਿਦਰੋਹ ਜਿਨ੍ਹਾਂ ਦੇ ਆਪਣੇ ਠੋਸ ਜਮਾਤੀ ਤੇ ਜਾਤੀ ਆਧਾਰ ਸਨ। ਇਸ ਤੋਂ ਇਲਾਵਾ ਡਕੈਤਾਂ ਤੇ ਧਾੜਵੀਆਂ ਦੇ ਕਿੱਸੇ-ਕਹਾਣੀਆਂ ਮਿਲਦੀਆਂ ਹਨ ਜਿਨ੍ਹਾਂ ਵਿਚ ਸਮਾਜ ਤੋਂ ਬਾਹਰ ਕੱਢਿਆ ਬੰਦਾ ਪਹਿਲਾਂ ਡਾਕੂ ਜਾਂ ਧਾੜਵੀ ਬਣਦਾ ਹੈ ਤੇ ਫਿਰ ਬਾਗ਼ੀ।

ਲੋਕ ਵਿਦਰੋਹਾਂ ਦੇ ਕਾਰਨ ਹਮੇਸ਼ਾ ਤੋਂ ਓਹੀ ਰਹੇ ਹਨ: ਤਾਕਤਵਰ ਬੰਦੇ ਦਾ ਆਮ ਬੰਦੇ 'ਤੇ ਦਾਬਾ ਤੇ ਸ਼ੋਸ਼ਣ, ਉਹਨੂੰ ਵਗਾਰ ਕਰਨ ਲਈ ਮਜਬੂਰ ਕਰਨਾ, ਗ਼ੁਲਾਮ ਬਣਾਉਣਾ ਤੇ ਉਹਦੇ ਸਰੀਰ ਤੇ ਸਮੇਂ ਨੂੰ ਤਾਕਤਵਰ ਬੰਦਿਆਂ ਦੇ ਹੱਥਾਂ ਵਿਚ ਸੌਂਪਣਾ, ਆਰਥਿਕ ਲੁੱਟ-ਖਸੁੱਟ, ਧਾਰਮਿਕ ਤੇ ਨਸਲੀ ਵਿਤਕਰੇ ਦੇ ਆਧਾਰ 'ਤੇ ਲੋਕਾਂ ਨੂੰ ਪੀੜਤ ਕਰਨਾ। ਆਧੁਨਿਕ ਸਮਿਆਂ ਵਿਚ ਇਨ੍ਹਾਂ ਤੌਰ-ਤਰੀਕਿਆਂ ਦੇ ਰੂਪ ਬਦਲੇ ਹਨ ਤੇ ਸਿੱਧੇ ਤਸ਼ੱਦਦ ਦੇ ਨਾਲ ਨਾਲ ਅਸਿੱਧੇ ਰੂਪ ਵਿਚ ਦਮਨ ਕਰਨ ਦੇ ਤਰੀਕੇ ਈਜਾਦ ਹੋਏ ਹਨ।

ਵਿਦਰੋਹਾਂ ਦੇ ਖਾਸੇ ਹਮੇਸ਼ਾਂ ਜਟਿਲ ਹੁੰਦੇ ਹਨ। ਇਸ ਦੀ ਸਭ ਤੋਂ ਵੱਡੀ ਮਿਸਾਲ ਸਿੱਖ ਗੁਰੂਆਂ ਤੋਂ ਸ਼ੁਰੂ ਹੋਏ, ਬੰਦਾ ਬਹਾਦਰ ਤੇ ਸਿੱਖ ਮਿਸਲਾਂ ਰਾਹੀਂ ਸਿਖਰ 'ਤੇ ਪਹੁੰਚਿਆ ਲੋਕ ਵਿਦਰੋਹ ਹੈ। ਇਹ ਪੰਜਾਬ ਦੇ ਕਿਸਾਨਾਂ, ਦਲਿਤਾਂ, ਦਮਿਤਾਂ ਤੇ ਕੰਮੀ-ਕਮੀਣ ਕਹੇ ਜਾਣ ਵਾਲੇ ਲੋਕਾਂ ਦਾ ਸਮੂਹਿਕ ਵਿਦਰੋਹ ਸੀ, ਜਿਹੜਾ ਧਾਰਮਿਕ ਰੂਪ ਵਿਚ ਪ੍ਰਗਟ ਹੋਇਆ। ਇਸ ਵਿਦਰੋਹ ਵਿਚ ਵੱਖ-ਵੱਖ ਜਾਤਾਂ ਤੇ ਜਮਾਤਾਂ ਦੇ ਲੋਕ ਸ਼ਾਮਿਲ ਸਨ ਪਰ ਇਸ ਦਾ ਮੂਲ ਖਾਸਾ ਕਿਸਾਨੀ ਦਾ ਵਿਦਰੋਹ ਹੋ ਨਿਬੜਿਆ। ਇਸ ਵਿਦਰੋਹ ਵਿਚ ਪੰਜਾਬੀ ਸਮਾਜ ਦੇ ਸਭ ਹਿੱਸੇ ਸਿੱਧੇ-ਅਸਿੱਧੇ ਰੂਪ ਵਿਚ ਹਾਜ਼ਰ ਸਨ ਪਰ ਅਗਵਾਈ ਖਾਲਸੇ ਦੇ ਹੱਥਾਂ ਵਿਚ ਸੀ। ਏਸੇ ਲਈ ਸ਼ਾਹ ਮੁਹੰਮਦ ਆਪਣੇ ਜੰਗਨਾਮੇ ਵਿਚ ਜਿਸ ਖਾਲਸੇ ਦਾ ਜ਼ਿਕਰ ਕਰਦਾ ਹੈ, ਉਸ ਵਿਚ ਸਿੱਖ ਮੁਸਲਮਾਨ ਤੇ ਹਿੰਦੂ ਇਕੱਠੇ ਹਨ, ਸ਼ਾਮ ਸਿੰਘ ਅਟਾਰੀਵਾਲਾ, ਮੇਵਾ ਸਿੰਘ, ਮਾਖੇ ਖਾਨ ਤੇ ਇਲਾਹੀ ਬਖਸ਼ ਇਕੱਠੇ ਹੋ ਕੇ ਲੜਦੇ ਹਨ।

ਪੰਜਾਬ ਦੇ ਇਤਿਹਾਸ ਵਿਚ ਇਕ ਸੁਨਹਿਰੀ ਪੰਨਾ ਵੀਹਵੀਂ ਸਦੀ ਦੇ ਦੂਸਰੇ ਤੇ ਤੀਸਰੇ ਦਹਾਕੇ ਵਿਚ ਲਾਏ ਗਏ ਅਕਾਲੀ ਮੋਰਚਿਆਂ ਦਾ ਹੈ ਜਿਹੜਾ ਏਨੇ ਸ਼ਾਂਤਮਈ ਤੇ ਜ਼ਬਤ ਵਾਲੇ ਤਰੀਕੇ ਨਾਲ ਚਲਾਇਆ ਗਿਆ ਕਿ ਅੰਗਰੇਜ਼ ਸਰਕਾਰ ਨੂੰ ਝੁਕਣਾ ਪਿਆ। ਧਾਰਮਿਕ ਸੁਧਾਰਾਂ ਲਈ ਉਭਰੇ ਇਸ ਲੋਕ ਵਿਦਰੋਹ ਦਾ ਸਰੂਪ ਏਨੇ ਵਿਰਾਟ ਰੂਪ ਵਿਚ ਬਸਤੀਵਾਦੀ ਵਿਰੋਧੀ ਹੋ ਨਿਬੜਿਆ ਕਿ ਮਹਾਤਮਾ ਗਾਂਧੀ ਨੇ ਇਹਨੂੰ ਹਿੰਦੋਸਤਾਨ ਦੀ ਆਜ਼ਾਦੀ ਦੀ ਪਹਿਲੀ ਜਿੱਤ ਆਖਿਆ। 19ਵੀਂ ਸਦੀ ਦੇ ਦੂਜੇ ਦਹਾਕੇ ਵਿਚ ਸ਼ੁਰੂ ਹੋਈ ਗ਼ਦਰ ਲਹਿਰ ਦਾ ਖਾਸਾ ਇਨਕਲਾਬੀ ਸੀ ਭਾਵੇਂ ਬਹੁਤੇ ਗ਼ਦਰੀ ਪੱਕੇ ਸਿੱਖ ਸਨ ਤੇ ਪਾਰਟੀ ਦੀਆਂ ਬਹੁਤੀਆਂ ਮੀਟਿੰਗਾਂ ਗੁਰਦੁਆਰਿਆਂ ਵਿਚ ਹੁੰਦੀਆਂ ਸਨ। ਬਾਅਦ ਵਿਚ ਗ਼ਦਰੀ ਬਾਬੇ ਲੋਕ-ਪੱਖੀ ਸੰਸਥਾਵਾਂ ਤੇ ਖੱਬੇ ਪੱਖੀ ਲਹਿਰਾਂ ਦੇ ਆਗੂ ਬਣੇ। ਕਾਂਗਰਸ ਦੀ ਅਗਵਾਈ ਵਿਚ ਲੜੇ ਗਏ ਅੰਦੋਲਨ ਦਾ ਖਾਸਾ ਵੱਖਰਾ ਸੀ ਤੇ ਮੁਜ਼ਾਰਾ ਲਹਿਰ ਦੇ ਤੇਵਰ ਪ੍ਰਤੱਖ ਰੂਪ ਵਿਚ ਇਨਕਲਾਬੀ ਸਨ। ਆਜ਼ਾਦੀ ਤੋਂ ਬਾਅਦ ਪੰਜਾਬੀ ਸੂਬੇ ਲਈ ਲਾਏ ਗਏ ਮੋਰਚੇ ਦੀ ਆਪਣੀ ਨੁਹਾਰ ਸੀ ਤੇ ਸੰਘਰਸ਼ ਦਾ ਤਰੀਕਾ ਸ਼ਾਂਤਮਈ।

ਬਰਗਾੜੀ ਵਿਚ ਸ਼ੁਰੂ ਹੋਇਆ ਇਨਸਾਫ ਮੋਰਚਾ ਵੀ ਲੋਕ ਵੇਦਨਾ ਦਾ ਪ੍ਰਗਟਾਵਾ ਹੈ। ਇਸ ਸਬੰਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਹਿਮੀਅਤ ਨੂੰ ਸਮਝਣ ਦੀ ਜ਼ਰੂਰਤ ਹੈ। ਅਜੋਕੇ ਸਮਿਆਂ ਵਿਚ ਜਿਨ੍ਹਾਂ ਥਾਵਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਹੈ ਤੇ ਸ਼ਾਮ ਨੂੰ ਸੰਤੋਖ ਕੇ ਸਿੰਘਾਸਨ 'ਤੇ ਬਿਰਾਜਿਆ ਜਾਂਦਾ ਹੈ, ਉਨ੍ਹਾਂ ਥਾਵਾਂ ਦੀ ਸਾਂਭ-ਸੰਭਾਲ ਬਹੁਤ ਸੁਚੱਜੇ ਢੰਗ ਨਾਲ ਕੀਤੀ ਜਾਂਦੀ ਹੈ ਪਰ ਦੱਸਿਆ ਜਾਂਦਾ ਹੈ ਕਿ ਜਦ ਸਿੱਖ ਮਿਸਲਾਂ ਮੁਗ਼ਲਾਂ ਵਿਰੁਧ ਸੰਘਰਸ਼ ਕਰ ਰਹੀਆਂ ਸਨ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਲੜਨ ਵਾਲੇ ਦਲਾਂ ਦੇ ਨਾਲ ਖੜਿਆ ਜਾਂਦਾ ਸੀ ਤਾਂ ਕਿ ਸਿੱਖਾਂ ਨੂੰ ਇਹ ਮਹਿਸੂਸ ਹੁੰਦਾ ਰਹੇ ਕਿ ਗੁਰੂ ਉਨ੍ਹਾਂ ਦੇ ਨਾਲ ਹੈ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਪੰਜਾਬ ਦੇ ਸੰਘਰਸ਼ਮਈ ਵਿਰਸੇ ਦਾ ਸਰਬਉਚ ਪ੍ਰਤੀਕ ਹੈ।

ਪਿਛਲੇ ਸਮੇਂ ਵਿਚ ਬਹਿਬਲ ਕਲਾਂ, ਬਰਗਾੜੀ, ਕੋਟਕਪੂਰਾ ਅਤੇ ਹੋਰ ਸਥਾਨਾਂ 'ਤੇ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਗੱਠਜੋੜ ਦੀ ਸਰਕਾਰ ਦੌਰਾਨ ਬੇਅਦਬੀਆਂ ਹੋਈਆਂ। ਜ਼ਾਹਿਰ ਹੈ ਇਹ ਬੇਅਦਬੀਆਂ ਕੁਝ ਚਲਾਕ ਲੋਕਾਂ ਵਲੋਂ ਸਿਆਸੀ ਫਾਇਦੇ ਉਠਾਉਣ ਲਈ ਹੀ ਕਰਵਾਈਆਂ ਗਈਆਂ ਹੋਣਗੀਆਂ। ਇਨ੍ਹਾਂ ਬੇਅਦਬੀਆਂ ਕਰਨ ਵਾਲਿਆਂ ਨੂੰ ਸਖਤ ਸਜ਼ਾ ਮਿਲਣੀ ਚਾਹੀਦੀ ਸੀ। ਇਨ੍ਹਾਂ ਘਟਨਾਵਾਂ ਤੋਂ ਬਾਅਦ ਸ਼ਾਂਤਮਈ ਰੋਸ ਪ੍ਰਗਟਾ ਰਹੇ ਲੋਕਾਂ ਦੀ ਗੱਲ ਸੁਣਨ ਦੀ ਥਾਂ ਉਨ੍ਹਾਂ 'ਤੇ ਚਲਾਈ ਗਈ ਗੋਲੀ ਵਿਚ ਦੋ ਨੌਜਵਾਨਾਂ ਦੀ ਜਾਨ ਜਾਂਦੀ ਰਹੀ। ਲਗਪਗ ਤਿੰਨ ਸਾਲ ਹੋਣ ਲੱਗੇ ਹਨ ਪਰ ਮਾਮਲਾ ਕਿਸੇ ਪਾਸੇ ਨਹੀਂ ਲੱਗਾ। ਇਹੋ ਜਿਹੀ ਸੰਵੇਦਨਸ਼ੀਲ ਘਟਨਾ ਦੀ ਤਫਤੀਸ਼ ਵਿਚ ਏਨੀ ਦੇਰੀ ਨਾਲ ਨਿਸ਼ਚੇ ਹੀ ਕੁਝ ਸਬੂਤ ਤੇ ਗਵਾਹ ਘਟਣਗੇ। ਜੇ ਪੁਲਿਸ ਇਮਾਨਦਾਰੀ ਨਾਲ ਤਫਤੀਸ਼ ਕਰੇ ਅਤੇ ਉਸ ਵਿਚ ਕੋਈ ਸਿਆਸੀ ਦਖਲ ਨਾ ਹੋਵੇ ਤਾਂ ਗੁਨਾਹਗਾਰਾਂ ਨੂੰ ਬੜੀ ਜਲਦੀ ਫੜਿਆ ਜਾ ਸਕਦਾ ਹੈ। ਇਸੇ ਤਰ੍ਹਾਂ ਇਕੱਠੇ ਹੋਏ ਲੋਕਾਂ 'ਤੇ ਗੋਲੀ ਚਲਾਉਣ ਦੇ ਹੁਕਮ ਕਿਸ ਨੇ ਦਿੱਤੇ, ਉਸ ਨੂੰ ਲੱਭਣਾ ਕੋਈ ਵੱਡੀ ਗੱਲ ਨਹੀਂ ਹੈ ਜਿਵੇਂ ਪੇਸ਼ ਕੀਤਾ ਜਾ ਰਿਹਾ ਹੈ ਪਰ ਇਹ ਸਭ ਕੁਝ ਨਹੀਂ ਹੋ ਰਿਹਾ ਤਾਂ ਇਸ ਕਰਕੇ ਲੋਕ ਵੇਦਨਾ ਦੇ ਇਹ ਜ਼ਖਮ ਨਾਸੂਰ ਬਣਦੇ ਜਾ ਰਹੇ ਹਨ।

ਸਾਰੀਆਂ ਧਿਰਾਂ ਇਸ ਤੋਂ ਸਿਆਸੀ ਲਾਭ ਲੈਣ ਦਾ ਯਤਨ ਕਰ ਰਹੀਆਂ ਹਨ। ਕੋਈ ਕਹਿ ਰਿਹਾ ਹੈ ਕਿ ਇਸ ਵਿਰੋਧ ਨੂੰ ਧਰਮ ਯੁੱਧ ਬਣਾ ਕੇ ਇਸ ਦੀ ਥਾਂ ਅੰਮ੍ਰਿਤਸਰ ਤਬਦੀਲ ਕੀਤੀ ਜਾਏ ਅਤੇ ਇਕ ਮੁੱਖ ਸਿਆਸੀ ਪਾਰਟੀ ਕਹਿ ਰਹੀ ਹੈ ਕਿ ਇਸ ਪਿੱਛੇ ਸਰਕਾਰੀ ਹੱਥ ਹੈ। ਸਾਰੀਆਂ ਪਾਰਟੀਆਂ ਰੈਲੀਆਂ ਕਰ ਰਹੀਆਂ ਹਨ ਪਰ ਸਭ ਤੋਂ ਹੈਰਾਨ ਕਰਨ ਵਾਲੀ ਰੈਲੀ ਕਾਂਗਰਸ ਪਾਰਟੀ ਦੀ ਹੈ ਜਿਹੜੀ ਖੁਦ ਹਾਕਮ ਪਾਰਟੀ ਹੈ। ਉਸ ਦੇ ਕੋਲ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵੀ ਹੈ ਅਤੇ ਐਸ.ਆਈ.ਟੀ. ਦੀ ਤਫਤੀਸ਼ ਨੂੰ ਤੇਜ਼ ਕਰਨ ਦੇ ਵਸੀਲੇ ਵੀ ਤਾਂ ਤਫਤੀਸ਼ ਨੂੰ ਸਮਾਂਬੱਧ ਤੇ ਨਿਸ਼ਚਿਤ ਤਰੀਕੇ ਨਾਲ ਕੀਤੇ ਜਾਣ ਦਾ ਵਿਸ਼ਵਾਸ ਪੱਕੇ ਰੂਪ ਵਿਚ ਕਿਉਂ ਨਹੀਂ ਦਿੱਤਾ ਜਾ ਰਿਹਾ। ਇਸ ਮੋਰਚੇ ਦੇ ਸੰਚਾਲਕ ਸਰਦਾਰ ਧਿਆਨ ਸਿੰਘ ਮੰਡ ਤੇ ਹੋਰਨਾਂ ਦਾ ਕਹਿਣਾ ਹੈ ਕਿ ਇਹ ਮੋਰਚਾ ਬਰਗਾੜੀ ਹੀ ਲੱਗਾ ਰਹੇਗਾ ਤੇ ਪੰਜਾਬ ਦੇ ਸਾਰੇ ਰਾਹ ਬਰਗਾੜੀ ਵੱਲ ਆਉਣਗੇ। ਉਨ੍ਹਾਂ ਅਨੁਸਾਰ ਇਹ ਸੰਘਰਸ਼ ਸ਼ਾਂਤਮਈ ਢੰਗ ਨਾਲ ਚਲਾਇਆ ਜਾਵੇਗਾ।

ਕਾਰਲ ਮਾਰਕਸ ਅਨੁਸਾਰ, "ਧਾਰਮਿਕ ਪੀੜਾ ਲੋਕਾਂ ਦੇ ਅਸਲੀ ਦੁੱਖ-ਦਰਦ ਦਾ ਪ੍ਰਗਟਾਵਾ ਹੁੰਦੀ ਹੈ ਅਤੇ ਅਸਲੀ ਦੁੱਖ ਦਰਦ ਦੇ ਕਾਰਨਾਂ ਵਿਰੁਧ ਵਿਦਰੋਹ ਵੀ। ਇਸ ਕਲੇਸ਼ ਭਰੇ ਸੰਸਾਰ ਵਿਚ, ਧਰਮ, ਦੱਬੇ ਕੁਚਲੇ ਬੰਦੇ ਦੇ ਦਿਲ ਅੰਦਰੋਂ ਨਿਕਲਿਆ ਹਉਕਾ ਹੈ, ਦਿਲਹੀਣੇ ਸੰਸਾਰ ਦਾ ਦਿਲ ਹੈ, ਰੂਹਹੀਣੇ ਹਾਲਾਤ ਦੀ ਰੂਹ ਹੈ।" ਪੰਜਾਬ ਦੀਆਂ ਖੱਬੇ ਪੱਖੀ ਪਾਰਟੀਆਂ ਨੇ ਕਦੇ ਲੋਕਾਂ ਦੇ ਦਿਲਾਂ 'ਚੋਂ ਨਿਕਲੇ ਇਸ ਹਉਕੇ ਦੀ ਗਹਿਰਾਈ ਨੂੰ ਪਛਾਨਣ ਦੀ ਕੋਸ਼ਿਸ਼ ਨਹੀਂ ਕੀਤੀ ਸਗੋਂ ਮਾਰਕਸ ਦੇ ਜੁਮਲੇ 'ਧਰਮ ਲੋਕਾਂ ਲਈ ਅਫੀਮ ਹੈ' ਨੂੰ ਮੂਲ ਲਿਖਤ ਨਾਲੋਂ ਨਿਖੇੜ ਕੇ ਵੇਖਿਆ ਹੈ ਅਤੇ ਓਸੇ ਵਿਚ ਉਲਝ ਕੇ ਰਹਿ ਗਈਆਂ ਹਨ।

ਲੋਕ ਵੇਦਨਾ ਦੇ ਧਾਰਮਿਕ ਰੂਪ ਦੇ ਸਮਾਜਿਕ, ਆਰਥਿਕ, ਸਭਿਆਚਾਰਕ ਤੇ ਭੌਤਿਕ ਕਾਰਨਾਂ ਦਾ ਵਿਸ਼ਲੇਸ਼ਣ ਉਹ ਕਦੇ ਵੀ ਨਹੀਂ ਕਰ ਸਕੇ। ਇਹ ਪਾਰਟੀਆਂ ਹੁਣ ਵੀ ਧਾਰਮਿਕ ਮਾਮਲਿਆਂ ਬਾਰੇ ਕੁਝ ਨਾ ਕਹਿਣ ਵਾਲੀ ਆਪਣੀ 'ਪਵਿੱਤਰਤਾ' ਵਿਚ ਲਿਪਤ ਹਨ। ਉਹ ਸਿੱਖ ਲਹਿਰ ਜਾਂ ਧਾਰਮਿਕ ਰੂਪਾਂ ਰਾਹੀਂ ਆਏ ਉਭਾਰਾਂ ਨੂੰ ਸਮਝਣਾ ਹੀ ਨਹੀਂ ਚਾਹੁੰਦੀਆਂ ਅਤੇ ਇਨ੍ਹਾਂ ਨੂੰ ਫਿਰਕੂ ਰੁਝਾਨ ਕਹਿ ਕੇ 'ਪਵਿਤਰ ਖਾਮੋਸ਼ੀ' ਦਾ ਬਾਣਾ ਸਜਾ ਕੇ ਬਹਿ ਜਾਂਦੀਆਂ ਹਨ। ਏਸੇ ਲਈ ਉਹ ਲੋਕਾਂ ਤੋਂ ਬੇਗ਼ਾਨੀਆਂ ਹੋਈਆਂ ਪਈਆਂ ਹਨ। ਇਹ ਸਿਹਰਾ ਲਾਤੀਨੀ ਅਮਰੀਕਾ ਦੇ ਖੱਬੇ ਪੱਖੀਆਂ ਦੇ ਸਿਰ ਬੱਝਦਾ ਹੈ ਜਿਨ੍ਹਾਂ ਨੇ ਕੈਥੋਲਿਕ ਇਸਾਈਆਂ ਨਾਲ ਮਿਲ ਕੇ ਵੱਡੇ ਲੋਕ ਪੱਖੀ ਮੁਹਾਜ਼ ਉਸਾਰੇ ਜਿਨ੍ਹਾਂ ਦੇ ਸਿਧਾਂਤਕ ਰੂਪ ਨੂੰ ਲਿਬਰੇਸ਼ਨ ਥੀਆਲੋਜੀ ਕਿਹਾ ਜਾਂਦਾ ਹੈ। ਪ੍ਰੋ. ਕ੍ਰਿਸ਼ਨ ਸਿੰਘ ਨੇ ਸਿੱਖ ਧਰਮ ਦੇ ਵਿਕਾਸ ਨੂੰ ਏਸੇ ਤਰ੍ਹਾਂ ਸਮਝਣ ਦੀ ਕੋਸ਼ਿਸ਼ ਕੀਤੀ ਸੀ।

ਧਰਮ ਆਲੇ ਦੁਆਲੇ ਤੋਂ ਸ਼ੋਸ਼ਿਤ ਹੋਏ ਬੰਦੇ, ਜਿਹਦੀ ਕੋਈ ਬਾਤ ਨਹੀਂ ਪੁੱਛਦਾ, ਉਹਦੀ ਬਾਂਹ ਫੜਦਾ ਹੈ। ਧਰਮ ਉਹ ਹੀਲਾ ਵਸੀਲਾ ਅਤੇ ਅਕੀਦਾ ਹੈ ਜੋ ਉਸ ਬੰਦੇ ਦੀ ਪਨਾਹ ਬਣਦਾ ਹੈ ਜਿਸ ਨੂੰ ਕੋਈ ਪਨਾਹ ਨਹੀਂ ਦਿੰਦਾ। ਕਈ ਵਾਰ ਲੋਕ ਵਿਦਰੋਹ ਦੇ ਧਾਰਮਿਕ ਰੂਪ ਕਾਰਨ ਲੋਕ ਵੇਦਨਾ ਦੇ ਅਸਲੀ ਕਾਰਨਾਂ 'ਤੇ ਪਰਦਾ ਵੀ ਪੈ ਜਾਂਦਾ ਹੈ ਅਤੇ ਲੋਕ ਵੇਦਨਾ ਜਜ਼ਬਾਤੀ ਵਹਿਣਾਂ ਵਿਚ ਵਹਿ ਤੁਰਦੀ ਹੈ ਜਿਸ ਦੇ ਨਤੀਜੇ ਬੜੇ ਦੁਖਦਾਈ ਨਿਕਲਦੇ ਹਨ। ਪੰਜਾਬ ਨੇ ਅਜਿਹੇ ਦੁਖਾਂਤ ਬਹੁਤ ਝੱਲੇ ਹਨ।

ਪੰਜਾਬ ਦੇ ਲੋਕ ਬੇਅਦਬੀ ਤੇ ਗੋਲੀ ਚਲਾਉਣ ਦੇ ਮਸਲੇ ਨੂੰ ਲੈ ਕੇ ਬੇਹੱਦ ਦੁਖੀ ਹਨ। ਕਿਸੇ ਵੀ ਸਿਆਸੀ ਪਾਰਟੀ ਨੇ ਇਸ ਮਸਲੇ ਨੂੰ ਨਜਿੱਠਣ ਲਈ ਗੰਭੀਰਤਾ ਨਹੀਂ ਦਿਖਾਈ। ਇਸ ਲਈ ਸਮੂਹਿਕ ਲੋਕ ਵੇਦਨਾ ਪਹਿਲਾਂ ਸਰਬੱਤ ਖਾਲਸਾ ਅਤੇ ਹੁਣ ਬਰਗਾੜੀ ਦੇ ਮੋਰਚੇ ਦੇ ਰੂਪ ਵਿਚ ਪ੍ਰਗਟ ਹੋਈ ਹੈ। ਕਈ ਵਾਰ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਸਾਰੀਆਂ ਪਾਰਟੀਆਂ ਇਸ ਸਥਿਤੀ ਤੋਂ ਸਿਆਸੀ ਲਾਹਾ ਲੈਣ ਤੋਂ ਵੱਧ ਕੁਝ ਨਹੀਂ ਕਰਨਾ ਚਾਹੁੰਦੀਆਂ। ਇਸ ਲਈ ਇਹ ਬੇਹੱਦ ਜ਼ਰੂਰੀ ਹੈ ਕਿ ਅਜਿਹੇ ਸੰਵੇਦਨਸ਼ੀਲ ਮਸਲੇ ਦਾ ਹੱਲ ਸੰਵਿਧਾਨ ਅਤੇ ਕਾਨੂੰਨ ਦੁਆਰਾ ਨਿਰਧਾਰਤ ਮਾਪਦੰਡਾਂ ਰਾਹੀਂ ਲੱਭਿਆ ਜਾਏ, ਨਹੀਂ ਤਾਂ ਲੋਕ ਵੇਦਨਾ ਦਾ ਇਹ ਆਮ ਮੁਹਾਰਾ ਸੰਘਰਸ਼ ਪੰਜਾਬ ਨੂੰ ਕਿਸੇ ਹੋਰ ਸੰਤਾਪ ਵੱਲ ਲਿਜਾ ਸਕਦਾ ਹੈ।

*ਸਾਰੀਆਂ ਧਿਰਾਂ ਇਸ ਤੋਂ ਸਿਆਸੀ ਲਾਭ ਲੈਣ ਦਾ ਯਤਨ ਕਰ ਰਹੀਆਂ ਹਨ। ਕੋਈ ਕਹਿ ਰਿਹਾ ਹੈ ਕਿ ਇਸ ਵਿਰੋਧ ਨੂੰ ਧਰਮ ਯੁੱਧ ਬਣਾ ਕੇ ਇਸ ਦੀ ਥਾਂ ਅੰਮ੍ਰਿਤਸਰ ਤਬਦੀਲ ਕੀਤੀ ਜਾਏ ਅਤੇ ਇਕ ਮੁੱਖ ਸਿਆਸੀ ਪਾਰਟੀ ਕਹਿ ਰਹੀ ਹੈ ਕਿ ਇਸ ਪਿੱਛੇ ਸਰਕਾਰੀ ਹੱਥ ਹੈ। ਸਾਰੀਆਂ ਪਾਰਟੀਆਂ ਰੈਲੀਆਂ ਕਰ ਰਹੀਆਂ ਹਨ ਪਰ ਸਭ ਤੋਂ ਹੈਰਾਨ ਕਰਨ ਵਾਲੀ ਰੈਲੀ ਕਾਂਗਰਸ ਪਾਰਟੀ ਦੀ ਹੈ ਜਿਹੜੀ ਖੁਦ ਹਾਕਮ ਪਾਰਟੀ ਹੈ। ਉਸ ਦੇ ਕੋਲ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵੀ ਹੈ ਅਤੇ ਐਸ.ਆਈ.ਟੀ. ਦੀ ਤਫਤੀਸ਼ ਨੂੰ ਤੇਜ਼ ਕਰਨ ਦੇ ਵਸੀਲੇ ਵੀ ਤਾਂ ਤਫਤੀਸ਼ ਨੂੰ ਸਮਾਂਬੱਧ ਤੇ ਨਿਸ਼ਚਿਤ ਤਰੀਕੇ ਨਾਲ ਕੀਤੇ ਜਾਣ ਦਾ ਵਿਸ਼ਵਾਸ ਪੱਕੇ ਰੂਪ ਵਿਚ ਕਿਉਂ ਨਹੀਂ ਦਿੱਤਾ ਜਾ ਰਿਹਾ।*

# ਸੀ.ਬੀ.ਆਈ. ਅਤੇ ਇਸ ਦੇ ਹਾਲੀਆ ਸੰਕਟ ਦੀਆਂ ਪਰਤਾਂ

ਸਰਕਾਰ ਚਾਹੇ ਕਾਂਗਰਸ ਦੀ ਹੋਵੇ ਜਾਂ ਭਾਜਪਾ ਦੀ, ਮੁਲਕ ਦੀ ਮੁੱਖ ਜਾਂਚ ਏਜੰਸੀ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੀ ਭੂਮਿਕਾ ਹਮੇਸ਼ਾ ਸਵਾਲਾਂ ਦੇ ਘੇਰੇ ਵਿਚ ਰਹੀ ਹੈ। 'ਪਿੰਜਰੇ ਦਾ ਤੋਤਾ' ਹਮੇਸ਼ਾ ਮੌਕੇ ਦੀ ਸੱਤਾਧਾਰੀ ਧਿਰ ਦੇ ਆਦੇਸ਼ਾਂ ਅਨੁਸਾਰ ਕੰਮ ਕਰਦਾ ਹੈ ਅਤੇ ਇਸ ਦੇ ਮੁਖੀ ਵੀ ਸੱਤਾਧਾਰੀ ਧਿਰ ਦੇ ਪਸੰਦ ਦੇ ਬੰਦਿਆਂ ਨੂੰ ਲਗਾਇਆ ਜਾਂਦਾ ਹੈ। ਜੇ.ਐਨ.ਯੂ. ਦੇ ਵਿਦਿਆਰਥੀ ਨਜੀਬ ਦੇ ਮਾਮਲੇ ਵਿਚ ਸੀ.ਬੀ.ਆਈ. ਦੀ ਕਲੋਜ਼ਰ ਰਿਪੋਰਟ ਏਜੰਸੀ ਦੇ ਕਾਰ-ਵਿਹਾਰ ਦੀ ਤਾਜ਼ਾ ਮਿਸਾਲ ਹੈ। ਦੋ ਸਾਲ ਪਹਿਲਾਂ ਭਾਜਪਾ ਦੇ ਵਿਦਿਆਰਥੀ ਵਿੰਗ ਨਾਲ ਝਗੜੇ ਤੋਂ ਬਾਅਦ ਨਜਬੀ ਲਾਪਤਾ ਹੈ। ਨਜੀਬ ਨੂੰ ਮਾਰ ਕੇ ਖਪਾ ਦੇਣ ਪਿੱਛੇ ਕਿਸ ਦਾ ਹੱਥ ਹੈ, ਇਸ ਬਾਬਤ ਲਗਾਤਾਰ ਮੁਜ਼ਾਹਰੇ ਹੋਣ ਦੇ ਬਾਵਜੂਦ ਏਜੰਸੀ ਵਲੋਂ ਪਿਛਲੇ ਦਿਨੀਂ ਮਾਮਲੇ ਨੂੰ ਕਿਸੇ

**ਬੂਟਾ ਸਿੰਘ**
ਫੋਨ: +91-94634-74342

ਤਣ-ਪੱਤਣ ਲਗਾਏ ਬਗੈਰ ਜਾਂਚ ਬੰਦ ਕਰ ਦਿੱਤੀ ਗਈ। ਨਜੀਬ ਨੂੰ ਅਗਵਾ ਕਰਕੇ ਮਾਰ ਖਪਾਉਣ ਦਾ ਇਲਜ਼ਾਮ ਸੰਘ ਬ੍ਰਿਗੇਡ ਦੇ ਕਾਰਿੰਦਿਆਂ ਉਪਰ ਲੱਗਿਆ। ਉਨ੍ਹਾਂ ਨੂੰ ਬਚਾਉਣਾ ਜ਼ਰੂਰੀ ਸੀ ਅਤੇ ਲਾਪਤਾ ਵਿਦਿਆਰਥੀ ਮੁਸਲਮਾਨ ਹੋਣ ਕਾਰਨ ਸੰਘ ਦੇ ਰਾਜ ਵਿਚ ਘੱਟਗਿਣਤੀ ਦੀਆਂ ਜਾਨਾਂ ਦਾ ਤਾਂ ਕੋਈ ਮੁੱਲ ਹੀ ਨਹੀਂ ਹੈ।

ਸੀ.ਬੀ.ਆਈ. ਵਿਚ ਸ਼ੁਰੂ ਹੋਈ ਹਾਲੀਆ ਖਾਨਾਜੰਗੀ ਨਾਲ ਇਸ ਦੀ ਰਹਿੰਦੀ ਸਾਖ ਵੀ ਖਤਮ ਹੋ ਗਈ ਹੈ। ਏਜੰਸੀ ਦੇ ਨੰਬਰ ਇਕ ਅਤੇ ਨੰਬਰ ਦੋ ਅਧਿਕਾਰੀਆਂ ਦੀ ਖਾਨਾਜੰਗੀ, ਜਿਸ ਦੇ ਪਿੱਛੇ ਦਰ ਅਸਲ ਹਾਕਮ ਜਮਾਤੀ ਪਾਰਟੀਆਂ ਦਾ ਸੱਤਾ ਯੁੱਧ ਹੈ, ਜੱਗ ਜ਼ਾਹਰ ਹੋਣ ਨਾਲ ਮੋਦੀ ਸਰਕਾਰ ਲਈ ਨਵਾਂ ਸੰਕਟ ਪੈਦਾ ਹੋ ਗਿਆ। ਮੋਦੀ ਵਜ਼ਾਰਤ ਤਾਂ ਅਜੇ ਰਾਫਾਲ ਸੌਦੇ ਦੇ ਮਹਾਂ ਘੁਟਾਲੇ ਵਿਚੋਂ ਨਹੀਂ ਨਿਕਲ ਸਕੀ ਸੀ; ਲੇਕਿਨ ਜਿਸ ਤਰੀਕੇ ਨਾਲ ਸੀ.ਬੀ.ਆਈ. ਦੇ ਦੋਨਾਂ ਮੁੱਖ ਅਧਿਕਾਰੀਆਂ ਨੂੰ ਲਾਂਭੇ ਕਰਕੇ ਰਾਤੋ-ਰਾਤ ਨਾਗੇਸ਼ਵਰ ਰਾਓ ਨੂੰ ਇਸ ਦਾ ਮੁਖੀ ਬਣਾਇਆ ਗਿਆ, ਉਸ ਕਾਰਨ ਮੋਦੀ ਵਜ਼ਾਰਤ ਸਗੋਂ ਨਵੇਂ ਵਿਵਾਦ ਵਿਚ ਘਿਰ ਗਈ ਹੈ।

ਸਵਾਲ ਤਾਂ ਇਹ ਵੀ ਹੈ ਕਿ ਸੀ.ਬੀ.ਆਈ. ਦੇ ਮੁਖੀਆਂ ਨੂੰ ਅਹੁਦਿਆਂ ਤੋਂ ਲਾਂਭੇ ਕਰਨ ਦੇ ਫੈਸਲੇ ਵਕਤ ਪ੍ਰਧਾਨ ਮੰਤਰੀ ਅਤੇ ਉਸ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨਾਲ ਭਾਜਪਾ ਪ੍ਰਧਾਨ ਅਮਿਤ ਸ਼ਾਹ ਕਿਸ ਹੈਸੀਅਤ ਵਿਚ ਸ਼ਾਮਲ ਹੋਇਆ, ਤੇ ਜੂਨੀਅਰ ਅਫਸਰ ਐਮ. ਨਾਗੇਸ਼ਵਰ ਰਾਓ ਨੂੰ ਨਵਾਂ ਮੁਖੀ ਨਿਯੁਕਤ ਕਰਨ ਲਈ ਸੁਪਰੀਮ ਕੋਰਟ ਦੇ ਚੀਫ ਜਸਟਿਸ ਦੀ ਅਗਵਾਈ ਵਿਚ ਕਾਲਜੀਅਮ ਵਲੋਂ ਨਿਯੁਕਤੀ ਕਰਨ ਦੀ ਵਿਵਸਥਾ ਨੂੰ ਦਰਕਿਨਾਰ ਕਰਨ ਦੀ ਜ਼ਰੂਰਤ ਕਿਉਂ ਪਈ? ਕੀ ਮੈਰਿਟ ਨੂੰ ਦਰਕਿਨਾਰ ਕਰਕੇ ਇਹ ਤਰੱਕੀ ਰਾਓ ਦੀ ਆਰ.ਐਸ.ਐਸ. ਨਾਲ ਵਿਚਾਰਧਾਰਕ ਨੇੜਤਾ ਅਤੇ ਕਿਸੇ ਅੰਦਰੂਨੀ ਜ਼ਰੂਰਤ ਨੂੰ ਮੁੱਖ ਰੱਖ ਕੇ ਦਿੱਤੀ ਗਈ ਹੈ? ਪਹਿਲਾਂ ਵੀ ਮੋਦੀ ਸਰਕਾਰ ਨੇ ਆਪਣੇ ਚਹੇਤੇ ਰਾਕੇਸ਼ ਅਸਥਾਨਾ ਨੂੰ ਡਾਇਰੈਕਟਰ ਬਣਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਅੜਿੱਕਾ ਪੈਣ ਕਾਰਨ ਆਲੋਕ ਵਰਮਾ ਨੂੰ ਇਸ ਅਹੁਦੇ 'ਤੇ ਨਿਯੁਕਤ ਕਰਨਾ ਪਿਆ ਸੀ। ਹੁਣ ਸੀ.ਬੀ.ਆਈ. ਵਲੋਂ ਸਫਾਈ ਦਿੱਤੀ ਗਈ ਹੈ ਕਿ ਰਾਓ ਦੀ ਨਿਯੁਕਤੀ ਆਰਜ਼ੀ ਹੈ ਅਤੇ ਆਲੋਕ ਵਰਮਾ ਤੇ ਰਾਕੇਸ਼ ਅਸਥਾਨਾ ਕ੍ਰਮਵਾਰ ਡਾਇਰੈਕਟਰ ਅਤੇ ਵਿਸ਼ੇਸ਼ ਡਾਇਰੈਕਟਰ ਬਣੇ ਰਹਿਣਗੇ। ਇਹ ਸਫਾਈ ਆਲੋਕ ਵਰਮਾ ਵਲੋਂ ਕੇਂਦਰ ਸਰਕਾਰ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇਣ ਤੋਂ ਬਾਅਦ ਦਿੱਤੀ ਜਾ ਰਹੀ ਹੈ ਜਿਸ ਨੇ ਸਰਕਾਰ ਵਲੋਂ 24 ਅਕਤੂਬਰ ਨੂੰ ਦਿੱਤੇ ਆਦੇਸ਼ ਵਾਪਸ ਲਏ ਜਾਣ ਦੀ ਮੰਗ ਕਰਦਿਆਂ ਸਰਵਉਚ ਅਦਾਲਤ ਦਾ ਦਰਵਾਜ਼ਾ ਖੜਕਾਇਆ ਸੀ। ਜਦੋਂ ਸੀ.ਬੀ.ਆਈ. ਦੇ ਮੁਖੀ ਵਲੋਂ ਆਪਣੇ ਦੋ ਨੰਬਰ ਦੇ ਮੁਖੀ ਅਤੇ ਮੌਜੂਦਾ ਆਰਜ਼ੀ ਮੁਖੀ ਉਪਰ ਸੰਗੀਨ ਇਲਜ਼ਾਮ ਲਗਾਏ ਗਏ ਹਨ ਤਾਂ ਏਜੰਸੀ ਦੀ ਸਫਾਈ ਉਪਰ ਕੌਣ ਯਕੀਨ ਕਰੇਗਾ।

ਪਿਛਲੇ ਦਿਨੀਂ ਸੀ.ਬੀ.ਆਈ. ਵਲੋਂ ਆਪਣੇ ਹੀ ਵਿਸ਼ੇਸ਼ ਡਾਇਰੈਕਟਰ ਰਾਕੇਸ਼ ਅਸਥਾਨਾ ਦੇ ਖਿਲਾਫ ਐਫ.ਆਈ.ਆਰ. ਦਰਜ ਕਰਾਈ ਗਈ ਅਤੇ ਸੀ.ਬੀ.ਆਈ. ਵਲੋਂ ਆਪਣੇ ਹੀ ਦਫਤਰ ਵਿਚ ਛਾਪਾ ਮਾਰ ਕੇ ਆਪਣੇ ਹੀ ਡੀ.ਐਸ.ਪੀ. ਦਵਿੰਦਰ ਕੁਮਾਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਡੀ.ਐਸ.ਪੀ. ਨੂੰ ਸੱਤ ਦਿਨ ਲਈ ਹਿਰਾਸਤ ਵਿਚ ਭੇਜ ਦਿੱਤਾ ਗਿਆ ਅਤੇ ਉਸ ਨੇ ਆਪਣੀ ਗ੍ਰਿਫਤਾਰੀ ਨੂੰ ਹਾਈਕੋਰਟ ਵਿਚ ਚੁਣੌਤੀ ਦਿੱਤੀ ਹੈ। ਜਿਸ ਅਧਿਕਾਰੀ ਐਮ. ਨਾਗੇਸ਼ਵਰ ਰਾਓ ਨੂੰ ਏਜੰਸੀ ਦਾ ਅੰਤ੍ਰਿਮ ਨਿਰਦੇਸ਼ਕ ਬਣਾਇਆ ਗਿਆ ਹੈ, ਉਸ ਖਿਲਾਫ ਭ੍ਰਿਸ਼ਟਾਚਾਰ ਦੇ ਇਲਜ਼ਾਮ ਹਨ। 2014 ਤਕ ਉਹ ਉੜੀਸਾ ਦੇ ਫਾਇਰ ਬ੍ਰਿਗੇਡ ਦਾ ਵਧੀਕ ਡਾਇਰੈਕਟਰ ਜਨਰਲ ਸੀ, ਉਸ ਉਪਰ ਵਿਭਾਗ ਦੇ ਅਮਲੇ ਲਈ ਨਵੀਆਂ ਵਰਦੀਆਂ ਖਰੀਦਣ ਸਮੇਂ 3 ਕਰੋੜ ਰੁਪਏ ਦਾ ਘਾਲਾਮਾਲਾ ਕਰਨ ਦਾ ਇਲਜ਼ਾਮ ਲੱਗਿਆ ਸੀ ਅਤੇ ਉਸ ਨੂੰ ਵਿਭਾਗੀ ਜਾਂਚ ਦਾ ਸਾਹਮਣਾ ਕਰਨਾ ਪਿਆ ਸੀ। ਇਸ ਸਾਲ ਜੁਲਾਈ ਵਿਚ ਉਸ ਉਪਰ ਭਾਰਤੀ ਸਟੇਟ ਬੈਂਕ, ਤਾਮਿਲਨਾਡੂ ਦੀ ਇਕ ਪਬਲਿਕ ਸੈਕਟਰ ਕੰਪਨੀ, ਇਕ ਪ੍ਰਾਈਵੇਟ ਕੰਪਨੀ ਅਤੇ ਤਾਮਿਲਨਾਡੂ ਸਰਕਾਰ ਨਾਲ ਜੁੜੇ ਬਹੁ ਕਰੋੜੀ ਘੁਟਾਲੇ ਦੀ ਜਾਂਚ ਨੂੰ ਦਬਾਉਣ ਦੇ ਇਲਜ਼ਾਮ ਲੱਗੇ। ਉਸ ਦੀ ਪਤਨੀ ਉਪਰ ਕਲਕੱਤਾ ਦੀ ਇਕ ਫਰਜ਼ੀ ਕੰਪਨੀ ਜ਼ਰੀਏ ਪੈਸੇ ਦੇ ਜਾਅਲੀ ਕਾਰੋਬਾਰ ਵਿਚ ਸ਼ਾਮਲ ਹੋਣ ਦੇ ਇਲਜ਼ਾਮ ਇਸ ਤੋਂ ਵੱਖਰੇ ਹਨ। ਯਾਦ ਰਹੇ, ਰਾਓ ਵਿਰੁਧ ਇਨ੍ਹਾਂ ਇਲਜ਼ਾਮਾਂ ਦੀ ਜਾਂਚ ਆਲੋਕ ਵਰਮਾ ਵਲੋਂ ਕੀਤੀ ਜਾ ਰਹੀ ਸੀ।

ਰਾਓ ਨੇ ਅਹੁਦਾ ਸੰਭਾਲਦੇ ਸਾਰ ਸੀ.ਬੀ.ਆਈ. ਦੇ ਉਨ੍ਹਾਂ ਤੇਰਾਂ ਅਫਸਰਾਂ ਦੇ ਤਬਾਦਲੇ ਕਰ ਦਿੱਤੇ ਜੋ ਅਸਥਾਨਾ ਦੇ ਭ੍ਰਿਸ਼ਟਾਚਾਰ ਦੇ ਮਾਮਲੇ ਦੀ ਜਾਂਚ ਕਰ ਰਹੇ ਸਨ। ਇਹ ਸਾਰੇ ਵਰਮਾ ਦੇ ਨਜ਼ਦੀਕੀ ਸਨ ਅਤੇ ਉਨ੍ਹਾਂ ਨੂੰ ਪਾਸੇ ਕਰਕੇ ਦਰਅਸਲ ਮੋਦੀ-ਅਮਿਤ ਸ਼ਾਹ ਨੇ ਰਾਕੇਸ਼ ਅਸਥਾਨਾ ਦਾ ਬਚਾਓ ਕੀਤਾ ਹੈ।

ਜਿਥੋਂ ਤਕ ਰਾਕੇਸ਼ ਅਸਥਾਨਾ ਦਾ ਸਵਾਲ ਹੈ, ਉਸ ਦਾ ਨਾਂ ਹਵਾਲਾ ਅਤੇ ਕਾਲੇ ਧਨ ਨੂੰ ਚਿੱਟਾ ਕਰਨ ਦੇ ਘੁਟਾਲੇ ਨਾਲ ਜੁੜਿਆ ਹੋਇਆ ਹੈ। ਕਿਹਾ ਜਾਂਦਾ ਹੈ ਕਿ ਉਸ ਨੇ ਹੈਦਰਾਬਾਦ ਤੋਂ ਮੀਟ ਦੇ ਕਾਰੋਬਾਰੀ ਮੋਇਨ ਕੁਰੈਸ਼ੀ ਨੂੰ ਇਸ ਘੁਟਾਲੇ ਵਿਚ ਕਲੀਨ ਚਿੱਟ ਦੇਣ ਲਈ ਦੋ ਵਿਚੋਲਿਆਂ ਜ਼ਰੀਏ ਪੰਜ ਕਰੋੜ ਦਾ ਸੌਦਾ ਕੀਤਾ ਅਤੇ ਇਸ ਵਿਚੋਂ ਤਿੰਨ ਕਰੋੜ ਰੁਪਏ ਪਹਿਲਾਂ ਹੀ ਅਸਥਾਨਾ ਨੂੰ ਦਿੱਤੇ ਜਾ ਚੁੱਕੇ ਹਨ।

ਦੂਜੇ ਪਾਸੇ, ਆਲੋਕ ਵਰਮਾ ਦੇ ਮਾਮਲੇ ਵਿਚ ਕੇਂਦਰ ਸਰਕਾਰ ਦਾ ਬਿਆਨ ਵੀ ਘੱਟ ਦਿਲਚਸਪ ਨਹੀਂ। ਇਸ ਵਿਚ ਕਿਹਾ ਗਿਆ ਹੈ ਕਿ ਸੀ.ਬੀ.ਆਈ. ਨਿਰਦੇਸ਼ਕ ਵਰਮਾ ਵਲੋਂ ਕੇਂਦਰੀ ਵਿਜੀਲੈਂਸ ਕਮਿਸ਼ਨ (ਸੀ.ਵੀ.ਸੀ.) ਦੇ ਕੰਮ ਵਿਚ ਜਾਣ-ਬੁੱਝ ਕੇ ਅੜਿੱਕਾ ਪਾਇਆ ਜਾ ਰਿਹਾ ਸੀ, ਕਿਉਂਕਿ ਕਮਿਸ਼ਨ ਵਲੋਂ ਉਨ੍ਹਾਂ ਸ਼ਿਕਾਇਤਾਂ ਦੀ ਜਾਂਚ ਕੀਤੀ ਜਾ ਰਹੀ ਹੈ ਜੋ ਅਸਥਾਨਾ ਨੇ ਉਸ ਖਿਲਾਫ ਕੀਤੀਆਂ ਸਨ। ਇਸ ਨੂੰ ਲੈ ਕੇ ਆਲੋਕ ਵਰਮਾ ਕਹਿ ਰਹੇ ਹਨ ਕਿ ਇਹ ਸੀ.ਬੀ.ਆਈ. ਦੇ ਕੰਮ ਵਿਚ ਰਾਜਸੀ ਦਖਲਅੰਦਾਜ਼ੀ ਹੈ ਅਤੇ ਇਸ ਨਾਲ ਏਜੰਸੀ ਦੀ ਖੁਦਮੁਖਤਿਆਰੀ ਨੂੰ ਸੱਟ ਵੱਜਦੀ ਹੈ।

ਸੀ.ਬੀ.ਆਈ. ਕਿੰਨੀ ਕੁ ਖੁਦਮੁਖਤਿਆਰ ਹੈ, ਹਾਲੀਆ ਵਿਵਾਦ ਨਾਲ ਜੁੜੇ ਚਿਹਰਿਆਂ ਦੀ ਸੱਤਾਧਾਰੀ ਧਿਰ ਨਾਲ ਨੇੜਤਾ ਹੀ ਇਸ ਨੂੰ ਚੋਖੇ ਰੂਪ ਵਿਚ ਸਪਸ਼ਟ ਕਰ ਦਿੰਦੀ ਹੈ। ਅਸਥਾਨਾ ਦਾ ਮੋਦੀ ਰਾਜ ਨਾਲ ਰਿਸ਼ਤਾ ਓਦੋਂ ਤੋਂ ਹੈ, ਜਦੋਂ ਨਰਿੰਦਰ ਮੋਦੀ ਗੁਜਰਾਤ ਦਾ ਮੁੱਖ ਮੰਤਰੀ ਸੀ। ਉਸ ਵਲੋਂ ਮੋਦੀ ਦੇ ਇਸ ਸਿਧਾਂਤ ਉਪਰ ਮੋਹਰ ਲਾਈ ਗਈ ਕਿ 2002 ਵਿਚ ਗੁਜਰਾਤ ਦੇ ਗੋਧਰਾ ਵਿਚ ਜੋ ਰੇਲ ਅੱਗਜ਼ਨੀ ਕਾਂਡ ਵਾਪਰਿਆ, ਉਹ ਮੁਸਲਮਾਨਾਂ ਦੀ ਗਿਣੀ-ਮਿਥੀ ਸਾਜ਼ਿਸ਼ ਸੀ, ਜਦਕਿ ਅੱਜ ਤਕ ਵੀ ਇਸ ਭਗਵੇਂ ਦਾਅਵੇ ਦਾ ਕੋਈ ਸਬੂਤ ਸਾਹਮਣੇ ਨਹੀਂ ਆਇਆ। ਸੀ.ਬੀ.ਆਈ. ਵਿਚ ਅਸਥਾਨਾ ਨੂੰ ਮੋਦੀ ਸਰਕਾਰ ਦਾ ਨੁਮਾਇੰਦਾ ਸਮਝਿਆ ਜਾਂਦਾ ਸੀ ਅਤੇ ਵਿਰੋਧੀ ਧਿਰ ਦੇ ਆਗੂਆਂ ਦੇ ਖਿਲਾਫ ਜ਼ਿਆਦਾਤਰ ਕੇਸਾਂ ਨੂੰ ਵੀ ਉਹੀ ਦੇਖ ਰਿਹਾ ਸੀ। ਨਾਗੇਸ਼ਵਰ ਰਾਓ ਨੂੰ ਮੋਦੀ ਸਰਕਾਰ ਵਲੋਂ ਸੰਕਟ ਵਿਚੋਂ ਨਿਕਲਣ ਲਈ ਉਸ ਵਕਤ ਏਜੰਸੀ ਦਾ ਮੁਖੀ ਬਣਾਇਆ, ਜਦੋਂ ਭ੍ਰਿਸ਼ਟਾਚਾਰ ਅਤੇ ਏਜੰਸੀ ਦੇ ਕੰਮ ਵਿਚ ਅੜਿੱਕਾ ਪਾਉਣ ਦੇ ਇਲਜ਼ਾਮਾਂ ਵਿਚ ਘਿਰੇ ਅਸਥਾਨਾ ਨੂੰ ਪਾਸੇ ਕਰਨਾ ਜ਼ਰੂਰੀ ਹੋ ਗਿਆ।

ਰਾਓ ਸ਼ੁਰੂ ਤੋਂ ਹੀ ਹਿੰਦੂਤਵ ਝੁਕਾਅ ਕਾਰਨ ਵਿਵਾਦਾਂ ਵਿਚ ਘਿਰਿਆ ਰਿਹਾ ਹੈ। ਜਦੋਂ ਉਹ ਉੜੀਸਾ ਦੇ ਨਬਰੰਗਪੁਰ ਜ਼ਿਲ੍ਹੇ ਦਾ ਐਸ.ਪੀ. ਸੀ, ਉਦੋਂ ਉਸ ਉਪਰ ਘੱਟਗਿਣਤੀ ਵਿਰੋਧੀ ਹੋਣ ਦੇ ਇਲਜ਼ਾਮ ਲੱਗੇ। ਰਿਪੋਰਟਾਂ ਅਨੁਸਾਰ ਮਾਰਚ 1994 ਵਿਚ ਉਸ ਨੇ ਜ਼ਿਲ੍ਹੇ ਦੇ ਸਾਰੇ ਸਰਕਾਰੀ ਸਕੂਲਾਂ ਦੇ ਮੁਖੀਆਂ ਨੂੰ ਚਿੱਠੀ ਲਿਖ ਕੇ ਹਦਾਇਤ ਕੀਤੀ ਸੀ ਕਿ ਬੱਚਿਆਂ ਨੂੰ ਧਰਮ ਬਦਲਣ ਤੋਂ ਨਿਰਉਤਸ਼ਾਹਤ ਕੀਤਾ ਜਾਵੇ। 1998 ਵਿਚ ਉਸ ਨੇ ਬਹਿਰਾਮਪੁਰ ਵਿਕਾਸ ਅਥਾਰਟੀ ਦੇ ਮੀਤ ਪ੍ਰਧਾਨ ਵਜੋਂ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਉਪਰ ਭੜਕਾਊ ਭਾਸ਼ਣ ਦਿੰਦਿਆਂ ਕਿਹਾ, "ਮੁਸਲਿਮ, ਈਸਾਈ ਅਤੇ ਮਾਰਕਸਵਾਦੀ" ਮਨੁੱਖੀ ਹੱਕਾਂ ਲਈ ਸਭ ਤੋਂ ਵੱਡਾ ਖਤਰਾ ਹਨ। ਇਹ ਤਾਕਤਾਂ ਹਿੰਸਾ ਵਿਚ ਵਿਸ਼ਵਾਸ ਰੱਖਦੀਆਂ ਹਨ। ਉਸ ਨੇ ਇਥੋਂ ਤਕ ਕਿਹਾ ਕਿ ਘੱਟਗਿਣਤੀ ਈਸਾਈਆਂ ਅਤੇ ਮੁਸਲਮਾਨਾਂ ਦਾ ਮੁਲਕ ਦੀ ਸਰਕਾਰੀ ਆਮਦਨੀ ਵਿਚ ਯੋਗਦਾਨ ਬਹੁਤ ਨਿਗੂਣਾ ਹੈ ਅਤੇ ਹਿੰਦੂਆਂ ਦੇ ਟੈਕਸਾਂ ਦਾ ਪੈਸਾ ਘੱਟਗਿਣਤੀਆਂ ਦੇ ਲਾਭ ਉਪਰ ਖਰਚ ਕੇ ਮਨੁੱਖੀ ਹੱਕਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ। ਰਾਓ ਦੀ ਹੋਰ ਵੀ ਘਿਨਾਉਣੀ ਭੂਮਿਕਾ 2008 ਵਿਚ ਕੰਧਾਮਾਲ ਫਸਾਦਾਂ ਵਿਚ ਸਾਹਮਣੇ ਆਈ ਜਦੋਂ ਉਸ ਨੇ ਸੀ.ਆਰ.ਪੀ.ਐਫ. ਦੇ ਆਈ.ਜੀ. ਵਜੋਂ ਸੰਘ ਪਰਿਵਾਰ ਦੇ ਫਸਾਦੀਆਂ ਨੂੰ ਅੱਗਜ਼ਨੀ ਅਤੇ ਹਿੰਸਾ ਦੀ ਖੁੱਲ੍ਹੀ ਛੁੱਟੀ ਦੇਣ ਲਈ ਰਾਤ ਦੇ ਵਕਤ ਈਸਾਈ ਫਿਰਕੇ ਦੀ ਸੁਰੱਖਿਆ ਲਈ ਕੇਂਦਰੀ ਤਾਕਤਾਂ ਦੀ ਸੁਰੱਖਿਆ ਹਟਾਉਣ ਦੇ ਵਿਸ਼ੇਸ਼ ਹੁਕਮ ਜਾਰੀ ਕੀਤੇ। ਇਸ ਤੋਂ ਬਿਨਾਂ, ਆਰ.ਐਸ.ਐਸ. ਦੇ ਦਿੱਲੀ ਸਥਿਤ ਥਿੰਕਟੈਂਕ ਨਾਲ ਰਾਓ ਦੇ ਗੂੜ੍ਹੇ ਰਿਸ਼ਤੇ ਬਾਰੇ ਹਾਲ ਹੀ ਵਿਚ ਦੀ ਇਕਨਾਮਿਕ ਟਾਈਮਜ਼ ਨੇ ਰਿਪੋਰਟ ਛਾਪੀ ਹੈ ਜੋ ਦੱਸਦੀ ਹੈ ਕਿ ਰਾਓ ਮੰਦਰਾਂ ਨੂੰ ਸਰਕਾਰੀ ਕੰਟਰੋਲ ਤੋਂ ਆਜ਼ਾਦ ਕਰਾਉਣ, ਘੱਟਗਿਣਤੀਆਂ ਪੱਖੀ ਤੇ ਹਿੰਦੂਆਂ ਨਾਲ ਵਿਤਕਰਾ ਕਰਨ ਵਾਲੇ ਕਾਨੂੰਨਾਂ ਨੂੰ ਰੱਦ ਕਰਾਉਣ ਅਤੇ ਬੀਫ ਬਰਾਮਦ ਕਰਨ ਉਪਰ ਪਾਬੰਦੀ ਲਗਾਉਣ ਲਈ ਸਰਕਾਰਾਂ ਨੂੰ ਪ੍ਰੇਰਨ ਲਈ ਸਰਗਰਮ ਵੱਖ-ਵੱਖ ਸੰਸਥਾਵਾਂ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਰਿਪੋਰਟ ਕਹਿੰਦੀ ਹੈ ਕਿ ਇਸ ਸਾਲ ਸਤੰਬਰ ਮਹੀਨੇ ਕਾਰਕੁਨਾਂ ਅਤੇ ਵਿਦਵਾਨਾਂ ਨੇ ਜੋ ਵਿਵਾਦਪੂਰਨ "ਹਿੰਦੂਆਂ ਦਾ ਮੰਗ ਪੱਤਰ" ਜਾਰੀ ਕੀਤਾ, ਉਸ ਨੂੰ ਤਿਆਰ ਕਰਨ ਵਿਚ ਰਾਓ ਨੇ ਹੱਥ ਵਟਾਇਆ। ਰਾਓ ਆਰ.ਐਸ.ਐਸ. ਦੇ ਥਿੰਕ ਟੈਂਕਾਂ - ਇੰਡੀਆ ਫਾਊਂਡੇਸ਼ਨ ਤੇ ਵਿਵੇਕਾਨੰਦ ਫਾਊਂਡੇਸ਼ਨ - ਦੇ ਸਮਾਗਮਾਂ ਵਿਚ ਅਕਸਰ ਹਾਜ਼ਰੀ ਭਰਦਾ ਹੈ। ਉਹ ਆਰ.ਐਸ.ਐਸ ਦੇ ਸਾਬਕਾ ਬੁਲਾਰੇ ਰਾਮ ਮਾਧਵ ਦੇ ਬਹੁਤ ਨੇੜੇ ਹੈ ਜਿਸ ਵਲੋਂ ਮੋਦੀ ਸਰਕਾਰ ਦੇ ਨੀਤੀ ਫੈਸਲੇ ਲੈਣ ਵਿਚ ਬਹੁਤ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ।

ਸਿਆਸੀ ਹਲਕਿਆਂ ਵਿਚ ਇਹ ਚਰਚੇ ਵੀ ਹਨ ਕਿ ਇਸ ਬਹਾਨੇ ਸੀ.ਬੀ.ਆਈ. ਦੇ ਹੈੱਡਕੁਆਰਟਰ ਉਪਰ ਛਾਪਾ ਮਾਰ ਕੇ ਖਾਸ ਰਿਕਾਰਡ ਗਾਇਬ ਕੀਤਾ ਗਿਆ ਹੈ ਜਿਸ ਦਾ ਸਬੰਧ ਰਾਫਾਲ ਸੌਦੇ ਨਾਲ ਸੀ। ਪਿਛਲੇ ਦਿਨੀਂ ਸਾਬਕਾ ਭਾਜਪਾ ਮੰਤਰੀਆਂ ਯਸ਼ਵੰਤ ਸਿਨਹਾ, ਅਰੁਣ ਸ਼ੋਰੀ ਅਤੇ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਦਾ ਆਲੋਕ ਵਰਮਾ ਨੂੰ ਮਿਲ ਕੇ ਰਾਫਾਲ ਸੌਦੇ ਦੀ ਜਾਂਚ ਦੀ ਮੰਗ ਕਰਨਾ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ। ਹੋ ਸਕਦਾ ਹੈ, ਵਧ ਰਹੇ ਦਬਾਓ ਕਾਰਨ ਸੀ.ਬੀ.ਆਈ. ਨੂੰ ਜਾਂਚ ਸ਼ੁਰੂ ਕਰਨੀ ਪੈਂਦੀ। ਆਲੋਕ ਵਰਮਾ ਨੇ ਵੀ ਦੋਸ਼ ਲਾਇਆ ਹੈ ਕਿ ਬੇਮਿਸਾਲ ਘੁਟਾਲੇ ਦੀ ਜਾਂਚ ਸ਼ੁਰੂ ਹੋਣ ਦੇ ਡਰ ਕਾਰਨ ਉਸ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਜਦੋਂ ਜਾਂਚ ਕਰਤਾ ਏਜੰਸੀ ਦੀ ਕੌੜੀ ਹਕੀਕਤ ਇਹ ਹੈ ਤਾਂ ਇਹ ਸੰਭਵ ਹੀ ਨਹੀਂ ਕਿ ਕਿਸੇ ਮਾਮਲੇ ਦੀ ਜਾਂਚ ਸੱਤਾਧਾਰੀ ਧਿਰ ਦੀ ਇੱਛਾ ਤੋਂ ਬਾਹਰ ਜਾ ਕੇ ਹੋਵੇ। ਆਉਣ ਵਾਲੇ ਦਿਨਾਂ ਵਿਚ ਸੀ.ਬੀ.ਆਈ. ਅੰਦਰਲਾ ਇਹ ਘਾਲਾਮਾਲਾ ਵੀ ਮੁਲਕ ਦੇ ਮਹਾਂ ਘੁਟਾਲਿਆਂ ਵਾਂਗ ਇਤਿਹਾਸ ਦੀ ਘਟਨਾ ਬਣ ਜਾਵੇਗਾ ਅਤੇ ਭ੍ਰਿਸ਼ਟ ਰਾਜਸੀ ਢਾਂਚਾ ਉਸੇ ਤਰ੍ਹਾਂ ਚਲਦਾ ਰਹੇਗਾ ਜਿਵੇਂ ਪਹਿਲਾਂ ਚੱਲ ਰਿਹਾ ਹੈ।

# ਸੀ.ਬੀ.ਆਈ., ਸਰਕਾਰ ਅਤੇ ਅਦਾਲਤ

ਜਦੋਂ ਭਾਰਤ ਦੀ ਜਨਤਾ ਗਹਿਰੀ ਨੀਂਦ ਵਿਚ ਸੌਂ ਰਹੀ ਸੀ, ਉਦੋਂ ਦਿੱਲੀ ਪੁਲਿਸ ਦੇ ਜਵਾਨ ਆਪਣੇ ਬੂਟਾਂ ਦੇ ਤਸਮੇ ਕੱਸ ਰਹੇ ਸਨ। ਬੇਖ਼ਬਰ ਜਨਤਾ ਨੂੰ ਹੋਸ਼ ਹੀ ਨਹੀਂ ਸੀ ਕਿ ਸੀ.ਬੀ.ਆਈ. ਦੇ ਮੁੱਖ ਦਫ਼ਤਰ ਦੇ ਬਾਹਰ ਤਾਇਨਾਤ ਹੁੰਦੇ ਪੁਲਿਸ ਦੇ ਜਵਾਨਾਂ ਦੇ ਬੂਟ ਸ਼ੋਰ ਮਚਾ ਰਹੇ ਸਨ। ਲੋਕਤੰਤਰ ਨੂੰ ਕੁਚਲਣ ਵਿਚ ਬੂਟਾਂ ਦਾ ਬਹੁਤ ਯੋਗਦਾਨ ਹੈ। ਜਦੋਂ ਸੰਵਿਧਾਨ ਦੀਆਂ ਧੱਜੀਆਂ ਉਡਦੀਆਂ ਹਨ, ਉਦੋਂ ਰਾਤ ਨੂੰ ਬੂਟ ਕੱਸੇ ਜਾਂਦੇ ਹਨ। ਪੁਲਿਸ ਦੇ ਜਵਾਨ ਸੀ.ਬੀ.ਆਈ. ਦਫ਼ਤਰ ਨੂੰ ਘੇਰਾ ਪਾ ਲੈਂਦੇ ਹਨ। ਰਾਤ ਦੇ ਪੌਣੇ ਇਕ ਵੱਜ

**ਰਵੀਸ਼ ਕੁਮਾਰ**
ਅਨੁਵਾਦ: ਬੂਟਾ ਸਿੰਘ

ਰਹੇ ਹੁੰਦੇ ਹਨ। ਮੁਲਕ ਉਪਰ ਕਾਲੀ ਰਾਤ ਦਾ ਸਾਇਆ ਗਹਿਰਾ ਹੋ ਗਿਆ ਹੈ। ਇਸ ਵਕਤ ਇਕ ਅਫ਼ਸਰ ਜੋ ਸ਼ਾਇਦ ਜਾਗਦਾ ਸੀ, ਉਸ ਕੁਰਸੀ ਉਪਰ ਬੈਠਣ ਲਈ ਘਰੋਂ ਨਿਕਲਦਾ ਹੈ ਜਿਸ ਕੁਰਸੀ ਉਪਰ ਬੈਠੇ ਆਲੋਕ ਵਰਮਾ ਨੇ ਉਸ ਦੇ ਖ਼ਿਲਾਫ਼ ਸੀ.ਵੀ.ਸੀ. (ਕੇਂਦਰੀ ਚੌਕਸੀ ਕਮਿਸ਼ਨ) ਵੱਲੋਂ ਲਾਏ ਗੰਭੀਰ ਇਲਜ਼ਾਮਾਂ ਦੀ ਜਾਂਚ ਕਰਾਏ ਜਾਣ ਦੀ ਅਰਜ਼ੀ ਦਿੱਤੀ ਹੈ। ਸੀ.ਵੀ.ਸੀ. ਦੇ ਵੀ.ਚੌਧਰੀ, ਐਮ. ਨਾਗੇਸ਼ਵਰ ਰਾਓ ਨੂੰ ਸੀ.ਬੀ.ਆਈ. ਦਾ ਨਵਾਂ ਚੀਫ਼ ਬਣਾਉਣ ਦਾ ਰਸਤਾ ਸਾਫ਼ ਕਰ ਦਿੰਦੇ ਹਨ। ਨਾਗੇਸ਼ਵਰ ਰਾਓ ਆਪਣੇ ਨੰਬਰ ਵੰਨ ਚੀਫ਼ ਆਲੋਕ ਵਰਮਾ ਨੂੰ ਹਟਾਉਣ ਦਾ ਆਦੇਸ਼ ਦਿੰਦੇ ਹਨ ਜਿਸ ਨੂੰ ਛੁੱਟੀ ਉਪਰ ਭੇਜਣਾ ਕਹਿੰਦੇ ਹਨ। ਰਾਕੇਸ਼ ਅਸਥਾਨਾ ਜਿਸ ਦੀ ਗ੍ਰਿਫ਼ਤਾਰੀ ਦੀ ਇਜਾਜ਼ਤ ਮੰਗੀ ਗਈ ਸੀ, ਉਸ ਨੂੰ ਵੀ ਹਟਾ ਦਿੱਤਾ ਜਾਂਦਾ ਹੈ। ਕਾਲੀ ਰਾਤ ਦੇ ਬੰਦ ਕਮਰੇ ਵਿਚ ਬਾਰਾਂ ਅਫ਼ਸਰਾਂ ਨੂੰ ਮੁੱਖ ਦਫ਼ਤਰ ਤੋਂ ਬਾਹਰ ਭੇਜਣ ਦੇ ਆਦੇਸ਼ ਉਪਰ ਦਸਤਖ਼ਤ ਹੁੰਦੇ ਹੈ। ਉਧਰ ਨੀਂਦ ਵਿਚ ਸੁੱਤੀ ਜਨਤਾ ਕਰਵਟ ਬਦਲਦੀ ਹੈ। ਇਧਰ ਤਖ਼ਤਾ ਪਲਟ ਜਾਂਦਾ ਹੈ।

ਅਸੀਂ ਜਿਨ੍ਹਾਂ ਆਹਟਾਂ ਦੀ ਗੱਲ ਕਰਦੇ ਰਹੇ ਹਾਂ, ਉਹ ਸੁਣਾਈ ਦੇਣ, ਇਸ ਲਈ ਬੂਟਾਂ ਨੇ ਵਫ਼ਾਦਾਰੀ ਨਿਭਾਈ ਹੈ। ਹੁਣ ਤੁਹਾਡੇ ਉਪਰ ਹੈ ਕਿ ਤੁਸੀਂ ਉਨ੍ਹਾਂ ਬੂਟਾਂ ਦਾ ਇਸ਼ਾਰਾ ਸਮਝ ਸਕਦੇ ਹੋ ਜਾਂ ਨਹੀਂ। ਮਦਹੋਸ਼ ਜਨਤਾ ਅਤੇ ਗ਼ੁਲਾਮ ਮੀਡੀਆ ਅੱਖਾਂ ਬੰਦ ਕਰ ਲੈਂਦੇ ਹਨ। 'ਦਿ ਵਾਇਰ' ਵਿਚ ਪੱਤਰਕਾਰ ਸਵਾਤੀ ਚਤੁਰਵੇਦੀ ਨੇ ਲਿਖਿਆ ਹੈ ਕਿ ਸੀ.ਬੀ.ਆਈ. ਦੇ ਇਤਿਹਾਸ ਵਿਚ ਕਦੇ ਨਹੀਂ ਹੋਇਆ ਕਿ ਇੰਸਪੈਕਟਰ ਜਨਰਲ (ਆਈ.ਜੀ.) ਨੂੰ ਚੀਫ਼ ਬਣਾ ਦਿੱਤਾ ਗਿਆ ਹੋਵੇ। ਦਾਅਵਾ ਹੈ ਪ੍ਰਧਾਨ ਮੰਤਰੀ ਦਫ਼ਤਰ ਦੇ ਕਰੀਬੀ, ਯਾਨੀ ਰਾਕੇਸ਼ ਅਸਥਾਨਾ ਦੀ ਗ੍ਰਿਫ਼ਤਾਰੀ ਦੀ ਇਜਾਜ਼ਤ ਮੰਗੀ ਸੀ ਅਤੇ ਉਹ ਰਾਫ਼ਾਲ ਸੌਦਾ ਮਾਮਲੇ ਵਿਚ ਜਾਂਚ ਦੀ ਤਰਫ਼ ਵਧਣ ਲੱਗੇ ਸਨ। ਵਕੀਲ ਪ੍ਰਸ਼ਾਂਤ ਭੂਸ਼ਣ, ਯਸ਼ਵੰਤ ਸਿਨਹਾ ਅਤੇ ਅਰੁਣ ਸ਼ੋਰੀ ਨਾਲ ਮਿਲਣੀ ਦੀ ਖ਼ਬਰ ਨਾਲ ਸਰਕਾਰ ਨੇ ਰਾਤਾਂ ਨੂੰ ਜਾਗਣਾ ਸ਼ੁਰੂ ਕਰ ਦਿੱਤਾ। ਦਿਨ ਵਿਚ ਪ੍ਰਧਾਨ ਮੰਤਰੀ ਦੇ ਭਾਸ਼ਣਾਂ ਦਾ ਵਕਤ ਹੁੰਦਾ ਹੈ, ਇਸ ਲਈ 'ਇਨਸਾਫ਼' ਦਾ ਵਕਤ ਰਾਤ ਨੂੰ ਚੁਣਿਆ ਗਿਆ। ਅੱਧੀ ਰਾਤ ਤੋਂ ਬਾਅਦ ਜਦੋਂ ਜਦੋਂ ਸਰਕਾਰਾਂ ਜਾਗੀਆਂ ਹਨ, ਉਦੋਂ ਐਸਾ ਹੀ 'ਇਨਸਾਫ਼' ਹੋਇਆ ਹੈ।

ਜਨਵਰੀ 2017 ਵਿਚ ਆਲੋਕ ਵਰਮਾ ਨੂੰ ਦੋ ਸਾਲ ਲਈ ਸੀ.ਬੀ.ਆਈ. ਦਾ ਚੀਫ਼ ਬਣਾਇਆ ਗਿਆ। ਆਲੋਕ ਵਰਮਾ ਦਾ ਕਾਰਜਕਾਲ ਅਗਲੇ ਸਾਲ ਫ਼ਰਵਰੀ ਤਕ ਸੀ। ਇਸ ਚੋਣ ਵਾਲੇ ਕਾਲਜੀਅਮ ਵਿਚ ਭਾਰਤ ਦੇ ਚੀਫ਼ ਜਸਟਿਸ ਵੀ ਸਨ। ਜਦੋਂ ਉਸ ਨੂੰ ਹਟਾਇਆ ਗਿਆ, ਉਦੋਂ ਕੋਈ ਕਾਲਜੀਅਮ ਨਹੀਂ ਬਣਿਆ। ਚੀਫ਼ ਜਸਟਿਸ ਨੂੰ ਦੱਸਿਆ ਤਕ ਨਹੀਂ ਗਿਆ। ਜਦੋਂ ਆਲੋਕ ਵਰਮਾ ਨੂੰ ਹਟਾ ਕੇ ਨਾਗੇਸ਼ਵਰ ਰਾਓ ਨੂੰ ਚੀਫ਼ ਬਣਾਇਆ, ਉਦੋਂ ਕੋਈ ਕਾਲਜੀਅਮ ਨਹੀਂ ਬਣਾਇਆ ਗਿਆ। ਚੀਫ਼ ਜਸਟਿਸ ਦੀ ਕੋਈ ਭੂਮਿਕਾ ਨਹੀਂ ਰਹੀ। ਆਲੋਕ ਵਰਮਾ ਨੇ ਪ੍ਰਧਾਨ ਮੰਤਰੀ ਦੇ 'ਇਨਸਾਫ਼' ਖ਼ਿਲਾਫ਼ ਸੁਪਰੀਮ ਕੋਰਟ ਵਿਚ ਇਨਸਾਫ਼ ਦੀ ਅਪੀਲ ਕੀਤੀ ਹੈ।

ਅਗਸਤ ਮਹੀਨੇ ਜਦੋਂ ਸੀ.ਬੀ.ਆਈ. ਲੰਡਨ ਦੀ ਅਦਾਲਤ ਵਿਚ ਆਪਣੇ ਦਸਤਾਵੇਜ਼ ਲੈ ਕੇ ਪਹੁੰਚੀ ਕਿ ਇਨ੍ਹਾਂ ਗਵਾਹਾਂ ਦੇ ਬਿਆਨਾਂ ਦੇ ਆਧਾਰ 'ਤੇ ਵਿਜੈ ਮਾਲਿਆ ਨੂੰ ਭਾਰਤ ਵਿਚ ਲਿਆਉਣਾ ਜ਼ਰੂਰੀ ਹੈ, ਉਦੋਂ ਉਨ੍ਹਾਂ ਸੱਤ ਗਵਾਹਾਂ ਦੇ ਬਿਆਨ ਉਪਰ ਦਸਤਖ਼ਤ ਹੀ ਨਹੀਂ ਸਨ। ਵਿਜੈ ਮਾਲਿਆ 36 ਸੂਟਕੇਸ ਲੈ ਕੇ ਭੱਜਿਆ ਸੀ। ਸਵਾਤੀ ਚਤੁਰਵੇਦੀ ਨੇ 'ਦਿ ਵਾਇਰ' ਵਿਚ ਇਸ ਨੂੰ ਰਿਪੋਰਟ ਕੀਤਾ ਸੀ।

ਰਾਹੁਲ ਗਾਂਧੀ ਨੇ ਦਸਤਾਵੇਜ਼ਾਂ ਸਹਿਤ ਇਲਜ਼ਾਮ ਲਗਾਇਆ ਕਿ ਜੇਤਲੀ ਦੀ ਧੀ-ਜਵਾਈ ਦੀ ਲਾਅ ਫਰਮ ਨੂੰ ਮੇਹੁਲ ਚੋਕਸੀ ਵੱਲੋਂ ਫ਼ੀਸ ਦਿੱਤੀ ਗਈ ਸੀ ਜੋ ਉਸ ਦੇ ਭੱਜਣ ਦੇ ਵਿਵਾਦ ਤੋਂ ਬਾਅਦ ਵਾਪਸ ਕਰ ਦਿੱਤੀ ਗਈ। ਨੈਤਿਕ ਸਵਾਲ ਉਠਾਇਆ ਗਿਆ ਪਰ ਤਮਾਮ ਅਖ਼ਬਾਰਾਂ ਨੇ ਇਸ ਨੂੰ ਜਨਤਾ ਤਕ ਪਹੁੰਚਣ ਤੋਂ ਰੋਕ ਦਿੱਤਾ। ਜਦੋਂ ਖ਼ਬਰਾਂ ਦੇ ਖੰਭ ਕੁਤਰੇ ਜਾਂਦੇ ਹਨ ਤਾਂ ਜਨਤਾ ਦੇ ਹੀ ਖੰਭ ਕੁਤਰੇ ਜਾ ਰਹੇ ਹੁੰਦੇ ਹਨ। ਪੈਰ ਪਰਿੰਦਿਆਂ ਦੇ ਕੱਟੇ ਜਾਂਦੇ ਹਨ ਅਤੇ ਲਹੂ ਜਨਤਾ ਦਾ ਵਗਦਾ ਹੈ।

ਰਾਕੇਸ਼ ਅਸਥਾਨਾ ਜੋ ਇਕ ਵੀਡੀਓ ਵਿਚ ਖ਼ੁਦ ਨੂੰ ਸਰਦਾਰ ਪਟੇਲ ਵਰਗਾ ਦੱਸ ਰਹੇ ਹਨ, 2016 ਵਿਚ ਆਰ.ਕੇ. ਦੱਤਾ ਨੂੰ ਹਟਾ ਕੇ ਸੀ.ਬੀ.ਆਈ. ਵਿਚ ਲਿਆਂਦੇ ਗਏ ਸਨ। ਉਨ੍ਹਾਂ ਬਾਰੇ ਆਲੋਕ ਵਰਮਾ ਨੇ ਸੁਪਰੀਮ ਕੋਰਟ ਨੂੰ ਆਪਣੀ ਫ਼ਰਿਆਦ ਵਿਚ ਕਿਹਾ ਹੈ ਕਿ ਇਹ ਆਦਮੀ ਅਫ਼ਸਰਾਂ ਦੇ ਬਹੁਮਤ ਦੇ ਫ਼ੈਸਲੇ ਦੇ ਖ਼ਿਲਾਫ਼ ਜਾ ਕੇ ਕੰਮ ਕਰਦਾ ਹੈ ਅਤੇ ਕੇਸ ਨੂੰ ਕਮਜ਼ੋਰ ਕਰਦਾ ਹੈ।

ਸਵਾਲ ਉਸ ਸੀ.ਵੀ.ਸੀ. ਨੂੰ ਹੈ, ਜਿਸ ਦੇ ਕੋਲ ਅਸਥਾਨਾ ਅਤੇ ਰਾਓ ਦੀਆਂ ਸ਼ਿਕਾਇਤਾਂ ਸਨ। ਧੀਮੀ ਗਤੀ ਦੀਆਂ ਖ਼ਬਰਾਂ ਵਾਂਗ ਕੰਮ ਕਰਨ ਨਾਲ ਸਵਾਲਾਂ ਤੋਂ ਬਚਣ ਦਾ ਮੌਕਾ ਮਿਲ ਜਾਂਦਾ ਹੈ। ਸੀ.ਵੀ.ਸੀ. ਆਪਣੇ ਫ਼ਰਜ਼ ਨੂੰ ਪੂਰਾ ਕਰਨ ਵਿਚ ਅਸਫ਼ਲ ਰਿਹਾ, ਇਸ ਲਈ ਸਭ ਤੋਂ ਪਹਿਲਾਂ ਕੇ.ਵੀ. ਚੌਧਰੀ ਨੂੰ ਬਰਖ਼ਾਸਤ ਕਰਨਾ ਚਾਹੀਦਾ ਸੀ ਪਰ ਚੌਧਰੀ ਨੇ 'ਚੌਧਰੀ' ਦੀ ਲਾਜ ਰੱਖ ਲਈ! ਜਦੋਂ ਅਸਥਾਨਾ ਮਾਮਲੇ ਦੀ ਸ਼ਿਕਾਇਤ ਪੁੱਜੀ ਤਾਂ ਸੀ.ਵੀ.ਸੀ. ਨੇ ਕੀ ਕੀਤਾ? ਜਾਂਚ ਸ਼ੁਰੂ ਕੀਤੀ?

ਇੰਡੀਅਨ ਐਕਸਪ੍ਰੈੱਸ ਦੇ ਸੁਸ਼ਾਂਤ ਕੁਮਾਰ ਦੀ ਖ਼ਬਰ ਹੈ। ਜਦੋਂ ਅਸਥਾਨਾ ਨੇ ਆਲੋਕ ਵਰਮਾ ਦੀ ਸ਼ਿਕਾਇਤ ਕੀਤੀ ਤਾਂ ਸੀ.ਬੀ.ਆਈ. ਤੋਂ ਦਸਤਾਵੇਜ਼ ਮੰਗੇ ਗਏ। ਸੀ.ਬੀ.ਆਈ. ਨੇ ਕਿਹਾ ਕਿ ਅਸਥਾਨਾ ਨੇ ਕੀ ਸ਼ਿਕਾਇਤ ਕੀਤੀ, ਉਹ ਤਾਂ ਦੱਸੇ, ਪਰ ਸੀ.ਵੀ.ਸੀ. ਨੇ ਨਹੀਂ ਦੱਸੀ। ਇਸ ਮਾਮਲੇ ਵਿਚ ਵਿੱਤ ਮੰਤਰੀ ਜੇਤਲੀ ਬਿਆਨ ਦੇ ਰਹੇ ਹਨ। ਦੋ ਅਫ਼ਸਰਾਂ ਨੇ ਇਕ ਦੂਸਰੇ ਉਪਰ ਇਲਜ਼ਾਮ ਲਗਾਏ ਹਨ। ਸੰਸਥਾ ਦਾ ਮਜ਼ਾਕ ਉਡਣ ਨਹੀਂ ਦਿੱਤਾ ਜਾਣਾ ਚਾਹੀਦਾ ਸੀ। ਇਹ ਜ਼ਰੂਰੀ ਸੀ ਕਿ ਦੋਨਾਂ ਦੇ ਇਲਜ਼ਾਮਾਂ ਦੀ ਜਾਂਚ ਦੇ ਲਈ ਐਸ.ਆਈ.ਟੀ. ਬਣਾਈ ਜਾਂਦੀ ਅਤੇ ਇਨ੍ਹਾਂ ਨੂੰ ਆਪਣੇ ਰਸੂਖ਼ ਤੋਂ ਦੂਰ ਰੱਖਿਆ ਜਾਵੇ।

ਅਸਥਾਨਾ ਕੋਰਟ ਵਿਚ ਹਨ। ਆਲੋਕ ਵਰਮਾ ਕੋਰਟ ਵਿਚ ਹਨ। ਇਕ ਡੀ.ਐਸ.ਪੀ. ਜੇਲ ਵਿਚ ਹੈ, ਤੇ ਸਰਕਾਰ ਦਾ ਆਦਮੀ ਸੀ.ਬੀ.ਆਈ. ਦੇ ਅੰਦਰ ਹੈ। ਇਸ ਮਾਮਲੇ ਵਿਚ ਇਨਸਾਫ਼ ਹੋ ਚੁੱਕਾ ਹੈ। ਹੁਣ ਹੋਰ ਇਨਸਾਫ਼ ਦੀ ਉਮੀਦ ਨਾ ਕਰੋ। ਆਓ ਅਸੀਂ ਸਾਰੇ ਨਿਊਜ਼ ਚੈਨਲ ਦੇਖੀਏ। ਉਥੇ ਸਰਵੇ ਚੱਲ ਰਹੇ ਹਨ। ਭਾਜਪਾ ਦੀ ਸਨਾਤਨ ਜਿੱਤ ਦੇ ਐਲਾਨ ਹੋ ਰਹੇ ਹਨ। ਚੈਨਲਾਂ ਉਪਰ ਤੁਹਾਨੂੰ ਬੇਹੋਸ਼ੀ ਦਾ ਟੀਕਾ ਵੀ ਮੁਫ਼ਤ ਵਿਚ ਮਿਲ ਰਿਹਾ ਹੈ। ਆਓ ਅਸੀਂ ਸਾਰੇ ਸੰਵਿਧਾਨ ਦੇ ਬਣਾਏ ਹੋਏ ਮੰਦਰਾਂ ਨੂੰ ਢਹਿੰਦਾ ਛੱਡ ਕੇ ਅਯੁੱਧਿਆ ਵਿਚ ਰਾਮ ਮੰਦਰ ਬਣਾਉਣ 'ਤੇ ਬਹਿਸ ਕਰੀਏ। ਐ ਮੇਰੇ ਭਾਰਤ ਦੀ ਮਹਾਨ ਜਨਤਾ, ਜਦੋਂ ਸੰਵਿਧਾਨ ਦੇ ਬਣਾਏ ਮੰਦਰਾਂ ਨੂੰ ਤੋੜਨਾ ਹੀ ਸੀ ਤਾਂ ਆਜ਼ਾਦੀ ਲਈ ਡੇਢ ਸੌ ਸਾਲ ਦਾ ਸੰਘਰਸ਼ ਕਿਉਂ ਕੀਤਾ?

# ਸੋਹਣੀ-ਮਹੀਂਵਾਲ ਇੱਕ ਨਾਵਲ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪੰਜਾਬੀ ਵਿਚ ਪਿਆਰ ਕਹਾਣੀਆਂ ਦੇ ਕਿੱਸੇ ਲਿਖਣ ਵਾਲਿਆਂ ਨੇ ਸਾਹਿਤਕ ਬੁਲੰਦੀਆਂ ਛੂਹੀਆਂ ਹਨ। ਇਥੋਂ ਤੱਕ ਕਿ ਲਿਖਣ ਵਾਲਿਆਂ ਦੇ ਨਾਂ ਕਥਾਵਾਂ ਦੇ ਨਾਇਕ ਤੇ ਨਾਇਕਾਵਾਂ ਨਾਲੋਂ ਵੱਧ ਮਸ਼ਹੂਰ ਹੋਏ। ਜਿਵੇਂ ਵਾਰਿਸ ਦੀ ਹੀਰ, ਹਾਸ਼ਮ ਦੀ ਸੱਸੀ, ਪੀਲੂ ਦਾ ਮਿਰਜ਼ਾ, ਫਜ਼ਲ ਸ਼ਾਹ ਦੀ ਸੋਹਣੀ ਆਦਿ। ਇਨ੍ਹਾਂ ਨਾਇਕਾਂ ਤੇ ਨਾਇਕਾਵਾਂ ਨੂੰ ਨਾਵਲੀ ਰੂਪ ਦੇਣ ਬਾਰੇ ਕਿਸੇ ਨੇ ਨਹੀਂ ਸੋਚਿਆ। ਇਨ੍ਹਾਂ ਵਿਚਲੇ ਤੱਤ ਤੇ ਟੋਟਕੇ ਗਾਉਣ ਵਾਲਿਆਂ ਦਾ ਹੀ ਸ਼ਮਲਾ ਉਚਾ ਨਹੀਂ ਕਰਦੇ, ਲੇਖਕਾਂ ਨੂੰ ਵੀ ਆਕਾਸ਼ ਹੁਲਾਰਾ ਦਿੰਦੇ ਹਨ।

ਸੋਹਣੀ-ਮਹੀਂਵਾਲ ਦਾ ਕਿੱਸਾ ਲਿਖਣ ਵਾਲਿਆਂ ਨੇ ਫਜ਼ਲ ਸ਼ਾਹ ਤੋਂ ਲੈ ਕੇ ਬਠਿੰਡਾ ਵਾਲੇ ਕਰਮ ਸਿੰਘ ਤੱਕ ਉਤਮ ਤੱਤਾਂ ਦੇ ਮੋਤੀ ਪਰੋ ਕੇ ਸੋਹਣੀ ਦੇ ਕਿੱਸੇ ਲਿਖੇ ਹਨ। ਨਾਵਲੀ ਰੂਪ ਵਿਚ ਪੇਸ਼ ਕਰਨ ਬਾਰੇ ਕਿਸੇ ਨਹੀਂ ਸੋਚਿਆ। ਲੰਗੇਰੀ (ਹੁਸ਼ਿਆਰਪੁਰ) ਦੀ ਜੰਮਪਲ ਮਾਸ਼ਾ ਕੌਰ ਨੇ ਇਸ ਨੂੰ ਨਾਵਲੀ ਰੂਪ ਦੇਣ ਦੀ ਪਹਿਲ ਕੀਤੀ ਹੈ। ਮੈਂ ਉਸ ਦੇ ਪਿਤਾ ਅਜੀਤ ਲੰਗੇਰੀ ਨੂੰ ਚਾਰ ਦਹਾਕਿਆ ਤੋਂ ਜਾਣਦਾ ਹਾਂ। ਉਸ ਦੀ ਆਵਾਜ਼ ਤੋਂ ਪ੍ਰਭਾਵਿਤ ਹਾਂ। 1980 ਦੀ ਬਰਤਾਨੀਆ ਵਾਲੀ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਉਸ ਨੇ ਸੁਰਜੀਤ ਪਾਤਰ ਦਾ ਹੇਠ ਲਿਖਿਆ ਸ਼ਿਅਰ ਗਾ ਕੇ ਪੇਸ਼ ਕੀਤਾ, ਤਾਂ ਮੈਂ ਉਹਦੇ ਉਪਰ ਪੌਂਡਾਂ ਦੀ ਵਰਖਾ ਹੁੰਦੀ ਵੇਖੀ ਸੀ:

ਜੋ ਵਿਦੇਸ਼ਾਂ 'ਚ ਰੁਲਦੇ ਨੇ ਰੋਜ਼ੀ ਲਈ
ਉਹ ਜਦੋਂ ਦੇਸ਼ ਪਰਤਣਗੇ ਆਪਣੇ ਕਦੀ।
ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ
ਬਾਕੀ ਕਬਰਾਂ ਦੇ ਰੁਖ ਹੇਠ ਜਾ ਬਹਿਣਗੇ।

ਮਾਸ਼ਾ ਨੇ ਸੋਹਣੀ ਨੂੰ ਨਾਵਲੀ ਰੂਪ ਦੇਣ ਤੋਂ ਪਹਿਲਾਂ ਕੁਝ ਪੰਨੇ ਮੈਨੂੰ ਵਿਖਾਏ ਸਨ ਤਾਂ ਉਸ ਦੀ ਵਾਰਤਕ ਸ਼ੈਲੀ ਨੇ ਮੇਰੇ ਉਤੇ ਉਸੇ ਤਰ੍ਹਾਂ ਦਾ ਪ੍ਰਭਾਵ ਪਾਇਆ ਸੀ, ਜਿਸ ਤਰ੍ਹਾਂ ਦਾ 1980 ਵਿਚ ਅਜੀਤ ਲੰਗੇਰੀ ਦੀ ਆਵਾਜ਼ ਨੇ। ਪੇਸ਼ ਹੈ, ਪਹਿਲਾ ਪੈਰਾ ਜਿਸ ਨੂੰ ਪੜ੍ਹ ਕੇ ਮੈਂ ਉਸ ਦੀ ਚਾਹਨਾ ਨੂੰ ਹਰੀ ਝੰਡੀ ਵਿਖਾ ਦਿੱਤੀ ਸੀ:

"ਸ਼ਾਮ ਪੈਣ ਵਾਲੀ ਸੀ। ਝਨਾਂ ਦੇ ਕੰਢੇ ਇੱਕ ਨਿੱਕੀ ਜਿਹੀ ਕੁੜੀ ਅੱਡੀਆਂ ਚੁੱਕੀ ਖੜ੍ਹੀ ਸੀ। ਪੱਬਾਂ ਭਾਰ ਖਲੋਤੀ ਉਹ ਵਗਦੇ ਪਾਣੀ ਵੱਲ ਵੇਖਣ ਦੀ ਕੋਸ਼ਿਸ਼ ਕਰ ਰਹੀ ਸੀ, ਪਰ ਦਰਿਆ ਦੇ ਕੰਢੇ ਉਤੇ ਉਗੇ ਨੜੇ ਬਹੁਤ ਹੀ ਸੰਘਣੇ ਸਨ; ਉਤੋਂ ਵਗਦੀ ਹਵਾ ਉਨ੍ਹਾਂ ਨੂੰ ਇੱਕ ਤਾਂ ਖੜੋਣ ਨਹੀਂ ਸੀ ਦਿੰਦੀ। ਨੜੇ ਕਦੇ ਇੱਧਰ ਝੂਲਦੇ ਤੇ ਕਦੇ ਓਧਰ, ਜਿਵੇਂ ਹਵਾ ਦੇ ਨਾਲ ਇੱਕ ਜੁੱਟ ਹੋ ਕੇ ਖੁਸ਼ੀ ਦੇ ਮਾਰੇ ਨੱਚ ਰਹੇ ਹੋਣ। ਦਰਿਆ ਵਗਦਾ ਜਾ ਰਿਹਾ ਸੀ, ਸ਼ਾਂਤੀ ਨਾਲ। ਕੰਢੇ 'ਤੇ ਪਏ ਪੱਥਰਾਂ ਉਤੋਂ ਲੰਘਦੇ ਪਾਣੀ ਦੀ ਆਵਾਜ਼ ਉਸ ਕੁੜੀ ਦੇ ਕੰਨਾਂ ਵਿਚ ਪੈ ਰਹੀ ਸੀ। ਉਹ ਪਾਣੀ ਨੂੰ ਸੁਣ ਤਾਂ ਸਕਦੀ ਸੀ, ਪਰ ਵੇਖ ਨਹੀਂ ਸੀ ਪਾ ਰਹੀ। ਉਸ ਨੇ ਇੱਕ ਵੱਡੇ ਸਾਰੇ ਪੱਥਰ ਉਤੇ ਖੜ੍ਹ ਕੇ ਪਾਣੀ ਵੱਲ ਦੇਖਣ ਦੀ ਕੋਸ਼ਿਸ਼ ਕੀਤੀ। ਕਦੇ ਅੱਡੀਆਂ ਚੁੱਕ-ਚੁੱਕ ਵੇਖਦੀ, ਤੇ ਕਦੇ ਉਚੀ ਛਲਾਂਗ ਮਾਰਨ ਦੀ ਕੋਸ਼ਿਸ਼ ਕਰਦੀ, ਪਰ ਪਾਣੀ ਨਜ਼ਰ ਨਹੀਂ ਸੀ ਆ ਰਿਹਾ। ਨੜੇ ਝੂਲਦੇ ਜਾ ਰਹੇ ਸਨ-ਹਵਾ ਵਿਚ, ਪਾਣੀ ਦੇ ਅੰਦਰ ਪੈਂਦੀ ਪਰਛਾਈਂ ਵਿਚ, ਅਤੇ ਸੋਹਣੀ ਦੀਆਂ ਕਾਲੀਆਂ ਤੇ ਗਹਿਰੀਆਂ ਅੱਖਾਂ ਦੀਆਂ ਝੀਲਾਂ ਵਿਚ...।"

ਹੁਣ ਜਦੋਂ ਉਸ ਦੀ ਸਵੈ-ਪ੍ਰਕਾਸ਼ਿਤ ਸੋਹਣੀ-ਮਹੀਂਵਾਲ ਪ੍ਰਕਾਸ਼ਿਤ ਹੋਈ ਵੇਖੀ ਤਾਂ ਹੈਰਾਨ ਰਹਿ ਗਿਆ ਕਿ ਇਸ ਨੂੰ ਅੰਗਰੇਜ਼ੀ ਵਿਚ ਉਲਥਾ ਕੇ ਅੰਗਰੇਜ਼ੀ ਵਾਲਾ ਅਨੁਵਾਦ ਵੀ ਖੁਦ ਹੀ ਪ੍ਰਕਾਸ਼ਿਤ ਕੀਤਾ ਹੈ। ਕੇਵਲ ਛਪਾਈ ਤੇ ਜਿਲਦਸਾਜ਼ੀ ਥਾਂਪਸਨ ਪ੍ਰੈਸ ਇੰਡੀਆ ਤੋਂ ਕਰਵਾਈ ਹੈ-ਦੋਹਾਂ ਜਿਲਦਾਂ ਦੀ।

ਉਸ ਨੇ ਮੂਲ ਕਹਾਣੀ ਨੂੰ ਰੋਚਕ ਬਣਾਉਣ ਲਈ ਸੋਹਣੀ ਦੀ ਸਹੇਲੀ ਨੂਰਾਂ, ਮਹੀਂਵਾਲ ਦਾ ਹਾਣੀ ਅਲਤਾਫ, ਮੱਝ ਵਾਲੇ ਫਾਰਮ ਹਾਊਸ ਦਾ ਮਾਲਕ ਨੱਥਾ ਆਦਿ ਅੱਧੀ ਦਰਜਨ ਅਜਿਹੇ ਪਾਤਰ ਰਚੇ ਹਨ, ਜੋ ਨਾਵਲ ਨੂੰ ਮੌਲਿਕ ਬਣਾ ਦਿੰਦੇ ਹਨ। ਪੁਸਤਕ ਵਿਚ ਅਜਿਹੇ ਨਾਟਕੀ ਦ੍ਰਿਸ਼ਾਂ ਦਾ ਵੀ ਘਾਟਾ ਨਹੀਂ, ਜਦੋਂ ਸੋਹਣੀ-ਮਹੀਂਵਾਲ ਇੱਕ ਦੂਜੇ ਨੂੰ ਮਿਲਦੇ ਮਿਲਦੇ ਅਚਾਨਕ ਹੀ ਰਾਹ ਬਦਲ ਲੈਂਦੇ ਹਨ।



*ਚਿੱਤਰਕਾਰ ਸੋਭਾ ਸਿੰਘ ਵਲੋਂ ਬਣਾਇਆ ਗਿਆ ਸੋਹਣੀ-ਮਹੀਂਵਾਲ ਦਾ ਚਿੱਤਰ*

ਉਹ ਮਹੀਂਵਾਲ ਨੂੰ ਬੁਖਾਰਾ ਤੋਂ ਗੁਜਰਾਤ ਦੇ ਪਹਾੜੀ ਇਲਾਕਿਆਂ ਵਿਚ ਇਕੱਲਿਆਂ ਤੋਰਦੀ ਹੈ। ਇਸਤੰਬੋਲ ਦੀ ਇਮਾਰਤਸਾਜ਼ੀ ਦੇ ਸੁੰਦਰ ਦ੍ਰਿਸ਼ ਪੇਸ਼ ਕਰਦੀ ਹੈ। ਮਹੀਂਵਾਲ ਤੋਂ ਝਨਾਂ ਨੂੰ ਤੈਰ ਕੇ ਲੰਘਦਾ ਦਿਖਾਉਂਦੀ ਹੈ। ਝਨਾਂ ਪਾਰ ਕਰਕੇ ਭੁੱਖੇ ਭਾਣੇ ਨੂੰ ਇੱਕ ਸਾਧੂ ਮੰਡਲੀ ਦਾ ਮੈਂਬਰ ਬਣਾਉਂਦੀ ਹੈ ਪਰ ਮਹੀਂਵਾਲ ਅਜਿਹੀ ਰੋਟੀ ਉਤੇ ਗੁਜ਼ਾਰਾ ਨਹੀਂ ਕਰਨਾ ਚਾਹੁੰਦਾ, ਜੋ ਉਸ ਨੇ ਨਾ ਹੀ ਕਮਾਈ ਹੈ ਤੇ ਨਾ ਉਸ ਦੇ ਪੈਸੇ ਤਾਰੇ ਹਨ।

ਸਾਧੂ ਮੰਡਲੀ ਨੂੰ ਤਿਆਗ ਕੇ ਜਦੋਂ ਉਸ ਨੂੰ ਹੋਰ ਕੋਈ ਟਿਕਾਣਾ ਨਹੀਂ ਲਭਦਾ ਤਾਂ ਨੱਥਾ ਦੀਆਂ ਮੱਝਾਂ ਦਾ ਵਾੜਾ ਮਿਲ ਜਾਂਦਾ ਹੈ ਤੇ ਉਹ ਉਸ ਦੀਆਂ ਮੱਝਾਂ ਚਾਰਨ ਦਾ ਕੰਮ ਲੈਂਦਾ ਹੈ। ਮਹੀਂਵਾਲ ਦੀ ਜੂਨੇ ਪੈਣ ਤੋਂ ਪਹਿਲਾਂ ਇੱਜਤ ਬੇਗ ਝਨਾਂ ਦੇ ਕੰਢੇ ਕਿਵੇਂ ਬੈਠਾ ਸੀ ਤੇ ਉਸ ਤੋਂ ਪਿੱਛੋਂ ਉਸ ਨੇ ਝਨਾਂ ਕਿਵੇਂ ਪਾਰ ਕੀਤੀ? ਮਾਸ਼ਾ ਦੇ ਸਉਣ ਵਿਚ:

"ਇੱਜਤ ਬੇਗ ਨੇ ਆਪਣਾ ਆਪ ਦਰਿਆ ਨੂੰ ਸਮਰਪਿਤ ਕਰ ਦਿੱਤਾ। ਉਸ ਨੇ ਆਪਣੇ ਪੈਰ ਦਰਿਆ ਦੇ ਤਲ ਤੋਂ ਚੁੱਕ ਲਏ ਅਤੇ ਸਿਰ ਪਿਛਾਂਹ ਨੂੰ ਸੁੱਟ ਦਿੱਤਾ। ਇੱਕੋ ਪਲ ਵਿਚ ਉਸ ਦਾ ਸਾਰਾ ਸਰੀਰ ਪਾਣੀ ਦੇ ਥੱਲੇ ਚਲਾ ਗਿਆ। ਪਾਣੀ ਹੇਠ ਜਾਂਦਿਆਂ ਹੀ ਇੱਜਤ ਨੂੰ ਤੜਫਣ ਦੀ ਥਾਂ ਸ਼ਾਂਤੀ ਮਹਿਸੂਸ ਹੋਣ ਲੱਗੀ। ਉਸ ਨੇ ਆਪਣੇ ਸ਼ਰੀਰ ਨੂੰ ਬਿਲਕੁਲ ਹੀ ਢਿੱਲਾ ਛੱਡ ਦਿੱਤਾ। ਪਲਾਂ ਵਿਚ ਹੀ ਉਸ ਦਾ ਸਰੀਰ ਉਠ ਕੇ ਪਾਣੀ ਦੀ ਸਤ੍ਹਾ 'ਤੇ ਆ ਤਰਿਆ। ਇੱਜਤ ਨੇ ਹੌਲੀ-ਹੌਲੀ ਡੂੰਘੇ ਸਾਹ ਭਰਨੇ ਸ਼ੁਰੂ ਕਰ ਦਿੱਤੇ। ਪਾਣੀ ਦੀ ਚਾਦਰ ਉਤੇ ਉਹ ਇੱਕ ਪੱਤੇ ਵਾਂਗ ਵਹਿਣ ਲੱਗਾ। ਉਸ ਦੇ ਮਨ ਦੀ ਹਾਲਤ ਵਿਚ ਅਚਨਚੇਤ ਇੱਕ ਬਦਲਾਅ ਆਇਆ। ਉਸ ਨੇ ਡੁੱਬਣ ਬਾਰੇ ਸੋਚਣਾ ਬੰਦ ਕਰ ਦਿੱਤਾ ਅਤੇ ਪਾਣੀ ਨਾਲ ਇੱਕ ਹੋ ਕੇ ਤਰਨ ਲੱਗਾ। ਝਨਾਂ ਦੀ ਗੋਦ ਵਿਚ ਉਸ ਨੂੰ ਇੰਜ ਮਹਿਸੂਸ ਹੋਣ ਲੱਗਾ ਜਿਵੇਂ ਕਿਧਰੇ ਉਸ ਦੀ ਮਾਂ ਉਸ ਨੂੰ ਆਪਣੀ ਬੁੱਕਲ ਵਿਚ ਲੁਕੋ ਕੇ ਕਿਤੇ ਚੁੱਕੀ ਲਈ ਜਾਂਦੀ ਹੋਵੇ। ਉਸ ਨੂੰ ਇੱਕ ਰੂਹਾਨੀ ਸ਼ਾਂਤੀ ਮਹਿਸੂਸ ਹੋ ਰਹੀ ਸੀ। ਕੁਝ ਸਮੇਂ ਲਈ ਉਹ ਸੋਹਣੀ ਨੂੰ ਵੀ ਭੁੱਲ ਗਿਆ। ਝਨਾਂ ਆਪਣੇ ਵਹਾ ਨਾਲ ਇੱਜਤ ਨੂੰ ਗੁਜਰਾਤ ਤੋਂ ਅਤੇ ਉਸ ਦੇ ਅਤੀਤ ਤੋਂ ਦੂਰ ਲੈ ਜਾ ਰਿਹਾ ਸੀ।"

ਸੋਹਣੀ ਅਤੇ ਮਹੀਂਵਾਲ ਕਿਸੇ ਨਾ ਕਿਸੇ ਤਰ੍ਹਾਂ ਝਨਾ ਪਾਰ ਕਰਕੇ ਇੱਕ ਦੂਜੇ ਨੂੰ ਮਿਲਦੇ ਰਹਿੰਦੇ ਹਨ, ਸਿਵਾਏ ਉਸ ਦਿਨ ਦੇ ਜਦੋਂ ਮਹੀਂਵਾਲ ਮੱਝਾਂ ਚਾਰਦੇ ਸਮੇਂ ਜਖਮੀ ਹੋਣ ਕਾਰਨ ਲੇਟ ਹੋ ਜਾਂਦਾ ਹੈ ਤੇ ਮਾਸ਼ਾ ਅੰਤਾਂ ਦੇ ਝਪਕ ਦੀ ਪਰਵਾਹ ਕੀਤੇ ਬਿਨਾ ਝਨਾਂ ਵਿਚ ਠਿੱਲ੍ਹ ਪੈਂਦੀ ਹੈ। ਮਾਸ਼ਾ ਦੀ ਕਹਾਣੀ ਵਿਚ ਸੋਹਣੀ ਦਾ ਪਤੀ ਵੀ ਕਿਸੇ ਹੋਰ ਨੂੰ ਪਿਆਰ ਕਰਦਾ ਹੈ ਤੇ ਸੋਹਣੀ ਨਾਲ ਹਮਬਿਸਤਰ ਨਹੀਂ ਹੁੰਦਾ ਤੇ ਘਰ ਛੱਡ ਕੇ ਕਿਧਰੇ ਚਲਾ ਜਾਂਦਾ ਹੈ। ਸੋਹਣੀ ਦਾ ਸਹੁਰਾ ਪਿੰਡ ਵੀ ਝਨਾਂ ਦੇ ਕੰਢੇ ਹੈ ਤੇ ਉਨ੍ਹਾਂ ਦੀਆਂ ਮੱਝਾਂ ਦਾ ਵਾੜਾ ਵੀ। ਜੇ ਫਰਕ ਹੈ ਤਾਂ ਇਹ ਕਿ ਸਦਕਾ ਪਿੰਡ ਝਨਾਂ ਦੇ ਇੱਕ ਪਾਸੇ ਹੈ ਤੇ ਵਾਲਾ ਦੂਜੇ ਪਾਸੇ।

"ਬੇਬੱਸ, ਆਵਾਜ਼ਾਰ ਤੇ ਟੁੱਟਦੇ-ਤਿੜਕਦੇ ਸੋਹਣੀ ਤੇ ਮਹੀਂਵਾਲ ਹਿੰਮਤ ਨਹੀਂ ਸਨ ਛੱਡ ਰਹੇ। ਦਰਿਆ ਉਨ੍ਹਾਂ ਤੋਂ ਉਨ੍ਹਾਂ ਦੀ ਜਾਨ ਖੋਹਣ ਨੂੰ ਪੈਂਦਾ ਸੀ, ਤੇ ਉਹ ਆਪਣੀ ਟਿੱਲ ਲਾ ਕੇ ਪਾਣੀ ਵਿਚ ਸੰਘਰਸ਼ ਜਾਰੀ ਰੱਖ ਰਹੇ ਸਨ। ਇੱਕ-ਇੱਕ ਸਾਹ ਲੜ ਕੇ ਵਕਤ ਤੋਂ ਖੋਹ ਰਹੇ ਸਨ। ਇੱਕ ਦੂਜੇ ਨੂੰ ਵੇਖਣ ਦੀ, ਇੱਕ ਦੂਜੇ ਤੱਕ ਪਹੁੰਚਣ ਦੀ ਪਾਗਲਪਨ ਦੇ ਦਰਜੇ ਤੱਕ ਪਹੁੰਚੀ ਇੱਛਾ ਢਹਿੰਦੇ ਜਾਂਦੇ ਸਰੀਰਾਂ ਵਿਚ ਜ਼ੋਰ ਪਾਈ ਜਾਂਦੀ ਸੀ। ਇੱਕ ਦੂਸਰੇ ਨਾਲ ਮੇਲ ਹੋਣ ਦੀ ਉਮੀਦ ਨਹੀਂ ਸਨ ਛੱਡ ਰਹੇ। ਦੋਹਾਂ ਦਾ ਅੰਤ ਆਖਰ ਅਰਥਹੀਣ ਨਹੀਂ ਸਾਬਤ ਹੋਇਆ। ਜਿਹੜੇ ਲਿਖੀਆਂ ਕਬੂਲ ਕਰਨ ਨੂੰ ਤਿਆਰ ਨਹੀਂ ਸਨ, ਉਨ੍ਹਾਂ ਲਈ ਲਿਖੀਆਂ ਵੀ ਆਖਰ ਥੋੜ੍ਹੇ ਪਲਾਂ ਲਈ ਮਿਟ ਗਈਆਂ। ਝਨਾਂ ਦੀ ਇੱਕ ਛੱਲ ਨੇ ਸੋਹਣੀ ਨੂੰ ਮਹੀਂਵਾਲ ਦੀਆਂ ਬਾਹਾਂ ਵਿਚ ਲਿਜਾ ਸੁੱਟਿਆ।

'ਸੋਹਣੀ!' ਮਹੀਂਵਾਲ ਦੇ ਮੂੰਹੋਂ ਆਖਰੀ ਆਵਾਜ਼ ਨਿਕਲੀ।

'ਮਹੀਂਵਾਲ!' ਸੋਹਣੀ ਨੇ ਔਖਾ ਸਾਹ ਭਰ ਕੇ ਕਿਹਾ। ਤਕਦੀਰ ਦਾ ਇਹ ਨਿਰਦਈ ਖੇਡ ਵਾਪਰਦਿਆਂ ਵੇਖ ਝਨਾਂ ਕੰਢੇ ਉਗੇ ਹਵਾ ਵਿਚ ਝੂਲਦੇ ਦਰਖਤ ਦੁੱਖ ਵਿਚ ਵੈਣ ਪਾਉਣ ਲੱਗੇ...ਬਾਕੀ ਸਾਰੀ ਕਾਇਨਾਤ ਸਹਿਮ ਕੇ ਖਾਮੋਸ਼ ਹੋ ਗਈ। ਬੱਦਲਾਂ ਦਾ ਰੋਹ ਠੰਢਾ ਹੋ ਗਿਆ, ਉਹ ਵਰ੍ਹਨੋਂ ਹਟ ਗਏ। ਚੰਦ ਨੇ ਆਪਣੀਆਂ ਅੱਖਾਂ ਮੀਟ ਲਈਆਂ। ਰਾਤ ਦੇ ਕਾਲੇ ਸਾਲੂ ਵਿਚੋਂ ਤਾਰੇ ਝਾਕ-ਝਾਕ ਵੇਖਣ ਲੱਗੇ-ਝਨਾਂ ਤਕਦੀਰ ਦੇ ਮਾਰੇ ਦੋ ਬੱਚਿਆਂ ਨੂੰ ਆਪਣੇ ਨਾਲ ਦੂਰ ਕਿਤੇ ਲਈ ਜਾ ਰਿਹਾ ਸੀ। ਪਲਾਂ ਵਿਚ ਦੋਹਾਂ ਪ੍ਰੇਮੀਆਂ ਦੇ ਸਰੀਰ ਜਵਾਬ ਦੇ ਗਏ, ਸਾਹ ਰੁਕ ਗਏ। ਬੱਸ ਬਚੀਆਂ ਦੋ ਬੇਜਾਨ ਦੇਹਾਂ।"

ਦੋਹਾਂ ਦੇ ਮਾਪਿਆਂ ਨੂੰ ਖਬਰ ਹੁੰਦੀ ਹੈ। ਸੋਹਣੀ ਦੇ ਮਾਪੇ ਪਿੰਡ ਸੋਹਣੀ ਦੀ ਸਹੇਲੀ ਨੂਰਾਂ ਵਿਆਹੀ ਜਾ ਚੁਕੀ ਹੈ ਤੇ ਉਹ ਜਣੇਪਾ ਕੱਟਣ ਆਪਣੀ ਮਾਂ ਕੋਲ ਆਈ ਹੋਈ ਹੈ। ਮਾਸ਼ਾ ਨੂਰਾਂ ਦੀ ਮਾਂ ਨੂੰ ਨੂਰਾਂ ਦੇ ਸਿਰਹਾਣੇ ਨੂਰਾਂ ਦਾ ਨਵਜੰਮਿਆ ਬੱਚਾ ਫੜ੍ਹ ਕੇ ਖਲੋਤੀ ਵਿਖਾਉਂਦੀ ਹੈ। ਜਦੋਂ ਨੂਰਾਂ ਦੀ ਮਾਂ ਆਪਣੀ ਧੀ ਨੂੰ ਇਹ ਕਹਿੰਦੀ ਹੈ ਕਿ ਨੂਰਾਂ ਦੀ ਸੱਦ ਨੇ ਗਿਲਾ ਕਰਨੈਂ ਕਿ ਨੂਰਾਂ ਨੇ ਧੀ ਜੰਮੀ ਹੈ ਤਾਂ ਨੂਰਾਂ ਆਪਣੀ ਧੀ ਨੂੰ ਮਾਂ ਕੋਲੋਂ ਹਿੰਮਤ ਕਰ ਕੇ ਫੜ੍ਹ ਲੈਂਦੀ ਹੈ ਤੇ ਉਸ ਦੀਆਂ ਅੱਧ ਖੁਲ੍ਹੀਆਂ ਅੱਖਾਂ ਉਤੇ ਉਂਗਲੀ ਰੱਖ ਕਹਿੰਦੀ ਹੈ, "ਮਾਂ! ਮੈਂ ਇਹਦਾ ਨਾਂ ਸੋਹਣੀ ਰੱਖਾਂਗੀ।"


ਮਾਸ਼ਾ ਕੌਰ ਨੇ ਆਪਣੀ ਇਹ ਰਚਨਾ 'ਕੁਸ਼ਚਿਤ ਲਈ' ਅਰਪਣ ਕੀਤੀ ਹੈ। ਕੁਸ਼ਚਿਤ ਉਸ ਦਾ ਪਤੀ ਹੈ। ਦੋਵੇਂ ਆਰਕੀਟੈਕਟ ਹਨ ਪਰ ਦੋਹਾਂ ਦੀ ਜਾਉ ਗੋਤ ਇੱਕ ਨਹੀਂ।

**ਅੰਤਿਕਾ: ਫੈਜ਼ ਅਹਿਮਦ ਫੈਜ਼**

ਜਿਸ ਧਜ ਸੇ ਕੋਈ ਮਕਤਲ ਮੇਂ ਗਯਾ
ਵੁਹ ਸ਼ਾਨ ਸਲਾਮਤ ਰਹਿਤੀ ਹੈ।
ਯਹ ਜਾਨ ਤੋਂ ਆਨੀ ਜਾਨੀ ਹੈ
ਇਸ ਜਾਂ ਕੀ ਤੋ ਕੋਈ ਬਾਤ ਨਹੀਂ।

# ਚੀਨੀ ਭਾਸ਼ਾ 'ਚ ਹੋਵੇਗਾ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ

**ਅੰਮ੍ਰਿਤਸਰ:** ਅਮਰੀਕਾ ਵਿਚ ਸਿੱਖਾਂ ਦੀ ਸਰਗਰਮ ਜਥੇਬੰਦੀ, 'ਸਿੱਖ ਧਰਮਾ ਇੰਟਰਨੈਸ਼ਨਲ' ਵੱਲੋਂ ਸਿੱਖੀ ਦੇ ਕੀਤੇ ਜਾ ਰਹੇ ਪ੍ਰਚਾਰ-ਪ੍ਰਸਾਰ ਦੌਰਾਨ ਹੁਣ ਚੀਨ ਵਿਚ ਵੀ ਸਿੱਖ ਧਰਮ ਦਾ ਪ੍ਰਚਾਰ ਸ਼ੁਰੂ ਹੋ ਗਿਆ ਹੈ, ਜਿਸ ਤਹਿਤ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਚੀਨੀ ਭਾਸ਼ਾ ਵਿਚ ਕਰਨ ਦਾ ਕਾਰਜ ਜਾਰੀ ਹੈ, ਜਦੋਂਕਿ ਨਿਤਨੇਮ ਦੀਆਂ ਬਾਣੀਆਂ ਵਿਚੋਂ ਜਪੁਜੀ ਸਾਹਿਬ ਦਾ ਅਨੁਵਾਦ ਚੀਨੀ ਭਾਸ਼ਾ ਵਿਚ ਕੀਤਾ ਜਾ ਚੁੱਕਾ ਹੈ। ਇਹ ਖੁਲਾਸਾ ਜਥੇਬੰਦੀ ਦੇ ਮੁਖੀ ਭਾਈ ਕੁਲਬੀਰ ਸਿੰਘ ਖਾਲਸਾ ਨੇ ਕੀਤਾ ਹੈ। ਉਹ ਜਥੇਬੰਦੀ ਦੇ ਸੰਸਥਾਪਕ ਸਵਰਗੀ ਹਰਭਜਨ ਸਿੰਘ ਖਾਲਸਾ ਯੋਗੀ ਦੇ ਸਪੁੱਤਰ ਹਨ।



ਅਮਰੀਕੀ ਸਿੱਖਾਂ ਦਾ ਇਕ ਵੱਡਾ ਵਫਦ ਇਥੇ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਪੁੱਜਾ ਹੈ। ਕੁਲਬੀਰ ਸਿੰਘ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਆਨ ਲਾਈਨ ਕੋਰਸ ਸ਼ੁਰੂ ਕੀਤੇ ਗਏ ਹਨ। ਇਸ ਉਪਰਾਲੇ ਤਹਿਤ ਵਿਸ਼ਵ ਪੱਧਰ 'ਤੇ 20 ਦੇਸ਼ਾਂ ਦੇ ਲਗਭਗ ਤਿੰਨ ਹਜ਼ਾਰ ਤੋਂ ਵੱਧ ਵਿਅਕਤੀ ਉਨ੍ਹਾਂ ਨਾਲ ਜੁੜੇ ਹਨ, ਜਿਨ੍ਹਾਂ ਵੱਲੋਂ ਪਹਿਲਾ ਕੋਰਸ ਕੀਤਾ ਗਿਆ ਹੈ। ਇਸ ਸਬੰਧੀ ਸਿੱਖ ਨੈੱਟ ਲਰਨਿੰਗ ਸੈਂਟਰ ਦੀ ਸਥਾਪਨਾ ਕੀਤੀ ਗਈ ਹੈ, ਜਿਸ ਰਾਹੀਂ ਇਹ ਕੋਰਸ ਸ਼ੁਰੂ ਕੀਤਾ ਗਿਆ ਸੀ। ਹੁਣ ਦੋ ਹਫਤਿਆਂ ਦਾ ਦੂਜਾ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਦਾ ਮੰਤਵ ਤਣਾਅ ਖਤਮ ਕਰਨਾ ਅਤੇ ਪਰਮਾਤਮਾ ਨਾਲ ਜੁੜਨਾ ਹੈ। ਇਸ ਤੋਂ ਪਹਿਲਾਂ ਕਰਵਾਇਆ ਗਿਆ ਕੋਰਸ 'ਗੁਰੂ ਨਾਲ ਤੁਹਾਡਾ ਨਿੰਜੀ ਰਿਸ਼ਤਾ' ਸਿਰਲੇਖ ਹੇਠ ਮੁਕੰਮਲ ਕੀਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਭਾਈ ਕੁਲਬੀਰ ਸਿੰਘ ਨੇ ਦੱਸਿਆ ਕਿ ਇਸ ਵੇਲੇ ਚੀਨ ਵਿਚ ਵੀ ਸਿੱਖ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਹੋ ਰਿਹਾ ਹੈ। ਉਥੇ ਵੀ ਲੋਕ ਸਿੱਖ ਧਰਮ ਵਿਚ ਸ਼ਾਮਲ ਹੋ ਰਹੇ ਹਨ, ਜਿਸ ਕਾਰਨ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਚੀਨੀ ਭਾਸ਼ਾ ਵਿਚ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਨਿਤਨੇਮ ਦੀਆਂ ਬਾਣੀਆਂ ਵਿਚੋਂ ਜਪੁਜੀ ਸਾਹਿਬ ਦਾ ਅਨੁਵਾਦ ਚੀਨੀ ਭਾਸ਼ਾ ਵਿਚ ਕੀਤਾ ਜਾ ਚੁੱਕਾ ਹੈ। ਉਥੋਂ ਦੇ ਲੋਕਾਂ ਨੂੰ ਸਥਾਨਕ ਭਾਸ਼ਾ ਵਿਚ ਹੀ ਸਿੱਖ ਧਰਮ ਅਤੇ ਗੁਰੂ ਸਾਹਿਬ ਦਾ ਸਰਬੱਤ ਦੇ ਭਲੇ ਦਾ ਫਲਸਫਾ ਦੱਸਿਆ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਵਿਸ਼ਵ ਦੇ ਹੋਰ ਵੀ ਕਈ ਮੁਲਕਾਂ ਵਿਚ ਉਥੋਂ ਦੀ ਸਥਾਨਕ ਭਾਸ਼ਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਹੋ ਰਿਹਾ ਹੈ। ਇਸ ਸਬੰਧੀ ਉਨ੍ਹਾਂ ਰਸ਼ੀਅਨ ਭਾਸ਼ਾ ਵਿਚ ਹੋ ਰਹੇ ਅਨੁਵਾਦ ਦਾ ਵੀ ਜ਼ਿਕਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸਿੱਖ ਨੈੱਟ ਲਰਨਿੰਗ ਸੈਂਟਰ ਰਾਹੀਂ ਵੱਖ-ਵੱਖ ਮੁਲਕਾਂ ਦੇ ਲੋਕ ਸਿੱਖੀ ਨਾਲ ਜੁੜ ਰਹੇ ਹਨ। ਹੁਣ ਤੱਕ ਉਹ ਦਸ ਹਜ਼ਾਰ ਤੋਂ ਵੱਧ ਅਜਿਹੇ ਅਧਿਆਪਕ ਤਿਆਰ ਕਰ ਚੁੱਕੇ ਹਨ, ਜੋ ਵੱਖ-ਵੱਖ ਮੁਲਕਾਂ ਦੇ ਸ਼ਹਿਰਾਂ ਵਿਚ ਸਿੱਖੀ ਬਾਰੇ ਗਿਆਨ ਦੇ ਰਹੇ ਹਨ। ਸਿੱਖ ਧਰਮਾ ਇੰਟਰਨੈਸ਼ਨਲ ਵੱਲੋਂ ਯੋਗਾ ਅਤੇ ਸਿੱਖੀ ਨੂੰ ਇਕ ਦੂਜੇ ਨਾਲ ਜੋੜਿਆ ਗਿਆ ਹੈ, ਜਿਸ ਰਾਹੀਂ ਲੋਕ ਪਰਮਾਤਮਾ ਦੀ ਪ੍ਰਾਪਤੀ ਜਾਂ ਪਰਮਾਤਮਾ ਦੇ ਨੇੜੇ ਹੋ ਰਹੇ ਹਨ। ਡਾ. ਹਰਜੋਤ ਕੌਰ ਨੇ ਦੱਸਿਆ ਕਿ ਹੁਣ ਜਥੇਬੰਦੀ ਵੱਲੋਂ ਡਿਜੀਟਲ ਸੰਗਤ ਜੋੜੀ ਜਾ ਰਹੀ ਹੈ। ਡਿਜੀਟਲ ਦੀ ਦੁਨੀਆਂ ਰਾਹੀਂ ਦੂਰ ਦੂਰ ਕੋਨੇ ਵਿਚ ਬੈਠੇ ਲੋਕਾਂ ਤੱਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਦਾ ਪ੍ਰਚਾਰ ਸੁਖਾਲੇ ਢੰਗ ਨਾਲ ਕੀਤਾ ਜਾ ਰਿਹਾ ਹੈ।

ਸ੍ਰੀ ਹਰਿਮੰਦਰ ਸਾਹਿਬ ਵਿਚ ਔਰਤਾਂ ਨੂੰ ਵੀ ਕੀਰਤਨ ਦੀ ਬਰਾਬਰ ਸੇਵਾ ਦੇਣ ਦੇ ਮੁੱਦੇ ਬਾਰੇ ਗੱਲ ਕਰਦਿਆਂ ਆਖਿਆ ਕਿ ਸਿੱਖੀ ਵਿਚ ਲਿੰਗ ਭੇਦ ਭਾਵ ਨੂੰ ਖਤਮ ਕੀਤਾ ਗਿਆ ਹੈ ਅਤੇ ਸਾਰਿਆਂ ਨੂੰ ਬਰਾਬਰੀ ਦਾ ਦਰਜਾ ਹਾਸਲ ਹੈ, ਇਸ ਲਈ ਸ੍ਰੀ ਹਰਿਮੰਦਰ ਸਾਹਿਬ ਵਿਚ ਮਰਦਾਂ ਵਾਂਗ ਔਰਤਾਂ ਨੂੰ ਵੀ ਕੀਰਤਨ ਕਰਨ ਦਾ ਹੱਕ ਹੋਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਜਥੇਬੰਦੀ ਵੱਲੋਂ ਅੰਮ੍ਰਿਤਸਰ ਵਿਚ ਮੀਰੀ ਪੀਰੀ ਅਕੈਡਮੀ ਸਥਾਪਤ ਕੀਤੀ ਗਈ ਹੈ, ਜਿਥੇ ਦੇਸ਼ ਵਿਦੇਸ਼ ਤੋਂ ਸਿੱਖ ਬੱਚੇ ਪੜ੍ਹਨ ਲਈ ਆ ਰਹੇ ਹਨ। ਇਥੇ ਪੜ੍ਹਾਈ ਦੌਰਾਨ ਉਨ੍ਹਾਂ ਨੂੰ ਸਿੱਖੀ ਵਿਚ ਵੀ ਪ੍ਰਪੱਕ ਕੀਤਾ ਜਾਂਦਾ ਹੈ।

## ਪਾਸਪੋਰਟ ਲਈ ਪੁਲਿਸ ਪੜਤਾਲ ਹੋਵੇਗੀ ਸਰਲ

**ਨਵੀਂ ਦਿੱਲੀ:** ਦੇਸ਼ ਦੇ ਗ੍ਰਹਿ ਮੰਤਰਾਲੇ ਨੇ ਅਪਰਾਧ ਅਤੇ ਅਪਰਾਧੀਆਂ ਬਾਰੇ ਡੇਟਾ ਮੁਹੱਈਆ ਕਰਵਾਉਣ ਵਾਲੇ ਸੀ.ਸੀ.ਟੀ.ਐਨ.ਐਸ. ਪ੍ਰਬੰਧ ਤਹਿਤ ਹੁਣ ਪਾਸਪੋਰਟ ਵੈਰੀਫਿਕੇਸ਼ਨ ਲਈ ਆਨ ਲਾਈਨ ਸਰਵਿਸ ਦੇਣੀ ਸ਼ੁਰੂ ਕਰ ਦਿੱਤੀ ਹੈ। ਕਾਰ ਚੋਰੀ ਅਤੇ ਹੋਰ ਰਿਪੋਰਟਾਂ ਲਿਖਣ ਦੇ ਨਾਲ-ਨਾਲ ਇਸ ਸਿਸਟਮ ਰਾਹੀਂ ਘਰੇਲੂ ਡਰਾਈਵਰਾਂ ਅਤੇ ਕਿਰਾਏਦਾਰਾਂ ਦੀ ਪੜਤਾਲ ਕਰਨ ਵਿਚ ਵੀ ਸੌਖ ਹੋ ਜਾਵੇਗੀ। ਐਫ.ਆਈ.ਆਰ. ਦੀ ਨਕਲ ਵੀ ਸੌਖੇ ਤਰੀਕੇ ਨਾਲ ਹਾਸਲ ਹੋ ਜਾਇਆ ਕਰੇਗੀ।

ਨੈਸ਼ਨਲ ਕਰਾਈਮ ਰਿਕਾਰਡਜ਼ ਬਿਊਰੋ (ਐਨ.ਸੀ.ਆਰ.ਬੀ.) ਦੇ ਡਿਪਟੀ ਡਾਇਰੈਕਟਰ ਪ੍ਰਸੂਨ ਗੁਪਤਾ ਨੇ ਕਿਹਾ ਹੈ ਕਿ ਕਰਾਈਮ ਐਂਡ ਕਰਿਮੀਨਲ ਟਰੈਕਿੰਗ ਨੈੱਟਵਰਕ ਸਿਸਟਮ (ਸੀ. ਸੀ. ਟੀ. ਐਨ. ਐਸ.) ਦੇਸ਼ ਭਰ ਵਿਚ ਅੰਕੜਿਆਂ ਦੇ ਆਧਾਰ ਉਤੇ ਅਪਰਾਧ ਤੇ ਅਪਰਾਧੀਆਂ ਬਾਰੇ ਜਾਣਕਾਰੀ ਹਾਸਲ ਕਰਨ ਦੀ ਪ੍ਰਕਿਰਿਆ ਨੂੰ ਸੌਖੀ ਬਣਾ ਦੇਵੇਗਾ। ਇਹ ਸਿਸਟਮ ਦੇਸ਼ ਭਰ ਵਿਚ ਪੜਤਾਲੀਆ ਅਧਿਕਾਰੀਆਂ ਦੀ ਪਹੁੰਚ ਵਿਚ ਹੋਵੇਗਾ। ਸੀ.ਸੀ.ਟੀ.ਐਨ.ਐਸ. ਦੇ ਨਾਲ ਪਾਸਪੋਰਟ ਲਈ ਪੁਲਿਸ ਪੜਤਾਲ, ਡਰਾਈਵਰ ਭਰਤੀ ਕਰਨਾ ਕਿਰਾਏਦਾਰਾਂ ਦੀ ਪੜਤਾਲ ਕਰਨੀ ਸੌਖੀ ਹੋ ਜਾਵੇਗੀ।

## ਅਸਮਾ ਦਾ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਪੁਰਸਕਾਰ ਨਾਲ ਸਨਮਾਨ

**ਇਸਲਾਮਾਬਾਦ:** ਮਰਹੂਮ ਮਨੁੱਖੀ ਅਧਿਕਾਰ ਕਾਰਕੁਨ ਤੇ ਪਾਕਿਸਤਾਨੀ ਵਕੀਲ ਅਸਮਾ ਜਹਾਂਗੀਰ ਨੂੰ ਮਰਨ ਉਪਰੰਤ ਸਾਲ 2018 ਦਾ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਪੁਰਸਕਾਰ ਦਿੱਤਾ ਗਿਆ ਹੈ। ਪੁਰਸਕਾਰ ਦਾ ਐਲਾਨ ਸੰਯੁਕਤ ਰਾਸ਼ਟਰ ਮਹਾਂ ਸਭਾ ਦੀ ਪ੍ਰਧਾਨ ਮਾਰਿਆ ਫਰਨਾਡਾ ਗ੍ਰੇਸੇਜ ਨੇ ਟਵਿੱਟਰ ਰਾਹੀਂ ਕੀਤਾ।

ਅਸਮਾ ਜਹਾਂਗੀਰ ਦੇ ਇਲਾਵਾ ਇਹ ਪੁਰਸਕਾਰ ਤਨਜ਼ਾਨੀਆ ਦੀ ਮਨੁੱਖੀ ਅਧਿਕਾਰ ਕਾਰਕੁਨ ਰੇਬੇਕਾ ਜਿਉਮੀ, ਬ੍ਰਾਜ਼ੀਲ ਦੀ ਵਕੀਲ ਜੀਨਿਆ ਵਾਪੀਚਾਨਾ ਅਤੇ ਆਇਰਲੈਂਡ ਦੇ ਮਨੁੱਖੀ ਅਧਿਕਾਰ ਸੰਗਠਨ ਫਰੰਟ ਲਾਈਨ ਡਿਫੇਂਡਰ ਨੂੰ ਦਿੱਤਾ ਗਿਆ। ਅਸਮਾ ਜਹਾਂਗੀਰ ਚੌਥੀ ਪਾਕਿਸਤਾਨੀ ਮਹਿਲਾ ਹਨ, ਜਿਨ੍ਹਾਂ ਨੂੰ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਪੁਰਸਕਾਰ ਮਿਲਿਆ ਹੈ। ਉਨ੍ਹਾਂ ਤੋਂ ਪਹਿਲਾਂ ਬੇਗਮ ਰਾਣਾ ਲਿਆਕਤ ਅਲੀ ਖ਼ਾਨ ਨੂੰ ਸਾਲ 1978 'ਚ, ਬੇਨਜ਼ੀਰ ਭੁੱਟੋ ਨੂੰ ਸਾਲ 2008 'ਚ ਅਤੇ ਮਲਾਲਾ ਯੂਸਫ਼ਜ਼ਈ ਨੂੰ ਸਾਲ 2013 'ਚ ਇਹ ਪੁਰਸਕਾਰ ਮਿਲ ਚੁੱਕਿਆ ਹੈ। ਮਾਰਿਆ ਫਰਨਾਡਾ ਨੇ ਕਿਹਾ ਕਿ ਉਕਤ ਮਨੁੱਖੀ ਅਧਿਕਾਰ ਕਾਰਕੁਨ ਤੇ ਸੰਗਠਨ ਨੇ ਸਮੁੱਚੇ ਵਿਸ਼ਵ ਨੂੰ ਮਾਨਵ ਅਧਿਕਾਰਾਂ ਦੇ ਬਾਰੇ 'ਚ ਸੋਚਣ, ਵਿਚਾਰਨ ਅਤੇ ਕਾਰਜ ਕਰਨ ਲਈ ਪ੍ਰੇਰਿਤ ਕੀਤਾ। ਅਸਮਾ ਜਹਾਂਗੀਰ ਦਾ ਇਸੇ ਵਰ੍ਹੇ 11 ਫਰਵਰੀ ਨੂੰ ਦਿਲ ਦਾ ਦੌਰਾ ਪੈਣ ਕਾਰਨ ਦਿਹਾਂਤ ਹੋ ਗਿਆ ਸੀ।

# ਬਹਾਦਰ ਸਿੰਘ ਸੋਕਰ ਜਿਲ੍ਹਾ ਕਾਂਗਰਸ ਕਮੇਟੀ ਨਵਾਂ ਸ਼ਹਿਰ ਦੇ ਜਨਰਲ ਸਕੱਤਰ ਬਣੇ

**ਨਵਾਂ ਸ਼ਹਿਰ (ਇਕਬਾਲ ਸਿੰਘ ਜੱਬੋਵਾਲੀਆ):** ਕਾਂਗਰਸ ਪਾਰਟੀ ਦੇ ਅਣਥੱਕ ਸੇਵਕ ਅਤੇ ਪਿੰਡ ਸੋਕਰ ਦੀ ਉਘੀ ਸ਼ਖਸੀਅਤ ਸ. ਬਹਾਦਰ ਸਿੰਘ ਨੂੰ ਜਿਲ੍ਹਾ ਕਾਂਗਰਸ ਕਮੇਟੀ ਨਵਾਂ ਸ਼ਹਿਰ ਦਾ ਜਨਰਲ ਸਕੱਤਰ ਬਣਾਇਆ ਗਿਆ ਹੈ। ਜਿਲ੍ਹਾ ਕਾਂਗਰਸ ਦੇ ਪ੍ਰਧਾਨ ਸ. ਸਤਵੀਰ ਸਿੰਘ ਪੱਲੀ-ਝਿੱਕੀ ਦੀ ਰਹਿਨੁਮਾਈ ਹੇਠ ਹੋਏ ਇਕ ਸਮਾਗਮ ਵਿਚ ਸ. ਬਹਾਦਰ ਸਿੰਘ ਦੀ ਨਿਯੁਕਤੀ ਦਾ ਐਲਾਨ ਕੀਤਾ ਗਿਆ।

ਪਿੰਡ ਤੇ ਇਲਾਕੇ ਦੇ ਸਮਾਜਕ, ਧਾਰਮਕ ਅਤੇ ਸਿਆਸੀ ਕੰਮਾਂ 'ਚ ਸਰਗਰਮ ਸ. ਬਹਾਦੁਰ ਸਿੰਘ ਨੇ ਜਿਲ੍ਹਾ ਜਨਰਲ ਸਕੱਤਰ ਦੀ ਸੇਵਾ ਤਨ, ਮਨ ਤੇ ਧਨ ਨਾਲ ਨਿਭਾਉਣ ਦਾ ਵਾਅਦਾ ਕਰਦਿਆਂ ਇਹ ਅਹੁਦਾ ਸੌਂਪੇ ਜਾਣ ਲਈ ਕਾਂਗਰਸ ਹਾਈ ਕਮਾਂਡ, ਸ. ਸਤਵੀਰ ਸਿੰਘ ਪੱਲੀ ਝਿੱਕੀ ਅਤੇ ਹੋਰ ਵਰਕਰਾਂ ਦਾ ਧੰਨਵਾਦ ਕੀਤਾ।

ਨਿਊ ਯਾਰਕ ਪੁਲਿਸ ਵਿਭਾਗ ਵਿਚ ਸੇਵਾ ਨਿਭਾ ਰਹੇ ਬਹਾਦਰ ਸਿੰਘ ਦੇ ਭਤੀਜੇ ਅਤੇ ਮੁਖਤਿਆਰ ਸਿੰਘ ਮੀਕਾ ਦੇ ਬੇਟੇ-ਤਜਿੰਦਰ ਸਿੰਘ ਤੇ ਮਨਿੰਦਰ ਸਿੰਘ ਨੇ ਇਸ ਨਿਯੁਕਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਤਜਿੰਦਰ ਸਿੰਘ ਤੇ ਮਨਿੰਦਰ ਸਿੰਘ ਦੇ ਮਾਮਾ ਜੀ ਅਤੇ ਪੰਜਾਬ ਪੁਲਿਸ ਦੇ ਸੇਵਾ ਮੁਕਤ ਆਈ. ਪੀ. ਐਸ., ਏ. ਡੀ. ਜੀ. ਪੀ. ਸ੍ਰੀ ਬਖਸ਼ੀ ਰਾਮ ਤੇ ਸਾਰੇ ਪਰਿਵਾਰ ਦਾ ਸਿਰ ਮਾਣ ਨਾਲ ਉਚਾ ਹੋਇਆ ਹੈ।



ਬਹਾਦਰ ਸਿੰਘ ਸੋਕਰ ਆਪਣੇ ਭਤੀਜਿਆਂ-ਤਜਿੰਦਰ ਸਿੰਘ ਤੇ ਮਨਿੰਦਰ ਸਿੰਘ ਨਾਲ

## ਪੁਲਾੜ 'ਚ ਪਹਿਲਾ ਯਾਤਰੀ 2022 'ਚ ਭੇਜੇਗਾ ਪਾਕਿਸਤਾਨ

**ਇਸਲਾਮਾਬਾਦ:** ਪਾਕਿਸਤਾਨ ਪੁਲਾੜ 'ਚ ਪਹਿਲਾ ਯਾਤਰੀ 2022 ਵਿਚ ਭੇਜੇਗਾ। ਸੂਚਨਾ ਮੰਤਰੀ ਫਵਾਦ ਚੌਧਰੀ ਮੁਤਾਬਕ ਚੀਨ ਦੀ ਸਹਾਇਤਾ ਨਾਲ ਪਹਿਲੇ ਪੁਲਾੜ ਮਿਸ਼ਨ ਦੀ ਯੋਜਨਾ ਬਣਾਈ ਗਈ ਹੈ। ਮਿਸ਼ਨ ਨੂੰ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਪ੍ਰਵਾਨਗੀ ਦੇ ਦਿੱਤੀ ਹੈ।

# ਜੱਜ ਨੇ ਹੀ ਦਬੋਚੇ ਪੇਸ਼ੀ ਦੌਰਾਨ ਫਰਾਰ ਹੋਣ ਵਾਲੇ ਕੈਦੀ

**ਵਾਸ਼ਿੰਗਟਨ:** ਵਾਸ਼ਿੰਗਟਨ ਦੀ ਇਕ ਅਦਾਲਤ ਦਾ ਜੱਜ ਰਾਤੋ-ਰਾਤ ਹੀਰੋ ਬਣ ਗਿਆ। ਅਦਾਲਤ ਵਿਚ ਸੁਣਵਾਈ ਦੌਰਾਨ ਹੀ ਮੁਲਜ਼ਮ ਉਥੋਂ ਭੱਜ ਨਿਕਲੇ ਜਿਨ੍ਹਾਂ ਨੂੰ ਫੜਨ ਲਈ ਜੱਜ ਖੁਦ ਆਪਣੀ ਕੁਰਸੀ ਛੱਡ ਕੇ ਉਨ੍ਹਾਂ ਪਿੱਛੇ ਭੱਜ ਤੁਰੇ। ਦਰਅਸਲ, ਜੱਜ ਆਰ.ਡਬਲਿਊ. ਬਜਰਡ ਅਦਾਲਤ ਵਿਚ ਸੁਣਵਾਈ ਕਰ ਰਹੇ ਸਨ ਕਿ ਮੁਲਜ਼ਮ ਟੈਨਰ ਜੈਕਬਸਨ ਤੇ ਕੋਡੇ ਹਾਵਰਡ ਉਥੋਂ ਭੱਜਣ ਲੱਗੇ। ਇਸੇ ਦੌਰਾਨ ਜੱਜ ਬਜਰਡ ਖੜੇ ਹੋ ਗਏ ਤੇ ਆਪਣਾ ਗਾਊਨ ਲਾਹ ਕੇ ਮੁਲਜ਼ਮਾਂ ਪਿੱਛੇ ਭੱਜਣ ਲੱਗੇ। ਦੋਵਾਂ ਵਿਚੋਂ ਇਕ ਨੂੰ ਤਾਂ ਜੱਜ ਨੇ ਅਦਾਲਤ ਦੇ ਗੇਟ ਕੋਲ ਫੜ੍ਹ ਲਿਆ ਤੇ ਦੂਜਾ ਅਦਾਲਤ ਤੋਂ ਕੁਝ ਦੂਰ ਪੁਲਿਸ ਨੇ।

ਇਸ ਮਾਮਲੇ ਸਬੰਧੀ ਜ਼ਿਲ੍ਹਾ ਅਧਿਕਾਰੀ ਰੋਬ ਸਨਜਾ ਨੇ ਦੱਸਿਆ ਕਿ ਇਹ ਦੂਜੀ ਵਾਰ ਹੈ ਜਦੋਂ ਕੈਦੀ ਨੇ ਅਦਾਲਤ ਦੀ ਕਸਟਡੀ ਵਿਚੋਂ ਭੱਜਣ ਦੀ ਕੋਸ਼ਿਸ਼ ਕੀਤੀ ਹੈ। ਅਦਾਲਤ ਵਿਚ ਮੌਜੂਦ ਅਧਿਕਾਰੀ ਮੁਲਜ਼ਮਾਂ ਨੂੰ ਇਸ ਲਈ ਨਹੀਂ ਫੜ੍ਹ ਸਕੇ ਕਿਉਂਕਿ ਉਥੇ ਹੋਰ ਮੁਲਜ਼ਮ ਵੀ ਮੌਜੂਦ ਸਨ। ਹੁਣ ਪੁਲਿਸ ਵੱਲੋਂ ਦੋਵਾਂ ਮੁਲਜ਼ਮਾਂ ਖਿਲਾਫ ਅਦਾਲਤ ਦੀ ਕਸਟਡੀ ਵਿਚੋਂ ਭੱਜਣ ਸਬੰਧੀ ਇਕ ਹੋਰ ਮਾਮਲਾ ਦਰਜ ਕਰ ਦਿੱਤਾ ਗਿਆ ਹੈ।

# ਪਾਕਿਸਤਾਨ ਦੀ ਜਨਗਣਨਾ ਸੂਚੀ 'ਚ ਵੱਖਰੇ ਧਰਮ ਵਜੋਂ ਸ਼ਾਮਲ ਹੋਣਗੇ ਸਿੱਖ

**ਇਸਲਾਮਾਬਾਦ:** ਪਾਕਿਸਤਾਨ ਸੁਪਰੀਮ ਕੋਰਟ ਨੇ ਸਥਾਨਕ ਸਿੱਖਾਂ ਦੇ ਹੱਕ 'ਚ ਫੈਸਲਾ ਸੁਣਾਉਂਦਿਆਂ ਮਰਦਮਸ਼ੁਮਾਰੀ ਦੇ ਨਵੇਂ ਫਾਰਮਾਂ 'ਚ ਸਿੱਖ ਧਰਮ ਦਾ ਅਲੱਗ ਕਾਲਮ ਪ੍ਰਕਾਸ਼ਿਤ ਕਰਨ ਦੇ ਹੁਕਮ ਦਿੱਤੇ ਹਨ। ਅਦਾਲਤ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਪਾਕਿਸਤਾਨ 'ਚ ਅਗਲੀ ਮਰਦਮਸ਼ੁਮਾਰੀ ਦੌਰਾਨ ਧਰਮ/ਮਜ਼੍ਹਬ ਦੇ ਕਾਲਮ ਨੰ. 6 'ਚ ਸਿੱਖ ਧਰਮ ਨੂੰ ਵੀ ਦਰਜ ਕੀਤਾ ਜਾਵੇਗਾ।



ਜ਼ਿਕਰਯੋਗ ਹੈ ਕਿ ਪਾਕਿਸਤਾਨ 'ਚ ਹੋਈ ਮੌਜੂਦਾ ਜਨਗਣਨਾ ਸੂਚੀ 'ਚ ਸਿੱਖ ਧਰਮ ਦਾ ਅਲੱਗ ਕਾਲਮ ਪ੍ਰਕਾਸ਼ਿਤ ਨਹੀਂ ਕੀਤਾ ਗਿਆ ਸੀ, ਜਿਸ ਕਾਰਨ ਜਨਗਣਨਾ ਮੌਕੇ ਸਿੱਖ ਭਾਈਚਾਰੇ ਨੂੰ ਅਲੱਗ ਧਰਮ ਵਜੋਂ ਲਿਖਣ ਦੀ ਬਜਾਇ ਕਾਲਮ ਨੰਬਰ 6 'ਚ 'ਅਦਰ' (ਹੋਰਨਾਂ) ਦੀ ਸ਼੍ਰੇਣੀ 'ਚ ਰੱਖਿਆ ਗਿਆ। ਪਿਸ਼ਾਵਰੀ ਸਿੱਖ ਸੰਗਤ ਵੱਲੋਂ ਉਕਤ ਮਾਮਲੇ ਬਾਰੇ ਪਿਸ਼ਾਵਰ ਤੇ ਸਿੰਧ ਹਾਈ-ਕੋਰਟ 'ਚ ਪਟੀਸ਼ਨ ਦਾਇਰ ਕੀਤੀ ਗਈ ਸੀ, ਜਿਸ 'ਚ ਉਨ੍ਹਾਂ ਵੱਲੋਂ ਜਨਗਣਨਾ ਦੇ ਫਾਰਮਾਂ ਵਿਚ ਸਿੱਖ ਭਾਈਚਾਰੇ ਨੂੰ ਅਲੱਗ ਪਛਾਣ ਦਿੰਦਿਆਂ ਸਿੱਖ ਧਰਮ ਲਈ ਅਲੱਗ ਕਾਲਮ ਬਣਾਏ ਜਾਣ ਦੀ ਮੰਗ ਕੀਤੀ ਗਈ ਸੀ ਤਾਂ ਕਿ ਪਾਕਿਸਤਾਨ 'ਚ ਸਿੱਖ ਭਾਈਚਾਰੇ ਦੀ ਅਸਲ ਆਬਾਦੀ ਦੀ ਜਾਣਕਾਰੀ ਮਿਲ ਸਕੇ।

# ਸਦੀ ਬਾਅਦ ਮੁੜ ਪਾਣੀ ਵਿਚ ਉਤਰੇਗਾ 'ਟਾਈਟੈਨਿਕ'

**ਮੁੰਬਈ:** ਟਾਈਟੈਨਿਕ ਜਹਾਜ਼ ਡੁਬਣ ਦੇ ਤਕਰੀਬਨ ਇਕ ਸਦੀ ਯਾਨੀ 100 ਸਾਲ ਪੁਰਾਣੀ ਘਟਨਾ ਤਾਂ ਸਭ ਨੂੰ ਯਾਦ ਹੀ ਹੋਵੇਗੀ। ਇਹ ਜਹਾਜ਼ ਆਈਸਬਰਗ ਨਾਲ ਟਕਰਾਉਣ ਤੋਂ ਬਾਅਦ ਡੁੱਬ ਗਿਆ ਸੀ। ਹੁਣ ਇਕ ਵਾਰ ਫਿਰ ਇਸੇ ਤਰਜ਼ 'ਤੇ ਇਕ ਹੋਰ ਜਹਾਜ਼ ਬਣਾਇਆ ਜਾ ਰਿਹਾ ਹੈ ਜੋ 2022 'ਚ ਪਾਣੀ ਵਿਚ ਉਤਾਰਿਆ ਜਾਵੇਗਾ।

ਨਵੇਂ ਟਾਈਟੈਨਿਕ ਦੀ ਖਾਸ ਗੱਲ ਇਹ ਹੈ ਕਿ ਇਸ ਨੂੰ ਵੀ ਪੁਰਾਣੇ ਜਹਾਜ਼ ਵਾਲੇ ਰੂਟ 'ਤੇ ਹੀ ਸਫਰ ਲਈ ਕੱਢਿਆ ਜਾਵੇਗਾ। ਇੰਨਾ ਹੀ ਨਹੀਂ ਜਹਾਜ਼ 'ਚ ਕਰਮਚਾਰੀ ਤੇ ਯਾਤਰੀ ਵੀ ਪਹਿਲਾਂ ਜਿੰਨੇ ਹੀ ਸਵਾਰ ਹੋ ਸਕਣਗੇ। ਪੁਰਾਣੇ ਟਾਈਟੈਨਿਕ 'ਚ 2400 ਯਾਤਰੀ ਤੇ 900 ਕਰਮਚਾਰੀ ਸਨ। ਨਵੇਂ ਟਾਈਟੈਨਿਕ ਦੇ ਕੈਬਿਨ ਤੋਂ ਲੈ ਕੇ ਤਮਾਮ ਚੀਜ਼ਾਂ ਵੀ ਪੁਰਾਣੇ ਜਹਾਜ਼ ਦੀ ਤਰ੍ਹਾਂ ਹੀ ਡਿਜ਼ਾਈਨ ਕੀਤੀਆਂ ਗਈਆਂ ਹਨ। ਇਸ ਵਾਰ ਸੁਰੱਖਿਆ ਦਾ ਖਾਸ ਇੰਤਜ਼ਾਮ ਕੀਤਾ ਜਾਵੇਗਾ। ਜਿਨ੍ਹਾਂ ਨੂੰ ਲੈ ਕੇ ਜਹਾਜ਼ ਦੇ ਫੀਚਰਾਂ 'ਚ ਵੀ ਵੱਡੀ ਤਬਦੀਲੀ ਕੀਤੀ ਗਈ ਹੈ। ਅਜਿਹੇ ਫੀਚਰ ਲਾਏ ਜਾਣਗੇ ਜਿਸ ਨਾਲ ਆਈਸਬਰਗ ਦਾ ਪਤਾ ਪਹਿਲਾਂ ਹੀ ਲੱਗ ਜਾਵੇ ਤੇ ਇਸ 'ਚ ਲਾਈਫ ਬੋਟਸ ਦੀ ਗਿਣਤੀ ਵੀ ਵੱਧ ਹੋਵੇਗੀ।

ਨਵੇਂ ਜਹਾਜ਼ ਨੂੰ ਚੀਨ ਵਿਚ ਆਸਟਰੇਲੀਆ ਦੀ ਕੰਪਨੀ ਬਲੂ ਸਟਾਰ ਬਣਾ ਰਹੀ ਹੈ। ਇਹ ਪ੍ਰੋਜੈਕਟ ਆਰਥਿਕ ਮੰਦੀ ਕਾਰਨ ਲੰਬੇ ਸਮੇਂ ਤੋਂ ਲਟਕਿਆ ਹੋਇਆ ਸੀ ਜਿਸ 'ਤੇ 500 ਮਿਲੀਅਨ ਡਾਲਰ ਖਰਚ ਹੋਣਗੇ। ਇਸ ਜਹਾਜ਼ ਦਾ ਰੂਟ ਦੁਬਈ ਤੋਂ ਇੰਗਲੈਂਡ ਦੇ ਸਾਊਥਹੈਂਪਟਨ ਤੇ ਉਥੋਂ ਅਮਰੀਕਾ ਦੇ ਨਿਊ ਯਾਰਕ ਸ਼ਹਿਰ ਦਾ ਰਹੇਗਾ। ਇਸ ਦੀ ਟਿਕਟ ਵੀ ਪਹਿਲੇ ਜਹਾਜ਼ ਦੀ ਤਰ੍ਹਾਂ ਹੀ ਹੋਵੇਗੀ।

www.punjabtimesusa.com






# ਸਿਆਸੀ ਗਲਬੇ ਹੇਠੋਂ ਨਿਕਲ ਸਕਣਗੇ ਜਥੇਦਾਰ? ਨਵੇਂ ਜਥੇਦਾਰ ਲਈ ਪਰਖ ਦੀ ਘੜੀ

**ਅੰਮ੍ਰਿਤਸਰ:** ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖਾਂ ਦੀ ਸਰਬਉਚ ਸੰਸਥਾ ਦਾ ਅਹੁਦਾ ਉਸ ਵੇਲੇ ਸੰਭਾਲਿਆ ਹੈ ਜਦੋਂ ਪੰਥ ਪੂਰੀ ਤਰ੍ਹਾਂ ਵੰਡਿਆ ਹੋਇਆ ਹੈ ਤੇ ਧਾਰਮਿਕ ਮਾਮਲਿਆਂ 'ਤੇ ਸਿਆਸਤ ਦਾ ਬੋਲਬਾਲਾ ਹੈ। ਗਿਆਨੀ ਹਰਪ੍ਰੀਤ ਸਿੰਘ ਲਈ ਸਭ ਤੋਂ ਵੱਡੀ ਵੰਗਾਰ ਸਿਆਸੀ ਦਬਾਅ ਤੋਂ ਉੱਪਰ ਉਠ ਕੇ ਸਰਬ ਪ੍ਰਵਾਨਿਤ ਫੈਸਲੇ ਲੈਣਾ ਹੈ। ਉਂਜ ਮੰਨਿਆ ਜਾ ਰਿਹਾ ਹੈ ਕਿ ਇਹ ਸੰਭਵ ਨਹੀਂ ਕਿਉਂਕਿ ਇਸ ਵੇਲੇ ਸ਼੍ਰੋਮਣੀ ਕਮੇਟੀ ਬਾਦਲ ਪਰਿਵਾਰ ਦੀ ਸਰਪ੍ਰਸਤੀ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਕਬਜ਼ੇ ਹੇਠ ਹੈ ਤੇ ਸ਼੍ਰੋਮਣੀ ਕਮੇਟੀ ਕੋਲ ਹੀ ਜਥੇਦਾਰ ਨੂੰ ਲਾਉਣ ਤੇ ਹਟਾਉਣ ਦੇ ਅਧਿਕਾਰ ਹਨ।

ਇਸ ਵੇਲੇ ਬਾਦਲ ਪਰਿਵਾਰ ਹੀ ਬੇਅਦਬੀ ਕਾਂਡ ਸਣੇ ਹੋਰ ਸਿਆਸੀ ਤੇ ਪੰਥਕ ਮੁੱਦਿਆਂ 'ਤੇ ਘਿਰਿਆ ਹੋਇਆ ਹੈ। ਅਜਿਹੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਿਰਪੱਖ ਫੈਸਲੇ ਲੈਣਾ ਸੌਖਾ ਕਾਰਜ ਨਹੀਂ ਕਿਉਂਕਿ ਬਹੁਤੇ ਮੁੱਦੇ ਅਕਾਲੀ ਦਲ ਤੇ ਖਾਸਕਰ ਬਾਦਲ ਪਰਿਵਾਰ ਨਾਲ ਹੀ ਸਬੰਧਤ ਹੋਣਗੇ। ਦੂਜੀ ਚੁਣੌਤੀ ਇਹ ਹੈ ਕਿ ਸਿੱਖ ਪੰਥ ਦਾ ਇੱਕ ਵੱਡਾ ਵਰਗ ਉਨ੍ਹਾਂ ਨੂੰ ਜਥੇਦਾਰ ਵਜੋਂ ਸਵੀਕਾਰ ਨਹੀਂ ਕਰੇਗਾ ਕਿਉਂਕਿ ਉਨ੍ਹਾਂ ਵੱਲੋਂ ਪਹਿਲਾਂ ਹੀ ਜੇਲ੍ਹ ਵਿਚ ਨਜ਼ਰਬੰਦ ਜਗਤਾਰ ਸਿੰਘ ਹਵਾਰਾ ਨੂੰ ਜਥੇਦਾਰ ਚੁਣਿਆ ਹੋਇਆ ਹੈ। ਇਹ ਤੈਅ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਇਹ ਅਹੁਦਾ ਬਾਦਲ ਪਰਿਵਾਰ ਦੀ ਹਮਾਇਤ ਨਾਲ ਹੀ ਮਿਲਿਆ ਹੈ। ਇਸ ਲਈ ਸਿੱਖਾਂ ਦੇ ਇਹ ਧੜੇ ਉਨ੍ਹਾਂ ਦੇ ਫੈਸਲਿਆਂ ਨੂੰ ਮਾਨਤਾ ਨਹੀਂ ਦੇਣਗੇ।

ਸਿੱਖ ਮਾਹਿਰਾਂ ਮੁਤਾਬਕ ਜਥੇਦਾਰ ਦੇ ਅਹੁਦੇ ਦੀ ਡਿੱਗੀ ਸ਼ਾਖ ਨੂੰ ਮੁੜ ਸੁਰਜੀਤ ਕਰਨਾ ਉਨ੍ਹਾਂ ਲਈ ਮੁੱਖ ਚੁਣੌਤੀ ਸਾਬਤ ਹੋਵੇਗੀ।

ਗਿਆਨੀ ਹਰਪ੍ਰੀਤ ਸਿੰਘ ਨੂੰ ਜਥੇਦਾਰ ਵਜੋਂ



ਅਸਤੀਫਾ ਦੇ ਗਏ ਗਿਆਨੀ ਗੁਰਬਚਨ ਸਿੰਘ ਦੀ ਥਾਂ ਕਾਰਜਕਾਰੀ ਜਥੇਦਾਰ ਨਿਯੁਕਤ ਕੀਤਾ ਗਿਆ ਹੈ। ਇਸ ਵੇਲੇ ਉਹ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਹਨ ਅਤੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਵਜੋਂ ਉਨ੍ਹਾਂ ਨੂੰ ਵਾਧੂ ਚਾਰਜ ਸੌਂਪਿਆ ਗਿਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਦਹਾਕੇ ਦੌਰਾਨ ਅਕਾਲ ਤਖ਼ਤ ਤੋਂ ਕੁਝ ਮੁੱਦਿਆਂ ਬਾਰੇ ਆਏ ਫੈਸਲੇ ਸਰਵ ਪ੍ਰਵਾਨਿਤ ਸਾਬਤ ਨਹੀਂ ਹੋਏ। ਇਨ੍ਹਾਂ ਫੈਸਲਿਆਂ 'ਤੇ ਕਿੰਤੂ ਹੋਣਾ ਵੀ ਜਥੇਦਾਰ ਦੇ ਅਹੁਦੇ ਦੀ ਸ਼ਾਖ ਨੂੰ ਕਾਫੀ ਢਾਹ ਲਾ ਗਿਆ ਹੈ। ਅਜਿਹੇ ਫੈਸਲਿਆਂ ਵਿਚ ਨਾਨਕਸ਼ਾਹੀ ਕੈਲੰਡਰ ਨੂੰ ਸੋਧ ਕੇ ਮੁੜ ਬਿਕਰਮੀ ਕੈਲੰਡਰ ਬਣਾਉਣ ਅਤੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਦੇਣਾ ਜ਼ਿਕਰਯੋਗ ਹਨ। ਅਕਾਲ ਤਖ਼ਤ ਵੱਲੋਂ ਪ੍ਰਵਾਨਿਤ ਰਹਿਤ ਮਰਿਆਦਾ ਨੂੰ ਇਕਸਾਰ ਲਾਗੂ ਕਰਨਾ, ਸਰਵ ਪ੍ਰਵਾਨਿਤ ਫੈਸਲੇ ਲੈਣਾ ਤੇ ਮੁਤਵਾਜ਼ੀ ਜਥੇਦਾਰਾਂ ਦੇ ਹੁੰਦਿਆਂ ਮੁੜ ਅਕਾਲ ਤਖ਼ਤ ਨੂੰ ਪਹਿਲਾਂ ਵਾਲੀ ਸ਼ਾਂ ਕਾਇਮ ਕਰਨਾ ਕਾਰਜਕਾਰੀ ਜਥੇਦਾਰ ਲਈ ਵੱਡੀਆਂ ਚੁਣੌਤੀਆਂ ਹੋਣਗੀਆਂ।

ਸਿੱਖ ਸੰਗਤ ਤੇ ਜਥੇਬੰਦੀਆਂ ਵੀ ਨਵੇਂ ਜਥੇਦਾਰ ਵਿਚ ਇਕ 'ਨਾਇਕ' ਤਲਾਸ਼ ਰਹੀਆਂ ਹਨ। ਅਕਾਲ ਤਖ਼ਤ ਸਾਹਿਬ ਦੇ ਲੰਮਾ ਸਮਾਂ ਹੈੱਡ ਗ੍ਰੰਥੀ ਰਹੇ ਅਤੇ ਕਈ ਜਥੇਦਾਰਾਂ ਨਾਲ ਸੇਵਾ ਨਿਭਾਅ ਚੁੱਕੇ ਗਿਆਨੀ ਭਗਵਾਨ ਸਿੰਘ ਨੇ ਕਿਹਾ ਕਿ 1984 ਤੋਂ ਬਾਅਦ ਖਾਸ ਕਰਕੇ ਅਕਾਲ ਤਖ਼ਤ ਦੇ ਸਿਧਾਂਤਾਂ ਅਤੇ ਰਵਾਇਤਾਂ ਨੂੰ ਢਾਹ ਲੱਗੀ ਹੈ। ਉਨ੍ਹਾਂ ਗਿਆਨੀ ਸਾਧੂ ਸਿੰਘ ਭੌਰਾ ਅਤੇ ਗੁਰਦਿਆਲ ਸਿੰਘ ਅਜਨੋਹਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਲੋਕ ਉਨ੍ਹਾਂ ਦਾ ਬੇਹੱਦ ਸਤਿਕਾਰ ਕਰਦੇ ਸਨ। ਉਨ੍ਹਾਂ ਕਿਹਾ ਕਿ ਗਿਆਨੀ ਗੁਰਬਚਨ ਸਿੰਘ ਨੂੰ ਪਹਿਲਾਂ ਹੀ ਅਸਤੀਫ਼ਾ ਦੇ ਦੇਣਾ ਚਾਹੀਦਾ ਸੀ। ਗਿਆਨੀ ਭਗਵਾਨ ਸਿੰਘ ਨੇ ਕਿਹਾ ਕਿ ਹੁਣ ਡਿੱਗੀ ਸ਼ਾਖ ਬਹਾਲ ਕਰਨ ਵਿਚ ਸਮਾਂ ਲੱਗੇਗਾ। ਉਨ੍ਹਾਂ ਉਮੀਦ ਪ੍ਰਗਟਾਈ ਕਿ ਗਿਆਨੀ ਹਰਪ੍ਰੀਤ ਸਿੰਘ ਉੱਚ ਸਿੱਖਿਆ ਪ੍ਰਾਪਤ ਵਿਦਵਾਨ ਹਨ ਤੇ ਉਹ ਇਸ ਚੁਣੌਤੀ ਨੂੰ ਸਫਲਤਾ ਨਾਲ ਸਰ ਕਰਨਗੇ।

# ਠੋਕਰਾਂ ਖਾਣ ਲਈ ਮਜਬੂਰ ਹੋਏ ਇਰਾਕ 'ਚ ਮਰੇ ਭਾਰਤੀਆਂ ਦੇ ਪਰਿਵਾਰ

**ਚੰਡੀਗੜ੍ਹ:** ਇਰਾਕ ਦੇ ਮੋਸੂਲ ਵਿਚ ਮਾਰੇ ਗਏ 39 ਭਾਰਤੀਆਂ ਦੇ ਪਰਿਵਾਰ ਇਨਸਾਫ ਲਈ ਦਰ-ਦਰ ਦੀਆਂ ਠੋਕਰਾਂ ਖਾ ਰਹੇ ਹਨ। ਇਸ ਦਰਦਨਾਕ ਹਾਦਸੇ ਵਿਚ ਬਹੁਤੇ ਪੰਜਾਬੀ ਸਨ। ਬੱਚਿਆਂ ਦੀ ਪੜ੍ਹਾਈ ਦਾ ਖਰਚਾ ਚੁੱਕਣ ਦਾ ਵਾਅਦਾ ਕੀਤਾ ਸੀ। ਇਸ ਦੇ ਨਾਲ ਹੀ ਸਰਕਾਰ ਨੇ ਕਿਹਾ ਸੀ ਕਿ ਜਿੰਨਾ ਸਮਾਂ ਪਰਿਵਾਰਾਂ ਨੂੰ ਨੌਕਰੀ ਨਹੀਂ ਮਿਲਦੀ, ਉਨਾ ਚਿਰ ਉਨ੍ਹਾਂ ਨੂੰ ਪ੍ਰਤੀ ਮਹੀਨਾ 20-



ਕੇਂਦਰ ਤੇ ਪੰਜਾਬ ਸਰਕਾਰ ਨੇ ਹਾਦਸੇ ਤੋਂ ਬਾਅਦ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਰੁਜ਼ਗਾਰ ਦੇਣ ਦੇ ਵਾਅਦੇ ਕੀਤੇ ਸਨ, ਜੋ ਹਾਲੇ ਤੱਕ ਪੂਰੇ ਨਹੀਂ ਕੀਤੇ ਗਏ। ਜ਼ਿਕਰਯੋਗ ਹੈ ਕਿ 2014 ਵਿਚ ਇਰਾਕ 'ਚ ਅਤਿਵਾਦੀਆਂ ਨੇ 39 ਭਾਰਤੀਆਂ ਨੂੰ ਗੋਲੀਆਂ ਮਾਰ ਦਿੱਤੀਆਂ ਸਨ। ਭਾਰਤ ਸਰਕਾਰ ਵੱਲੋਂ ਜੱਦੋ-ਜਹਿਦ ਕਰਨ ਤੋਂ ਬਾਅਦ ਪਰਿਵਾਰਾਂ ਨੂੰ ਤਿੰਨ ਸਾਲ ਬਾਅਦ ਮ੍ਰਿਤਕਾਂ ਦੀਆਂ ਲਾਸ਼ਾਂ ਮਿਲੀਆਂ ਸਨ। ਹਾਦਸੇ ਤੋਂ ਬਾਅਦ ਕੇਂਦਰ ਤੇ ਪੰਜਾਬ ਸਰਕਾਰ ਨੇ ਇਨ੍ਹਾਂ ਦੇ ਪਰਿਵਾਰਾਂ ਨੂੰ ਸਰਕਾਰੀ ਨੌਕਰੀ ਦੇਣ ਤੇ 20 ਹਜ਼ਾਰ ਰੁਪਏ ਦਾ ਭੱਤਾ ਦਿਤਾ ਜਾਵੇਗਾ।

ਅਜੇ ਤੱਕ ਪੰਜਾਬ ਦੇ ਸਿਰਫ ਦੋ ਪੀੜਤ ਪਰਿਵਾਰਾਂ ਨੂੰ ਨੌਕਰੀ ਮਿਲੀ ਹੈ ਜੋ ਸਿਰਫ 5300 ਰੁਪਏ ਪ੍ਰਤੀ ਮਹੀਨਾ ਹੈ।ਪਰਿਵਾਰ ਦਾ ਇਲਜ਼ਾਮ ਹੈ ਕਿ ਇੰਨੀ ਤਨਖਾਹ ਨਾਲ ਤਾਂ ਪਰਿਵਾਰ ਦੀ ਰੋਜ਼ੀ ਰੋਟੀ ਵੀ ਨਹੀਂ ਚੱਲ ਸਕਦੀ। ਉਨ੍ਹਾਂ ਕਿਹਾ ਕਿ ਜੇ ਸਰਕਾਰ ਨੇ ਉਨ੍ਹਾਂ ਨੂੰ ਵਾਜਬ ਨੌਕਰੀ ਤੇ ਭੱਤੇ ਨਾ ਦਿੱਤੇ ਤਾਂ ਉਹ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਘਰ ਦਾ ਘਿਰਾਓ ਕਰਨ ਲਈ ਮਜਬੂਰ ਹੋਣਗੇ।

# ਆਈਲੈਟਸ ਵਾਲੀਆਂ ਨੂੰਹਾਂ ਬਣੀਆਂ ਪਹਿਲੀ ਪਸੰਦ

**ਚੰਡੀਗੜ੍ਹ:** ਪੰਜਾਬੀਆਂ ਵਿਚ ਵਿਦੇਸ਼ਾਂ 'ਚ ਜਾਣ ਦਾ ਰੁਝਾਨ ਤੇਜ਼ੀ ਨਾਲ ਵਧਿਆ ਹੈ। ਖਾਸ ਕਰਕੇ ਵੱਡੀ ਗਿਣਤੀ ਮੁੰਡੇ-ਕੁੜੀਆਂ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ। ਬਾਹਰਲੇ ਦੇਸ਼ਾਂ 'ਚ ਵਸਣ ਦੀ ਇੱਛਾ ਨੇ ਵਿਆਹਾਂ ਦਾ ਅਰਥ ਹੀ ਬਦਲ ਦਿੱਤਾ ਹੈ। ਇਸ ਵਿਚ ਆਈਲੈਟਸ ਦਾ ਵੱਡਾ ਹੱਥ ਹੈ। ਪੁੱਤਾਂ ਨੂੰ ਬਾਹਰਲੇ ਦੇਸ਼ਾਂ 'ਚ ਭੇਜਣ ਲਈ ਉਤਾਵਲੇ ਮਾਪੇ 'ਆਈਲੈਟਸ' ਵਾਲੀ ਨੂੰਹ ਲੱਭਦੇ ਹਨ। ਹੁਣ ਤਾਂ ਰਿਸ਼ਤਾ ਲੱਭਣ ਵੇਲੇ ਪਹਿਲੀ ਸ਼ਰਤ ਹੀ ਆਈਲੈਸਟ ਦੀ ਰੱਖੀ ਜਾਂਦੀ ਹੈ।

IELTS™

ਅੰਕੜਿਆਂ ਅਨੁਸਾਰ ਪੰਜਾਬੀ ਨੌਜਵਾਨ ਤੇ ਮੁਟਿਆਰਾਂ ਮੌਜੂਦਾ ਸਮੇਂ ਵਿਚ ਸਭ ਤੋਂ ਵੱਧ ਕੈਨੇਡਾ ਨੂੰ ਤਰਜੀਹ ਦੇ ਰਹੇ ਹਨ, ਜਿਸ ਪਿੱਛੇ ਉਥੋਂ ਜਾਣ ਲਈ ਨਰਮ ਸ਼ਰਤਾਂ ਤੇ ਸਾਜ਼ਗਾਰ ਮਾਹੌਲ ਅਹਿਮ ਹਨ। ਸਾਲ 2017 ਵਿਚ ਪੰਜਾਬ ਦੇ ਕਰੀਬ ਡੇਢ ਲੱਖ ਨੌਜਵਾਨ ਸਟੱਡੀ ਵੀਜ਼ਾ 'ਤੇ ਬਾਹਰਲੇ ਦੇਸ਼ਾਂ ਵਿਚ ਗਏ ਹਨ। ਇਨ੍ਹਾਂ ਵਿਚੋਂ ਸਵਾ ਲੱਖ ਨੌਜਵਾਨ ਕੈਨੇਡਾ ਗਏ ਹਨ ਤੇ 25 ਹਜ਼ਾਰ ਆਸਟਰੇਲੀਆ, ਅਮਰੀਕਾ, ਇੰਗਲੈਂਡ ਤੇ ਨਿਊਜ਼ੀਲੈਂਡ 'ਚ ਹਨ। 'ਵਰਕ ਪਰਮਿਟ' ਜਾਂ ਕੰਮ ਦੇ ਤਜਰਬੇ ਦੇ ਆਧਾਰ 'ਤੇ ਪੀਆਰ (ਪੱਕੀ ਰਿਹਾਇਸ਼) ਜਾਂ ਬਾਹਰਲੇ ਪੱਕੇ ਮੁੰਡੇ-ਕੁੜੀ ਨਾਲ ਵਿਆਹ ਕਰਵਾ ਕੇ ਜਾਣ ਵਾਲਿਆਂ ਦੀ ਗਿਣਤੀ ਵੱਖਰੀ ਹੈ। ਸਟੱਡੀ ਵੀਜ਼ਾ, ਵਰਕ ਪਰਮਿਟ, ਪੀਆਰ ਆਦਿ ਲਈ ਉਂਜ ਤਾਂ ਅੰਗਰੇਜ਼ੀ ਭਾਸ਼ਾ ਦੇ ਹੋਰ ਵੀ ਟੈਸਟ ਹਨ, ਪਰ ਸਭ ਤੋਂ ਵੱਧ ਦਿੱਤਾ ਜਾਣ ਵਾਲਾ ਟੈਸਟ ਆਈਲੈਟਸ ਹੈ।

ਜੇਕਰ ਪੰਜ-ਛੇ ਸਾਲ ਪਹਿਲਾਂ ਦੀ ਗੱਲ ਕੀਤੀ ਜਾਵੇ ਤਾਂ ਪੁੱਤ-ਧੀ ਨੂੰ ਬਾਹਰ ਭੇਜਣ ਲਈ ਬਾਹਰਲਾ ਰਿਸ਼ਤਾ ਲੱਭਿਆ ਜਾਂਦਾ ਸੀ ਤੇ ਐਨ.ਆਰ.ਆਈ. ਮੁੰਡੇ-ਕੁੜੀਆਂ (ਜ਼ਿਆਦਾ ਮੁੰਡੇ) ਬਾਹਰੋਂ ਆਉਂਦੇ ਸਨ ਤੇ ਵਿਆਹ ਕਰਵਾ ਕੇ ਚਲੇ ਜਾਂਦੇ ਸਨ। ਹਾਲਾਂਕਿ ਹੁਣ ਵੀ ਅਜਿਹਾ ਹੁੰਦਾ ਹੈ, ਪਰ ਬਹੁਤੇ ਮੁੰਡੇ ਵਾਲੇ ਆਈਲੈਟਸ ਵਾਲੀਆਂ ਕੁੜੀਆਂ ਲੱਭਦੇ ਹਨ।

ਜੇਕਰ ਵੱਖ-ਵੱਖ ਅਖ਼ਬਾਰਾਂ ਵਿਚ ਵਿਆਹਾਂ ਲਈ ਦਿੱਤੇ ਜਾਂਦੇ ਇਸ਼ਤਿਹਾਰਾਂ 'ਤੇ ਨਜ਼ਰ ਮਾਰੀਏ ਤਾਂ ਬਹੁਤੇ ਕੇਸ ਅਜਿਹੇ ਹੁੰਦੇ ਹਨ, ਜਿਨ੍ਹਾਂ ਵਿਚ ਇਹ ਸ਼ਰਤ ਹੁੰਦੀ ਹੈ ਕਿ ਕੁੜੀ ਨੇ ਆਈਲੈਟਸ ਵਿਚੋਂ ਲੋੜੀਂਦੇ ਬੈਂਡ ਪ੍ਰਾਪਤ ਕੀਤੇ ਹੋਣ ਤੇ ਖ਼ਰਚਾ ਮੁੰਡੇ ਵਾਲੇ ਕਰਨਗੇ। ਮਹਿਜ਼ ਇਕਾ-ਦੁੱਕਾ ਇਸ਼ਤਿਹਾਰ ਦਿਸਦੇ ਹਨ, ਜਿਨ੍ਹਾਂ ਵਿਚ ਕੁੜੀ ਵਾਲੇ ਆਈਲੈਟਸ ਵਾਲਾ ਮੁੰਡਾ ਭਾਲਦੇ ਹੋਣ। ਮੁੰਡੇ ਦੇ ਆਈਲੈਟਸ 'ਚੋ ਲੋੜੀਂਦੇ ਬੈਂਡ ਪ੍ਰਾਪਤ ਕਰਨ ਦੇ ਅਸਮਰੱਥ ਹੋਣ ਕਾਰਨ ਆਈਲੈਟਸ ਦੀ ਸ਼ਰਤ ਰੱਖ ਕੇ ਕੁੜੀ ਲੱਭੀ ਜਾਂਦੀ ਹੈ। ਕੁਝ ਅਜਿਹੇ ਕੇਸ ਵੀ ਹਨ, ਜਿਨ੍ਹਾਂ ਵਿਚ ਆਈਲੈਟਸ ਦੀ ਕੋਚਿੰਗ ਲੈਣ ਵਾਲੀ ਜਾਂ ਪੜ੍ਹੀ-ਲਿਖੀ ਨੂੰਹ ਲਿਆਂਦੀ ਜਾਂਦੀ ਹੈ ਤੇ ਵਿਆਹ ਤੋਂ ਬਾਅਦ ਉਹ ਟੈਸਟ 'ਚ ਪੂਰੇ ਬੈਂਡ ਨਹੀਂ ਲੈ ਪਾਉਂਦੀ ਜਾਂ ਕੁਝ ਤਕਨੀਕੀ ਕਾਰਨਾਂ ਕਰਕੇ ਵੀਜ਼ਾ ਨਹੀਂ ਲੱਗਦਾ ਤਾਂ ਘਰਾਂ 'ਚ ਝਗੜੇ ਸ਼ੁਰੂ ਹੋ ਜਾਂਦੇ ਹਨ ਤੇ ਅਜਿਹੇ ਮਾਮਲਿਆਂ 'ਚ ਘਰੇਲੂ ਹਿੰਸਾ ਦੇ ਕੇਸ ਵੀ ਦਰਜ ਹੋਏ ਹਨ।

# ਸੱਜਣ ਕੁਮਾਰ ਨੂੰ ਬਰੀ ਕਰਨ ਖਿਲਾਫ ਅਪੀਲਾਂ 'ਤੇ ਫੈਸਲਾ ਰਾਖਵਾਂ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਕੇਸ 'ਚ ਹੇਠਲੀ ਅਦਾਲਤ ਵੱਲੋਂ ਕਾਂਗਰਸ ਆਗੂ ਸੱਜਣ ਕੁਮਾਰ ਨੂੰ ਬਰੀ ਕਰਨ ਖ਼ਿਲਾਫ਼ ਪਾਈਆਂ ਅਪੀਲਾਂ 'ਤੇ ਫੈਸਲਾ ਰਾਖਵਾਂ ਰੱਖ ਲਿਆ ਹੈ। ਜਸਟਿਸ ਐਸ ਮੁਰਲੀਧਰ ਅਤੇ ਵਿਨੋਦ ਗੋਇਲ ਨੇ ਸੀ.ਬੀ.ਆਈ., ਦੰਗਾ ਪੀੜਤਾਂ ਅਤੇ ਦੋਸ਼ੀਆਂ ਵੱਲੋਂ ਦਾਖਲ ਅਪੀਲਾਂ 'ਤੇ ਬਹਿਸ ਖਤਮ ਕਰਦਿਆਂ ਧਿਰਾਂ ਨੂੰ ਕਿਹਾ ਕਿ ਉਹ 22 ਨਵੰਬਰ ਤੱਕ ਜੇਕਰ ਕੋਈ ਲਿਖਤੀ ਜਾਣਕਾਰੀ ਹੈ ਤਾਂ ਜਮ੍ਹਾਂ ਕਰਵਾ ਸਕਦੇ ਹਨ।

ਕਾਂਗਰਸ ਦੇ ਸਾਬਕਾ ਕੌਂਸਲਰ ਬਲਵਾਨ ਖੋਖਰ, ਜਲ ਸੈਨਾ ਦੇ ਸੇਵਾ ਮੁਕਤ ਅਧਿਕਾਰੀ ਕੈਪਟਨ ਭਾਗਮਲ, ਗਿਰਧਾਰੀ ਲਾਲ ਅਤੇ ਦੋ ਹੋਰਾਂ ਨੂੰ ਦਿੱਲੀ ਛਾਉਣੀ ਦੇ ਰਾਜ ਨਗਰ ਇਲਾਕੇ 'ਚ ਪਰਿਵਾਰ ਦੇ ਪੰਜ ਮੈਂਬਰਾਂ ਦੀ ਹੱਤਿਆ ਕਰਨ ਨਾਲ ਸਬੰਧਤ ਕੇਸ 'ਚ ਦੋਸ਼ੀ ਠਹਿਰਾਇਆ ਗਿਆ ਸੀ। ਹੇਠਲੀ ਅਦਾਲਤ ਨੇ ਇਸ ਕੇਸ 'ਚ ਸੱਜਣ ਕੁਮਾਰ ਨੂੰ ਬਰੀ ਕਰ ਦਿੱਤਾ ਸੀ। ਦੋਸ਼ੀਆਂ ਨੇ ਆਪਣੀਆਂ ਸਜ਼ਾਵਾਂ ਨੂੰ ਹਾਈ ਕੋਰਟ 'ਚ ਚੁਣੌਤੀ ਦਿੱਤੀ ਸੀ। ਸੀ.ਬੀ.ਆਈ. ਨੇ ਅਪੀਲ ਦਾਖਲ ਕਰਕੇ ਕਿਹਾ ਸੀ ਕਿ ਉਹ ਯੋਜਨਾਬੱਧ ਢੰਗ ਨਾਲ ਭੜਕਾਏ ਫਿਰਕੂ ਦੰਗਿਆਂ 'ਚ ਸ਼ਾਮਲ ਸਨ।

# ਜਾਤ-ਪਾਤ ਤੇ ਛੂਤ-ਛਾਤ ਦੀਆਂ ਵਲਗਣਾਂ 'ਚੋਂ ਨਿਕਲ ਨਾ ਸਕੇ ਪੰਜਾਬੀ

**ਚੰਡੀਗੜ੍ਹ:** ਪੰਜਾਬ ਜਾਤ-ਪਾਤ ਤੇ ਛੂਤ-ਛਾਤ ਦੀਆਂ ਵਰਗਲਾਂ ਵਿਚੋਂ ਬਾਹਰ ਨਹੀਂ ਨਿਕਲ ਸਕਿਆ। ਇਸ ਲਈ ਛੂਤ-ਛਾਤ ਖਤਮ ਕਰਨ ਲਈ ਸਰਕਾਰੀ ਯੋਜਨਾਵਾਂ ਪ੍ਰਤੀ ਸਰਕਾਰਾਂ ਦੀ ਬੇਰੁਖੀ ਵੀ ਜ਼ਿੰਮੇਵਾਰ ਹੈ। ਇਸ ਮਾਮਲੇ ਵਿਚ ਸਭ ਤੋਂ ਵੱਡੀ ਯੋਜਨਾ ਅੰਤਰਜਾਤੀ ਵਿਆਹ ਕਰਾਉਣ ਵਾਲੇ ਜੋੜਿਆਂ ਨੂੰ ਨਗਦ ਰਾਸ਼ੀ ਦੇ ਕੇ ਸਨਮਾਨ ਦੇਣਾ ਹੈ। ਦੇਸ਼ ਦੇ ਹੋਰ ਸੂਬੇ ਖਾਸ ਕਰ ਕੇ ਹਰਿਆਣਾ, ਪੰਜਾਬ ਨੂੰ ਇਸ ਮਾਮਲੇ ਵਿਚ ਪਛਾੜ ਗਿਆ ਹੈ।

ਮਹਾਰਾਸ਼ਟਰ ਸਾਰੇ ਸੂਬਿਆਂ ਨੂੰ ਪਛਾੜ ਗਿਆ ਹੈ ਤੇ ਤਾਮਿਲਨਾਡੂ ਅਜਿਹਾ ਰਾਜ ਹੈ, ਜਿਥੇ ਜਾਤ ਪਾਤ ਤੋਂ ਉਪਰ ਉਠ ਕੇ ਵਿਆਹ ਕਰਾਉਣ ਵਾਲਿਆਂ ਨੂੰ ਸਰਕਾਰੀ ਨੌਕਰੀਆਂ ਵੀ ਦਿੱਤੀਆਂ ਜਾਂਦੀਆਂ ਹਨ। ਇਸ ਦੇ ਉਲਟ ਪੰਜਾਬ ਵਿਚ ਸਰਕਾਰਾਂ, ਸਮਾਜਿਕ ਸੰਗਠਨਾਂ ਅਤੇ ਧਾਰਮਿਕ ਅਦਾਰਿਆਂ ਦੀ ਸਰਗਰਮ ਭੂਮਿਕਾ ਨਾ ਹੋਣ ਕਾਰਨ ਜਾਤੀਵਾਦ ਦੀਆਂ ਜੜ੍ਹਾਂ ਡੂੰਘੀਆਂ ਹੁੰਦੀਆਂ ਦਿਖਾਈ ਦੇ ਰਹੀਆਂ ਹਨ। ਪੰਜਾਬ ਦੇ ਸਮਾਜਿਕ ਨਿਆਂ ਵਿਭਾਗ ਵੱਲੋਂ ਜਾਤੀਵਾਦ ਦੀਆਂ ਕੰਧਾਂ ਤੋੜ ਕੇ ਸਾਂਝੀਵਾਲਤਾ ਦਾ ਸੰਦੇਸ਼ ਪੱਕਾ ਕਰਨ ਅਤੇ ਜਾਤ ਪਾਤ ਦੀਆਂ ਵਲਗਣਾਂ ਤੋਂ ਉਪਰ ਉਠ ਕੇ ਵਿਆਹ ਰਚਾਉਣ ਵਾਲੇ ਜੋੜਿਆਂ ਨੂੰ 51 ਹਜ਼ਾਰ ਰੁਪਏ ਦੀ ਰਾਸ਼ੀ ਦੇਣ ਦੀ ਯੋਜਨਾ ਉਲੀਕੀ ਸੀ। ਪੰਜਾਬ ਸਰਕਾਰ ਵੱਲੋਂ ਇਹ ਯੋਜਨਾ 'ਸਿਵਲ ਅਧਿਕਾਰਾਂ ਦੀ ਸੁਰੱਖਿਆ ਕਾਨੂੰਨ 1955' ਤਹਿਤ ਅੰਤਰਜਾਤੀ ਵਿਆਹ ਕਰਾਉਣ ਵਾਲੇ ਜੋੜਿਆਂ ਨੂੰ ਸਨਮਾਨਤ ਕਰਨ ਦੀ ਯੋਜਨਾ ਤਿਆਰ ਕੀਤੀ ਸੀ ਪਰ ਤਰਾਸਦੀ ਇਹ ਹੈ ਕਿ ਪੰਜਾਬ ਦੀ ਵਿੱਤੀ ਹਾਲਤ ਦੀ ਲਪੇਟ ਵਿਚ ਆਈਆਂ ਹੋਰਨਾਂ ਸਕੀਮਾਂ ਵਾਂਗ ਹੀ ਇਸ ਯੋਜਨਾ ਨੂੰ ਵੀ ਮਾਲੀ ਸੰਕਟ ਨੇ ਆਪਣੇ ਕਲਾਵੇ ਵਿਚ ਲੈ ਲਿਆ ਹੈ। ਸਰਕਾਰ ਵੱਲੋਂ ਸੂਬਿਆਂ ਦੀ ਐਲਾਨੀ ਰਾਸ਼ੀ ਵੀ ਸਾਲਾਂ ਬੱਧੀ ਦਿੱਤੀ ਹੀ ਨਹੀਂ ਜਾਂਦੀ। ਵਿਭਾਗ ਦੇ ਸੂਤਰਾਂ ਦਾ ਦੱਸਣਾ ਹੈ ਕਿ ਮਾਲੀ ਸਾਲ 2011-2012, 2012-2013, 2013-2014 ਭਾਵ ਲਗਾਤਾਰ 4 ਸਾਲਾਂ ਦੌਰਾਨ ਇਹ ਰਾਸ਼ੀ ਖਜ਼ਾਨੇ ਵਿਚੋਂ ਨਿਕਲ ਹੀ ਨਹੀਂ ਸਕੀ।

ਇਸੇ ਤਰ੍ਹਾਂ 2014-2015 ਦੌਰਾਨ 461 ਕਰੋੜ ਰੁਪਏ ਖਜ਼ਾਨੇ ਵਿਚੋਂ ਤਾਂ ਜਾਰੀ ਕੀਤੇ ਗਏ ਪਰ ਵਿਭਾਗ ਵੱਲੋਂ ਮਹਿਜ਼ 113.78 ਕਰੋੜ ਰੁਪਏ ਹੀ ਵੰਡੇ ਗਏ। ਵਿਭਾਗੀ ਅਧਿਕਾਰੀਆਂ ਦਾ ਦੱਸਣਾ ਹੈ ਕਿ ਪੰਜ ਸਾਲ ਪਹਿਲਾਂ ਆਈਆਂ ਅਰਜ਼ੀਆਂ ਵਿਚੋਂ ਹੀ ਕੁਝ ਦਾ ਨਿਪਟਾਰਾ ਕੀਤਾ ਜਾ ਸਕਿਆ ਹੈ। ਇਹ ਤੱਥ ਵੀ ਸਾਹਮਣੇ ਆਏ ਹਨ ਕਿ ਰਾਜ ਸਰਕਾਰ ਵੱਲੋਂ ਕੇਂਦਰ ਵੱਲੋਂ ਭੇਜੀ ਜਾਂਦੀ ਰਾਸ਼ੀ ਵੀ ਲਾਭਪਾਤਰੀਆਂ ਨੂੰ ਅਦਾ ਨਹੀਂ ਕੀਤੀ ਜਾਂਦੀ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ ਅਜਿਹੇ ਜੋੜਿਆਂ ਨੂੰ ਡੇਢ ਲੱਖ ਰੁਪਏ ਦੀ ਰਾਸ਼ੀ ਐਲਾਨੀ ਹੋਈ ਹੈ। ਚਲੰਤ ਮਾਲੀ ਸਾਲ ਦੌਰਾਨ ਵਿਭਾਗ ਵੱਲੋਂ ਬਜਟ ਹੀ ਨਹੀਂ ਰੱਖਿਆ ਗਿਆ।

ਇਸ ਦੇ ਨਾਲ ਹਰਿਆਣਾ ਸਰਕਾਰ ਨੇ ਵੀ ਅੰਤਰਜਾਤੀ ਵਿਆਹਾਂ ਦੇ ਰੁਝਾਨ ਨੂੰ ਹੁਲਾਰਾ ਦੇਣ ਦਾ ਫੈਸਲਾ ਕੀਤਾ ਹੈ। ਪਹਿਲਾਂ ਅੰਤਰਜਾਤੀ ਵਿਆਹ ਕਰਵਾਉਣ ਵਾਲਿਆਂ ਨੂੰ ਸੂਬਾ ਸਰਕਾਰ ਕੋਲੋਂ ਪੰਜਾਹ ਹਜ਼ਾਰ ਰੁਪਏ ਮਿਲਦੇ ਸਨ, ਜਿਸ ਨੂੰ ਮੌਜੂਦਾ ਸਰਕਾਰ ਨੇ ਵਧਾ ਕੇ ਢਾਈ ਲੱਖ ਕਰ ਦਿੱਤਾ ਹੈ। ਸੂਬੇ ਵਿਚ ਖੱਟਰ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ 2068 ਅੰਤਰਜਾਤੀ ਵਿਆਹ ਹੋਏ ਹਨ, ਜਿਨ੍ਹਾਂ ਨੂੰ 11.44 ਕਰੋੜ ਰੁਪਏ ਦਿੱਤੇ ਗਏ ਹਨ ਤੇ ਇਸ ਸਾਲ ਅੰਤਰਜਾਤੀ ਵਿਆਹਾਂ ਲਈ ਪੰਜ ਕਰੋੜ ਰੁਪਏ ਰੱਖੇ ਗਏ ਹਨ। ਇਸ ਸਾਲ ਪਿਛਲੇ ਮਹੀਨੇ ਤੱਕ 535 ਅੰਤਰਜਾਤੀ ਵਿਆਹ ਹੋ ਚੁੱਕੇ ਹਨ ਤੇ ਬਕਾਇਆ ਤਿੰਨ ਮਹੀਨਿਆਂ ਵਿਚ ਹੋਰ ਵਿਆਹ ਵੀ ਹੋਣਗੇ। ਇਸ ਨਾਲ ਇਸ ਸਾਲ ਵਿਚ ਗਿਣਤੀ ਅੱਠ ਸੌ ਦੇ ਕਰੀਬ ਪੁੱਜਣ ਦੀ ਆਸ ਹੈ ਤੇ ਢਾਈ ਲੱਖ ਰੁਪਏ ਦੀ ਮਦਦ ਨੇ ਅੰਤਰਜਾਤੀ ਵਿਆਹ ਕਰਵਾਉਣ ਦੇ ਰੁਝਾਨ ਨੂੰ ਗਤੀ ਦੇਣ ਵਿਚ ਮਦਦ ਕੀਤੀ ਹੈ।

# ਸਿਮਰਜੀਤ ਬੈਂਸ ਨੇ ਖੋਲ੍ਹਿਆ ਅਮਰੀਕੀ ਅੰਬੈਸੀ ਖਿਲਾਫ ਮੋਰਚਾ

**ਚੰਡੀਗੜ੍ਹ:** ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਬੈਂਸ ਨੇ ਦਿੱਲੀ ਵਿਚ ਅਮਰੀਕੀ ਅੰਬੈਸੀ ਖਿਲਾਫ ਮੋਰਚਾ ਖੋਲ੍ਹਿਆ ਹੈ। ਬੈਂਸ ਆਪਣੇ ਪਰਿਵਾਰ ਸਮੇਤ ਅਮਰੀਕਾ ਦੀ ਅੰਬੈਸੀ ਵੀਜ਼ਾ ਲੈਣ ਲਈ ਪਹੁੰਚੇ ਸਨ। ਇਸ ਦੌਰਾਨ ਸਕਿਓਰਿਟੀ ਨੇ ਬੈਂਸ ਦੇ ਅੰਮ੍ਰਿਤਧਾਰੀ ਪੀਏ ਨੂੰ ਕਿਰਪਾਨ ਉਤਾਰਨ ਲਈ ਕਿਹਾ। ਬੈਂਸ ਨੇ ਮੁੱਦਾ ਚੁੱਕਿਆ ਤੇ ਆਪਣਾ ਪਾਸਪੋਰਟ ਲੈ ਕੇ ਅੰਬੈਸੀ ਤੋਂ ਵਾਪਸ ਆ ਗਏ।

ਬੈਂਸ ਨੇ ਕਿਹਾ ਕਿ ਜੇਕਰ ਅਮਰੀਕੀ ਅੰਬੈਸੀ ਅੰਮ੍ਰਿਤਧਾਰੀ ਸਿੱਖਾਂ ਨਾਲ ਵਿਤਕਰਾ ਕਰਦੀ ਹੈ ਤਾਂ ਉਹ ਅਮਰੀਕਾ ਨਹੀਂ ਜਾਣਾ ਚਾਹੁੰਦੇ। ਬੈਂਸ ਨੇ ਵੀ ਕਿਹਾ ਕਿ ਇਹ ਮੁੱਦਾ ਪੰਜਾਬ ਦੇ ਵਿਧਾਨ ਸਭਾ ਸਪੀਕਰ ਸਮੇਤ ਅਮਰੀਕਾ ਦੇ ਸੈਨੇਟਰਾਂ ਕੋਲ ਵੀ ਚੁੱਕਿਆ ਗਿਆ ਹੈ। ਬੈਂਸ ਨੇ ਕਿਹਾ ਕਿ ਉਹ ਹਰ ਸੰਭਵ ਕੋਸ਼ਿਸ਼ ਕਰਨਗੇ ਤਾਂ ਕਿ ਸਿੱਖਾਂ ਨਾਲ ਹੋਣ ਵਾਲੇ ਨਸਲੀ ਵਿਤਕਰੇ ਨੂੰ ਰੋਕਿਆ ਜਾ ਸਕੇ।ਸਿਮਰਜੀਤ ਬੈਂਸ ਨੇ ਫੇਸਬੁਕ ਲਾਈਵ ਹੋ ਕੇ ਅਮਰੀਕਾ ਵਿਚ ਰਹਿੰਦੇ ਸਿੱਖਾਂ ਨੂੰ ਅਪੀਲ ਕੀਤੀ ਇਹ ਮਾਮਲਾ ਉਠਾਇਆ ਜਾਵੇ। ਉਨ੍ਹਾਂ ਕਿਹਾ ਕਿ ਕਿਰਪਾਨ ਕੋਈ ਚਾਕੂ ਜਾਂ ਮਾਰੂ ਹਥਿਆਰ ਨਹੀਂ, ਸਗੋਂ ਇਹ ਗੁਰੂ ਸਾਹਿਬਾਨ ਵੱਲੋਂ ਬਖਸ਼ਿਸ਼ ਕਕਾਰ ਹੈ।

## ਭਾਰਤੀ ਮੂਲ ਦੇ ਬਰਤਾਨਵੀ ਨੂੰ 6 ਸਾਲ ਕੈਦ

**ਲੰਡਨ:** ਲੰਡਨ ਵਿਚ ਭਾਰਤੀ ਮੂਲ ਦੇ ਇਕ ਵਿਅਕਤੀ ਨੂੰ ਇਕ ਔਰਤ ਨੂੰ ਪਰੇਸ਼ਾਨ ਅਤੇ ਧਮਕਾਉਣ ਦੇ ਦੋਸ਼ ਤਹਿਤ 6 ਸਾਲ ਦੀ ਸਜ਼ਾ ਹੋਈ। ਸਿਰਤਾਜ ਭੰਗਲ (35) ਨਾਂ ਦੇ ਇਸ ਵਿਅਕਤੀ ਨੇ ਪੀੜਤ ਔਰਤ ਖਿਲਾਫ਼ ਸੋਸ਼ਲ ਮੀਡੀਆ 'ਤੇ ਇਕ ਲੰਬੀ ਮੁਹਿੰਮ ਚਲਾ ਕੇ ਉਸ ਨੂੰ ਡਰਾਉਣ ਅਤੇ ਪਰੇਸ਼ਾਨ ਕਰਨ ਦੀ ਕੋਸ਼ਿਸ਼ ਕੀਤੀ ਸੀ। 2013 ਵਿਚ ਜਦੋਂ ਉਕਤ ਪੀੜਤ ਔਰਤ ਨੇ ਸਿਰਤਾਜ ਨੂੰ ਸੋਸ਼ਲ ਮੀਡੀਆ ਦੇ ਆਪਣੇ ਅਕਾਊਂਟ 'ਤੇ ਬਲਾਕ ਕਰ ਦਿੱਤਾ ਸੀ ਤਾਂ ਦੋਸ਼ੀ ਨੇ ਉਸ ਨੂੰ ਪਰੇਸ਼ਾਨ ਕਰਨ ਅਤੇ ਡਰਾਉਣ ਲਈ ਇਕ ਮੁਹਿੰਮ ਚਲਾਈ ਸੀ।

ਰਾਜਾ ਸਵੀਟਸ ਦੇ
ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ ਵਲੋਂ
ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ
ਬੰਦੀਛੋੜ ਦਿਵਸ ਤੇ ਦੀਵਾਲੀ ਦੀ

# ਲੱਖ ਲੱਖ ਵਧਾਈ



ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ

**Raja™ SWEETS & CATERING®**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

**Fresh Sweets, Snacks & Food**
Catering with Portable Tandoor
for up to 10000 guests
Lunch - Dinner - Take Out - Banquets

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

**SERVICES INCLUDE**
- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including
  table cloth, napkins, chairs etc.

**PARADISE BALLROOMS**
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

# ਭਾਰਤ-ਪਾਕਿਸਤਾਨ ਦਾ ਸਾਂਝਾ ਮਾਣ

ਕਲਾ ਪਰਿਕਰਮਾ

**ਬਲਵਿੰਦਰ ਸਿੰਘ ਭੁੱਲਰ**
**ਫੋਨ: +91-98882-75913**

ਇਹ ਇਤਫਾਕ ਹੀ ਹੈ ਕਿ ਪਿਤਾ ਦਿੱਲੀ ਤੋਂ, ਮਾਤਾ ਅੰਮ੍ਰਿਤਸਰ ਤੋਂ, ਜਨਮ ਗੁਜਰਾਤ ਵਿਚ, ਅਦਾਕਾਰੀ ਵਿਚ ਪ੍ਰਸਿਧੀ ਪਾਕਿਸਤਾਨ 'ਚ ਅਤੇ ਬੁਢਾਪਾ ਅਮਰੀਕਾ ਵਿਚ। ਇਹ ਪੜ੍ਹਦਿਆਂ ਇਕਦਮ ਮਨ ਵਿਚ ਆਉਂਦਾ ਹੈ ਕਿ ਅਜਿਹੀ ਕਿਹੜੀ ਸ਼ਖਸੀਅਤ ਹੈ ਜੋ ਜ਼ਿੰਦਗੀ ਵਿਚ ਅਜਿਹੇ ਅਨੋਖੇ ਪੰਧ 'ਤੇ ਪੈੜਾਂ ਪਾਉਣ ਵਾਲੀ ਹੈ। ਇਹ ਹੈ ਕਲਾਕਾਰ ਮਾਪਿਆਂ ਦੀ ਧੀ, ਡਰਾਮਿਆਂ ਦੀ ਨਾਇਕਾ, ਗਾਇਕੀ 'ਚ ਦਿਲਾਂ ਨੂੰ ਛੂਹ ਲੈਣ ਵਾਲੀ, ਖ਼ੂਬਸੂਰਤੀ ਦੀ ਮਿਸਾਲ ਤੇ ਉਘੀ ਫਿਲਮੀ ਅਦਾਕਾਰਾ ਮੁਖਤਾਰ ਬੇਗਮ ਤੋਂ ਬਣੀ ਸਬੀਹਾ ਖਾਨੁਮ।

ਮੁਖਤਾਰ ਬੇਗਮ ਨੇ 16 ਅਕਤੂਬਰ 1935 ਨੂੰ ਫਿਲਮੀ ਕਲਾਕਾਰ ਇਕਬਾਲ ਬੇਗਮ ਦੀ ਕੁੱਖੋਂ ਪਿਤਾ ਜਨਾਬ ਮੁਹੰਮਦ ਅਲੀ ਦੇ ਘਰ ਗੁਜਰਾਤ ਵਿਚ ਜਨਮ ਲਿਆ। ਲਗਪਗ ਇਕ ਸਦੀ ਪਹਿਲਾਂ ਜਦੋਂ ਨਾ ਇੰਟਰਨੈੱਟ ਦਾ ਜ਼ਮਾਨਾ ਸੀ ਅਤੇ ਨਾ ਹੀ ਕੋਈ ਹੋਰ ਅਜਿਹੇ ਸੰਪਰਕ ਸਾਧਨ ਸਨ, ਪਰ ਇਹ ਵੀ ਇਤਫਾਕੀਆ ਸਬੰਧ ਹੀ ਸਮਝੇ ਜਾ ਸਕਦੇ ਹਨ ਕਿ ਅਤਿ ਅਮੀਰ ਪਰਿਵਾਰ ਵਿਚ ਪੈਦਾ ਹੋਈ ਇਕਬਾਲ ਬੇਗਮ ਨੇ ਤਾਂਗੇ ਵਾਲੇ ਦੇ ਪੁੱਤਰ ਨਾਲ ਪਿਆਰ-ਵਿਆਹ ਕਰਵਾ ਲਿਆ ਸੀ।

ਇਸ ਉਪਰੰਤ ਉਨ੍ਹਾਂ ਆਪਣੇ ਪਰਿਵਾਰਾਂ ਨੂੰ ਤਿਆਗ ਕੇ ਨਵੀਂ ਜ਼ਿੰਦਗੀ ਸ਼ੁਰੂ ਕੀਤੀ, ਪਰ ਆਪਣੀ ਜਵਾਨੀ ਸਮੇਂ ਜਨਾਬ ਮੁਹੰਮਦ ਅਲੀ 'ਮਾਹੀਆ' ਅਤੇ ਇਕਬਾਲ ਬੇਗਮ 'ਬਾਲੋ' ਵਜੋਂ ਬਹੁਤ ਪ੍ਰਸਿਧ ਹੋਏ। ਉਨ੍ਹਾਂ ਦੀ ਜੋੜੀ ਬਾਲੋ ਮਾਹੀਆ ਬਾਰੇ ਘਰ ਘਰ ਚਰਚਾ ਹੁੰਦੀ ਸੀ। ਉਹ ਵਧੀਆ ਗਾਇਕ ਜੋੜੀ ਸੀ, ਬਹੁਤਾ ਕਰਕੇ ਉਹ ਟੱਪੇ ਪੇਸ਼ ਕਰਦੇ ਸਨ। ਬਾਅਦ ਵਿਚ ਇਕਬਾਲ ਬੇਗਮ ਨੇ ਫਿਲਮਾਂ ਵਿਚ ਵੀ ਅਦਾਕਾਰੀ ਕੀਤੀ। ਇਸ ਪ੍ਰਸਿਧ ਜੋੜੀ ਦੇ ਘਰ ਪੈਦਾ ਹੋਈ ਮੁਖਤਾਰ ਬੇਗਮ ਨੂੰ ਅਦਾਕਾਰੀ ਜਨਮ ਤੋਂ ਹੀ ਮਿਲ ਗਈ ਸੀ, ਪਰ ਜਵਾਨੀ ਵਿਚ ਪੈਰ ਧਰਦਿਆਂ ਰੂਪ ਪੱਖੋਂ ਵੀ ਉਹ ਆਪਣੀ ਮਾਂ ਬਾਲੋ ਨਾਲੋਂ ਦੋ ਕਦਮ ਅਗਾਂਹ ਹੀ ਲੰਘ ਗਈ ਸੀ। ਇਸ ਸਮੇਂ ਉਸ ਦਾ ਵਿਆਹ ਸੰਤੋਸ਼ ਕੁਮਾਰ ਨਾਂ ਦੇ ਨੌਜਵਾਨ ਨਾਲ ਹੋ ਗਿਆ।

ਮੁਖਤਾਰ ਬੇਗਮ ਦੀ ਉਮਰ ਅਜੇ ਕਰੀਬ ਬਾਰਾਂ ਕੁ ਸਾਲ ਦੀ ਹੀ ਸੀ ਕਿ ਅੰਗਰੇਜ਼ਾਂ ਵੱਲੋਂ ਚੱਲੀਆਂ ਜਾ ਰਹੀਆਂ ਸਿਆਸੀ ਚਾਲਾਂ ਸਦਕਾ ਇਕ ਹਨੇਰੀ ਚੱਲੀ ਜਿਸ ਨੇ ਭਾਰਤ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ। ਮੁਸਲਮਾਨ ਧਰਮ ਨਾਲ ਸਬੰਧਤ ਬਹੁ ਗਿਣਤੀ ਸਥਾਨ ਨੂੰ ਵੱਖਰਾ ਦੇਸ਼ ਪਾਕਿਸਤਾਨ ਬਣਾ ਦਿੱਤਾ। ਇਸ ਮੌਕੇ ਭਾਰਤ ਦੇ ਵੱਖ ਵੱਖ ਸੂਬਿਆਂ ਵਿਚ ਰਹਿੰਦੇ ਬਹੁਤ ਸਾਰੇ ਮੁਸਲਮਾਨ ਪਰਿਵਾਰ ਪਾਕਿਸਤਾਨ ਚਲੇ ਗਏ, ਮੁਖਤਾਰ ਬੇਗਮ ਦੇ ਮਾਪੇ ਵੀ ਉਸ ਸਮੇਤ ਪਾਕਿਸਤਾਨ ਜਾ ਵਸੇ।

> ***ਦੋ ਕੁ ਸਾਲਾਂ ਵਿਚ ਮੁਖਤਾਰ ਬੇਗਮ ਤੋਂ ਬਣੀ ਸਬੀਹਾ ਖਾਨੁਮ ਨੇ ਆਪਣੀ ਕਲਾ ਦੇ ਅਜਿਹੇ ਜੌਹਰ ਦਿਖਾਏ ਕਿ ਦਰਸ਼ਕਾਂ ਦੇ ਦਿਲਾਂ 'ਤੇ ਰਾਜ ਕਰਨ ਲੱਗੀ। ਇਸ ਨੂੰ ਵੀ ਜਨਾਬ ਖਲੀਲੀ ਦਾ ਵਡੱਪਣ ਹੀ ਕਿਹਾ ਜਾ ਸਕਦਾ ਹੈ ਕਿ ਉਸ ਨੇ ਆਪਣੀ ਇਸ ਕਲਾਕਾਰ ਨੂੰ ਹੋਰ ਉਚਾ ਉਠਾਉਣ ਦੇ ਯਤਨ ਵਜੋਂ ਉਸ ਸਮੇਂ ਦੇ ਉਘੇ ਫਿਲਮ ਨਿਰਦੇਸ਼ਕ ਮਸੂਦ ਪਰਵੇਜ਼ ਨੂੰ ਅਪੀਲ ਕੀਤੀ ਕਿ ਉਹ ਆਪਣੀ ਫਿਲਮ ਵਿਚ ਸਬੀਹਾ ਨੂੰ ਰੋਲ ਦੇਵੇ।***

ਪਾਕਿਸਤਾਨ ਵਿਚ ਉਸ ਸਮੇਂ ਕਰਾਚੀ ਅਤੇ ਲਾਹੌਰ ਵਿਖੇ ਟੈਲੀਵਿਜ਼ਨ ਕੇਂਦਰ ਚੱਲਦੇ ਸਨ। ਅਦਾਕਾਰ ਮਾਪਿਆਂ ਨੇ ਆਪਣੀ ਪੁੱਤਰੀ ਨੂੰ ਇਨ੍ਹਾਂ ਕੇਂਦਰਾਂ ਵਿਚ ਚੱਲਣ ਵਾਲੇ ਨਾਟਕਾਂ ਵਿਚ ਭਾਗ ਲੈਣ ਲਈ ਪ੍ਰੇਰਿਆ ਤੇ ਇਸ ਰਾਹ ਤੋਰ ਦਿੱਤਾ। 1948 ਵਿਚ ਇਕ ਸਭਿਆਚਾਰ ਵਫਦ ਉਥੋਂ ਦੇ ਉਘੇ ਸਭਿਆਚਾਰਕ ਕੇਂਦਰ ਸਿਆਲਕੋਟ ਗਿਆ, ਜਿਸ ਵਿਚ ਮੁਖਤਾਰ ਬੇਗਮ ਵੀ ਸ਼ਾਮਲ ਸੀ। ਉਥੇ ਫਿਲਮ 'ਸੱਸੀ ਪੁੰਨੂ' ਲਈ ਗੀਤ 'ਕਿੱਥੇ ਗਏ ਹੋਂ ਪਰਦੇਸੀਆ ਵੇ' ਫਿਲਮਾਇਆ ਗਿਆ ਸੀ, ਜਿਸ ਵਿਚ ਮੁਖਤਾਰ ਬੇਗਮ ਨੇ ਵੀ ਭਾਗ ਲਿਆ। ਇਸ ਉਪਰੰਤ ਪਿਤਾ ਮੁਹੰਮਦ ਅਲੀ ਨੇ ਬੇਟੀ ਮੁਖਤਾਰ ਬੇਗਮ ਨੂੰ ਪ੍ਰਸਿਧ ਲੇਖਕ ਤੇ ਨਾਟਕਕਾਰ ਜਨਾਬ ਨਫੀਸ ਖਲੀਲੀ ਨਾਲ ਮਿਲਾਇਆ ਅਤੇ ਉਸ ਦੀ ਨਾਟਕਾਂ ਵਿਚ ਰੋਲ ਕਰਨ ਦੀ ਦਿਲਚਸਪੀ ਬਾਰੇ ਦੱਸਿਆ। ਜਨਾਬ ਖਲੀਲੀ ਨੇ ਕੁਝ ਮਿਲਣੀਆਂ ਵਿਚ ਹੀ ਮੁਖਤਾਰ ਬੇਗਮ ਦੀ ਸੂਝ ਬੂਝ, ਕਲਾ ਪ੍ਰਤੀ ਪਿਆਰ ਅਤੇ ਕੰਮ ਕਰਨ ਦੀ ਦ੍ਰਿੜਤਾ ਦਾ ਅੰਦਾਜ਼ਾ ਲਾ ਲਿਆ ਅਤੇ ਆਪਣੇ ਪ੍ਰਸਿਧ ਨਾਟਕ 'ਬੁੱਤ ਸ਼ਿਕਨ' ਵਿਚ ਰੋਲ ਦਿੰਦਿਆਂ ਉਸ ਦਾ ਨਾਂ ਬਦਲ ਕੇ ਸਬੀਹਾ ਖਾਨੁਮ ਰੱਖ ਦਿੱਤਾ।





*ਸਬੀਹਾ ਖਾਨ ਦੀਆਂ ਦੋ ਤਸਵੀਰਾਂ।*

ਦੋ ਕੁ ਸਾਲਾਂ ਵਿਚ ਮੁਖਤਾਰ ਬੇਗਮ ਤੋਂ ਬਣੀ ਸਬੀਹਾ ਖਾਨੁਮ ਨੇ ਆਪਣੀ ਕਲਾ ਦੇ ਅਜਿਹੇ ਜੌਹਰ ਦਿਖਾਏ ਕਿ ਦਰਸ਼ਕਾਂ ਦੇ ਦਿਲਾਂ 'ਤੇ ਰਾਜ ਕਰਨ ਲੱਗੀ। ਇਸ ਨੂੰ ਵੀ ਜਨਾਬ ਖਲੀਲੀ ਦਾ ਵਡੱਪਣ ਹੀ ਕਿਹਾ ਜਾ ਸਕਦਾ ਹੈ ਕਿ ਉਸ ਨੇ ਆਪਣੀ ਇਸ ਕਲਾਕਾਰ ਨੂੰ ਹੋਰ ਉਚਾ ਉਠਾਉਣ ਦੇ ਯਤਨ ਵਜੋਂ ਉਸ ਸਮੇਂ ਦੇ ਉਘੇ ਫਿਲਮ ਨਿਰਦੇਸ਼ਕ ਮਸੂਦ ਪਰਵੇਜ਼ ਨੂੰ ਅਪੀਲ ਕੀਤੀ ਕਿ ਉਹ ਆਪਣੀ ਫਿਲਮ ਵਿਚ ਸਬੀਹਾ ਨੂੰ ਰੋਲ ਦੇਵੇ। ਪਰਵੇਜ਼ ਨੇ ਉਸ ਅਪੀਲ ਦੇ ਆਧਾਰ 'ਤੇ ਆਪਣੀ ਫਿਲਮ 'ਬੇਲੀ' ਵਿਚ ਉਸ ਨੂੰ ਲੈ ਲਿਆ, ਜਿਸ ਵਿਚ ਉਸ ਨੇ ਸੰਤੋਸ਼ ਕੁਮਾਰ, ਸ਼ਹੀਨਾ ਆਦਿ ਨਾਲ ਕੰਮ ਕੀਤਾ। ਇਹ ਫਿਲਮ 1950 ਵਿਚ ਰਿਲੀਜ਼ ਹੋਈ। ਇਸ ਦੇ ਨਾਲ ਨਾਲ ਹੀ ਸਬੀਹਾ ਨੇ ਪ੍ਰਸਿਧ ਫਿਲਮੀ ਨਿਰਦੇਸ਼ਕ ਅਨਵਰ ਕਮਲ ਪਾਸ਼ਾ ਦੀ ਫਿਲਮ 'ਨੂਰੀ' ਵਿਚ ਵੀ ਰੋਲ ਕੀਤਾ। ਇਨ੍ਹਾਂ ਫਿਲਮਾਂ ਵਿਚ ਕੀਤੇ ਰੋਲ ਨਾਲ ਦਰਸ਼ਕਾਂ ਤੋਂ ਮਿਲੀ ਹੱਲਾਸ਼ੇਰੀ ਨੇ ਸਬੀਹਾ ਨੂੰ ਇਸ ਕਦਰ ਹੌਸਲਾ ਦਿੱਤਾ ਕਿ ਉਸਨੇ ਮੁੜ ਕੇ ਪਿੱਛੇ ਨਹੀਂ ਦੇਖਿਆ। ਉਸਨੇ 'ਆਘੋਸ਼', 'ਗ਼ੁਲਾਮ', 'ਗੁੰਮਨਾਮ', 'ਦੁੱਲਾ ਭੱਟੀ', 'ਵਾਅਦਾ', 'ਸ਼ੇਖ ਚਿਲੀ', 'ਆਸ ਪਾਸ', 'ਸੱਸੀ', 'ਸੋਹਣੀ', 'ਛੋਟੀ ਬੇਗ਼ਮ', 'ਦਾਤਾ', 'ਹਾਤਿਮ', 'ਸਾਤ ਲਾਖ', 'ਦਿਲ ਮੇਂ ਤੂੰ', 'ਮਹਿਫਲ', 'ਪਰਵਾਜ਼', 'ਤੂਫਾਨ', 'ਇਸ਼ਕ ਏ ਲੈਲਾ', 'ਕਾਤਿਲ', 'ਸਰਫਰੋਸ਼', 'ਹਸਰਤ', 'ਦੇਵਰ ਭਾਬੀ', 'ਕਨੀਜ਼', 'ਪਾਕ ਦਾਮਨ', 'ਮੁਹੱਬਤ', 'ਏਕ ਰਾਤ', 'ਧੰਨ ਜਿਗਰਾ ਮਾਂ ਦਾ', 'ਵਤਨ ਈਮਾਨ' ਆਦਿ ਉਰਦੂ ਤੇ ਪੰਜਾਬੀ ਫਿਲਮਾਂ ਵਿਚ ਅਦਾਕਾਰੀ ਕੀਤੀ। ਪੰਜਾਬੀ ਫਿਲਮ 'ਦੁੱਲਾ ਭੱਟੀ' ਵਿਚ ਉਸ ਵੱਲੋਂ 'ਨੂਰਾਂ' ਦਾ ਨਿਭਾਇਆ ਕਿਰਦਾਰ ਉਸ ਦੀ ਅਦਾਕਾਰੀ ਦਾ ਸਿਖਰ ਮੰਨਿਆ ਜਾਂਦਾ ਹੈ।

ਗਾਇਕੀ ਦੀ ਕਲਾ ਵੀ ਉਸਨੂੰ ਜਨਮ ਤੋਂ ਹੀ ਮਿਲੀ। ਇਸ ਲਈ ਉਸਦੇ ਗਾਏ ਕੁਝ ਗੀਤ ਵੀ ਬਹੁਤ ਮਕਬੂਲ ਹੋਏ। ਉਸਦੇ ਗਾਏ ਦੇਸ਼ ਭਗਤੀ ਦੇ ਗੀਤ 'ਸੋਹਣੀ ਧਰਤੀ ਅੱਲਾ ਰੱਖੇ ਕਦਮ ਕਦਮ ਅਬਾਦ ਤੁਝੇ' ਅਤੇ 'ਜੁੱਗ ਜੁੱਗ ਜੀਏ ਮੇਰਾ ਪਿਆਰਾ ਵਤਨ, ਲਬ ਪੇ ਦੁਆ ਹੈ ਦਿਲ ਮੇਂ ਲਗਨ' ਪਾਕਿਸਤਾਨੀ ਸਰੋਤਿਆਂ ਦੇ ਦਿਲਾਂ ਵਿਚ ਵਸੇ ਹੋਏ ਹਨ। 'ਵੀਣੀਆਂ ਦੋਵੇਂ ਕੀ ਫੜੀਆਂ ਦੋ ਗੰਗਣ ਪੈ ਗਏ ਪਿਆਰ ਦੇ' ਵੀ ਸਰੋਤਿਆਂ ਨੇ ਬਹੁਤ ਸਲਾਹਿਆ। ਸਬੀਹਾ ਤੇ ਸੰਤੋਸ਼ ਕੁਮਾਰ 'ਤੇ ਫਿਲਮਾਇਆ ਗੀਤ 'ਦਿਲਾ ਠਹਿਰ ਜਾ ਯਾਰ ਦਾ ਨਜ਼ਾਰਾ ਲੈਣ ਦੇ' ਅਤੇ 'ਵਾਸਤਾ ਈ ਰੱਬ ਦਾ ਤੂੰ ਜਾਈਂ ਵੇ ਕਬੂਤਰਾ, ਚਿੱਠੀ ਮੇਰੇ ਢੋਲ ਨੂੰ ਪੁਚਾਈ ਵੇ ਕਬੂਤਰਾ' ਮਹਿਫਲਾਂ ਦਾ ਸ਼ਿੰਗਾਰ ਮੰਨਿਆ ਜਾਂਦਾ ਰਿਹਾ ਹੈ।

ਨਿਗਾਰ ਪਬਲੀਕੇਸ਼ਨਜ਼ ਵਲੋਂ ਹਰ ਸਾਲ ਦਿੱਤਾ ਜਾਣ ਵਾਲਾ ਨਿਗਾਰ ਐਵਾਰਡ ਉਸ ਨੂੰ 1958 ਵਿਚ ਪਹਿਲੀ ਵਾਰ ਸਰਵੋਤਮ ਅਦਾਕਾਰਾ ਵਜੋਂ ਦਿੱਤਾ ਗਿਆ। ਇਸ ਸਮੇਤ ਇਹ ਐਵਾਰਡ ਉਸ ਨੇ ਸੱਤ ਵਾਰ ਹਾਸਲ ਕੀਤਾ। ਪਾਕਿਸਤਾਨ ਸਰਕਾਰ ਵਲੋਂ 1987 ਵਿਚ ਉਸ ਨੂੰ 'ਪਰਾਈਡ ਆਫ ਪਰਫਾਰਮੈਂਸ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਇਹ ਐਵਾਰਡ ਹਾਸਲ ਕਰਨ ਵਾਲੀ ਉਹ ਪਹਿਲੀ ਮਹਿਲਾ ਅਦਾਕਾਰਾ ਹੈ।

ਇਹ ਵੀ ਸੱਚਾਈ ਹੈ ਕਿ ਕੋਈ ਕਲਾਕਾਰ ਅਦਾਕਾਰ ਭਾਵੇਂ ਆਪਣੀ ਕਲਾ ਵਿਚ ਖੜੋਤ ਨਹੀਂ ਆਉਣ ਦੇਣਾ ਚਾਹੁੰਦਾ, ਪਰ ਢਲਦੀ ਉਮਰ ਉਸ ਨੂੰ ਕਲਾ ਤੋਂ ਪਾਸਾ ਵੱਟਣ ਲਈ ਮਜਬੂਰ ਕਰ ਦਿੰਦੀ ਹੈ। ਅਜਿਹਾ ਹੀ ਸਬੀਹਾ ਖਾਨੁਮ ਨਾਲ ਹੋਇਆ। ਆਪਣੀ ਅੱਧੀ ਤੋਂ ਵੱਧ ਜ਼ਿੰਦਗੀ ਕਲਾ ਨੂੰ ਦੇਣ ਉਪਰੰਤ ਉਹ ਅਦਾਕਾਰੀ ਨੂੰ ਅਲਵਿਦਾ ਕਹਿ ਕੇ 18 ਮਈ 2013 ਨੂੰ ਆਪਣੀ ਪੁੱਤਰੀ ਕੋਲ ਅਮਰੀਕਾ ਚਲੀ ਗਈ। ਅੱਜ ਕੱਲ੍ਹ ਉਹ ਭਾਵੇਂ ਆਪਣੇ ਬੱਚਿਆਂ ਕੋਲ ਸੇਵਾ-ਮੁਕਤੀ ਵਾਲਾ ਜੀਵਨ ਬਿਤਾ ਰਹੀ ਹੈ, ਪਰ ਉਹ ਆਪਣੀ ਕਲਾ ਤੇ ਅਦਾਕਾਰੀ ਅਤੇ ਦਰਸ਼ਕਾਂ ਤੇ ਸਰੋਤਿਆਂ ਤੋਂ ਮਿਲੇ ਪਿਆਰ ਸਤਿਕਾਰ 'ਤੇ ਮਾਣ ਕਰਦੀ ਹੈ।



*ਸਬੀਹਾ ਖਾਨੁਮ ਆਪਣੀ ਦੋਹਤੀ ਸਰੀਸ਼ ਖਾਨ ਨਾਲ।*

# ਆਖ ਤਸਵੀਰਾਂ ਬੋਲਦੀਆਂ

***ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 10 ਨਵੰਬਰ 2018 ਹੈ। -ਸੰਪਾਦਕ***

## ਕੈਪਸ਼ਨ ਮੁਕਾਬਲਾ-350



***ਨਿੱਕੇ ਨਿੱਕੇ ਹੱਥਾਂ ਨਾਲ ਨਿੱਕੀ ਬੀਬੋ ਅੱਜ ਰੋਟੀਆਂ ਬਣਾਈ ਜਾਵੇ।***
***ਚੱਕਲੇ 'ਤੇ ਪੇੜਾ ਰੱਖ ਵੇਲਣੇ ਨਾਲ ਵੇਲ ਕੇ, ਤਵੇ ਉਤੇ ਪਾਈ ਜਾਵੇ।***

## ਕੈਪਸ਼ਨ ਮੁਕਾਬਲਾ-348



ਜੁੱਲੀ-ਤੱਪੜ ਸਾਂਭ ਕੇ ਸਾਰਾ
ਘਰ ਵਾਲੀ ਨੂੰ ਪੰਡ ਚੁਕਾਈ।
ਰੱਖ ਮੋਢੇ ਵਹਿੰਗੀ, ਫੜ੍ਹ ਉਂਗਲੀ
ਬੱਚਿਆਂ ਨੂੰ ਜਾਵੇ ਭਜਾਈ।
ਕੁੱਲੀ, ਗੁੱਲੀ ਹੈ ਜ਼ਰੂਰੀ
ਮਨ ਵਿਚ ਇਹ ਜਾਵੇ ਪਕਾਈ।
*-ਦਵਿੰਦਰ ਕੌਰ*

---

ਮੋਢੇ ਵਹਿੰਗੀ, ਪੁੱਤ ਉਂਗਲ ਲਾਏ
ਪਿੱਛੇ ਤੁਰੀ ਅਰਧਾਂਗਨੀ ਆਏ।
ਆਪਣਾ ਆਪਣਾ ਚੁੱਕ ਸਮਾਨ
ਕਿਰਤੀ ਟੱਬਰ ਰਾਹ ਮੁਕਾਏ।
ਇਹੋ ਕਿਰਤੀ ਦਾ ਜਿਉਣਾ ਮਿੱਤਰੋ
ਮੰਜ਼ਿਲ ਪਹੁੰਚ ਕੇ ਅੱਡਾ ਲਾਉਣਾ,
ਛੋਟਾ ਜਿਹਾ ਸੰਸਾਰ ਇੱਕ ਇਹ ਵੀ
ਮਿਹਨਤ ਕਰ ਕੇ ਡੰਗ ਟਪਾਏ।
*-ਪੋਰਿੰਦਰ ਸਿੰਗਲਾ*
*ਢਪਾਲੀ, ਬਠਿੰਡਾ।*

---

ਵਾਸੀ ਅਸੀਂ 'ਮਹਾਨ ਦੇਸ਼' ਦੇ
ਘਰ ਘਾਟ ਨਾ ਕੋਈ ਟਿਕਾਣਾ।
ਰੁਲਦੇ-ਖੁਲਦੇ ਡੰਗ ਟਪਾਉਂਦੇ
ਪਤਾ ਨਹੀਂ ਕੱਲ੍ਹ ਕਿੱਧਰ ਜਾਣਾ।
ਵੋਟਾਂ ਲੁੱਟ ਜੋ ਮਹਿਲੀਂ ਬਹਿ ਗਏ
ਹੁਣ ਨਾ ਉਨ੍ਹਾਂ ਮੂੰਹ ਦਿਖਾਣਾ।
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਦੂਰ-ਦੁਰਾਡੇ ਜੰਗਲ ਵਾਸੀ
ਜਿੱਥੇ ਨਹੀਂ ਹੈ ਮੋਟਰ ਕਾਰ।
ਤੁਰ ਕੇ ਪੈਂਦਾ ਸਫਰ ਮੁਕਾਉਣਾ
ਬੱਸ ਜੀਣਾ ਹੈ ਦੁਰਕਾਰ।
ਬੇਵੱਸ ਤੇ ਲਾਚਾਰ ਨੇ ਲੋਕੀਂ
ਇੰਜ ਡੰਗ ਟਪਾਈ ਜਾਂਦੇ।
ਨਾ ਬਾਂਹ ਫੜ੍ਹਨ ਸਰਕਾਰਾਂ
ਲਾਰੇ ਲਾ ਕੇ ਪਤਿਆਉਂਦੇ।
*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

---

ਬੜੀ ਭੈੜੀ ਏ ਗਰੀਬੀ ਯਾਰੋ
ਬੜਾ ਕੁਝ ਸਿਖਾ ਦਿੰਦੀ।
ਸੌ-ਸੌ ਪਾਪੜ ਵੇਲ ਕੇ
ਵੈਰੀ ਭੁੱਖੇ ਪੇਟ ਨੂੰ ਭਰਾ ਦਿੰਦੀ।
ਹਾਸੇ-ਠੱਠੇ ਭੁੱਲ ਜਾਂਦੇ ਨੇ
ਭੁੱਲ ਜਾਂਦੀਆਂ ਨੇ ਸ਼ਰਾਰਤਾਂ,
ਰੋਂਦੀਆਂ ਹੋਈਆਂ ਅੱਖਾਂ ਨੂੰ
ਆਪੇ ਚੁੱਪ ਕਰਾ ਦਿੰਦੀ।
ਰੁੱਲ ਜਾਂਦਾ ਹੈ ਬਚਪਨ ਵੀ
ਵੇਖ ਘਰ ਦੀ ਗਰੀਬੀ ਨੂੰ,
ਛੋਟੇ-ਛੋਟੇ ਹੱਥਾਂ ਨੂੰ ਵੀ
ਜ਼ਿੰਮੇਵਾਰ ਇਹ ਬਣਾ ਦਿੰਦੀ।
*-ਮਨਦੀਪ ਗਿੱਲ ਧੜਾਕ*
*ਫੋਨ: 91-99881-11134*

---

ਢਿੱਡ ਖਾਤਰ ਕਰਨਾ ਪੈਂਦਾ ਹੀਲਾ।
ਰੱਬ ਆਪੇ ਬਣਾ ਦਿੰਦਾ ਵਸੀਲਾ।
ਨਾਲ ਤੁਰ ਪਏ ਦੋਵੇਂ ਬੱਚੇ
ਮਾਂ-ਬਾਪ ਦਾ ਬਣ ਸਹਾਰਾ।
ਗਰੀਬੀ ਦੇ ਝੰਬਿਆਂ ਨੂੰ ਸਾਨੂੰ
ਕਰਨਾ ਹੀ ਪੈਂਦਾ ਕੋਈ ਚਾਰਾ।
ਜਿੱਤ ਕੇ ਚੋਣਾਂ ਨੇਤਾ ਸਾਡੇ
ਬਣਾ ਲੈਂਦੇ ਨੇ ਸਰਕਾਰ।
ਪੰਜ ਸਾਲ ਫਿਰ ਨਹੀਂ ਲੈਂਦੇ
ਇਹ ਗਰੀਬਾਂ ਦੀ ਸਾਰ।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

## ਕਾਵਿ-ਵਿਅੰਗ

### ਅੱਜ ਦੀ ਗੱਲ

ਟਿੱਚ ਜਾਣਦੀ ਹੈ ਵੱਡੇ ਵੱਡੇਰਿਆਂ ਨੂੰ, ਪੂਰੀ ਮੱਛਰੀ ਜਦੋਂ ਮੰਡੀਰ ਹੋਵੇ।
ਹੁੰਦੀ ਪਰਖ ਹੈ ਉਦੋਂ ਨਿਸ਼ਾਨਚੀ ਦੀ, ਲੱਗਾ ਜਦੋਂ ਨਿਸ਼ਾਨੇ 'ਤੇ ਤੀਰ ਹੋਵੇ।
ਬਿਨਾ ਭੁੱਖ ਤੋਂ ਬਹੁਤੀ ਨਾ ਖਾ ਹੁੰਦੀ, ਚਾਹੇ ਬਣੀ ਬਦਾਮਾਂ ਦੀ ਖੀਰ ਹੋਵੇ।
ਕੁੱਤਾ ਵੱਢਦਾ ਊਠ 'ਤੇ ਬੈਠਿਆਂ ਨੂੰ, ਮਾੜੀ 'ਬੱਗਿਆ' ਜਦੋਂ ਤਕਦੀਰ ਹੋਵੇ।
***-ਰਮੇਸ਼ ਬੱਗਾ ਚੋਹਲਾ, ਫੋਨ: 91-94631-32719***

# ਭਾਰਤ ਵਿਚ ਭੁੱਖਮਰੀ ਉਪਰ ਕਿਵੇਂ ਕਾਬੂ ਪਾਇਆ ਜਾਵੇ?

11 ਅਕਤੂਬਰ 2018 ਨੂੰ ਕਨਸਰਨ ਵਰਲਡਵਾਈਡ ਅਤੇ ਵੈਲਟ-ਹੰਗਰ ਹਿਲਫੇ ਸੰਸਥਾਵਾਂ ਨੇ ਸਾਂਝੇ ਤੌਰ 'ਤੇ ਦੁਨੀਆਂ ਵਿਚ ਭੁੱਖਮਰੀ ਦੀ ਦਰਜਾਬੰਦੀ ਜਾਰੀ ਕਰ ਦਿੱਤੀ ਹੈ। ਦੁਨੀਆਂ ਵਿਚ ਭੁੱਖਮਰੀ ਦੀ ਦਰਜਾਬੰਦੀ ਵਿਚ 119 ਮੁਲਕਾਂ ਨੂੰ ਸ਼ਾਮਿਲ ਕੀਤਾ ਗਿਆ ਹੈ, ਜਿਸ ਵਿਚ ਭਾਰਤ ਦਾ 103ਵਾਂ ਸਥਾਨ ਹੈ ਭਾਵ 102 ਮੁਲਕਾਂ ਵਿਚ ਭਾਰਤ ਤੋਂ ਘੱਟ ਅਤੇ ਸਿਰਫ 16 ਮੁਲਕਾਂ ਵਿਚ ਵੱਧ ਭੁੱਖਮਰੀ ਹੈ। ਬ੍ਰਿਕਸ ਮੁਲਕਾਂ ਵਿਚੋਂ ਭਾਰਤ ਫਾਡੀ ਹੈ ਕਿਉਂਕਿ ਭੁੱਖਮਰੀ ਦੇ ਸਬੰਧ ਵਿਚ ਰੂਸ ਦਾ 21ਵਾਂ, ਚੀਨ ਦਾ 25ਵਾਂ, ਬ੍ਰਾਜ਼ੀਲ ਦਾ 31ਵਾਂ ਅਤੇ ਦੱਖਣੀ ਅਫਰੀਕਾ ਦਾ 60ਵਾਂ ਸਥਾਨ ਹੈ। ਹੋਰ ਤਾਂ ਹੋਰ ਸਾਡੇ ਗੁਆਂਢੀ ਮੁਲਕਾਂ ਸ੍ਰੀਲੰਕਾ, ਮਿਆਂਮਾਰ ਅਤੇ ਨੇਪਾਲ ਦੀ ਦਰਜਾਬੰਦੀ ਭਾਰਤ ਨਾਲੋਂ ਘੱਟ ਮਾੜੀ ਹੈ, ਜਿਨ੍ਹਾਂ ਦਾ ਕ੍ਰਮਵਾਰ

**ਡਾ. ਗਿਆਨ ਸਿੰਘ**
**ਫੋਨ: 424-362-8759**

ਸਥਾਨ 67ਵਾਂ, 68ਵਾਂ ਅਤੇ 72ਵਾਂ ਰਿਹਾ ਹੈ।

ਭੁੱਖਮਰੀ ਦੀ ਬਹੁ-ਦਿਸ਼ਾਵੀ ਪ੍ਰਕ੍ਰਿਤੀ ਨੂੰ ਸਮਝਣ ਲਈ ਇਹ ਦਰਜਾਬੰਦੀ 4 ਪੱਖਾਂ 'ਤੇ ਆਧਾਰਤ ਹੈ। ਪਹਿਲਾ ਪੱਖ ਉਨ੍ਹਾਂ ਲੋਕਾਂ ਨਾਲ ਸਬੰਧਤ ਹੈ, ਜਿਨ੍ਹਾਂ ਨੂੰ ਆਪਣੀ ਖੁਰਾਕ ਵਿਚੋਂ ਲੋੜ ਤੋਂ ਘੱਟ ਕੈਲਰੀਆਂ ਮਿਲਦੀਆਂ ਹਨ। ਦੂਜੇ ਪੱਖ ਦਾ ਸਬੰਧ ਪੰਜ ਸਾਲ ਤੋਂ ਘੱਟ ਉਮਰ ਦੇ ਉਨ੍ਹਾਂ ਬੱਚਿਆਂ ਦਾ ਹੈ, ਜਿਨ੍ਹਾਂ ਦੀ ਲੰਬਾਈ ਅਨੁਸਾਰ ਵਜਨ ਘੱਟ ਹੋਵੇ। ਤੀਜਾ ਪੱਖ ਪੰਜ ਸਾਲ ਤੋਂ ਘੱਟ ਉਮਰ ਦੇ ਉਨ੍ਹਾਂ ਬੱਚਿਆਂ ਸਬੰਧੀ ਹੈ, ਜਿਨ੍ਹਾਂ ਦੀ ਉਮਰ ਅਨੁਸਾਰ ਘੱਟ ਲੰਬਾਈ ਹੋਵੇ। ਚੌਥਾ ਪੱਖ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਰ ਨਾਲ ਸਬੰਧਤ ਹੈ।

ਭਾਰਤ ਦੇ ਹੁਕਮਰਾਨ ਕਦੇ 2030 ਅਤੇ ਕਦੇ 2050 ਤੱਕ ਮੁਲਕ ਨੂੰ ਕੌਮਾਂਤਰੀ ਆਰਥਕ ਮਹਾਂਸ਼ਕਤੀ ਵਜੋਂ ਦੇਖਦੇ ਤੇ ਪ੍ਰਚਾਰਦੇ ਹਨ। ਉਹ ਮੁਲਕ ਦੀ ਉਚੀ ਆਰਥਕ ਵਿਕਾਸ ਦਰ ਬਾਰੇ ਖਬਤੀ ਹੋ ਗਏ ਜਾਪਦੇ ਹਨ। ਜਦੋਂ ਮੁਲਕ ਦੀ ਆਰਥਕ ਵਿਕਾਸ ਦਰ ਵਧ ਰਹੀ ਹੁੰਦੀ ਹੈ ਤਾਂ ਉਹ ਆਪਣੀ ਪਿੱਠ ਆਪੇ ਥਾਪੜਨ ਵਿਚ ਕੋਈ ਕਸਰ ਬਾਕੀ ਨਹੀਂ ਛੱਡਦੇ। ਮੁਲਕ ਦੀ ਆਰਥਕ ਵਿਕਾਸ ਦਰ ਤੇਜ਼ੀ ਨਾਲ ਵਧਾਉਣ ਲਈ, ਖਾਸ ਕਰਕੇ ਜਦੋਂ ਇਸ ਦਰ ਵਿਚ ਖੜ੍ਹੋਤ ਆ ਜਾਵੇ ਜਾਂ ਇਹ ਥੱਲੇ ਨੂੰ ਆਉਣਾ ਸ਼ੁਰੂ ਕਰ ਦੇਵੇ ਤਾਂ ਮੁਲਕ ਦੇ ਹੁਕਮਰਾਨ ਆਰਥਕ ਸੁਧਾਰਾਂ ਦੇ ਨਾਂ ਥੱਲੇ ਲੋਕ-ਵਿਰੋਧੀ ਫੈਸਲੇ ਲੈਣ ਅਤੇ ਉਨ੍ਹਾਂ ਨੂੰ ਅਮਲ ਵਿਚ ਲਿਆਉਣ ਲਈ ਭੋਰਾ ਵੀ ਸਮਾਂ ਨਹੀਂ ਲਾਉਂਦੇ।

ਸਰਕਾਰ ਅਤੇ ਇਸ ਦੇ ਵੱਖ ਵੱਖ ਅਦਾਰੇ ਅਰਥ ਸ਼ਾਸਤਰੀਆਂ ਨਾਲ ਭਰੇ ਪਏ ਹਨ ਪਰ ਸਰਕਾਰੀ ਅਦਾਰਿਆਂ ਤੋਂ ਬਾਹਰ ਦੇ ਕਈ ਅਰਥ ਸ਼ਾਸਤਰੀ ਆਪਣੇ ਕੋਲੋਂ ਅੰਕੜੇ ਬਣਾ ਕੇ ਨਤੀਜਾ ਮੁਖੀ ਅਧਿਐਨਾਂ ਦਾ ਸਹਾਰਾ ਲੈਂਦਿਆਂ ਲੋਕਾਂ ਦੇ ਮਨਾਂ ਵਿਚ ਕਈ ਤਰ੍ਹਾਂ ਦੇ ਭੰਬਲਭੂਸੇ ਪਾਉਣ ਲਈ ਆਪਣੀ ਪੂਰੀ ਵਾਹ ਲਾ ਦਿੰਦੇ ਹਨ ਤਾਂ ਕਿ ਲੋਕਾਂ ਨੂੰ ਇਹ ਪਤਾ ਨਾ ਲੱਗੇ ਕਿ ਸਰਕਾਰ ਆਰਥਕ ਸੁਧਾਰਾਂ ਦੇ ਨਾਂ ਥੱਲੇ ਲੋਕ-ਵਿਰੋਧੀ ਕੰਮ ਕਰ ਰਹੀ ਹੈ।

ਸਰਕਾਰ ਅਤੇ ਕਾਰਪੋਰੇਟ ਜਗਤ ਤੋਂ ਨਿੱਕੀਆਂ ਨਿੱਕੀਆਂ ਵਿਅਰਥ ਰਿਆਇਤਾਂ ਜਿਵੇਂ ਕਮਿਸ਼ਨ, ਕਮੇਟੀਆਂ ਅਤੇ ਹੋਰ ਉਚ ਪੱਧਰੀ ਅਦਾਰਿਆਂ ਵਿਚ ਮੈਂਬਰ ਬਣਨ ਜਾਂ ਕੁਰਸੀਆਂ 'ਤੇ ਬਿਰਾਜਮਾਨ ਹੋਣ ਦੀ ਝਾਕ ਵਿਚ ਇਹ ਅਰਥ ਸ਼ਾਸਤਰੀ ਅੰਕੜੇ ਬਣਾਉਣ ਜਾਂ ਨਤੀਜਾ-ਮੁਖੀ ਅਧਿਐਨ ਕਰਨ ਨੂੰ ਆਪਣੀ ਪ੍ਰਾਪਤੀ ਵਜੋਂ ਖੂਬ ਪ੍ਰਚਾਰਦੇ ਹਨ। ਅਸਲ ਵਿਚ ਚੁਣੌਤੀ ਠੀਕ ਤਰ੍ਹਾਂ ਇਕੱਠੇ ਕੀਤੇ ਗਏ ਅੰਕੜਿਆਂ ਦੇ ਵਿਸ਼ਲੇਸ਼ਣ ਰਾਹੀਂ ਸਮਾਜ ਦੀਆਂ ਮੁਸ਼ਕਿਲਾਂ ਦੇ ਹੱਲ ਲੱਭਣ ਦੀ ਹੁੰਦੀ ਹੈ। ਅੰਕੜਿਆਂ ਬਾਰੇ ਠੀਕ ਆਧਾਰ ਅਤੇ ਢੁਕਵੇਂ ਵਿਸ਼ਲੇਸ਼ਣ ਤੋਂ ਸੱਖਣੀ ਬਿਆਨਬਾਜ਼ੀ ਤੇ ਥੋਥੀਆਂ ਦਲੀਲਾਂ ਕਿਸੇ ਵੀ ਅਰਥਚਾਰੇ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਦੀ ਥਾਂ ਹੋਰ ਉਲਝਾ ਦਿੰਦੀਆਂ ਹਨ। ਜਿੱਥੇ ਸਹੀ ਆਧਾਰ ਬਣਾ ਕੇ ਬਹੁਤ ਹੀ ਸੰਜੀਦਗੀ ਨਾਲ ਇਕੱਠੇ ਕੀਤੇ ਅੰਕੜਿਆਂ ਦਾ ਵਿਸ਼ਲੇਸ਼ਣ ਮੁਲਕ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਸਹਾਈ ਹੁੰਦਾ ਹੈ, ਉਥੇ ਦੂਜੇ ਪਾਸੇ ਬਣਾਈ ਗਈ ਗਲਤ ਅਤੇ ਅਧੂਰੀ ਜਾਣਕਾਰੀ ਤੋਂ ਤਿਆਰ ਕੀਤੇ ਨਤੀਜਾ-ਮੁਖੀ ਅਧਿਐਨ ਉਲਟਾ ਮਾਰੂ ਅਸਰ ਠੀਕ ਉਸੇ ਤਰ੍ਹਾਂ ਕਰਦੇ ਹਨ ਜਿਵੇਂ ਅਪਰੇਸ਼ਨ ਟੇਬਲ 'ਤੇ ਮਰੀਜ਼ ਸਬੰਧੀ ਸਰਜਨ ਕੋਲ ਪਈਆਂ ਗਲਤ ਟੈਸਟ ਰਿਪੋਰਟਾਂ।

ਲਾਲਾ ਹਰਦਿਆਲ ਅਨੁਸਾਰ ਅਰਥ-ਵਿਗਿਆਨ ਸਦਾਚਾਰ ਅਤੇ ਮਨੋਵਿਗਿਆਨ ਤੋਂ ਤਲਾਕਿਆ ਹੋਇਆ ਨਹੀਂ ਹੋਣਾ ਚਾਹੀਦਾ, ਨਹੀਂ ਤਾਂ ਇਹ ਅੰਕੜਿਆਂ ਦਾ ਗੁੰਝਲਦਾਰ ਜੰਗਲ ਬਣ ਜਾਵੇਗਾ। ਇਸ ਤੋਂ ਬਿਨਾ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਜਿਨ੍ਹਾਂ ਕਦਰਾਂ-ਕੀਮਤਾਂ 'ਤੇ ਕਿਸੇ ਮੁਲਕ ਦੀ ਨੀਂਹ ਟਿਕੀ ਹੁੰਦੀ ਹੈ, ਉਨ੍ਹਾਂ ਤੋਂ ਮਿੱਟੀ-ਘੱਟਾ ਝਾੜਨਾ ਸਮੇਂ ਦੀ ਲੋੜ ਬਣ ਜਾਂਦੀ ਹੈ। ਸਾਨੂੰ ਠੀਕ ਆਧਾਰ ਬਣਾ ਕੇ ਅਤੇ ਸੰਜੀਦਗੀ ਨਾਲ ਅੰਕੜੇ ਇਕੱਠੇ ਕਰ ਕੇ ਉਨ੍ਹਾਂ ਦਾ ਵਿਸ਼ਲੇਸ਼ਣ ਮੁਲਕ ਦੇ ਆਰਥਕ ਵਿਕਾਸ ਵਿਚੋਂ ਉਪਜੀਆਂ ਸਮੱਸਿਆਵਾਂ ਦੇ ਹੱਲ ਲਈ ਕਰਨਾ ਬਣਦਾ ਹੈ।

ਮੁਲਕ ਵਿਚ ਚਿੰਤਾਜਨਕ ਭੁੱਖਮਰੀ ਦੇ ਅਨੇਕਾਂ ਕਾਰਨਾਂ ਵਿਚੋਂ ਮੁਲਕ ਦੇ ਆਰਥਕ ਵਿਕਾਸ ਲਈ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੇ ਅਪਨਾਏ ਗਏ ਮਾਡਲ ਵਿਚੋਂ ਉਪਜੀਆਂ ਆਰਥਕ ਨਾਬਰਾਬਰੀ, ਬੇਰੁਜ਼ਗਾਰੀ ਅਤੇ ਘੋਰ ਗਰੀਬੀ ਪ੍ਰਮੁੱਖ ਹਨ। ਭਾਵੇਂ ਮੁਲਕ ਵਿਚ ਮੁੱਢ-ਕਦੀਮ ਤੋਂ ਹੀ ਆਰਥਕ ਨਾਬਰਾਬਰੀ ਰਹੀ ਹੈ। ਮੁਲਕ ਦੇ ਆਜ਼ਾਦ ਹੋਣ ਤੋਂ ਬਾਅਦ 1951 ਵਿਚ ਯੋਜਨਾਬੰਦੀ ਸ਼ੁਰੂ ਹੋਈ। ਮੁਲਕ ਦੀਆਂ ਪੰਜ ਸਾਲਾ ਯੋਜਨਾਵਾਂ ਵਿਚ ਜਨਤਕ ਖੇਤਰ ਦੇ ਵਿਸਥਾਰ ਅਤੇ ਵਿਕਾਸ ਨੂੰ ਮੁੱਖ ਤਰਜੀਹ ਦਿੱਤੀ ਜਾਂਦੀ ਰਹੀ, ਜਿਸ ਦੇ ਨਤੀਜੇ ਵਜੋਂ ਮਿਸ਼ਰਤ ਅਰਥਚਾਰਾ ਹੋਂਦ ਵਿਚ ਆਇਆ। ਭਾਵੇਂ ਜਨਤਕ ਖੇਤਰ ਦੇ ਵਿਸਥਾਰ ਅਤੇ ਵਿਕਾਸ ਦੀ ਪ੍ਰਕ੍ਰਿਆ ਦੌਰਾਨ ਕੁਝ ਊਣਤਾਈਆਂ ਵੀ ਸਾਹਮਣੇ ਆਈਆਂ, ਪਰ ਇਸ ਦੇ ਸਾਰਥਿਕ ਨਤੀਜੇ ਬਹੁਤ ਜ਼ਿਆਦਾ ਸਨ, ਜਿਨ੍ਹਾਂ ਨੂੰ ਵੱਖ ਵੱਖ ਖੋਜ ਅਧਿਐਨਾਂ ਵਿਚ ਵੀ ਸਰਾਹਿਆ ਗਿਆ। ਵੱਖ ਵੱਖ ਖੋਜ ਅਧਿਐਨਾਂ ਤੋਂ ਇਹ ਤੱਥ ਸਾਹਮਣੇ ਆਏ ਹਨ ਕਿ 1951-80 ਦੌਰਾਨ ਮੁਲਕ ਵਿਚ ਆਰਥਕ ਨਾਬਰਾਬਰੀ ਘਟੀ ਹੈ।

ਔਕਸਫੈਮ ਸੰਸਥਾ ਦੇ ਇੱਕ ਤਾਜ਼ਾ ਅਧਿਐਨ ਅਨੁਸਾਰ ਭਾਰਤ ਵਿਚ ਆਰਥਕ ਨਾਬਰਾਬਰੀ ਤੇਜ਼ੀ ਨਾਲ ਵਧ ਰਹੀ ਹੈ। ਅਤਿ ਦੇ ਅਮੀਰ 1 ਫੀਸਦੀ ਅਤੇ ਬਾਕੀ ਦੇ 99 ਫੀਸਦੀ ਲੋਕਾਂ ਵਿਚਕਾਰ ਆਰਥਕ ਪਾੜਾ ਤੇਜ਼ੀ ਨਾਲ ਵਧ ਰਿਹਾ ਹੈ। ਮੁਲਕ ਵਿਚ ਪਿਛਲੇ ਇੱਕ ਸਾਲ ਦੌਰਾਨ ਪੈਦਾ ਕੀਤੀ ਗਈ ਦੌਲਤ ਵਿਚੋਂ 73 ਫੀਸਦੀ ਮੁਲਕ ਦੇ 1 ਫੀਸਦੀ ਅਤਿ ਅਮੀਰ ਲੋਕਾਂ ਪਾਸ ਗਈ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਮੁਲਕ ਵਿਚ 'ਨਵੀਆਂ ਆਰਥਕ ਨੀਤੀਆਂ' ਅਪਨਾਉਣ ਨਾਲ ਆਰਥਕ ਵਿਕਾਸ ਦਰ ਵਿਚ ਕੁਝ ਸਮੇਂ ਲਈ ਤੇਜ਼ੀ ਆਈ, ਪਰ ਜਿੱਥੋਂ ਤੱਕ ਆਰਥਕ ਵਿਕਾਸ ਦੇ ਫਾਇਦਿਆਂ ਦੀ ਵੰਡ ਦਾ ਸੁਆਲ ਹੈ ਉਸ ਦੇ ਸਾਰਥਿਕ ਨਤੀਜੇ ਨਹੀਂ ਨਿਕਲੇ। ਇੱਥੇ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਸਰਮਾਏਦਾਰ-



ਕਾਰਪੋਰੇਟ ਜਗਤ ਨੇ ਉਚੀ ਆਰਥਕ ਵਿਕਾਸ ਦਰ ਅਤੇ ਇਸ ਦੇ ਫਾਇਦਿਆਂ ਨੂੰ ਆਪਣੇ ਤੱਕ ਸੀਮਤ ਕਰਨ ਲਈ ਕਾਨੂੰਨੀ ਤੇ ਗੈਰ-ਕਾਨੂੰਨੀ ਢੰਗਾਂ ਨਾਲ ਵਰਤਿਆ ਅਤੇ ਸਮਾਜ ਦੇ ਕਿਰਤੀ ਵਰਗਾਂ ਦੀ ਅਣਦੇਖੀ ਕੀਤੀ। ਇਸ ਦੇ ਨਾਲ ਨਾਲ ਆਉਣ ਵਾਲੀਆਂ ਪੀੜ੍ਹੀਆਂ ਦੀਆਂ ਲੋੜਾਂ ਦਾ ਵੀ ਬਣਦਾ ਖਿਆਲ ਨਹੀਂ ਰੱਖਿਆ ਗਿਆ। ਇਹ 'ਨਵੀਆਂ ਆਰਥਕ ਨੀਤੀਆਂ' ਅਪਨਾਉਣ ਨਾਲ ਮੁਲਕ ਦੋ ਮੁਲਕਾਂ 'ਇੰਡੀਆ' ਅਤੇ 'ਭਾਰਤ' ਵਿਚ ਵੰਡਿਆ ਗਿਆ। ਇੰਡੀਆ ਉਨ੍ਹਾਂ ਅਤਿ ਦੇ ਅਮੀਰ ਲੋਕਾਂ ਦਾ ਹੈ, ਜਿਨ੍ਹਾਂ ਕੋਲ ਜ਼ਿੰਦਗੀ ਦੇ ਸਾਰੇ ਸੁੱਖ ਸਾਧਨ ਹਨ ਅਤੇ ਭਾਰਤ ਉਨ੍ਹਾਂ ਵੱਡੀ ਗਿਣਤੀ ਲੋਕਾਂ ਦਾ ਹੈ, ਜੋ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਕਰਨੋਂ ਵੀ ਅਸਮਰਥ ਹਨ।

ਭਾਰਤ ਦੇ ਆਰਥਕ ਵਿਕਾਸ ਸਬੰਧੀ ਜੋ ਤੱਥ ਸਾਹਮਣੇ ਆਏ ਹਨ, ਉਹ ਕਿਸੇ ਵੀ ਸੰਵੇਦਨਸ਼ੀਲ ਵਿਅਕਤੀ ਨੂੰ ਸੋਚਣ ਲਈ ਮਜ਼ਬੂਰ ਕਰ ਦਿੰਦੇ ਹਨ ਕਿ ਮੁਲਕ ਵਿਚ ਕਿਹੜਾ ਆਰਥਕ ਵਿਕਾਸ ਮਾਡਲ ਅਪਨਾਇਆ ਜਾਵੇ, ਜਿਸ ਦਾ ਫਾਇਦਾ ਆਮ ਲੋਕਾਂ ਤੱਕ ਪਹੁੰਚ ਸਕੇ।

ਰਾਸ਼ਟਰੀ ਸੈਂਪਲ ਸਰਵੇ ਦਫਤਰ ਦੇ 66ਵੇਂ ਗੇੜ ਦੇ ਅੰਕੜਿਆਂ ਅਨੁਸਾਰ 2009-10 ਦੌਰਾਨ ਭਾਰਤ ਦੇ ਕੁੱਲ ਕਿਰਤੀਆਂ ਵਿਚੋਂ 84.17 ਫੀਸਦੀ ਗੈਰ-ਸੰਗਠਿਤ ਅਤੇ ਸਿਰਫ 15.83 ਫੀਸਦੀ ਸੰਗਠਿਤ ਖੇਤਰਾਂ ਵਿਚ ਹਨ। ਇਸ ਤੋਂ ਕਿਤੇ ਵੱਧ ਦੁਖਦਾਈ ਪਹਿਲੂ ਇਹ ਹੈ ਕਿ 92.83 ਫੀਸਦੀ ਕਿਰਤੀ ਗੈਰ-ਰਸਮੀ ਅਤੇ ਸਿਰਫ 7.17 ਫੀਸਦੀ ਕਿਰਤੀ ਰਸਮੀ ਰੁਜ਼ਗਾਰ ਵਿਚ ਹਨ। ਗੈਰ-ਸੰਗਠਿਤ ਕਿਰਤੀਆਂ ਵਿਚੋਂ ਸਭ ਤੋਂ ਵੱਧ ਖੇਤੀਬਾੜੀ ਖੇਤਰ ਵਿਚ ਹਨ। ਗੈਰ-ਸੰਗਠਿਤ ਕਿਰਤੀਆਂ ਲਈ ਨਾ ਤਾਂ ਕੋਈ ਬੱਝਵੀਂ ਆਮਦਨ, ਇਸ ਵਿਚ ਸਲਾਨਾ ਵਾਧਾ ਅਤੇ ਇਸ ਉਪਰ ਮਹਿੰਗਾਈ ਭੱਤਾ ਹੁੰਦਾ ਹੈ ਅਤੇ ਨਾ ਹੀ ਕੋਈ ਸਿਹਤ-ਸੰਭਾਲ, ਪੈਨਸ਼ਨ ਅਤੇ ਰੁਜ਼ਗਾਰ ਵਿਚੋਂ ਨਾ ਕੱਢੇ ਜਾਣ ਦੀ ਜਾਮਨੀ ਅਤੇ ਜ਼ਿਆਦਾਤਰ ਕੋਈ ਸਮਾਜਿਕ ਸੁਰੱਖਿਆ ਹੁੰਦੀ ਹੈ। ਸੰਗਠਿਤ ਖੇਤਰਾਂ ਵਿਚ ਵੀ ਗੈਰ-ਰਸਮੀ ਰੁਜ਼ਗਾਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਦਾ ਰੁਜ਼ਗਾਰ ਆਮ ਤੌਰ 'ਤੇ ਕਿਰਤ-ਕਾਨੂੰਨਾਂ ਦੀ ਪਾਲਣਾ ਕਰਨ ਤੋਂ ਬਚਣ ਲਈ ਠੇਕੇਦਾਰੀ ਪ੍ਰਣਾਲੀ ਅਧੀਨ ਦਿੱਤਾ ਜਾਂਦਾ ਹੈ। ਇਨ੍ਹਾਂ ਕਿਰਤੀਆਂ ਦੀ ਹਾਲਤ ਵੀ ਗੈਰ-ਸੰਗਠਿਤ ਕਿਰਤੀਆਂ ਵਰਗੀ ਹੁੰਦੀ ਹੈ।

ਮੁਲਕ ਦੀ 2011 ਦੀ ਜਨਸੰਖਿਆ ਦੇ ਅੰਕੜਿਆਂ ਅਨੁਸਾਰ ਪਿਛਲੇ ਇੱਕ ਦਹਾਕੇ ਦੌਰਾਨ ਖੇਤੀਬਾੜੀ 'ਤੇ ਆਧਾਰਤ 90 ਲੱਖ ਲੋਕ ਇਸ ਖੇਤਰ ਵਿਚੋਂ ਬਾਹਰ ਗਏ, ਜਿਨ੍ਹਾਂ ਵਿਚੋਂ ਵੱਡੀ ਗਿਣਤੀ ਉਜਾੜੇ ਗਏ ਲੋਕਾਂ ਦੀ ਹੈ। ਇਨ੍ਹਾਂ ਵਿਚੋਂ ਬਹੁਤੇ ਲੋਕ ਦੂਜੇ ਖੇਤਰਾਂ ਵਿਚ ਰੁਜ਼ਗਾਰ ਨਾ ਮਿਲਣ ਕਾਰਨ ਖੇਤ ਮਜ਼ਦੂਰ ਬਣ ਗਏ। ਇਸੇ ਅਰਸੇ ਦੌਰਾਨ ਪੰਜਾਬ ਵਿਚ 12 ਫੀਸਦੀ ਕਿਸਾਨ ਅਤੇ 21 ਫੀਸਦੀ ਖੇਤ ਮਜ਼ਦੂਰ ਖੇਤੀਬਾੜੀ ਖੇਤਰ ਤੋਂ ਬਾਹਰ ਹੋ ਗਏ, ਜਿਨ੍ਹਾਂ ਵਿਚੋਂ ਬਹੁਤੇ ਦੁਰਕਾਰੇ ਅਤੇ ਉਜਾੜੇ ਗਏ ਲੋਕ ਸਨ। ਪੰਜਾਬ ਵਿਚ ਅਜਿਹਾ ਮਸ਼ੀਨਰੀ ਅਤੇ ਨਦੀਨਨਾਸ਼ਕਾਂ ਦੀ ਵਧਦੀ ਵਰਤੋਂ ਕਾਰਨ ਕਿਰਤ ਮੰਗ ਘਟਣ ਅਤੇ ਖੇਤੀਬਾੜੀ ਖੇਤਰ ਵਿਚ ਲਗਾਤਾਰ ਘੋਰ ਗਰੀਬੀ ਅਤੇ ਕਰਜ਼ੇ ਦੀ ਪੰਡ ਦੇ ਪਹਾੜ ਬਣਨ ਕਾਰਨ ਹੋਇਆ ਹੈ। ਇਸੇ ਮਰਦਮਸ਼ੁਮਾਰੀ ਅਨੁਸਾਰ 14 ਸਾਲ ਦੀ ਉਮਰ ਦੇ ਬਾਲ ਮਜ਼ਦੂਰਾਂ ਦੀ ਗਿਣਤੀ, ਜੋ 1970 ਵਿਚ 1,07,53,965 ਸੀ, ਵਧ ਕੇ 1,26,66,377 ਹੋ ਗਈ। ਇਹ ਉਹ ਉਮਰ ਹੈ ਜਿਸ ਦੌਰਾਨ ਬੱਚਿਆਂ ਦਾ ਚੰਗਾ ਪਾਲਣ-ਪੋਸ਼ਣ ਕਰਨਾ ਅਤੇ ਉਨ੍ਹਾਂ ਨੂੰ ਪੜ੍ਹਾਉਣਾ ਬਣਦਾ ਹੈ, ਪਰ ਇਨ੍ਹਾਂ ਬੱਚਿਆਂ ਦੇ ਮਾਪਿਆਂ ਦੀ ਘੋਰ ਗਰੀਬੀ ਨੇ ਇਨ੍ਹਾਂ ਨੂੰ ਬਾਲ ਮਜ਼ਦੂਰੀ ਵਿਚ ਧੱਕ ਦਿੱਤਾ।

ਸਰਕਾਰੀ ਅੰਕੜਿਆਂ ਅਨੁਸਾਰ ਮੁਲਕ ਵਿਚ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਦੀ ਫੀਸਦੀ ਵਿਚ ਲਗਾਤਾਰ ਕਮੀ ਹੋ ਰਹੀ ਹੈ, ਜਿਨ੍ਹਾਂ ਅਨੁਸਾਰ 2004-05 ਦੌਰਾਨ ਮੁਲਕ ਵਿਚ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿੰਦੇ ਲੋਕਾਂ ਦੀ ਫੀਸਦੀ ਦਰ 37.2 ਸੀ, ਜੋ 2011-12 ਦੌਰਾਨ ਘਟ ਕੇ 21.9 ਰਹਿ ਗਈ। ਇਸ ਸਬੰਧੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀ ਅਰਥ-ਵਿਗਿਆਨ ਦੀ ਪ੍ਰੋਫੈਸਰ ਉਤਸਾ ਪਟਨਾਇਕ ਦਾ ਅਧਿਐਨ ਦਰਸਾਉਂਦਾ ਹੈ ਕਿ ਮੁਲਕ ਵਿਚ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿੰਦੇ ਲੋਕਾਂ ਦੀ ਫੀਸਦੀ ਦਰ ਘੱਟ ਦਰਸਾਉਣ ਲਈ ਗਰੀਬੀ ਰੇਖਾ ਦੇ ਕੈਲਰੀ ਆਧਾਰ ਨੂੰ ਹੀ ਘਟਾ ਦਿੱਤਾ ਗਿਆ ਹੈ।

ਪ੍ਰੋਫੈਸਰ ਪਟਨਾਇਕ ਦੇ ਅਧਿਐਨ ਅਨੁਸਾਰ ਜੇ ਪਿੰਡਾਂ ਵਿਚ 2200 ਅਤੇ ਸ਼ਹਿਰਾਂ ਵਿਚ 2100 ਕੈਲਰੀ ਪ੍ਰਤੀ ਵਿਅਕਤੀ ਪ੍ਰਤੀ ਦਿਨ ਨਾਲ ਮੁਲਕ ਵਿਚ ਗਰੀਬੀ ਦੇਖੀ ਜਾਵੇ ਤਾਂ ਸਰਕਾਰ ਦੇ ਆਪਣੇ ਇੱਕ ਅਦਾਰੇ ਨੈਸ਼ਨਲ ਸੈਂਪਲ ਸਰਵੇ ਦਫਤਰ ਦੇ ਅੰਕੜਿਆਂ ਅਨੁਸਾਰ 2004-05 ਦੌਰਾਨ ਪਿੰਡਾਂ ਵਿਚ 69.5 ਫੀਸਦੀ ਅਤੇ ਸ਼ਹਿਰਾਂ ਵਿਚ 64.5 ਫੀਸਦੀ ਬਣਦੀ ਹੈ, ਜੋ 2009-10 ਦੌਰਾਨ ਵਧ ਕੇ ਕ੍ਰਮਵਾਰ 75.5 ਫੀਸਦੀ ਅਤੇ 73 ਫੀਸਦੀ 'ਤੇ ਆ ਗਈ ਹੈ।

ਮੁਲਕ ਦਾ ਆਰਥਕ ਵਿਕਾਸ ਬਹੁਤ ਅਹਿਮ ਹੁੰਦਾ ਹੈ, ਪਰ ਇਸ ਦੇ ਫਾਇਦੇ ਆਮ ਲੋਕਾਂ ਤੱਕ ਪਹੁੰਚਾਉਣੇ ਉਸ ਤੋਂ ਕਿਤੇ ਵੱਧ ਜਰੂਰੀ ਹੁੰਦੇ ਹਨ। ਆਰਥਕ ਵਿਕਾਸ ਸਬੰਧੀ ਇਹ ਧਿਆਨ ਵੀ ਰੱਖਿਆ ਜਾਣਾ ਬਣਦਾ ਹੈ ਕਿ ਇਸ ਦੀ ਪ੍ਰਕ੍ਰਿਆ ਵਿਚ ਆਉਣ ਵਾਲੀਆਂ ਪੀੜ੍ਹੀਆਂ ਦੀਆਂ ਲੋੜਾਂ ਅਤੇ ਹਿੱਤਾਂ ਦਾ ਖਿਆਲ ਰੱਖਿਆ ਜਾਵੇ। ਆਮ ਲੋਕਾਂ ਨੂੰ ਭੁੱਖਮਰੀ ਤੋਂ ਬਾਹਰ ਲਿਆਉਣ ਦੇ ਨਾਲ ਨਾਲ ਉਨ੍ਹਾਂ ਦੀਆਂ ਹੋਰ ਮੁਢਲੀਆਂ ਲੋੜਾਂ ਨੂੰ ਸਤਿਕਾਰ ਢੰਗ ਨਾਲ ਪੂਰਾ ਕਰਨ ਲਈ ਲੋਕ-ਪੱਖੀ ਆਰਥਕ ਮਾਡਲ ਅਪਨਾਉਣ ਦੀ ਲੋੜ ਹੈ, ਜੋ ਜਨਤਕ ਖੇਤਰ ਦੇ ਵਿਸਥਾਰ ਅਤੇ ਵਿਕਾਸ ਨੂੰ ਯਕੀਨੀ ਬਣਾਉਣ ਦੇ ਨਾਲ ਨਾਲ ਨਿੱਜੀ ਖੇਤਰ ਉਪਰ ਨਿਗਰਾਨੀ ਵੀ ਕਰੇ। ਅਜਿਹਾ ਕਰਦੇ ਸਮੇਂ ਗਰੀਬੀ ਦੀ ਰੇਖਾ ਦੇ ਨਾਲ ਨਾਲ ਖੁਸ਼ਹਾਲੀ ਦੀ ਰੇਖਾ ਨੂੰ ਸਮਝਦਾਰੀ ਨਾਲ ਪਰਿਭਾਸ਼ਤ ਕਰਦਿਆਂ ਖੁਸ਼ਹਾਲ ਅਮੀਰ ਲੋਕਾਂ 'ਤੇ ਟੈਕਸਾਂ ਦੀਆਂ ਦਰਾਂ ਵਧਾਈਆਂ ਅਤੇ ਟੈਕਸ ਵਸੂਲੇ ਜਾਣੇ ਯਕੀਨੀ ਬਣਾਏ ਜਾਣ ਅਤੇ ਇਨ੍ਹਾਂ ਤੋਂ ਪ੍ਰਾਪਤ ਆਮਦਨ ਨੂੰ ਆਮ ਲੋਕਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਲਈ ਵਰਤਿਆ ਜਾਵੇ। ਖੁਸ਼ਹਾਲ-ਅਮੀਰ ਲੋਕਾਂ ਨੂੰ ਇਹ ਚੰਗੀ ਤਰ੍ਹਾਂ ਸਮਝਣਾ ਬਣਦਾ ਹੈ ਕਿ ਆਮ ਲੋਕਾਂ ਵਿਚ ਅਸੰਤੁਸ਼ਟੀ ਗਰੀਬੀ ਕਾਰਨ ਤਾਂ ਹੁੰਦੀ ਹੈ ਪਰ ਜਦੋਂ ਉਪਰਲੇ ਅਤਿ ਦੇ ਅਤੇ ਆਮ ਲੋਕਾਂ ਵਿਚਾਲੇ ਆਰਥਕ ਪਾੜਾ ਵਧਦਾ ਹੈ ਤਾਂ ਆਮ ਲੋਕਾਂ ਵਿਚ ਅਸੰਤੁਸ਼ਟੀ ਵਧ ਜਾਂਦੀ ਹੈ ਅਤੇ ਭੁੱਖਿਆਂ-ਗਰੀਬਾਂ ਦੀਆਂ ਕਬਰਾਂ-ਮੜ੍ਹੀਆਂ 'ਤੇ ਉਗਿਆ ਘਾਹ ਖੁਸ਼ਹਾਲ-ਅਮੀਰ ਲੋਕਾਂ ਲਈ ਅਨੇਕਾਂ ਤਰ੍ਹਾਂ ਦੇ ਖਤਰੇ ਖੜ੍ਹੇ ਕਰ ਦਿੰਦਾ ਹੈ।

# ਉਲੂਆਂ ਦੀ ਚੋਰੀ ਨਾਲ ਅਫਸਰਾਂ ਦੀ ਨੀਂਦ ਟੁੱਟੀ

**ਬਠਿੰਡਾ:** ਬਠਿੰਡਾ ਦੇ ਚਿੜੀਆ ਘਰ ਵਿਚੋਂ ਦੋ ਉਲੂ ਚੋਰੀ ਕਾਹਦੇ ਹੋਏ ਕਿ ਅਫਸਰਾਂ ਦੇ ਭਾਅ ਦੀ ਬਣ ਗਈ ਹੈ। ਚੋਰੀ ਹੋਏ ਉਲੂਆਂ ਦੇ ਜੋੜੇ ਸਭ ਦੀਆਂ ਅੱਖਾਂ ਖੋਲ੍ਹ ਗਏ ਹਨ। ਉਲੂਆਂ



ਦੀ ਭਾਲ 'ਚ ਹੁਣ ਜੰਗਲੀ ਜੀਵ ਰੱਖਿਆ ਅਫਸਰਾਂ ਨੇ ਸਾਰੀ ਤਾਕਤ ਝੋਕ ਦਿੱਤੀ ਹੈ। ਜੰਗਲਾਤ ਰੇਂਜ ਅਫਸਰ ਪਵਨ ਸ੍ਰੀਧਰ ਨੇ ਐਲਾਨ ਕੀਤਾ ਹੈ ਕਿ ਜੋ ਵੀ ਚੋਰੀ ਹੋਏ ਉਲੂਆਂ ਦੀ ਸੂਹ ਦੇਵੇਗਾ, ਉਸ ਨੂੰ ਪੰਜ ਹਜ਼ਾਰ ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਸਰਕਾਰੀ ਸਮਾਗਮਾਂ 'ਚ ਸਨਮਾਨਤ ਵੀ ਕੀਤਾ ਜਾਵੇਗਾ।

ਰੇਂਜ ਅਫਸਰ ਨੇ ਆਖਿਆ ਕਿ ਉਹ ਆਪਣੀ ਨਿੱਜੀ ਹੈਸੀਅਤ 'ਚ ਇਹ ਨਗਦ ਇਨਾਮ ਦੇਣਗੇ ਕਿਉਂਕਿ ਇਹ ਦੁਰਲੱਭ ਪ੍ਰਜਾਤੀ ਦੇ ਉਲੂ ਸਨ। ਕੇਂਦਰੀ ਮੰਤਰੀ ਮੇਨਕਾ ਗਾਂਧੀ ਨੇ ਬਠਿੰਡਾ ਚੋਂ ਚੋਰੀ ਹੋਏ ਉਲੂਆਂ 'ਤੇ ਬਕਾਇਦਾ ਟਵੀਟ ਕੀਤਾ ਹੈ ਅਤੇ ਜੰਗਲੀ ਜੀਵ ਰੱਖਿਆ ਮਹਿਕਮੇ ਨੂੰ ਇਸ ਮਾਮਲੇ 'ਚ ਫੌਰੀ ਕਾਰਵਾਈ ਕਰਨ ਦੀ ਹਦਾਇਤ ਵੀ ਕੀਤੀ। ਦੱਸਣਯੋਗ ਹੈ ਕਿ 19 ਨਵੰਬਰ 2017 ਨੂੰ ਪਿੰਡ ਬਹਿਮਣ ਦੀਵਾਨਾ ਦੇ ਸਰਕਾਰੀ ਸਕੂਲ ਵਿਚੋਂ ਚਾਰ ਬਾਰਨ ਪ੍ਰਜਾਤੀ ਦੇ ਉਲੂ ਮਿਲੇ ਸਨ, ਜਿਨ੍ਹਾਂ ਨੂੰ ਜੰਗਲਾਤ ਅਫਸਰ ਗੁਰਪਾਲ ਸਿੰਘ ਨੇ ਬਠਿੰਡਾ ਦੇ ਚਿੜੀਆ ਘਰ ਵਿਚ ਪਹੁੰਚਾ ਦਿੱਤਾ ਸੀ। ਦੋ ਉਲੂਆਂ ਦੀ ਪਹਿਲਾਂ ਮੌਤ ਹੋ ਗਈ ਸੀ ਜਦੋਂ ਕਿ ਦੋ ਉਲੂ ਹੁਣ ਚੋਰੀ ਹੋ ਗਏ ਹਨ। ਥਾਣਾ ਸਦਰ ਦੀ ਪੁਲਿਸ ਨੇ ਅਣਪਛਾਤਿਆਂ ਖਿਲਾਫ਼ ਉਲੂ ਚੋਰੀ ਕਰਨ ਦੇ ਇਲਜ਼ਾਮਾਂ ਤਹਿਤ ਕੇਸ ਦਰਜ ਕਰ ਲਿਆ ਹੈ। ਪੁਲਿਸ ਨੇ ਵੀ ਆਪਣੇ ਸੂਹੀਏ ਚੋਰੀ ਹੋਏ ਉਲੂਆਂ ਦੀ ਭਾਲ ਵਿਚ ਲਾ ਦਿੱਤੇ ਹਨ।

## ਅੰਮ੍ਰਿਤਸਰ ਤੋਂ ਦੁਬਈ ਵਿਚਾਲੇ ਸਿੱਧੀ ਉਡਾਣ ਸ਼ੁਰੂ

**ਰਾਜਾਸਾਂਸੀ:** ਸ੍ਰੀ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡਾ ਰਾਜਾਸਾਂਸੀ ਤੋਂ ਇੰਡਿਗੋ ਏਅਰਲਾਈਨ ਨੇ ਅੰਮ੍ਰਿਤਸਰ ਤੋਂ ਦੁਬਈ ਵਿਚਾਲੇ ਸਿੱਧੀ ਹਵਾਈ ਉਡਾਣ ਸ਼ੁਰੂ ਕਰ ਦਿੱਤੀ ਹੈ, ਜਿਸ ਦਾ ਉਦਘਾਟਨ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਸ਼ਮ੍ਹਾਂ ਰੋਸ਼ਨ ਕਰਕੇ ਕੀਤਾ ਗਿਆ। ਇਹ ਉਡਾਣ ਪਹਿਲੇ ਦਿਨ ਇਥੋਂ 61 ਯਾਤਰੀ ਲੈ ਕੇ ਦੁਬਈ ਲਈ ਰਵਾਨਾ ਹੋਈ। ਇੰਡਿਗੋ ਦੀ ਇਹ ਉਡਾਣ ਅੰਮ੍ਰਿਤਸਰ ਤੋਂ ਦੁਬਈ ਵਿਚਾਲੇ 7 ਦਿਨ ਹੀ ਉਡਾਣ ਭਰੇਗੀ।

# ਕਰਤਾਰਪੁਰ ਦਾ ਲਾਂਘਾ

ਨਵਜੋਤ ਸਿੰਘ ਸਿੱਧੂ ਨੇ ਪਾਕਿਸਤਾਨੀ ਫੌਜ ਮੁਖੀ ਜਨਰਲ ਕਮਰ ਬਾਜਵਾ ਨਾਲ ਜੱਫੀ ਪਾ ਕੇ ਕੋਈ ਗੁਨਾਹ ਨਹੀਂ ਕੀਤਾ ਸਗੋਂ ਦੋਸਤੀ ਵਧਾਉਣ ਦਾ ਉਪਰਾਲਾ ਕੀਤਾ ਹੈ ਪਰ ਹਿੰਦੂਆਂ ਨੂੰ ਸਿੱਖ-ਮੁਸਲਿਮ ਦੋਸਤੀ ਨਹੀਂ ਭਾਉਂਦੀ। ਜਿਵੇਂ ਪ੍ਰੋ. ਚਮਨ ਲਾਲ ਨੇ 'ਪੰਜਾਬ ਟਾਈਮਜ਼' ਦੇ 29 ਸਤੰਬਰ ਵਾਲੇ ਅੰਕ ਵਿਚ ਲਿਖਿਆ ਹੈ ਕਿ 1961 ਵਿਚ ਹੁਸੈਨੀਵਾਲਾ ਵਿਖੇ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀ ਯਾਦਗਾਰ ਲਈ ਪਾਕਿਸਤਾਨ ਦੇ ਪਿੰਡਾਂ ਦੀ ਅਦਲਾ-ਬਦਲੀ ਕਰਕੇ ਥਾਂ ਲੈ ਲਈ ਸੀ, ਉਦੋਂ ਕਰਤਾਰਪੁਰ ਵੀ ਲੈ ਸਕਦੇ ਸਨ ਪਰ ਅਜਿਹਾ ਨਹੀਂ ਕੀਤਾ ਗਿਆ। ਕਰਤਾਰਪੁਰ ਸਿੱਖਾਂ ਦਾ ਪਵਿੱਤਰ ਸਥਾਨ ਹੈ। ਹਿੰਦੂ, ਸਿੱਖਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਬਣਾ ਕੇ ਰੱਖਣਾ ਚਾਹੁੰਦੇ ਹਨ। ਇਹ ਭਾਵੇਂ ਕਾਂਗਰਸ ਵਿਚ ਹੋਣ, ਭਾਜਪਾ ਵਿਚ ਜਾਂ 'ਆਪ' ਵਾਲੇ ਹੋਣ।

ਪ੍ਰਿੰ. ਸਰਵਣ ਸਿੰਘ ਕਹਿੰਦੇ ਹਨ ਕਿ ਬਲਬੀਰ ਸਿੰਘ ਨੂੰ ਭਾਰਤ ਰਤਨ ਨਾ ਦੇ ਕੇ ਉਨ੍ਹਾਂ ਦੀ ਥਾਂ ਭਾਰਤੀ ਕ੍ਰਿਕਟਰ ਸਚਿਨ ਤੇਂਦੁਲਕਰ ਨੂੰ ਦਿੱਤਾ ਗਿਆ ਹਾਲਾਂਕਿ ਬਲਬੀਰ ਸਿੰਘ ਹਾਕੀ ਦਾ ਚੋਟੀ ਦਾ ਖਿਡਾਰੀ ਰਿਹਾ ਹੈ। ਜਨਰਲ ਬਿਕਰਮ

## ਸੰਪਾਦਕ ਦੀ ਡਾਕ

ਸਿੰਘ ਨੇ ਲੱਦਾਖ ਦੀ ਜੰਗ ਜਿੱਤੀ। ਜਨਰਲ ਹਰਬਖਸ਼ ਸਿੰਘ ਨੇ 1965 ਦੀ ਜੰਗ ਜਿੱਤੀ। ਜਨਰਲ ਸੁਬੇਗ ਸਿੰਘ ਨੇ ਮੁਕਤ ਵਾਹਿਨੀ ਬਣਾਈ। ਜਨਰਲ ਜਗਜੀਤ ਸਿੰਘ ਅਰੋੜਾ ਨੇ 95 ਹਜ਼ਾਰ ਪਾਕਿਸਤਾਨੀ ਫੌਜੀਆਂ ਤੋਂ ਹਥਿਆਰ ਸੁਟਵਾਏ। ਸਿੱਖ ਜੋ ਕੁਝ ਮਰਜ਼ੀ ਪ੍ਰਾਪਤ ਕਰ ਲਵੇ, ਸਿੱਖ ਹੀ ਰਹੇਗਾ। ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਖਿਆਲ ਨਹੀਂ ਰੱਖਿਆ ਜਾ ਰਿਹਾ। ਇਸ ਲਈ, ਭੁੱਲ ਜਾਓ ਕਿ ਕਰਤਾਰਪੁਰ ਵਾਲਾ ਲਾਂਘਾ ਕਦੇ ਖੁੱਲ੍ਹੇਗਾ।

*-ਦਵਿੰਦਰ ਸਿੰਘ ਖਟਕੜ, ਮਨਟੀਕਾ*

# ਪੰਜਾਬ ਦੀ ਸਿਆਸਤ ਅਤੇ ਫੇਰੂਮਾਨ ਦੀ ਵਿਰਾਸਤ

ਪੰਜ ਵਾਰੀ ਮੁੱਖ ਮੰਤਰੀ ਰਹਿ ਚੁੱਕੇ ਪ੍ਰਕਾਸ਼ ਸਿੰਘ ਬਾਦਲ ਜਦੋਂ 11 ਅਕਤੂਬਰ ਨੂੰ ਮੁਲਕ ਦੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਕੋਲ ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਲ ਕਰਨ ਦੇ ਅਹਿਮ ਪਰ ਭੁੱਲ-ਭੁਲਾ ਚੁੱਕੇ ਮੁੱਦੇ ਸਬੰਧੀ ਰਸਮੀ ਕਰਵਾਈ ਪਾਉਣ ਲਈ ਗਏ ਸਨ ਤਾਂ ਉਨ੍ਹਾਂ ਨੂੰ ਸ਼ਾਇਦ ਹੀ ਚੇਤਾ ਹੋਵੇ ਕਿ ਤਕਰੀਬਨ ਅੱਧੀ ਸਦੀ ਪਹਿਲਾਂ ਇਸ ਮੰਗ ਨੂੰ ਲੈ ਕੇ ਇਕ ਸ਼ਖਸ ਇਸੇ ਮਹੀਨੇ 74 ਦਿਨਾਂ ਦੀ ਭੁੱਖ ਹੜਤਾਲ ਤੋਂ ਬਾਅਦ ਆਪਣੀ ਜਾਨ ਵਾਰ ਗਿਆ ਸੀ। ਇਹ ਸ਼ਖਸ ਸੀ ਦਰਸ਼ਨ ਸਿੰਘ ਫੇਰੂਮਾਨ




**ਜਗਤਾਰ ਸਿੰਘ**
ਫੋਨ: +91-97797-11201

ਜਿਸ ਨੇ ਪੰਜਾਬ ਦੀ ਰਾਜਧਾਨੀ ਵਜੋਂ ਵਿਉਂਤੇ ਅਤੇ ਵਿਕਸਤ ਕੀਤੇ ਗਏ, ਪਰ 1966 ਵਿਚ ਪੰਜਾਬ ਤੋਂ ਬਾਹਰ ਰੱਖ ਲਏ ਗਏ ਸ਼ਹਿਰ ਚੰਡੀਗੜ੍ਹ ਨੂੰ ਪੰਜਾਬੀ ਸੂਬੇ ਵਿਚ ਸ਼ਾਮਲ ਕਰਾਉਣ ਦੀ ਮੰਗ ਨੂੰ ਲੈ ਕੇ 27 ਅਕਤੂਬਰ 1969 ਨੂੰ 84 ਸਾਲ ਦੀ ਉਮਰ ਵਿਚ ਸ਼ਹਾਦਤ ਦਿੱਤੀ ਸੀ। ਕਿਸੇ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਰਹੇ ਅਤੇ ਆਜ਼ਾਦੀ ਸੰਗਰਾਮ ਵਿਚ ਭਾਗ ਲੈਣ ਵਾਲੇ ਇਸ ਸ਼ਖਸ ਨੂੰ ਅਕਾਲੀ ਦਲ ਨੇ ਕਦੇ ਵੀ ਨਹੀਂ ਅਪਣਾਇਆ।

ਦਰਸ਼ਨ ਸਿੰਘ ਫੇਰੂਮਾਨ ਨੇ ਆਪਣੀ ਜਾਨ ਸਿੱਖ ਵਿਚਾਰਧਾਰਾ ਨਾਲ ਜੁੜੀਆਂ ਕੁਝ ਮੁਢਲੀਆਂ ਕਦਰਾਂ ਕੀਮਤਾਂ ਬਹਾਲ ਕਰਾਉਣ ਲਈ ਦਿੱਤੀ ਸੀ। ਇਸ ਦੇ ਨਾਲ ਹੀ ਉਹ ਭਾਰਤ ਵਿਚ ਪੰਜਾਬ ਦੇ ਏਜੰਡੇ ਨੂੰ ਵੀ ਉਭਾਰਨਾ ਚਾਹੁੰਦਾ ਸੀ ਜਿਸ ਨੂੰ ਖੁਦਮੁਖਤਿਆਰ ਪੰਜਾਬ ਵੀ ਕਿਹਾ ਜਾਂਦਾ ਰਿਹਾ ਹੈ। ਉਸ ਦੀ ਕੁਰਬਾਨੀ ਨੂੰ ਅਕਸਰ ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਲ ਕਰਨ ਦੀ ਇਕੋ ਇਕੋ ਮੰਗ ਨਾਲ ਜੋੜਿਆ ਜਾਂਦਾ ਹੈ ਜਦੋਂ ਕਿ ਉਸ ਦੇ ਸਰੋਕਾਰ ਇਸ ਤੋਂ ਕਿਤੇ ਅਗਾਂਹ ਸਨ। ਉਸ ਨੇ ਆਪਣੀ ਵਸੀਹਤ ਵਿਚ ਬਿਆਨ ਕੀਤਾ ਹੈ: "ਹੁਣ ਇਹ ਜ਼ਰੂਰੀ ਹੋ ਗਿਆ ਹੈ ਕਿ ਕੋਈ ਗੁਰੂ ਕਾ ਸਿੰਘ ਆਪਣਾ ਸੀਸ ਦੇ ਕੇ ਪੰਥ ਦੇ ਅਖੌਤੀ ਲੀਡਰਾਂ ਅਤੇ ਸਿੱਖੀ ਦੇ ਗਦਾਰਾਂ ਦੇ ਕੀਤੇ ਹੋਏ ਪਾਪਾਂ ਦਾ ਪਛਤਾਵਾ ਕਰੇ ਤਾਂ ਜੋ ਪੰਥ, ਆਜ਼ਾਦ ਹਿੰਦੋਸਤਾਨ ਵਿਚ ਆਜ਼ਾਦ ਪੰਥ ਅਥਵਾ ਸਿੱਖ ਹੋਮਲੈਂਡ ਦੀ ਸਥਾਪਤੀ ਵੱਲ ਅਗਲਾ ਕਦਮ ਚੁੱਕ ਸਕੇ।"

ਪੰਜਾਬ ਦੇ ਪਹਿਲੀ ਨਵੰਬਰ 1966 ਨੂੰ ਹੋਏ ਪੁਨਰਗਠਨ ਕਾਰਨ ਹਰਿਆਣਾ ਸੂਬਾ ਹੋਂਦ ਵਿਚ ਆਉਣ ਕਰਕੇ ਚੰਡੀਗੜ੍ਹ ਸ਼ਹਿਰ ਨੂੰ ਕੇਂਦਰੀ ਸ਼ਾਸਤ ਪ੍ਰਦੇਸ਼ ਐਲਾਨ ਕੇ ਇਨ੍ਹਾਂ ਦੋਹਾਂ ਸੂਬਿਆਂ ਦੀ ਰਾਜਧਾਨੀ ਬਣਾ ਦਿੱਤਾ ਗਿਆ ਸੀ। ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਲ ਕਰਾਉਣ ਲਈ ਅਕਾਲ ਤਖਤ ਉੱਤੇ ਅਰਦਾਸ ਕਰ ਕੇ ਮਰਨ ਵਰਤ ਸ਼ੁਰੂ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਤਤਕਾਲੀ ਪ੍ਰਧਾਨ ਸੰਤ ਫਤਹਿ ਸਿੰਘ ਵਲੋਂ ਆਪਣੀ ਅਰਦਾਸ ਤੋਂ ਪਿੱਛੇ ਹਟਣ ਨੂੰ ਪੰਥ ਅਤੇ ਪੰਜਾਬ ਨਾਲ ਗਦਾਰੀ ਸਮਝਣ ਵਾਲੇ ਦਰਸ਼ਨ ਸਿੰਘ ਫੇਰੂਮਾਨ ਨੇ ਅਰਦਾਸ ਨਾਲ ਜੁੜੀ ਪਰੰਪਰਾ ਤੇ ਮਾਨਤਾ ਨੂੰ ਬਹਾਲ ਕਰਾਉਣ ਲਈ ਆਪਣੀ ਜਾਨ ਦੀ ਕੁਰਬਾਨੀ ਦੇਣ ਦਾ ਜਮੂਹਰੀ ਰਾਹ ਚੁਣਿਆ ਸੀ। ਸੰਤ ਫਤਹਿ ਸਿੰਘ ਨੇ 'ਚੰਡੀਗੜ੍ਹ ਅਤੇ ਦਰਿਆਈ ਡੈਮਾਂ ਦਾ ਕੰਟਰੋਲ ਪੰਜਾਬ ਨੂੰ ਦੇਣ' ਦੀ ਮੰਗ ਲਈ 27 ਦਸੰਬਰ 1966 ਨੂੰ ਆਤਮ ਦਾਹ ਕਰਨ ਦਾ ਐਲਾਨ ਕੀਤਾ ਸੀ ਅਤੇ ਇਸ ਦੀ ਤਿਆਰੀ ਵਜੋਂ 17 ਦਸੰਬਰ ਨੂੰ ਮਰਨ ਵਰਤ ਰੱਖਿਆ ਸੀ ਪਰ ਉਹ ਲੋਕ ਸਭਾ ਦੇ ਤਤਕਾਲੀ ਸਪੀਕਰ ਹੁਕਮ ਸਿੰਘ ਵਲੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਤਰਫੋਂ 'ਚੰਡੀਗੜ੍ਹ ਪੰਜਾਬ ਦੇ ਸਪੁਰਦ ਕਰ ਦਿੱਤਾ ਜਾਵੇਗਾ' ਦੇ ਭਰੋਸੇ ਦਾ ਬਹਾਨਾ ਬਣਾ ਕੇ ਆਪਣੇ ਐਲਾਨ ਤੋਂ ਪਿੱਛੇ ਹਟ ਗਿਆ ਸੀ ਪਰ ਜਦੋਂ ਤਿੰਨ ਸਾਲ ਬੀਤ ਜਾਣ ਤੋਂ ਬਾਅਦ ਵੀ ਇਸ ਭਰੋਸੇ ਨੂੰ ਬੂਰ ਨਾ ਪਿਆ ਤਾਂ ਦਰਸ਼ਨ ਸਿੰਘ ਫੇਰੂਮਾਨ ਅੱਗੇ ਆਏ।

ਦਰਸ਼ਨ ਸਿੰਘ ਫੇਰੂਮਾਨ, ਜਿਹੜਾ ਕਿਸੇ ਵੇਲੇ ਮੋਹਰੀ ਅਕਾਲੀ ਆਗੂ ਸੀ, ਆਜ਼ਾਦੀ ਘੁਲਾਟੀਆ ਵੀ ਸੀ ਅਤੇ ਆਪਣੀ ਸ਼ਹਾਦਤ ਸਮੇਂ ਸੁਤੰਤਰ ਪਾਰਟੀ ਦਾ ਪ੍ਰਧਾਨ ਸੀ। ਉਸ ਨੇ 15 ਅਗਸਤ 1969 ਨੂੰ ਮਰਨ ਵਰਤ ਰੱਖਿਆ। ਉਸ ਨੂੰ 12 ਅਗਸਤ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਸ ਨੇ ਆਪਣੇ ਕੀਤੇ ਐਲਾਨ ਅਨੁਸਾਰ, ਜੇਲ੍ਹ ਵਿਚ ਮਰਨ ਵਰਤ ਸ਼ੁਰੂ ਕਰ ਲਿਆ। ਉਸ ਨੂੰ 26 ਅਗਸਤ ਨੂੰ ਜੇਲ੍ਹ ਵਿਚੋਂ ਲਿਆ ਕੇ ਹਸਪਤਾਲ ਵਿਚ ਭਰਤੀ ਕਰਵਾ ਦਿੱਤਾ ਗਿਆ। ਇਸ ਵਰਤਾਰੇ ਬਾਰੇ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਤੀਕਿਰਿਆ ਦੇਖਣ ਵਾਲੀ ਹੈ। ਅਕਾਲੀ ਦਲ ਦਾ ਉਸ ਵੇਲੇ ਲਿਆ ਗਿਆ ਸਟੈਂਡ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਦੋ ਸਿੱਖ ਨੌਜਵਾਨਾਂ ਨੂੰ ਗੋਲੀ ਮਾਰਨ ਵਾਲੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਚੱਲ ਰਹੇ ਬਰਗਾੜੀ ਮੋਰਚੇ ਦੇ ਪ੍ਰਸੰਗ ਵਿਚ



*ਦਰਸ਼ਨ ਸਿੰਘ ਫੇਰੂਮਾਨ*

ਅਜੋਕੀ ਸਿੱਖ ਸਿਆਸਤ ਨੂੰ ਸਮਝਣ ਲਈ ਅਹਿਮ ਹੋ ਸਕਦਾ ਹੈ। ਇਹ ਵੀ ਚੇਤੇ ਰੱਖਣਾ ਲਾਜ਼ਮੀ ਹੈ ਕਿ ਉਸ ਵੇਲੇ ਅਕਾਲੀ ਦਲ ਸੂਬੇ ਦੀ ਸੱਤਾ ਉੱਤੇ ਕਾਬਜ਼ ਸੀ ਅਤੇ ਜਸਟਿਸ ਗੁਰਨਾਮ ਸਿੰਘ ਮੁੱਖ ਮੰਤਰੀ ਸਨ।

ਸ਼੍ਰੋਮਣੀ ਅਕਾਲੀ ਦਲ ਦਾ ਸਟੈਂਡ ਸੀ: "ਕਾਂਗਰਸ ਪਾਰਟੀ ਨੇ ਲੋਕਾਂ ਨੂੰ ਗੁੰਮਰਾਹ ਕਰਨ ਅਤੇ ਆਪਣੀ ਗਵਾਚੀ ਸਾਖ ਬਹਾਲ ਕਰਾਉਣ ਲਈ ਦਰਸ਼ਨ ਸਿੰਘ ਫੇਰੂਮਾਨ ਦੇ ਮਰਨ ਵਰਤ ਵਾਲਾ ਡਰਾਮਾ ਰਚਿਆ ਹੈ।" ਹੁਣ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਵੀ ਬਰਗਾੜੀ ਮੋਰਚੇ ਦੇ ਆਗੂਆਂ ਨੂੰ ਕਾਂਗਰਸ ਅਤੇ ਪਾਕਿਸਤਾਨੀ ਖੁਫੀਆ ਏਜੰਸੀ ਆਈਐੱਸਆਈ ਦੇ ਏਜੰਟ ਗਰਦਾਨਿਆ ਜਾ ਰਿਹਾ ਹੈ।

ਸੰਤ ਫਤਹਿ ਸਿੰਘ ਨੇ ਇਕ ਵਾਰੀ ਫਿਰ ਐਲਾਨ ਕੀਤਾ ਕਿ ਜੇ ਪਹਿਲੀ ਫਰਵਰੀ 1970 ਤੱਕ ਚੰਡੀਗੜ੍ਹ ਪੰਜਾਬ ਨੂੰ ਨਾ ਦਿੱਤਾ ਤਾਂ ਉਹ ਉਸ ਦਿਨ ਆਤਮ ਦਾਹ ਕਰ ਲੈਣਗੇ ਪਰ ਸੰਤ ਫਤਹਿ ਸਿੰਘ ਨੇ ਇਸ ਵਾਰੀ ਵੀ ਆਪਣੇ ਐਲਾਨ ਤੋਂ ਪਿੱਛੇ ਹਟ ਗਏ ਅਤੇ ਚੰਡੀਗੜ੍ਹ ਅੱਜ 2018 ਵਿਚ ਵੀ ਕੇਂਦਰੀ ਸ਼ਾਸਤ ਪ੍ਰਦੇਸ਼ ਹੀ ਹੈ। ਇਹੀ ਕਾਰਨ ਹੈ ਕਿ ਪ੍ਰਕਾਸ਼ ਸਿੰਘ ਬਾਦਲ ਨੂੰ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਮਿਲ ਕੇ ਚੰਡੀਗੜ੍ਹ ਪੰਜਾਬ ਨੂੰ ਸੌਂਪਣ ਦੀ ਗੱਲ ਕਰਨ ਵੇਲੇ ਦਰਸ਼ਨ ਸਿੰਘ ਫੇਰੂਮਾਨ ਦੀ ਯਾਦ ਹੋਣੀ ਚਾਹੀਦੀ ਸੀ। ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਫੈਸਲਾ ਪ੍ਰਧਾਨ ਮੰਤਰੀ ਨੇ ਕਰਨਾ ਹੈ, ਭਾਵੇਂ ਕੇਂਦਰ ਵਿਚ ਕੋਈ ਵੀ ਪਾਰਟੀ ਰਾਜ ਕਰਦੀ ਹੋਵੇ। ਇਸ ਵੇਲੇ ਅਕਾਲੀ ਦਲ ਕੇਂਦਰ ਸਰਕਾਰ ਵਿਚ ਭਾਈਵਾਲ ਹੈ ਅਤੇ 1966 ਤੋਂ ਬਾਅਦ ਕਈ ਕੇਂਦਰੀ ਸਰਕਾਰਾਂ ਵਿਚ ਭਾਈਵਾਲ ਰਿਹਾ ਹੈ ਪਰ ਉਨ੍ਹਾਂ ਮੁੱਦਿਆਂ ਵਿਚੋਂ ਇਕ ਦਾ ਵੀ ਹੱਲ ਨਹੀਂ ਹੋਇਆ ਜਿਨ੍ਹਾਂ ਉੱਤੇ ਸ਼੍ਰੋਮਣੀ ਅਕਾਲੀ ਦਲ ਨੇ ਕਈ ਮੋਰਚੇ ਲਾਏ ਅਤੇ ਇਨ੍ਹਾਂ ਮੋਰਚਿਆਂ ਵਿਚ ਸੈਂਕੜੇ ਪੰਜਾਬੀਆਂ ਨੇ ਜਾਨਾਂ ਦਿੱਤੀਆਂ।

ਦਰਸ਼ਨ ਸਿੰਘ ਫੇਰੂਮਾਨ ਨੇ ਅਕਾਲੀ ਦਲ ਦੀ ਦੋਗਲੀ ਨੀਤੀ ਦਾ ਪਰਦਾ ਫਾਸ਼ ਕੀਤਾ। ਇਹੀ ਕਾਰਨ ਹੈ ਕਿ ਅਕਾਲੀ ਦਲ ਨੇ ਕਦੇ ਵੀ ਉਸ ਦੀ ਕੁਰਬਾਨੀ ਨੂੰ ਮਾਨਤਾ ਨਹੀਂ ਦਿੱਤੀ। ਅਕਾਲੀ ਦਲ ਜਦੋਂ ਸੱਤਾ ਵਿਚ ਹੁੰਦਾ ਹੈ ਤਾਂ ਇਹ ਸੂਬੇ ਅਤੇ ਪੰਥ ਨਾਲ ਸਬੰਧਤ ਹਰ ਮੁੱਦਾ ਵਿਸਾਰ ਦਿੰਦਾ ਹੈ ਪਰ ਜਦੋਂ ਸੱਤਾ ਤੋਂ ਬਾਹਰ ਹੁੰਦਾ ਹੈ ਤਾਂ ਉਹੀ ਪੁਰਾਣੇ ਮੁੱਦੇ ਫਿਰ ਚੁੱਕ ਲੈਂਦਾ ਹੈ। ਇਹ ਵਰਤਾਰਾ 1997 ਤੋਂ ਬਾਅਦ ਹੋਰ ਵੀ ਜ਼ੋਰ ਨਾਲ ਉਭਰ ਕੇ ਸਾਹਮਣੇ ਆਇਆ ਹੈ ਅਤੇ ਇਸ ਗੱਲ ਦੀ ਸ਼ਾਹਦੀ ਵੱਖ ਵੱਖ ਚੋਣਾਂ ਸਮੇਂ ਜਾਰੀ ਕੀਤੇ ਚੋਣ ਮੈਨੀਫੈਸਟੋ ਵੀ ਭਰਦੇ ਹਨ। ਅਸਲ ਵਿਚ ਹੁਣ ਅਕਾਲੀ ਦਲ ਦਾ ਮੁੱਖ ਮੰਤਵ ਕਿਸੇ ਆਮ ਸਿਆਸੀ ਪਾਰਟੀ ਵਾਂਗ ਸਿਰਫ ਸੱਤਾ ਹਾਸਲ ਕਰਨਾ ਹੀ ਰਹਿ ਗਿਆ ਹੈ। ਇਹ ਬਾਦਲ ਪਰਿਵਾਰ ਦੀ ਸੱਤਾ ਵਿਚ ਬਣੇ ਰਹਿਣ ਦੀ ਲਾਲਸਾ ਹੀ ਸੀ ਕਿ ਉਸ ਨੇ ਅਜਿਹੀ ਨੁਕਸਦਾਰ ਚੋਣ ਰਣਨੀਤੀ ਘੜੀ ਜਿਸ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਬਹਿਬਲ ਕਲਾਂ ਗੋਲੀ ਕਾਂਡ ਅਤੇ ਬਰਗਾੜੀ ਇਨਸਾਫ ਮੋਰਚਾ ਨਿਕਲਿਆ ਹੈ। ਇਸ ਚੋਣ ਰਣਨੀਤੀ ਦਾ ਕੇਂਦਰੀ ਨੁਕਤਾ 'ਸ਼ਬਦ ਗੁਰੂ' ਦੇ ਸਿਧਾਂਤ ਦੇ ਸ਼ਰੀਕ ਬਣੇ ਦੇਹਧਾਰੀ ਗੁਰੂਡੰਮ ਡੇਰਾ ਸੱਚਾ ਸੌਦਾ ਦੇ ਪ੍ਰਭਾਵ ਵਾਲੀਆਂ ਵੋਟਾਂ ਬਟੋਰਨਾ ਸੀ। ਵੋਟਾਂ ਹਾਸਲ ਕਰਨ ਦਾ ਵਰਤਾਰਾ ਅਜਿਹੀ ਖੇਡ ਹੈ ਜਿਸ ਵਿਚ ਸਾਰੇ ਸਿਧਾਂਤ, ਅਸੂਲ ਅਤੇ ਸਰੋਕਾਰ ਧਰੇ ਧਰਾਏ ਰਹਿ ਜਾਂਦੇ ਹਨ।

ਦਰਸ਼ਨ ਸਿੰਘ ਫੇਰੂਮਾਨ ਦੀ ਵਿਰਾਸਤ ਨੂੰ ਕੁਝ ਗੈਰ ਅਕਾਲੀ ਸਿੱਖ ਆਗੂਆਂ ਵਲੋਂ ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਿੱਖ ਬੰਦੀਆਂ ਦੀ ਰਿਹਾਈ ਲਈ ਸੂਰਤ ਸਿੰਘ ਖਾਲਸਾ ਵਲੋਂ ਰੱਖੇ ਮਰਨ ਵਰਤ ਨੂੰ ਇਸ ਪ੍ਰਸੰਗ ਵਿਚ ਦੇਖਿਆ ਜਾ ਸਕਦਾ ਹੈ। ਅਕਾਲੀ ਦਲ ਦਾ ਸ਼ਾਨਾਮੱਤਾ ਇਤਿਹਾਸ ਹੈ ਅਤੇ ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹਾਦਤ ਇਸ ਅਕਾਲੀ ਪਰੰਪਰਾ ਦਾ ਹਿੱਸਾ ਹੈ ਪਰ ਸੱਤਾ ਹਾਸਲ ਕਰਨ ਦੀ ਸਿਆਸਤ ਵਿਚ ਇਸ ਪਰੰਪਰਾ ਦੀ ਕੋਈ ਥਾਂ ਨਹੀਂ।

ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਨੇ ਤਾਂ ਪੰਜਾਬ ਜਾਂ ਪੰਥ ਦੇ ਕਿਸੇ ਵੀ ਹਿਤ ਨਾਲ ਕਿਸੇ ਕਿਸਮ ਦੀ ਵਚਨਬੱਧਤਾ ਦੀ ਗੱਲ ਕਰਨ ਤੋਂ ਵੀ ਆਪਣੇ ਆਪ ਨੂੰ ਮੁਕਤ ਕਰ ਲਿਆ ਹੈ। ਆਮ ਸਿਆਸੀ ਪਾਰਟੀ ਵਾਂਗ ਵਿਚਰਨ ਵਿਚ ਕੋਈ ਮਾੜੀ ਗੱਲ ਨਹੀਂ ਪਰ ਸਮੱਸਿਆ ਇਹ ਹੈ ਕਿ ਅਕਾਲੀ ਦਲ ਕੁਝ ਪਰੰਪਰਾਵਾਂ ਨਾਲ ਬੱਝਿਆ ਹੋਇਆ ਹੈ ਅਤੇ ਇਹ ਪਰੰਪਰਾਵਾਂ ਅੱਗੇ ਅਕਾਲ ਤਖਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜੁੜੀਆਂ ਹੋਈਆਂ ਹਨ। ਅਕਾਲੀ ਦਲ ਦੀ ਅਜੋਕੀ ਲੀਡਰਸ਼ਿਪ ਦੀ ਸਮੱਸਿਆ ਇਹ ਹੈ ਕਿ ਉਹ ਇਨ੍ਹਾਂ ਪਰੰਪਰਾਵਾਂ ਅਤੇ ਸੰਸਥਾਵਾਂ ਤੋਂ ਸ਼ਕਤੀ ਤਾਂ ਹਾਸਲ ਕਰਨਾ ਚਾਹੁੰਦੀ ਹੈ ਅਤੇ ਆਪਣੇ ਅਕਸ ਨੂੰ ਧਰਮ ਨਿਰਪੱਖ ਤੇ ਉਦਾਰਵਾਦੀ ਆਗੂਆਂ ਵਜੋਂ ਉਭਾਰਨ ਦੇ ਰਾਹ ਵਿਚ ਰੋੜਾ ਵੀ ਸਮਝਦੀ ਹੈ। ਆਪਣੀ ਮੋਗਾ ਕਨਵੈਨਸ਼ਨ ਵਿਚ ਪਾਰਟੀ ਨੂੰ ਸਿੱਖਾਂ ਦੀ ਥਾਂ ਪੰਜਾਬੀਆਂ ਦੀ ਪ੍ਰਤੀਨਿਧ ਪਾਰਟੀ ਵਿਚ ਤਬਦੀਲ ਕਰਨ ਦੇ ਰਾਹ ਤੁਰਦਿਆਂ ਪਾਰਟੀ ਲੀਡਰਸ਼ਿਪ ਪਾਰਟੀ ਦਾ ਚਿਹਰਾ ਮੋਹਰਾ ਵੀ ਅਜਿਹਾ ਹੀ ਬਣਾਉਣਾ ਚਾਹੁੰਦੀ ਹੈ। ਇਹੀ ਕਾਰਨ ਹੈ ਕਿ ਟਕਸਾਲੀ ਅਕਾਲੀ ਆਗੂ ਹਾਸ਼ੀਏ ਉੱਤੇ ਚਲੇ ਗਏ ਹਨ ਅਤੇ ਉਨ੍ਹਾਂ ਦੀ ਥਾਂ ਮਾਡਰਨ ਦਿੱਖ ਵਾਲੇ ਆਗੂਆਂ ਨੇ ਲੈ ਲਈ ਹੈ। ਲੱਗਦਾ ਇਉਂ ਹੈ ਕਿ ਪਾਰਟੀ ਦੀ ਲੀਡਰਸ਼ਿਪ ਨੇ ਆਪਣੇ ਪਿਛੋਕੜ ਨਾਲੋਂ ਨਾਤਾ ਤੋੜ ਕੇ ਤੁਰਨ ਦਾ ਫੈਸਲਾ ਕਰ ਲਿਆ ਹੈ, ਪਰ ਦੇਖਣਾ ਇਹ ਹੈ ਕਿ ਇਹ ਨੀਤੀ ਪਾਰਟੀ ਨੂੰ ਕਿਸ ਪਾਸੇ ਲੈ ਜਾਵੇਗੀ।

---

# ਗਦਰੀ ਵਿਰਾਸਤ ਦੀ ਅਹਿਮੀਅਤ

ਦੁਨੀਆਂ ਦੀਆਂ ਚੋਟੀ ਦੀਆਂ ਇਨਕਲਾਬੀ ਲਹਿਰਾਂ ਵਿਚ ਗਦਰ ਲਹਿਰ ਅਤੇ 1914-15 ਦੀ ਬਗ਼ਾਵਤ ਦੇ ਸ਼ਹੀਦਾਂ ਤੇ ਨਾਇਕਾਂ ਦੀ ਦੇਣ ਖ਼ਾਸ ਸਥਾਨ ਰੱਖਦੀ ਹੈ। ਇਸ ਲਹਿਰ ਦੀ ਦੇਣ ਪੰਜਾਬ ਦੇ ਰਾਜਨੀਤਕ ਮਾਹੌਲ ਵਿਚ ਅੱਜ ਵੀ ਤਾਜ਼ੀ ਹਵਾ ਦੇ ਬੁੱਲੇ ਵਾਂਗ ਹੈ। ਗਦਰੀ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਕਰਨ ਅਤੇ ਸੱਚੇ ਅਰਥਾਂ ਵਿਚ ਇਨਕਲਾਬੀ ਮਾਹੌਲ ਨੂੰ ਸੁਰਜੀਤ ਕਰਨ ਲਈ ਦੇਸ਼ ਭਗਤ ਯਾਦਗਾਰ ਹਾਲ ਅੰਦਰ ਚਾਰ-ਚੁਫ਼ੇਰੇ ਅਨੇਕਾਂ ਯਾਦਾਂ ਦੀ ਚੰਗੇਰ ਹੈ। ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਅੱਜ ਵੀ ਪੰਜਾਬੀ ਮਨਾਂ ਨੂੰ ਟੁੰਬਦੀਆਂ ਹਨ ਜਿਸ ਤਰ੍ਹਾਂ ਉਨ੍ਹਾਂ ਨੇ ਹੱਸਦਿਆਂ

**ਡਾ. ਕੁਲਦੀਪ ਸਿੰਘ**

ਹੱਸਦਿਆਂ ਫਾਂਸੀਆਂ ਦੇ ਫੰਧਿਆਂ ਨੂੰ ਚੁੰਮਿਆ ਅਤੇ ਮਿਸਾਲਾਂ ਪੈਦਾ ਕੀਤੀਆਂ। ਆਪਣੀ ਜ਼ਿੰਦਗੀ ਦੇ ਲੰਮੇ ਵਰ੍ਹੇ ਅੰਡੇਮਾਨ ਦੀਆਂ ਜੇਲ੍ਹਾਂ ਵਿਚ ਸਜ਼ਾਵਾਂ ਕੱਟਦਿਆਂ ਗੁਜ਼ਾਰੇ। ਭਿਆਨਕ ਅਣਮਨੁੱਖੀ ਤਸੀਹਿਆਂ ਅੱਗੇ ਵੀ ਈਨ ਨਹੀਂ ਮੰਨੀ ਤੇ ਆਪਣੀ ਜਦੋਜਹਿਦ ਜਾਰੀ ਰੱਖੀ। ਅੱਜ ਪੰਜਾਬ ਸਮੇਤ ਭਾਰਤ ਨੂੰ ਮੁੜ ਤਬਦੀਲੀ ਦੇ ਰਾਹ 'ਤੇ ਤੋਰਨ ਲਈ ਇਸ ਧਰਤ ਨੂੰ ਅਜਿਹੇ ਨਾਇਕ ਲੋੜੀਂਦੇ ਹਨ ਜਿਹੜੇ ਮੁਲਕ ਨੂੰ ਮੁੜ ਲੀਹ 'ਤੇ ਲਿਆ ਸਕਣ ਦੀ ਸਮਰੱਥਾ ਰੱਖਦੇ ਹੋਣ।

ਗ਼ਦਰੀ ਬਾਬਿਆਂ ਦੀ ਸੰਘਰਸ਼ਸ਼ੀਲ ਜ਼ਿੰਦਗੀ, ਅੰਦਰੂਨੀ ਚਾਲਕ ਸ਼ਕਤੀ ਵਿਚ ਇਖਲਾਕੀ ਜਜ਼ਬਾ, ਸਮਾਜ ਦੀਆਂ ਧੱਕੇਸ਼ਾਹੀਆਂ ਤੇ ਬੇਇਨਸਾਫ਼ੀਆਂ ਖ਼ਿਲਾਫ਼ ਲੜਨ ਦਾ ਜੇਰਾ ਅਤੇ ਵੱਖਰੀ ਕਿਸਮ ਦੇ ਸੁਪਨੇ ਸਮੋਏ ਹੋਏ ਸਨ। ਇਸ ਸਦਕਾ ਉਹ ਹਾਰਾਂ ਨੂੰ ਵੀ ਜਿੱਤਾਂ ਵਿਚ ਬਦਲਣ ਦਾ ਜੇਰਾ ਰੱਖਦੇ ਸਨ। ਆਜ਼ਾਦੀ ਤੋਂ ਬਾਅਦ ਵੀ ਗਦਰੀ ਬਾਬਿਆਂ ਨੇ ਭਾਰਤੀ ਲੋਕਾਂ ਦੇ ਹਿੱਤਾਂ ਤੇ ਸਰੋਕਾਰਾਂ ਨੂੰ ਆਪਣੀ ਜੀਵਨ ਜਾਚ ਦਾ ਹਿੱਸਾ ਬਣਾਈ ਰੱਖਿਆ। ਦੁਨੀਆਂ ਦੇ ਪ੍ਰਸਿਧ ਚਿੰਤਕ ਕਾਰਲ ਮਾਰਕਸ ਦੇ ਤਬਦੀਲੀ ਦੇ ਸਿਧਾਂਤ ਨੂੰ ਸੰਘਰਸ਼ਾਂ ਲਈ ਚਾਨਣ ਮੁਨਾਰਾ ਮੰਨਿਆ ਅਤੇ ਆਪਣੇ ਅੰਦਰ ਇਨਕਲਾਬੀ ਵਿਚਾਰਧਾਰਾ ਨੂੰ ਕਦੇ ਵੀ ਆਂਚ ਨਹੀਂ ਆਉਣ ਦਿੱਤੀ। ਗਦਰੀ ਬਾਬਿਆਂ ਸਾਹਮਣੇ ਭਾਰਤ ਦੀਆਂ ਸਮੱਸਿਆਵਾਂ ਦੇ ਹੱਲ ਲਈ ਨਿਸ਼ਾਨਾ ਸਪਸ਼ਟ ਸੀ ਕਿ ਭਾਰਤ ਵਿਚੋਂ ਬਰਤਾਨਵੀ ਸਾਮਰਾਜ ਨੂੰ ਬਾਹਰ ਕੱਢਣਾ ਹੈ ਅਤੇ ਇਥੇ ਭਾਰਤੀ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਵਾਲੇ ਬਰਾਬਰੀ ਦੇ ਸਮਾਜ ਦੀ ਸਿਰਜਣਾ ਕਰਨੀ ਹੈ।

ਅਜੋਕੇ ਸਮਿਆਂ ਵਿਚ ਸਮਾਜੀ ਬਣਤਰਾਂ ਦਾ ਮਸਲਾ ਬੜਾ ਪੇਚੀਦਾ ਬਣਿਆ ਹੋਇਆ ਹੈ ਕਿਉਂਕਿ ਵਿਸ਼ਾਲ ਖਿੱਤੇ ਵਿਚ ਫੈਲੇ ਮੁਲਕ ਭਾਰਤ ਦੇ ਲੋਕਾਂ ਦੀ ਆਰਥਿਕ ਤੇ ਸਮਾਜਿਕ ਜ਼ਿੰਦਗੀ ਵਿਚ ਅਸਾਧਾਰਨ ਕਿਸਮ ਦੀ ਵੰਨ-ਸੁਵੰਨਤਾ ਹੈ। ਲੰਬੇ ਸਮੇਂ ਤੋਂ ਇਤਿਹਾਸ ਦਾ ਵਹਾਅ ਬਸਤੀਵਾਦੀ ਵਿਰਾਸਤ ਦੀਆਂ ਕਈ ਵੰਨਗੀਆਂ ਸਮੋਈ ਬੈਠਾ ਹੈ ਜਿਹੜਾ ਇਸ ਦੇ ਸਭਿਆਚਾਰ ਅਤੇ ਵਿਚਾਰਧਾਰਕ ਸਰੂਪ ਨੂੰ ਦੁਨੀਆਂ ਦੇ ਸਭ ਤੋਂ ਪੇਚੀਦਾ ਬਣਤਰ ਵਾਲੇ ਸਮਾਜਾਂ ਵਿਚੋਂ ਇਕ ਬਣਾਉਂਦਾ ਹੈ। ਇਸ ਕਰਕੇ ਭਾਰਤ ਤੇ ਖ਼ਾਸਕਰ ਪੰਜਾਬ ਅਜੋਕੇ ਪੂੰਜੀਵਾਦੀ ਪੈਦਾਵਾਰ ਦੇ ਵਿਕਾਸ ਦੀ ਮਾਰ ਹੀ ਨਹੀਂ ਝੱਲ ਰਿਹਾ ਸਗੋਂ ਪੁਰਾਤਨ ਸਮਿਆਂ ਦੀਆਂ ਬੁਰਾਈਆਂ ਵਿਚ ਵੀ ਵਾਧਾ ਕਰਦਾ ਆ ਰਿਹਾ ਹੈ। ਵੇਲਾ ਵਿਹਾਅ ਚੁੱਕੇ ਸਮਾਜੀ ਟਕਰਾ ਅਤੇ ਸਿਆਸੀ ਦੀਵਾਲੀਆਪਣ ਇਸ ਸਮੱਸਿਆ ਨੂੰ ਹੋਰ ਗੁੰਝਲਦਾਰ ਕਰ ਰਹੇ ਹਨ। ਇਸ ਮੁਲਕ ਵਿਚ ਅਜੀਬ ਤਰ੍ਹਾਂ ਦੀ ਭ੍ਰਿਸ਼ਟ ਸਰਮਾਏਦਾਰੀ ਦਾ ਵਿਕਾਸ ਹੋਇਆ ਹੈ ਜਿਸ ਨੇ ਅਜੋਕੇ ਇਤਿਹਾਸ ਨਾਲ ਨਵੀਆਂ ਅਲਾਮਤਾਂ ਜੋੜ ਦਿੱਤੀਆਂ ਹਨ। ਇਹ ਅਲਾਮਤਾਂ ਸਾਡੇ ਇਖ਼ਲਾਕ ਅਤੇ ਸਭਿਆਚਾਰ ਉਪਰ ਆਪਣੀ ਛਾਪ ਛੱਡ ਰਹੀਆਂ ਹਨ। ਭ੍ਰਿਸ਼ਟ, ਫ਼ਿਰਕੂ ਅਤੇ ਅਪਰਾਧੀ ਤੱਤ ਦੇਸ਼ ਦੀ ਮੁੱਖਧਾਰਾ ਬਣਿਆ ਹੋਇਆ ਹੈ। ਭਾਰਤੀ ਸਮਾਜ ਦੀਆਂ ਜਮਾਤਾਂ, ਜਾਤਾਂ, ਧਰਮ, ਬੋਲੀਆਂ, ਇਲਾਕੇ, ਨਸਲੀ ਸਭਿਆਚਾਰ ਅਤੇ ਕੌਮੀਅਤਾਂ ਦੇ ਮਸਲੇ ਤਿੱਖੇ ਅਤੇ ਵਿਸਫੋਟਕ ਬਣੇ ਹੋਏ ਹਨ ਜਿਨ੍ਹਾਂ ਦਾ ਰੂਪ ਦੇਸ਼ ਦੇ ਵੱਖੋ-ਵੱਖਰੇ ਕੋਨਿਆਂ ਵਿਚ ਉਭਰਵੇਂ ਰੂਪ ਵਿਚ ਸਾਹਮਣੇ ਆ ਰਿਹਾ ਹੈ।

ਗ਼ਦਰੀ ਬਾਬਿਆਂ ਨੇ ਆਪਣੇ ਆਦਰਸ਼ਵਾਦ, ਟੀਚੇ ਅਤੇ ਰਾਜਨੀਤੀ ਸਪਸ਼ਟ ਰੂਪ ਵਿਚ ਲੋਕਾਂ ਦੇ ਸਨਮੁੱਖ ਰੱਖੀ ਸੀ। ਉਸ ਕਿਸਮ ਦੀ ਯੁੱਧਨੀਤਕ ਦ੍ਰਿਸ਼ਟੀ ਅਤੇ ਰਾਜਨੀਤੀ ਅਜੋਕੇ ਭਾਰਤੀ ਸਮਾਜ ਵਿਚ ਕਾਫ਼ੀ ਹੱਦ ਤਕ ਨਿਵਾਣਾਂ ਵੱਲ ਚਲੀ ਗਈ ਹੈ। ਹਾਲਾਂਕਿ ਵੱਖ-ਵੱਖ ਪੱਧਰ ਉਤੇ ਵਧੇ ਹੋਏ ਆਰਥਿਕ ਵਖਰੇਵਿਆਂ ਕਾਰਨ ਸੰਘਰਸ਼ ਨਿੱਤ ਨਵਾਂ ਰੂਪ ਲੈ ਰਹੇ ਹਨ, ਪਰ ਸਿਆਸੀ ਖੇਤਰ ਵਿਚ ਪਹਿਲਕਦਮੀ ਦੀ ਅਣਹੋਂਦ ਕਰਕੇ ਸਮਾਜ ਦਾ ਆਰਥਿਕ, ਸਮਾਜੀ ਅਤੇ ਇਖ਼ਲਾਕੀ ਸੰਕਟ ਵਿਰੋਧਾਂ ਨੂੰ ਤਿੱਖਾ ਕਰਕੇ ਆਪਸੀ ਟਕਰਾਅ ਨੂੰ ਵਧਾ ਰਿਹਾ ਹੈ। ਸਿਰ ਤੋਂ ਪੈਰਾਂ ਤਕ ਮਾਫ਼ੀਆ ਵਾਂਗ ਨਿੱਘਰਿਆ ਪ੍ਰਬੰਧ ਹੋਰ ਸਮੱਸਿਆਵਾਂ ਖੜ੍ਹੀਆਂ ਕਰ ਰਿਹਾ ਹੈ ਜਿਸ ਦਾ ਕੋਈ ਪ੍ਰਭਾਵਸ਼ਾਲੀ ਬਦਲ ਦਿਖਾਈ ਨਹੀਂ ਦਿੰਦਾ। ਦੇਸ਼ ਦੇ ਹਾਕਮ ਮਸਲਿਆਂ ਨੂੰ ਹੱਲ ਕਰਨ ਦੀ ਥਾਂ ਖ਼ੁਦ ਹੀ ਮਸਲਾ ਬਣ ਰਹੇ ਹਨ। ਵੱਖੋ ਵੱਖਰੀ ਕਿਸਮ ਦੇ ਮਸਲੇ ਉਭਾਰ ਕੇ ਲੋਕਾਂ ਦੇ ਬੁਨਿਆਦੀ ਮਸਲਿਆਂ ਤੋਂ ਲੋਕਾਂ ਦਾ ਧਿਆਨ ਪਰ੍ਹੇ ਕੀਤਾ ਜਾ ਰਿਹਾ ਹੈ। ਵਿਡੰਬਨਾ ਇਹ ਹੈ ਕਿ ਲੋਕਾਂ ਨੂੰ ਮੌਜੂਦਾ ਹਾਕਮ ਜਮਾਤਾਂ ਦੀ ਸਿਆਸਤ ਦੇ ਰਹਿਮੋ-ਕਰਮ ਉਪਰ ਜਿਊਣਾ ਪੈ ਰਿਹਾ ਹੈ। ਉਹ ਇਸ ਤੋਂ ਦੁਖੀ ਵੀ ਹਨ, ਪੀੜਤ ਵੀ, ਨਿਹੱਥੇ ਵੀ ਅਤੇ ਵਿਚਾਰਧਾਰਕ ਤੌਰ 'ਤੇ ਦਿਸ਼ਾਹੀਣ ਵੀ ਹਨ।

ਅਜੋਕੇ ਸਮੇਂ ਗਦਰੀ ਵਿਰਾਸਤ ਦੇ ਅਹਿਮ ਮੁੱਲਾਂ ਨੂੰ ਬਦਲਵੀਂ ਸਿਆਸਤ ਦੇ ਰੂਪ ਵਿਚ ਵਿਕਸਤ ਕਰਨ ਲਈ ਪ੍ਰੇਰਨਾ ਸਰੋਤ ਸਮਝਣਾ ਚਾਹੀਦਾ ਹੈ। ਇਹ ਕਿਸੇ ਵੀ ਸਮਾਜ ਦੇ ਗ਼ਲਬੇ ਨੂੰ ਪਰ੍ਹੇ ਕਰਨ ਲਈ ਸੰਘਰਸ਼ ਦੀ ਕਾਮਯਾਬੀ ਲਈ ਜ਼ਰੂਰੀ ਹੈ। ਹਰ ਸਮੇਂ ਲੋਕਾਂ ਦੀ ਤਾਕਤ ਨੂੰ ਸੰਘਰਸ਼ਾਂ ਵਿਚ ਇਨਕਲਾਬੀ ਚੇਤਨਤਾ ਦਾ ਰੰਗ ਚਾੜ੍ਹਨ ਤੋਂ ਉਪਰ ਉਠ ਕੇ ਬਦਲਵੀਂ ਰਾਜਨੀਤੀ ਦਾ ਨਕਸ਼ਾ ਲੋਕਾਂ ਦੇ ਸਨਮੁੱਖ ਰੱਖਣਾ ਜ਼ਰੂਰੀ ਹੁੰਦਾ ਹੈ। ਗਦਰੀ ਬਾਬਿਆਂ ਨੇ ਜਿਵੇਂ ਆਪਣੇ ਟੀਚਿਆਂ ਵਿਚ ਰੱਖਿਆ ਸੀ ਅਤੇ ਬਾਅਦ ਵਿਚ ਭਗਤ ਸਿੰਘ ਹੋਰਾਂ ਨੇ ਸਮਾਜ ਦੀ ਕਾਇਆ-ਕਲਪ ਲਈ ਸਮਾਜਵਾਦੀ ਮਾਡਲ ਦਾ ਨਕਸ਼ਾ ਲੋਕਾਂ ਅੱਗੇ ਪੇਸ਼ ਕੀਤਾ ਸੀ। ਦਰਅਸਲ, ਗਦਰ ਪਾਰਟੀ ਨੇ ਗਦਰੀ ਬਾਬਿਆਂ ਵਲੋਂ ਮੁੱਦਿਆਂ ਉਪਰ ਆਧਾਰਿਤ ਹਕੀਕੀ ਰਾਜਨੀਤੀ ਪੇਸ਼ ਕਰਨ ਦਾ ਕਾਰਜ ਕੀਤਾ। ਅੱਜ ਦੇ ਸਮਾਜ ਦੇ ਹਾਲਾਤ ਦਾ ਵਿਸ਼ਲੇਸ਼ਣ ਕਰਨਾ ਅਤੇ ਇਸ ਵਿਚ ਸੰਘਰਸ਼ਸ਼ੀਲ ਹਿੱਸਿਆਂ ਨੂੰ ਸਵੈ-ਵਿਸ਼ਲੇਸ਼ਣ ਦੀ ਪ੍ਰਕਿਰਿਆ ਵਿਚ ਸ਼ਾਮਿਲ ਹੋਣਾ ਪਵੇਗਾ। ਵਾਤਾਵਰਣ ਉਪਰ ਅੰਦੋਲਨ, ਦਲਿਤਾਂ ਦੇ ਸਮਾਜਿਕ, ਸਭਿਆਚਾਰਕ ਅਤੇ ਆਰਥਿਕ ਮਸਲਿਆਂ ਉਪਰ ਸੰਘਰਸ਼, ਧਾਰਮਿਕ ਤੇ ਸਭਿਆਚਾਰਕ ਤੌਰ 'ਤੇ ਘੱਟ ਗਿਣਤੀਆਂ ਨਾਲ ਵਿਤਕਰੇ ਦਾ ਸਵਾਲ ਆਦਿ ਕਈ ਕਿਸਮ ਦੀਆਂ ਨਵੀਆਂ ਸਮਾਜਿਕ ਲਹਿਰਾਂ ਸੰਘਰਸ਼ ਸਦਕਾ ਆਪਣਾ ਰਾਹ ਤਲਾਸ਼ਣ ਲੱਗੀਆਂ ਹਨ। ਮਜ਼ਦੂਰ ਅਤੇ ਕਿਸਾਨ ਇਥੋਂ ਤਕ ਨੌਜਵਾਨਾਂ ਦੇ ਕਈ ਵਰਗ ਆਪੋ-ਆਪਣੀਆਂ ਆਰਥਿਕ ਅਤੇ ਸਮਾਜਿਕ ਸਮੱਸਿਆਵਾਂ ਨੂੰ ਲੈ ਕੇ ਸੰਘਰਸ਼ ਦੇ ਰਸਤੇ ਉਪਰ ਪਏ ਹੋਏ ਹਨ, ਪਰ ਯੁਧਨੀਤਕ ਨਿਸ਼ਾਨੇ ਦੀ ਅਸਪਸ਼ਟਤਾ ਕਾਰਨ ਲੋਕਪੱਖੀ ਸਿਆਸਤ ਬਦਲਵਾਂ ਧਰਾਤਲ ਵਿਕਸਤ ਕਰਨ ਤੋਂ ਅਸਮਰੱਥ ਜਾਪਦੀ ਹੈ। ਬਦਲਵੀਂ ਰਾਜਨੀਤੀ ਦਾ ਕਾਰਜ ਮੁਸ਼ਕਿਲ ਜ਼ਰੂਰ ਹੈ, ਪਰ ਇਹ ਅਸੰਭਵ ਨਹੀਂ। ਅਜਿਹੇ ਹਾਲਾਤ ਵਿਚ ਗਦਰੀ ਵਿਰਾਸਤ ਦਾ ਤਕਾਜ਼ਾ ਅਜੋਕੇ ਤਬਦੀਲੀ ਵਾਲੇ ਹਿੱਸਿਆਂ ਨੂੰ ਰਾਜਨੀਤਕ ਤਬਦੀਲੀਆਂ ਵਾਲੇ ਨਾਇਕ ਬਣਾਉਣ ਦੀ ਸਮਰੱਥਾ ਰੱਖਦਾ ਹੈ। ਤਬਦੀਲੀ ਜ਼ਰੀਏ ਬਿਹਤਰ ਸਮਾਜ ਸਿਰਜਣ ਦੀਆਂ ਸੰਭਾਵਨਾਵਾਂ ਪਹਿਲੇ ਸਮਿਆਂ ਦੇ ਮੁਕਾਬਲਤਨ ਕਿਤੇ ਵਸੀਹ ਹਨ। ਜੇ ਇਨ੍ਹਾਂ ਸੰਭਾਵਨਾਵਾਂ ਨੂੰ ਸਹੀ ਪ੍ਰਸੰਗ ਵਿਚ ਵਿਕਸਿਤ ਨਾ ਕੀਤਾ ਜਾਵੇ ਤਾਂ ਸਮੇਂ ਦੇ ਹਾਕਮ ਇਨ੍ਹਾਂ ਨੂੰ ਆਪਣੇ ਹਿੱਤਾਂ ਦੀ ਪੂਰਤੀ ਲਈ ਵਰਤ ਲੈਂਦੇ ਹਨ। ਇਸ ਲਈ ਗਦਰੀ ਵਿਰਾਸਤ ਨੂੰ ਬਦਲਵੀਂ ਰਾਜਨੀਤੀ ਦੇ ਪ੍ਰਸੰਗ 'ਚ ਅਜੋਕੀਆਂ ਚੁਣੌਤੀਆਂ ਦੇ ਸਨਮੁੱਖ ਰੱਖ ਕੇ ਕਾਰਜ ਕਰਨੇ ਚਾਹੀਦੇ ਹਨ। ਤੱਤਸਾਰ ਇਹ ਹੈ ਕਿ ਆਪਣੀ ਜਦੋਜਹਿਦ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ ਹੈ। ਅਜੋਕੇ ਮਾਹੌਲ ਵਿਚ ਗਦਰੀ ਬਾਬਿਆਂ, ਉਨ੍ਹਾਂ ਦੀਆਂ ਕੁਰਬਾਨੀਆਂ ਅਤੇ ਵਿਚਾਰਧਾਰਾ ਦੀ ਕੀਮਤ ਹੋਰ ਵੀ ਵਧ ਗਈ ਹੈ।

# ਸਬੰਧ ਅਤੇ ਸੰਪਰਕ ਵਿਚਲੀ ਸੂਖਮਤਾ

## ਕਣੀਆਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦਾ ਸੁਨੇਹਾ ਸਾਨੂੰ ਚੇਤੇ ਕਰਵਾਇਆ ਸੀ, ਜੋ ਸਿੱਖ ਭੁੱਲਦੇ ਜਾ ਰਹੇ ਹਨ। ਉਨ੍ਹਾਂ ਦਾ ਸਵਾਲ ਸੀ, "ਕੀ ਅਸੀਂ ਸਿੱਖ-ਸੋਚ ਅਤੇ ਬਾਣੀ ਵਿਚਲੀ ਸੇਧ ਅਨੁਸਾਰ ਆਪਣਾ ਨਿੱਤਪ੍ਰਤੀ ਦਾ ਜੀਵਨ ਜਿਉਂਦੇ ਹਾਂ? ਕੀ ਅਸੀਂ ਸਿੱਖ ਅਖਵਾਉਣ ਦੇ ਹੱਕਦਾਰ ਹਾਂ?" ਹਥਲੇ ਲੇਖ ਵਿਚ ਡਾ. ਭੰਡਾਲ ਨੇ ਮਨੁੱਖੀ ਰਿਸ਼ਤਿਆਂ ਦੀ ਗੱਲ ਕੀਤੀ ਹੈ ਕਿ ਇਹ ਰਿਸ਼ਤੇ ਦੋ ਤਰ੍ਹਾਂ ਦੇ ਹਨ, ਇਕ ਨਿਰੀ ਜਾਣ-ਪਛਾਣ ਜਾਂ ਸੰਪਰਕ ਅਤੇ ਦੂਜੇ ਸਬੰਧਾਂ ਦੇ। ਉਹ ਕਹਿੰਦੇ ਹਨ, "ਸਬੰਧ ਹੋਣ ਤਾਂ ਗਲਵੱਕੜੀ 'ਚੋਂ ਵਿਸਮਾਦ ਪੈਦਾ ਹੁੰਦਾ ਅਤੇ ਸਕੂਨ ਤੇ ਅਪਣੱਤ ਦੀ ਮਹਿਕ ਫੈਲਦੀ। ਸੰਪਰਕ ਵਾਲਿਆਂ ਨੂੰ ਤਾਂ ਗਲੇ ਲਾਉਣ ਬਾਰੇ ਸੋਚਣਾ ਹੀ ਫਜ਼ੂਲ ਹੁੰਦਾ।...ਸਬੰਧਾਂ ਦੀ ਗਿਣਤੀ ਨੂੰ ਉਂਗਲਾਂ 'ਤੇ ਗਿਣਿਆ ਜਾ ਸਕਦਾ ਹੈ, ਜਦ ਕਿ ਸੰਪਰਕ ਵਾਲੇ ਲੋਕ ਹਜ਼ਾਰਾਂ ਅਤੇ ਲੱਖਾਂ ਵਿਚ ਵੀ ਹੋ ਸਕਦੇ।" ਉਨ੍ਹਾਂ ਦੀ ਨਸੀਹਤ ਹੈ, "ਸੰਪਰਕ ਨਾ ਬਣਾਓ ਸਗੋਂ ਸਬੰਧ ਉਗਾਓ। ਸਬੰਧ ਨਾਲ ਰਿਸ਼ਤਾ ਧੁਰ-ਕਦੀਮ ਦਾ ਹੋਵੇਗਾ, ਪਰ ਸੰਪਰਕ ਤਾਂ ਸੰਪਰਕ ਤੀਕ ਹੀ ਸੀਮਤ।...ਸਬੰਧ ਘੱਟ ਹੋਣ ਪਰ ਹੋਣ ਮਜ਼ਬੂਤ ਅਤੇ ਚਿਰ ਸਦੀਵੀ, ਜਿਨ੍ਹਾਂ ਦੀ ਮਿੱਤਰ-ਤਾਈ ਤੁਹਾਡੇ ਲਈ ਮਾਣਮੱਤਾ ਅਹਿਸਾਸ ਹੋਵੇ।" -ਸੰਪਾਦਕ***

ਸਬੰਧ, ਨਿੱਜੀ ਨੇੜਤਾ, ਨਿੱਤ ਦਾ ਮੇਲ-ਮਿਲਾਪ ਅਤੇ ਹਰ ਮੋੜ 'ਤੇ ਇਕ ਦੂਜੇ ਨਾਲ ਦੁਆ-ਸਲਾਮ। ਸੰਪਰਕ, ਦੂਰ ਦੀ ਜਾਣ-ਪਛਾਣ, ਕਦੇ ਕਦਾਈਂ ਕਿਸੇ ਨੂੰ ਮਿਲਣਾ ਅਤੇ ਜ਼ਿੰਦਗੀ ਵਿਚ 'ਕੇਰਾਂ ਕਿਸੇ ਮੋੜ 'ਤੇ ਮਿਲ ਪੈਣਾ।

ਸਬੰਧ, ਰੂਹ-ਰਾਬਤਾ, ਅੰਤਰੀਵੀ-ਸਾਂਝ, ਦਿਲ ਤੋਂ ਦਿਲ ਤੀਕ ਦਾ ਸਫਰ ਅਤੇ ਇਕ ਦੂਜੇ ਦੇ ਮਨ ਦੀ ਅੰਤਰ-ਯਾਮਤਾ। ਸੰਪਰਕ ਨੂੰ ਰਾਬਤਾ ਨਹੀਂ ਕਿਹਾ ਜਾ ਸਕਦਾ। ਕਦੇ ਨਹੀਂ ਸਾਂਝੀਆਂ ਹੁੰਦੀਆਂ ਦਿਲ ਦੀਆਂ ਗੱਲਾਂ, ਭੇਤ ਦੱਸਣ ਦੀ ਨਹੀਂ ਹੁੰਦੀ ਕਾਹਲ ਅਤੇ ਨਾ ਹੀ ਸੰਪਰਕ ਵਾਲੇ ਨਾਲ ਅੰਤਰ-ਸੋਝੀ ਸਾਂਝੀ ਕੀਤੀ ਜਾ ਸਕਦੀ।

ਸਬੰਧ ਹੋਣ ਤਾਂ ਗਲਵੱਕੜੀ 'ਚੋਂ ਵਿਸਮਾਦ ਪੈਦਾ ਹੁੰਦਾ ਅਤੇ ਸਕੂਨ ਤੇ ਅਪਣੱਤ ਦੀ ਮਹਿਕ ਫੈਲਦੀ। ਸੰਪਰਕ ਵਾਲਿਆਂ ਨੂੰ ਤਾਂ ਗਲੇ ਲਾਉਣ ਬਾਰੇ ਸੋਚਣਾ ਹੀ ਫਜ਼ੂਲ ਹੁੰਦਾ। ਕੋਈ ਆਸ ਰੱਖਣੀ ਹੀ ਕੁਥਾਂ ਹੁੰਦੀ।

ਸਬੰਧਾਂ ਵਿਚਲੀ ਪਾਕੀਜ਼ਗੀ, ਆਪਣਾਪਨ ਅਤੇ ਮੋਹ-ਭਿੱਜਤਾ ਨੂੰ ਸੰਪਰਕ ਵਿਚੋਂ ਕਿਆਸਣਾ ਮਨੁੱਖ ਦੀ ਸਭ ਤੋਂ ਵੱਡੀ ਭੁੱਲ। ਅਜੋਕੇ ਮਨੁੱਖ ਦੀ ਸੰਪਰਕਾਂ ਵਿਚੋਂ ਹੀ ਸਬੰਧਾਂ ਦੀ ਤਲਾਸ਼, ਸਿਰਫ ਇਕ ਮ੍ਰਿਗ-ਤ੍ਰਿਸ਼ਨਾ।

ਸਬੰਧ ਬਹੁਤ ਹੀ ਵਿਰਲਿਆਂ ਅਤੇ ਗਿਣੇ ਚੁਣੇ ਲੋਕਾਂ ਨਾਲ ਸਥਾਪਤ ਹੁੰਦੇ, ਉਹ ਲੋਕ ਜੋ ਤੁਹਾਡੇ ਸਭ ਤੋਂ ਵੱਧ ਕਰੀਬੀ, ਜਿਨ੍ਹਾਂ ਨਾਲ ਸੁਪਨਿਆਂ ਦੀ ਸਾਂਝ ਅਤੇ ਖਿਆਲਾਂ ਦੀ ਭਾਈਵਾਲੀ। ਉਨ੍ਹਾਂ ਸੰਗ ਗੁਫਤਗੂ ਅਮੁੱਕ ਹੁੰਦੀ। ਨਿੱਕੀਆਂ ਨਿੱਕੀਆਂ ਬਾਤਾਂ ਦੀ ਲੰਮੇਰੀ ਲੜੀ ਅਤੇ ਇਨ੍ਹਾਂ 'ਚੋਂ ਹਾਸਿਆਂ ਦੇ ਸ਼ਗੂਫੇ ਫੁੱਟਦੇ। ਪਰ ਸੰਪਰਕ ਵਿਚ ਆਉਣ ਵਾਲੇ ਲੋਕਾਂ ਨਾਲ ਨਹੀਂ ਹੁੰਦਾ ਅਜਿਹਾ। ਸਿਰਫ ਰਸਮੀ ਗੱਲਬਾਤ ਤੱਕ ਹੀ ਸੀਮਤ ਹੋ ਕੇ ਰਹਿ ਜਾਂਦੀ ਏ ਬਾਤ-ਚੀਤ ਅਤੇ ਬੜੀ ਜਲਦੀ ਮੁੱਕ ਜਾਂਦੀਆਂ ਨੇ ਗੱਲਾਂ।

ਸਬੰਧ ਬਣਾਉਣ ਵਾਲਿਆਂ ਨਾਲ ਕਰੀਦੇ ਨੇ ਭੇਤ ਸਾਂਝੇ, ਰੂਹ ਦੀਆਂ ਬਾਤਾਂ ਦੀ ਲਾਮਡੋਰੀ, ਬੀਤੇ ਹੋਏ ਪਲਾਂ ਨੂੰ ਮਾਣਦੇ ਅਤੇ ਆਉਣ ਵਾਲੇ ਸਮੇਂ ਦੇ ਮੁੱਖ 'ਤੇ ਸਤਰੰਗੀ ਦੀ ਕਲਾ-ਨਿਕਾਸ਼ੀ ਕਰਨ ਲਈ ਵਿਉਂਤਾਂ ਘੜਦੇ। ਸੰਪਰਕ ਵਾਲੇ ਵਿਅਕਤੀ ਨਾਲ ਅਜਿਹਾ ਕੁਝ ਵੀ ਨਹੀਂ ਹੁੰਦਾ।

ਸਬੰਧਾਂ ਵਾਲੇ ਸਾਥੀਆਂ ਦੇ ਨਾਮ ਦਿਲ ਦੇ ਵਰਕੇ 'ਤੇ ਉਕਰੇ ਹੁੰਦੇ ਅਤੇ ਉਨ੍ਹਾਂ ਨੂੰ ਸੁਪਨੇ ਵਿਚ ਮਾਰੀ ਹਾਕ ਵੀ ਸੁਣਾਈ ਦਿੰਦੀ। ਉਹ ਤੁਹਾਡੀ ਮੂਕ ਆਸ ਲਈ ਵੀ ਵਿਸ਼ਵਾਸ ਦੀ ਕੜੀ ਬਣਦੇ। ਪਰ ਸੰਪਰਕਾਂ ਨਾਲ ਭਰਿਆ ਹੁੰਦਾ ਏ ਤੁਹਾਡਾ ਟੈਲੀਫੋਨ। ਸ਼ੋਸ਼ਲ ਮੀਡੀਆ 'ਤੇ ਜੁੜਨ ਵਾਲੇ ਲੋਕ ਸਿਰਫ ਸੰਪਰਕ ਹੁੰਦੇ। ਕੁਝ ਤਾਂ ਟਾਈਮ ਪਾਸ ਕਰਦੇ ਅਤੇ ਕੁਝ ਕੁ ਤੁਹਾਡੇ ਸੁਹਜ ਤੇ ਕੋਮਲਤਾ ਨੂੰ ਆਪਣੇ ਹਿੱਤਾਂ ਲਈ ਵਰਤਣ ਤੋਂ ਵੀ ਗੁਰੇਜ਼ ਨਹੀਂ ਕਰਦੇ।

ਸਬੰਧਾਂ ਦੀ ਗਿਣਤੀ ਨੂੰ ਉਂਗਲਾਂ 'ਤੇ ਗਿਣਿਆ ਜਾ ਸਕਦਾ ਹੈ, ਜਦ ਕਿ ਸੰਪਰਕ ਵਾਲੇ ਲੋਕ ਹਜ਼ਾਰਾਂ ਅਤੇ ਲੱਖਾਂ ਵਿਚ ਵੀ ਹੋ ਸਕਦੇ। ਬਿਪਤਾ ਪੈਣ 'ਤੇ ਸੰਪਰਕ ਤਾਂ ਪਿੱਠ ਦਿਖਾਉਣ ਲੱਗੇ ਪਲ ਨਹੀਂ ਲਾਉਂਦੇ। ਸਬੰਧ ਹੀ ਹੁੰਦੇ, ਜੋ ਤੁਹਾਡੇ ਲਈ ਚੱਟਾਨ ਬਣਦੇ। ਦਰਅਸਲ ਉਹ ਸਬੰਧਾਂ ਦਾ ਸੁੱਚਮ ਹੁੰਦੇ। ਭੀੜ ਪੈਣ 'ਤੇ ਤਾਂ ਕਈ ਵਾਰ ਸਬੰਧ ਵੀ ਸੰਪਰਕ ਬਣ ਕੇ ਰਹਿ ਜਾਂਦੇ। ਫਿਰ ਸੰਪਰਕਾਂ ਤੋਂ ਕੀ ਆਸ ਰੱਖੋਗੇ ਕਿ ਉਹ ਸਬੰਧ ਬਣ ਜਾਣ ਅਤੇ ਤੁਹਾਡੇ ਲਈ ਜਾਨ ਵਾਰਨ!

ਸਬੰਧ ਹੀ ਕਈ ਵਾਰ ਸਾਂਝਾਂ ਅਤੇ ਰਿਸ਼ਤੇਦਾਰੀਆਂ ਵਿਚ ਤਬਦੀਲ ਹੋ ਕੇ ਸਮਾਜਕ ਕੜੀ ਲਈ ਮਜ਼ਬੂਤੀ ਦਾ ਆਧਾਰ ਹੁੰਦੇ। ਬਹੁਤ ਘੱਟ ਸੰਪਰਕ ਹੁੰਦੇ, ਜਿਨ੍ਹਾਂ ਨੇ ਕਦੇ ਸਾਂਝ ਜਾਂ ਰਿਸ਼ਤੇਦਾਰੀ ਵੰਨੀਂ ਹੱਥ ਵਧਾਇਆ ਹੋਵੇ।

***ਮੇਰਾ ਦੋਸਤ ਹੈ। ਬੜੇ ਉਚੇ ਰੁਤਬੇ ਤੋਂ ਰਿਟਾਇਰ ਹੋ ਕੇ ਜੀਵਨ ਦੇ ਆਖਰੀ ਪੜਾਅ ਨੂੰ ਮਾਣ ਰਿਹਾ ਏ। ਕਦੇ ਕਦਾਈਂ ਫੋਨ ਕਰਾਂ ਤਾਂ ਉਸ ਦਾ ਉਲਾਹਮਾ ਹੁੰਦਾ ਕਿ ਜਦ ਮੈਂ 'ਕੁਝ' ਸੀ ਤਾਂ ਹਰੇਕ ਹੀ ਮੇਰੇ ਸੰਪਰਕ ਵਿਚ ਰਹਿਣਾ ਪਸੰਦ ਕਰਦਾ ਸੀ ਅਤੇ ਨਿੱਜੀ ਮੁਫਾਦ ਲਈ ਮੈਨੂੰ ਵਰਤ ਲੈਂਦਾ ਸੀ। ਅੱਜ ਜਦ ਮੈਂ ਰਿਟਾਇਰ ਹੋ ਗਿਆ ਹਾਂ ਤਾਂ ਤੇਰੇ ਵਰਗੇ ਦੋ ਚਾਰ ਹੀ ਹਨ, ਜੋ ਫੋਨ ਕਰਦੇ ਨੇ। ਮੇਰੇ ਆਲੇ-ਦੁਆਲੇ ਜੁੜੇ ਹੋਏ ਉਹ ਲੋਕ ਪਤਾ ਨਹੀਂ ਕਿਧਰ ਚਲੇ ਗਏ? ਸੁਘੜ, ਸਿਆਣੇ ਅਤੇ ਬਹੁਤ ਹੀ ਸੰਵੇਦਨਸ਼ੀਲ ਮਿੱਤਰ ਨੂੰ ਕਿਵੇਂ ਸਮਝਾਵਾਂ ਕਿ ਇਹ ਦੁਨੀਆਂ ਏ! ਇਹ ਸੰਪਰਕ ਬਣਾ ਕੇ ਬੰਦੇ ਨੂੰ ਵਰਤਦੀ ਏ। ਸਿਰਫ ਕੁਝ ਕੁ ਸਬੰਧ ਹੀ ਹੁੰਦੇ ਜੋ ਵਰਤਣ ਦੀ ਥਾਂ ਵਰਤੇ ਜਾਣ ਲਈ ਉਤਾਵਲੇ ਹੁੰਦੇ।***

ਸਬੰਧ, ਮੁਫਾਦ ਅਤੇ ਲੋਭ ਤੋਂ ਉਪਰ ਅਤੇ ਸਬੰਧਾਂ ਦੀ ਸਦੀਵਤਾ ਲਈ ਸਭ ਕੁਝ ਨਿਛਾਵਰ ਕਰਨ ਨੂੰ ਤਿਆਰ। ਸੰਪਰਕ ਸਿਰਫ ਲੋੜ 'ਤੇ ਆਧਾਰਤ ਅਤੇ ਨਿੱਜ-ਪੂਰਤੀ ਦਾ ਨਾਮ।

ਸਬੰਧਾਂ ਵਾਲੇ ਲੋਕਾਂ ਸੰਗ ਹੱਸਣਾ, ਬੋਲਣਾ, ਝਗੜਨਾ, ਖਾਣਾ, ਖੇਡਣਾ, ਰੋਣਾ, ਰੁਆਣਾ ਅਤੇ ਠੱਠਾ-ਮਖੌਲ ਕਰਨਾ, ਜੀਵਨ-ਨਾਦ। ਕੋਈ ਨਹੀਂ ਕਰਦਾ ਇਕ ਦੂਸਰੇ ਦਾ ਗੁੱਸਾ। ਉਨ੍ਹਾਂ ਵਿਚ ਜ਼ਿੰਦਗੀ ਨੂੰ ਭਰਪੂਰਤਾ ਨਾਲ ਜਿਉਣ ਦਾ ਜਜ਼ਬਾ। ਜਦ ਕਿ ਸੰਪਰਕ ਰੱਖਣ ਵਾਲਿਆਂ ਨਾਲ ਚਾਹ ਦਾ ਕੱਪ ਵੀ ਸਾਂਝਾ ਕਰਨ ਲੱਗਿਆਂ ਸੀਮਤ ਵਲਗਣਾਂ ਵਿਚ ਖੁਦ ਨੂੰ ਸੰਗੋੜਨਾ ਪੈਂਦਾ। ਇਕ ਉਚੇਚ, ਪ੍ਰਾਹੁਣਾਚਾਰੀ ਅਤੇ ਦੂਰੀ ਦੀ ਦੀਵਾਰ ਹਮੇਸ਼ਾ ਕਾਇਮ ਰਹਿੰਦੀ, ਜਿਸ ਨੂੰ ਤੁਸੀਂ ਚਾਹ ਕੇ ਨਹੀਂ ਤੋੜ ਸਕਦੇ। ਸਬੰਧਾਂ ਵਿਚ ਨਹੀਂ ਹੁੰਦੀ ਕੋਈ ਤ੍ਰੇੜ, ਦੀਵਾਰ ਜਾਂ ਓਹਲਾ। ਤੁਸੀਂ ਅੰਦਰੋਂ ਤੇ ਬਾਹਰੋਂ ਇਕ ਸੁਰ, ਖੁਦ ਨੂੰ ਫਰੋਲਦੇ ਅਤੇ ਇਸ 'ਚੋਂ ਹੀ ਆਪ ਨੂੰ ਵਿਸ਼ਾਲਦੇ ਹੋ। ਸੰਪਰਕ ਵਿਚ ਤਾਂ ਓਹਲੇ ਹੀ ਓਹਲੇ। ਪਰਤ ਦਰ ਪਰਤ ਜਿਉਂਦੇ ਨੇ ਸੰਪਰਕ ਵਿਚ ਰਹਿਣ ਵਾਲੇ ਲੋਕ।

ਸੰਪਰਕ ਨਾ ਬਣਾਓ ਸਗੋਂ ਸਬੰਧ ਉਗਾਓ। ਸਬੰਧ ਨਾਲ ਰਿਸ਼ਤਾ ਧੁਰ-ਕਦੀਮ ਦਾ ਹੋਵੇਗਾ, ਪਰ ਸੰਪਰਕ ਤਾਂ ਸੰਪਰਕ ਤੀਕ ਹੀ ਸੀਮਤ।


ਸਬੰਧਾਂ ਵਿਚ ਸਾਡੀ ਗੂੜ੍ਹ ਮਿੱਤਰ-ਮੰਡਲੀ ਅਤੇ ਪਰਿਵਾਰ ਸ਼ਾਮਲ ਹੁੰਦਾ, ਜੋ ਸਾਡੇ ਨਿੱਜ ਦਾ ਇਕ ਹਿੱਸਾ ਹੁੰਦਾ ਅਤੇ ਇਨ੍ਹਾਂ ਦੀ ਸੰਗਤ ਵਿਚੋਂ ਨਵੀਂ ਦੁਨੀਆਂ ਦਾ ਆਗਾਜ਼ ਹੁੰਦਾ, ਜੋ ਸਿਰਫ ਸਾਡੇ ਲਈ ਹੀ ਸਿਰਜੀ ਹੁੰਦੀ। ਸੰਪਰਕ ਵਿਚ ਹਰ ਵਿਅਕਤੀ ਹੀ ਸ਼ਾਮਲ ਹੁੰਦਾ, ਜੋ ਸਦਾ ਪਰਾਇਆ ਹੀ ਰਹਿੰਦਾ।

ਸਬੰਧ ਤੁਹਾਡੇ ਮਨ, ਖਿਆਲ, ਸੁਪਨੇ, ਕਰਮ-ਜਾਚਨਾ ਅਤੇ ਸੋਚ-ਸਮਰੱਥਾ ਨੂੰ ਨਵੇਂ ਦਿਸਹੱਦੇ ਪ੍ਰਦਾਨ ਕਰਦੇ। ਜਦ ਕਿ ਦਿਸ਼ਾਹੀਣ ਸੰਪਰਕਾਂ ਤੋਂ ਕਿਹੜੀ ਸੇਧ ਦੀ ਆਸ ਰੱਖ ਸਕਦੇ ਹੋ?

ਸਬੰਧਾਂ ਅਤੇ ਸਕੀਰੀਆਂ ਦੇ ਸਾਥ ਵਿਚ ਅੱਥਰੂ ਵਹਾਉਣ 'ਤੇ ਮਨ ਹਲਕਾ ਹੋ ਜਾਂਦਾ ਪਰ ਸੰਪਰਕ ਵਾਲੇ ਲੋਕਾਂ ਸਾਹਵੇਂ ਤੁਹਾਡੇ ਹੰਝੂ ਹੀ ਤੁਹਾਡਾ ਮਜ਼ਾਕ ਬਣ ਜਾਂਦੇ।

ਸਬੰਧ ਤੁਹਾਡੀ ਕਮਜ਼ੋਰੀ ਨੂੰ ਮਜ਼ਬੂਤੀ, ਦਿਲਗੀਰੀ ਨੂੰ ਹੌਂਸਲਾ ਅਤੇ ਥਿੜਕਦੇ ਕਦਮਾਂ ਨੂੰ ਸਥਿਰਤਾ ਦਿੰਦੇ ਜਦ ਕਿ ਸੰਪਰਕ ਤੁਹਾਡੀ ਕਮਜ਼ੋਰੀ, ਖੁਨਾਮੀ ਜਾਂ ਕੋਤਾਹੀ ਵਿਚੋਂ ਵੀ ਸਵੈ-ਸੁਆਰਥ ਦੀ ਝਾਕ ਰੱਖਦੇ।

ਸਬੰਧ ਬਣਾਉਣੇ ਬਹੁਤ ਔਖੇ। ਬਣਦੇ ਨੇ ਬਹੁਤ ਹੌਲੀ-ਹੌਲੀ। ਕਈ ਵਾਰ ਤਾਂ ਲੱਗ ਜਾਂਦੀ ਏ ਸਾਰੀ ਉਮਰ। ਪਰ ਇਨ੍ਹਾਂ ਦੀ ਪਕਿਆਈ ਤੇ ਸਦੀਵਤਾ 'ਤੇ ਰਹਿੰਦਾ ਏ ਹਮੇਸ਼ਾ ਨਾਜ਼ ਕਿਉਂਕਿ ਇਨ੍ਹਾਂ ਰਾਹੀਂ ਹੀ ਜੀਵਨ ਵਿਚ ਪਨਪਦਾ ਏ ਜਿਉਣ-ਅੰਦਾਜ਼। ਪਰ ਸੰਪਰਕ ਬਣਾਉਣ ਲਈ ਅਸੀਂ ਮਿੱਤਰ-ਬੇਨਤੀ ਭੇਜਦੇ। ਫਿਰ ਹਜ਼ਾਰਾਂ ਦੀ ਗਿਣਤੀ ਵਿਚ ਫੇਸਬੁੱਕੀ ਮਿੱਤਰਾਂ 'ਤੇ ਮਾਣ ਕਰ ਬੈਠਦੇ, ਜੋ ਸਿਰਫ ਰੇਤ ਦੀ ਦੀਵਾਰ ਹੀ ਹੁੰਦੇ। ਬੜੀ ਜਲਦੀ ਹੀ ਇਨ੍ਹਾਂ ਦੀ ਕਮੀਨਗੀ ਤੇ ਕਾਲਖੀ ਸੋਚ ਤੁਹਾਡੇ



ਸਿਰਜੇ ਭਰਮ-ਭਾਅ ਨੂੰ ਪਲੀਤ ਕਰ ਦਿੰਦੀ।

ਸਬੰਧ ਸਕੂਨ, ਸਹਿਜ ਤੇ ਸੰਤੁਸ਼ਟੀ ਦਾ ਸੁੱਚਾ ਦਰਪਣ, ਜਿਸ ਵਿਚੋਂ ਤੁਸੀਂ ਖੁਦ ਨੂੰ ਨਿਹਾਰਦੇ ਅਤੇ ਪਿਆਰਦੇ। ਸੰਪਰਕ ਇਕ ਤਿੜਕਿਆ ਸ਼ੀਸ਼ਾ ਜਿਸ ਰਾਹੀਂ ਤਿੜਕਿਆ ਬਿੰਬ ਬਹੁਤ ਕੁਝ ਤੁਹਾਡੀ ਸੋਚ ਦੇ ਨਾਮ ਕਰਦਾ, ਜਦ ਇਨ੍ਹਾਂ ਵਿਚਲਾ ਕੋਹਜ ਨਜ਼ਰ ਆਉਂਦਾ।

ਸਬੰਧਾਂ 'ਚ ਰਹਿ ਕੇ ਤੁਸੀਂ ਸੂਪਨਸ਼ੀਲ ਹੁੰਦੇ, ਤੁਹਾਡੀ ਬੰਦਿਆਈ ਤੇ ਚੰਗਿਆਈ ਪ੍ਰਤੱਖ ਰੂਪ ਵਿਚ ਪ੍ਰਗਟ ਹੁੰਦੀ ਅਤੇ ਤੁਹਾਡੇ ਮਨ ਵਿਚਲਾ ਸ਼ੁਭ-ਕਰਮਨ ਜਿਉਣ ਨੂੰ ਨਵੇਂ ਅਰਥ ਦਿੰਦਾ। ਜਦ ਕਿ ਸੰਪਰਕ ਤੁਹਾਡੇ ਸੁਪਨਿਆਂ ਨੂੰ ਖੁਦ ਆਪਣੇ ਦੀਦਿਆਂ ਵਿਚ ਸਜਾਉਣ ਦੀ ਹੋੜ ਵਿਚ ਤੁਹਾਨੂੰ ਜਖਮ ਦੇ ਜਾਂਦਾ, ਜਿਹੜੇ ਤਾਉਮਰ ਤੁਹਾਡੇ ਸਾਹਾਂ ਵਿਚ ਸਿਸਕਦੇ ਰਹਿੰਦੇ।

ਸਬੰਧਾਂ ਦੀ ਪਕਿਆਈ ਵਿਚ ਧਰਮਾਤਮਾ ਦੇ ਦੀਦਾਰੇ, ਖੁਦ ਵਿਚਲੀ ਮਿੱਟ ਰਹੀ ਖੁਦਾਈ ਅਤੇ ਬੁਰਾਈ ਦੀ ਮਿੱਟ ਰਹੀ ਹਸਤੀ ਨੂੰ ਮਿਲ ਜਾਂਦੀ ਚੰਗਿਆਈ।

ਕਈ ਵਾਰ ਅਸੀਂ ਸੰਪਰਕਾਂ ਨੂੰ ਸਬੰਧ ਸਮਝ ਬੈਠਦੇ ਅਤੇ ਆਪਣੇ ਜੀਵਨ-ਰਾਜ ਸਾਂਝੇ ਕਰਨ ਦੀ ਗਲਤੀ ਕਰ ਬੈਠਦੇ। ਇਹ ਕਦੇ ਵਾਰ ਦੂਰ-ਰਸੀ ਤ੍ਰਾਸਦੀ ਬਣ ਜਾਂਦੀ, ਜਿਸ ਦੀ ਵੇਦਨਾ ਸਾਰੀ ਉਮਰ ਹੰਢਾਉਣੀ ਪੈਂਦੀ। ਸਬੰਧਾਂ ਨੂੰ ਸੰਪਰਕ ਵੀ ਸਮਝ ਲਓ ਤਾਂ ਵੀ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਸਬੰਧਾਂ ਵਿਚਲੀ ਅਪਣੱਤ ਅਤੇ ਆਪਸੀ ਸੂਝ-ਬੂਝ ਹੀ ਇੰਨੀ ਹੁੰਦੀ ਕਿ ਉਹ ਸਬੰਧਾਂ ਲਈ ਕਚਿਆਈ ਨਹੀਂ ਸਗੋਂ ਤੰਦਰੁਸਤੀ ਦਾ ਆਲਮ ਸਿਰਜ ਜਾਂਦੀ।

ਸਬੰਧਾਂ ਵਿਚ ਮਾਂ-ਬਾਪ, ਭੈਣ-ਭਰਾ, ਬੱਚੇ, ਪਤੀ-ਪਤਨੀ ਅਤੇ ਕੁਝ ਕੁ ਹੀ ਲੰਗੋਟੀ ਦੇ ਯਾਰ ਹੁੰਦੇ, ਜੋ ਸਾਡੀ ਧੜਕਣ ਸੁਣਦੇ, ਸਾਡੀ ਮਾਨਸਿਕਤਾ ਪੜ੍ਹਦੇ ਅਤੇ ਸਾਨੂੰ ਸਮਝਣ ਤੇ ਸਮਝਾਉਣ ਦਾ ਹਰ ਹੱਕ ਰੱਖਦੇ। ਸੰਪਰਕਾਂ ਵਿਚ ਸ਼ਾਮਲ ਨੇ ਤੁਹਾਡੇ ਜਮਾਤੀ, ਹਮ-ਉਮਰ, ਸਹਿ-ਕਰਮੀ ਜਾਂ ਫੇਸਬੁੱਕੀਏ ਦੋਸਤ। ਇਨ੍ਹਾਂ ਨਾਲ ਨਹੀਂ ਹੁੰਦੀ ਮਿਲਣ ਦੀ ਤੜਫ ਜਾਂ ਤਮੰਨਾ। ਇਹ ਤਾਂ ਸਿਰਫ ਰਾਹਗੀਰ ਹੁੰਦੇ, ਜੋ ਜ਼ਿੰਦਗੀ ਦੇ ਇਕ ਮੋੜ 'ਤੇ ਕੁਝ ਪਲਾਂ ਲਈ ਮਿਲਦੇ ਅਤੇ ਫਿਰ ਸਭ ਕੁਝ ਭੁੱਲ-ਭੁਲਾ ਜਾਂਦੇ।

ਅੱਜ ਕੱਲ ਹਰੇਕ ਵਿਅਕਤੀ ਦਾ ਫੋਨ, ਫੇਸਬੁੱਕ, ਟਵਿੱਟਰ ਜਾਂ ਡਾਇਰੀ ਸੰਪਰਕਾਂ ਨਾਲ ਭਰੇ ਪਏ ਹਨ। ਕਿਸੇ ਨੂੰ ਫੋਨ ਕਰਨਾ ਹੋਵੇ ਤਾਂ ਨੰਬਰ ਤਲਾਸ਼ਣਾ ਪੈਂਦਾ, ਪਰ ਸਬੰਧ ਕੁਝ ਕੁ ਹੀ ਹੁੰਦੇ ਜਿਨ੍ਹਾਂ ਦਾ ਨੰਬਰ, ਫੋਨ, ਫੇਸਬੁੱਕ ਜਾਂ ਡਾਇਰੀ 'ਚੋਂ ਲੱਭਣ ਦੀ ਲੋੜ ਨਹੀਂ ਪੈਂਦੀ। ਅਜਿਹੇ ਨਾਂ ਤਾਂ ਸਦਾ ਚੇਤਿਆਂ 'ਚ ਰਹਿੰਦੇ।

ਸਬੰਧ ਸਿਰਫ ਸਿਆਣੇ, ਸਾਦਾ, ਸਾਫ ਗੋ ਅਤੇ ਸਮ-ਦ੍ਰਿਸ਼ਟੀ ਵਾਲਿਆਂ ਨਾਲ ਹੀ ਬਣਾਏ ਜਾ ਸਕਦੇ, ਜਿਨ੍ਹਾਂ ਨਾਲ ਸੋਚ-ਸੁਹਜ ਅਤੇ ਕਰਮ-ਯੋਗਤਾ ਦੀ ਭਿਆਲੀ ਹੁੰਦੀ ਜਦ ਕਿ ਸੰਪਰਕ ਤਾਂ ਸਿਰਫ ਮਜਬੂਰੀ, ਲੋੜ, ਸਮੇਂ, ਸਥਿਤੀ ਜਾਂ ਸਥਾਨ ਦੀ ਜ਼ਰੂਰਤ ਹੁੰਦੇ। ਇਨ੍ਹਾਂ ਦੇ ਬਦਲਣ 'ਤੇ ਸਭ ਬਦਲ ਜਾਂਦੇ।

ਸਬੰਧ ਕਦੇ ਵੀ ਉਮਰ, ਰੁਤਬੇ ਅਤੇ ਆਰਥਕ ਹਾਲਾਤ 'ਤੇ ਨਿਰਭਰ ਨਹੀਂ ਕਰਦੇ। ਇਹ ਚਿਰ ਸਦੀਵੀ ਹੁੰਦੇ ਅਤੇ ਇਨ੍ਹਾਂ ਵਿਚੋਂ ਹੀ ਅਸੀਂ ਸੁਖਨ ਦੀ ਅਰਦਾਸ ਸੁਣਦੇ। ਸੰਪਰਕ ਤਾਂ ਹੁੰਦੇ ਹੀ ਰੁਤਬੇ, ਅਮੀਰੀ ਜਾਂ ਸੁੰਦਰਤਾ 'ਤੇ ਆਧਾਰਤ ਅਤੇ ਇਨ੍ਹਾਂ ਦੇ ਖੁਸਣ ਨਾਲ ਹੀ ਰੁੱਸ ਜਾਂਦੇ ਨੇ ਅਜਿਹੇ ਸੰਪਰਕ। ਫਿਰ ਤਾਂ ਉਹ ਸੰਪਰਕ ਹੋਣੋਂ ਵੀ ਮੁਨਕਰ ਹੋ ਜਾਂਦੇ।

ਮੇਰਾ ਦੋਸਤ ਹੈ। ਬੜੇ ਉਚੇ ਰੁਤਬੇ ਤੋਂ ਰਿਟਾਇਰ ਹੋ ਕੇ ਜੀਵਨ ਦੇ ਆਖਰੀ ਪੜਾਅ ਨੂੰ ਮਾਣ ਰਿਹਾ ਏ। ਕਦੇ ਕਦਾਈਂ ਫੋਨ ਕਰਾਂ ਤਾਂ ਉਸ ਦਾ ਉਲਾਹਮਾ ਹੁੰਦਾ ਕਿ ਜਦ ਮੈਂ 'ਕੁਝ' ਸੀ ਤਾਂ ਹਰੇਕ ਹੀ ਮੇਰੇ ਸੰਪਰਕ ਵਿਚ ਰਹਿਣਾ ਪਸੰਦ



ਕਰਦਾ ਸੀ ਅਤੇ ਨਿੱਜੀ ਮੁਫਾਦ ਲਈ ਮੈਨੂੰ ਵਰਤ ਲੈਂਦਾ ਸੀ। ਅੱਜ ਜਦ ਮੈਂ ਰਿਟਾਇਰ ਹੋ ਗਿਆ ਹਾਂ ਤਾਂ ਤੇਰੇ ਵਰਗੇ ਦੋ ਚਾਰ ਹੀ ਹਨ, ਜੋ ਫੋਨ ਕਰਦੇ ਨੇ। ਮੇਰੇ ਆਲੇ-ਦੁਆਲੇ ਜੁੜੇ ਹੋਏ ਉਹ ਲੋਕ ਪਤਾ ਨਹੀਂ ਕਿਧਰ ਚਲੇ ਗਏ?

ਸੁਘੜ, ਸਿਆਣੇ ਅਤੇ ਬਹੁਤ ਹੀ ਸੰਵੇਦਨਸ਼ੀਲ ਮਿੱਤਰ ਨੂੰ ਕਿਵੇਂ ਸਮਝਾਵਾਂ ਕਿ ਇਹ ਦੁਨੀਆਂ ਏ! ਇਹ ਸੰਪਰਕ ਬਣਾ ਕੇ ਬੰਦੇ ਨੂੰ ਵਰਤਦੀ ਏ। ਸਿਰਫ ਕੁਝ ਕੁ ਸਬੰਧ ਹੀ ਹੁੰਦੇ ਜੋ ਵਰਤਣ ਦੀ ਥਾਂ ਵਰਤੇ ਜਾਣ ਲਈ ਉਤਾਵਲੇ ਹੁੰਦੇ। ਉਨ੍ਹਾਂ ਲਈ ਨਿਰ-ਸੁਆਰਥ, ਨਿਰ-ਸੰਕੋਚ ਅਤੇ ਨਿਰ-ਈਰਖਾ ਵਾਲੇ ਸਬੰਧ ਹੀ ਸਭ ਕੁਝ ਹੁੰਦੇ, ਜਿਨ੍ਹਾਂ ਨੂੰ ਸੁਰਖ ਅੱਖਰਾਂ ਵਿਚ ਲਿਖਣ ਲੱਗਿਆਂ ਮਾਣ ਮਹਿਸੂਸ ਹੁੰਦਾ।

ਸਬੰਧ ਬਣਾਏ ਨਹੀਂ ਜਾਂਦੇ ਸਗੋਂ ਰੱਬ-ਸਬੱਬੀਂ ਬਿਨਾ ਉਚੇਚ ਤੋਂ ਬਣ ਜਾਂਦੇ। ਇਨ੍ਹਾਂ ਨੂੰ ਨਿਭਾਉਣ ਲਈ ਵੀ ਕੋਈ ਤਰੱਦਦ ਨਹੀਂ ਕਰਨਾ ਪੈਂਦਾ ਅਤੇ ਨਾ ਹੀ ਇਨ੍ਹਾਂ ਲਈ ਖਾਸ ਉਚੇਚ ਦੀ ਲੋੜ ਹੁੰਦੀ। ਜਦ ਕਿ ਸੰਪਰਕ ਤਾਂ ਲੋਕ ਉਚੇਚ ਨਾਲ ਹੀ ਬਣਾਉਂਦੇ। ਉਹ ਭਾਵੇਂ ਕੋਈ ਰਾਜਨੀਤਕ, ਧਾਰਮਕ, ਕਲਾਕਾਰ ਜਾਂ ਉਚ ਸਮਾਜਕ ਦਿੱਖ ਵਾਲਾ ਵਿਅਕਤੀ ਹੋਵੇ। ਸੰਪਰਕ ਵਾਲਿਆਂ ਲਈ ਤਾਂ ਵੱਡੇ ਅਡੰਬਰੀ ਨਾਲ ਖਿਚਵਾਈ ਫੋਟੋ ਹੀ ਘਰ ਦੇ ਡਰਾਇੰਗ ਰੂਮ ਦੀ ਸ਼ੋਭਾ ਹੁੰਦੀ। ਉਹ ਆਪਣੇ ਸੰਪਰਕਾਂ 'ਤੇ ਹੰਕਾਰ ਕਰਦੇ ਜਦ ਕਿ ਸਬੰਧਾਂ ਨੂੰ ਲੁਕੋ ਕੇ ਰੱਖਣ ਅਤੇ ਇਸ ਦੀ ਰੂਹਾਨੀਅਤ ਨੂੰ ਮਾਣਨਾ ਹੀ ਸਕੂਨ ਤੇ ਸੰਪੂਰਨਤਾ ਦੀ ਸਰਘੀ ਹੁੰਦਾ।

ਸਬੰਧ ਰੂਹ-ਰਾਗਣੀ, ਸੰਗੀਤ-ਸੁਹਜ ਅਤੇ ਰੁਮਕਦੀ ਪੌਣ ਵਿਚਲੀ ਤਰਲਤਾ ਹੁੰਦੇ, ਜੋ ਸਾਹ-ਪੱਤੀਆਂ ਨੂੰ ਸਹਿਲਾਉਂਦੇ, ਉਨ੍ਹਾਂ ਲਈ ਧੜਕਣ ਬਣਦੇ। ਸੰਪਰਕ ਤਾਂ ਖਾਲੀਪਣ ਦਾ ਅਹਿਸਾਸ, ਜੋ ਖੁਦ 'ਚੋਂ ਖੁਦਦਾਰੀ ਦੀ ਆਵਾਜ਼ ਦਿੰਦਾ ਅਤੇ ਸੁਣਦਾ ਹੈ, ਖੁਦ ਦੀ ਗੁੰਮਸੁਦਗੀ ਦਾ ਹੋਕਾ।

ਸਬੰਧ ਬਣਾਉਣੇ ਤੇ ਨਿਭਾਉਣੇ ਸਿਰੜੀ, ਸੰਜੀਦਾ ਅਤੇ ਸਮਰਪਿਤ ਵਿਅਕਤੀਆਂ ਦਾ ਕਰਮ। ਉਨ੍ਹਾਂ ਲਈ ਕੁਝ ਕੁ ਸਬੰਧ ਹੀ ਸਾਰੀ ਉਮਰ ਦੀ ਕਮਾਈ ਹੁੰਦੀ ਕਿਉਂਕਿ ਉਹ ਜਾਣਦੇ ਨੇ ਕਿ ਆਖਰੀ ਸਫਰ 'ਤੇ ਜਾਣ ਵੇਲੇ ਤਾਂ ਸਿਰਫ ਚਾਰ ਮੋਢਿਆਂ ਦੀ ਹੀ ਲੋੜ ਹੁੰਦੀ। ਸੰਪਰਕ ਤਾਂ ਜੁੜਨ ਅਤੇ ਟੁੱਟਣ ਦੀ ਪ੍ਰੀਕ੍ਰਿਆ ਦੇ ਆਦੀ। ਪਲ ਭਰ ਵਿਚ ਤਿੜਕਣਾ ਅਤੇ ਰਾਹਾਂ ਵਿਚ ਵਖਰੇਵਾਂ ਸਿਰਜ ਲੈਣਾ, ਉਨ੍ਹਾਂ ਦਾ ਨਿੱਤਾ-ਪ੍ਰਤੀ ਦਾ ਕਰਮ। ਉਹ ਇਸ ਤਰ੍ਹਾਂ ਹੀ ਆਪਣਾ ਜੀਵਨ ਪੈਂਡਾ ਖੋਟਾ ਕਰ ਜਾਂਦੇ। ਕਈ ਵਾਰ ਅਜਿਹੇ ਵਿਅਕਤੀਆਂ ਨੂੰ ਚਾਰ ਮੋਢੇ ਵੀ ਨਾ ਮਿਲਦੇ।

ਸਬੰਧ ਘੱਟ ਹੋਣ ਪਰ ਹੋਣ ਮਜ਼ਬੂਤ ਅਤੇ ਚਿਰ ਸਦੀਵੀ, ਜਿਨ੍ਹਾਂ ਦੀ ਮਿੱਤਰ-ਤਾਈ ਤੁਹਾਡੇ ਲਈ ਮਾਣਮੱਤਾ ਅਹਿਸਾਸ ਹੋਵੇ। ਸੰਪਰਕਾਂ ਦੀ ਬਹੁਲਤਾ ਦੇ ਕੋਈ ਅਰਥ ਨਹੀਂ ਹੁੰਦੇ ਕਿਉਂਕਿ ਇਨ੍ਹਾਂ ਦੀ ਤੰਗਦਿਲੀ ਵਾਲੀ ਅਉਧ ਹੀ ਜੀਵਨੀ-ਕਰੂਪਤਾ ਦਾ ਅਹਿਸਾਸ ਕਰਵਾ ਜਾਂਦੀ।

ਲੋੜ ਹੈ, ਅਸੀਂ ਜੀਵਨ ਵਿਚ ਵੱਧ ਤੋਂ ਵੱਧ ਸਬੰਧ ਬਣਾਈਏ। ਅਜਿਹੇ ਸਬੰਧ, ਜੋ ਰੋਣ ਵੇਲੇ ਮਿੱਤਰ-ਮੋਢਾ ਹੋਣ, ਮੌਕਾ ਆਉਣ 'ਤੇ ਤੂਤ ਦਾ ਮੋਛਾ ਬਣ ਜਾਣ, ਸੰਕਟਮਈ ਪਲਾਂ ਵਿਚ ਚੱਪੂ ਬਣ ਕੇ ਜੀਵਨ ਨੂੰ ਮੰਝਧਾਰ ਵਿਚੋਂ ਬਾਹਰ ਕੱਢਣ ਅਤੇ ਸਾਡੇ ਮਰਨ ਤੋਂ ਬਾਅਦ ਵੀ ਸਾਨੂੰ ਆਪਣੇ ਚੇਤਿਆਂ ਵਿਚ ਚਿਰੰਜੀਵ ਰੱਖ, ਬੀਤੀਆਂ ਯਾਦਾਂ ਦੁਹਰਾਉਂਦੇ ਤੇ ਪਿਆਰ ਜਿਤਾਉਂਦੇ ਹਿੱਕ ਨਾਲ ਲਾਈ ਰੱਖਣ। ਸੰਪਰਕ ਤਾਂ ਤੁਹਾਡੀ ਅਰਥੀ ਨਾਲ ਵੀ ਜਾਣ ਲਈ ਤਿਆਰ ਨਹੀਂ ਹੁੰਦੇ। ਉਹ ਤਾਂ ਜਿਉਂਦੇ-ਜੀਅ ਹੀ ਤੁਹਾਨੂੰ ਮਨੋਂ ਦੁਰਕਾਰੀ ਤੇ ਤ੍ਰਿਸਕਾਰੀ ਰੱਖਦੇ।

ਸਬੰਧ ਨੇ ਤਾਂ ਸੰਸਾਰ ਏ, ਸਮਾਜ ਏ, ਸਮਾਜ ਵਿਚਲਾ ਸੰਤੁਲਨ ਏ, ਸੁਹਜਮਈ ਵਰਤਾਰਾ ਏ। ਇਸ ਵਰਤਾਰੇ ਵਿਚੋਂ ਹੀ ਕੁਝ ਅਜਿਹੇ ਮਨੁੱਖ ਜਨਮ ਲੈਂਦੇ ਨੇ, ਜਿਨ੍ਹਾਂ ਦੀ ਮਾਨਵਵਾਦੀ ਸੋਚ ਤਵਾਰੀਖ ਦੀ ਸੁੱਚੀ ਇਬਾਰਤ ਏ। ਸੰਪਰਕਾਂ ਨੂੰ ਸਬੰਧਾਂ, ਸਾਂਝਾਂ, ਰਿਸ਼ਤਿਆਂ ਅਤੇ ਰੂਹ-ਰੰਗਤਾ ਵਿਚ ਤਬਦੀਲ ਕਰਨਾ ਹੀ ਸਭ ਤੋਂ ਉਚਾ ਤੇ ਸੁੱਚਾ ਕਾਰਜ। ਇਸ ਵੰਨੀਂ ਪਹਿਲ ਕਰਨ ਲਈ ਕਲਮ ਤੁਹਾਡਾ ਤਰਲਾ ਕਰਦੀ ਆ। ਮੰਨਣਾ ਜਾਂ ਨਾ-ਮੰਨਣਾ ਤੁਹਾਡੀ ਮਰਜ਼ੀ!

###

# ਬਰਗਾੜੀ ਮੋਰਚਾ: ਦਿਸ਼ਾ ਅਤੇ ਚੁਣੌਤੀਆਂ

**ਵਿਚਾਰ-ਚਰਚਾ**

***ਪੰਜਾਬ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਪਿਛੋਂ ਸਿੱਖਾਂ ਵਿਚ ਪੈਦਾ ਹੋਏ ਰੋਸ ਕਰਕੇ ਪਿੰਡ ਚੱਬੇ ਵਿਚ ਹੋਏ ਸਰਬੱਤ ਖਾਲਸਾ ਅਤੇ ਉਸ ਬਾਅਦ ਲੱਗੇ ਬਰਗਾੜੀ ਮੋਰਚੇ ਦੇ ਹਵਾਲੇ ਨਾਲ ਸਿੱਖ ਬੁੱਧੀਜੀਵੀ ਪ੍ਰਭਸ਼ਰਨਦੀਪ ਸਿੰਘ ਨੇ ਸਿੱਖ ਸਿਆਸਤ ਦੇ ਵੱਖ ਵੱਖ ਰੰਗਾਂ ਦੀ ਪੜਚੋਲ ਕੀਤੀ ਹੈ। ਇਸ ਤਰ੍ਹਾਂ ਕਰਦਿਆਂ ਉਨ੍ਹਾਂ ਕੁਝ ਬੁੱਧੀਜੀਵੀਆਂ 'ਤੇ ਤਿੱਖੀਆਂ ਚੋਟਾਂ ਵੀ ਕੀਤੀਆਂ ਹਨ। ਲੇਖਕ ਦੇ ਵਿਚਾਰਾਂ ਨਾਲ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ। ਅਸੀਂ ਇਹ ਲੇਖ ਵਿਚਾਰ-ਚਰਚਾ ਦੇ ਮਨੋਰਥ ਨਾਲ ਛਾਪ ਰਹੇ ਹਾਂ। ਇਸ ਦੇ ਪ੍ਰਤੀਕਰਮ ਵਿਚ ਆਏ ਹੋਰ ਵਿਚਾਰਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ***

ਬਰਗਾੜੀ ਮੋਰਚਾ ਵੱਡੀ ਪੰਥਕ ਜਾਗ੍ਰਿਤੀ ਦਾ ਨੁਮਾਇੰਦਾ ਹੋ ਨਿੱਬੜਿਆ ਹੈ। ਇਸ ਮੁਕਾਮ ਤੱਕ ਪਹੁੰਚਣ ਲਈ ਸਿੱਖ ਕਈ ਕਿਸਮ ਦੀ ਉਥਲ-ਪੁਥਲ ਵਿਚੋਂ ਲੰਘੇ ਹਨ। ਇਹ ਉਤਰਾਅ-ਚੜ੍ਹਾਅ ਨਿਰੇ ਸਿਆਸੀ ਨਹੀਂ ਸਨ ਸਗੋਂ ਸਿੱਖਾਂ ਦੇ ਮਾਨਸਿਕ ਧਰਾਤਲ 'ਤੇ ਵਾਪਰੀਆਂ ਵੱਡੀਆਂ ਤਬਦੀਲੀਆਂ ਦੇ ਲਖਾਇਕ ਸਨ। ਇਨ੍ਹਾਂ ਦੀ ਜੜ੍ਹ ਭਾਰਤੀ ਰਾਸ਼ਟਰਵਾਦ, ਮਾਰਕਸਵਾਦ, ਸੈਕੂਲਰਵਾਦ, ਤੇ ਸੰਸਾਰੀਕਰਨ ਵਰਗੇ ਵੱਡੇ ਵਰਤਾਰਿਆਂ ਦੀ ਹਿੰਸਾ ਵਿਚ ਪਈ ਸੀ। ਅਜਿਹੀ ਹਿੰਸਾ ਨਾਲ ਨਜਿੱਠਣ ਲਈ ਲੋੜੀਂਦੀ ਬੌਧਿਕ ਤਿਆਰੀ ਨਾ ਹੋਣ ਕਾਰਨ ਸਿੱਖ ਇਸ ਕਾਲ-ਚੱਕਰ ਦਾ ਮੁਕਾਬਲਾ ਕਰਨ ਦੇ ਸਮਰੱਥ ਨਹੀਂ ਸਨ। ਇਸ ਦੇ ਬਾਵਜੂਦ ਸਿੱਖ ਮੁਹਾਵਰੇ ਦੀ

**ਪ੍ਰਭਸ਼ਰਨਦੀਪ ਸਿੰਘ**
**ਖੋਜਾਰਥੀ, ਆਕਸਫੋਰਡ ਯੂਨੀਵਰਸਿਟੀ**

ਪੁਨਰ-ਸੁਰਜੀਤੀ ਸਿਆਸੀ ਦਰਸ਼ਕਾਂ ਲਈ ਅਣਕਿਆਸਿਆ ਵਰਤਾਰਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੋਈ ਨਵਾਂ ਵਰਤਾਰਾ ਨਹੀਂ। ਅਜਿਹੇ ਵਿਰੋਧ ਦਾ ਸੱਭਿਆਚਾਰ ਕਾਫੀ ਪੁਰਾਣਾ ਹੈ। ਅਫਸੋਸਨਾਕ ਅਸਲੀਅਤ ਇਹ ਹੈ ਕਿ ਅਜਿਹੇ ਸੱਭਿਆਚਾਰ ਦੇ ਧਾਰਨੀ ਅੱਜ ਦੇ ਬਸਤੀਵਾਦੀ ਹਾਕਮ ਹਨ, ਜਿਨ੍ਹਾਂ ਦਾ ਸਾਡੀ ਧਰਤੀ 'ਤੇ ਕਬਜ਼ਾ ਹੈ। ਵਿਰੋਧ ਦੇ ਇਸ ਬ੍ਰਾਹਮਣਵਾਦੀ ਪੱਧਰ ਨੂੰ ਆਧੁਨਿਕਤਾਵਾਦੀ ਮੁਹਾਵਰੇ ਆਸਰੇ ਨਵਾਂ ਤਰਕ ਹਾਸਲ ਹੋਇਆ। ਹਿੰਦੁਸਤਾਨ ਦੀ ਭਟਕਣਗ੍ਰੱਸੀ ਮਾਨਸਿਕਤਾ ਨਵੀਂ ਤਾਕਤ ਨਾਲ ਦਨਦਨਾਉਣ ਲੱਗੀ। ਮਨੁੱਖੀ ਮਨ ਦੀ ਪਾਵਨਤਾ ਪ੍ਰਤੀ ਕਠੋਰ ਅੰਨਾਪਣ ਪਾਲ ਕੇ ਬਿਨਾ ਵਿਰੋਧ ਜਤਾਉਣਾ ਇਸ ਮਾਨਸਿਕ ਧਰਾਤਲ ਅਤੇ ਇਸ ਦੇ ਪਿੱਛੇ ਗਤੀਸ਼ੀਲ ਸੱਭਿਆਚਾਰਕ ਪਰੰਪਰਾ ਨਾਲ ਇਕਸੁਰਤਾ ਨਹੀਂ ਰੱਖਦਾ। ਇਸ ਮਾਨਸਿਕਤਾ ਨੂੰ ਕੋਝੇ ਤੋਂ ਕੋਝੇ ਵਾਰ ਨਾਲ ਇੱਕ ਤਸੱਲੀ ਮਿਲਦੀ ਹੈ, ਜੋ ਸਵੈਮਾਣ ਤੋਂ ਕੋਰੀ ਮਨੁੱਖੀ ਚੇਤਨਾ ਦੀ ਹੋਣੀ ਹੈ। ਇਸ ਵਰਗ ਲਈ ਜਿੱਤ ਦਾ ਅਰਥ ਦੂਜੇ ਨੂੰ ਮੁੜ-ਮੁੜ ਭੈੜੇ ਤੋਂ ਭੈੜੇ ਅਪਮਾਨ ਦਾ ਸ਼ਿਕਾਰ ਬਣਾਉਣਾ ਹੀ ਹੈ ਤਾਂ ਕਿ ਅੰਤ ਨੂੰ ਉਹ ਜ਼ਲਾਲਤ ਸਹਿਣ ਦਾ ਆਦੀ ਹੋ ਇਨ੍ਹਾਂ ਦਾ ਘਸਿਆਰਾ ਬਣ ਕੇ ਰਹਿ ਜਾਵੇ।

ਅਜਿਹੀ ਜਿੱਤ 'ਤੇ ਮਾਣ ਕਰਨ ਵਾਲੀ ਮਾਨਸਿਕਤਾ ਦੀ ਹੋਂਦ ਮਨੁੱਖ ਜਾਤੀ ਨੂੰ ਦਰਪੇਸ਼ ਇਕ ਗੰਭੀਰ ਚੁਣੌਤੀ ਹੈ। ਅਜਿਹਾ ਵਰਤਾਰਾ ਸਾਮਰਾਜੀ ਕਬਜ਼ੇ ਦੀ ਕਾਮਯਾਬੀ ਖਾਤਰ ਹੋਰ ਸਭ ਕੁਝ ਉਜਾੜ ਧਰਦਾ ਹੈ। ਸਾਹਿਤ ਤੇ ਸੱਭਿਆਚਾਰ ਰਾਹੀਂ ਪਸਾਰ ਹਾਸਲ ਕਰਦੀਆਂ ਮਨੁੱਖੀ ਹਸਤੀ ਦੀਆਂ ਕੋਮਲ ਅਤੇ ਸੁਹਿਰਦ ਰਮਜ਼ਾਂ ਤਪਦੇ ਥਲਾਂ ਵਿਚ ਦਮ ਤੋੜਨ ਲੱਗਦੀਆਂ ਹਨ। ਇਨ੍ਹਾਂ ਰਮਜ਼ਾਂ ਦਾ ਮਨੁੱਖ ਅੰਦਰਲੀ ਰੂਹਾਨੀ ਤਾਂਘ ਨਾਲ ਸਿੱਧਾ ਨਾਤਾ ਹੈ। ਭਾਵੇਂ ਸਾਹਿਤਕ ਰਮਜ਼ਾਂ ਰੂਹਾਨੀ ਤਾਂਘ 'ਚੋਂ ਉਗਮਦੀਆਂ ਹਨ, ਪਰ ਫਿਰ ਵੀ ਇਹ ਉਸ ਤਾਂਘ ਦੀ ਸ਼ਿੱਦਤ ਵਿਚਲੀ ਨਿਰੰਤਰਤਾ ਲਈ ਸਹਾਇਕ ਵੀ ਹੁੰਦੀਆਂ ਹਨ। ਬੇਅਦਬੀ ਦੀਆਂ ਘਟਨਾਵਾਂ 'ਚੋਂ ਸਾਹਮਣੇ ਆਈ ਕੋਝੀ ਹਿੰਸਾ ਸਾਹਮਣੇ ਅਜਿਹੇ ਅਹਿਸਾਸਾਂ ਅਤੇ ਉਨ੍ਹਾਂ ਨਾਲ ਜੁੜੇ ਸਰੋਕਾਰਾਂ ਦੀ ਕੋਈ ਅਹਿਮੀਅਤ ਨਹੀਂ। ਉਨ੍ਹਾਂ ਲਈ ਸਿਰਫ ਗਲਬਾ ਅਹਿਮੀਅਤ ਰੱਖਦਾ ਹੈ, ਭਾਵੇਂ ਉਹ ਕਿੰਨੀ ਵੀ ਸ਼ਰਮਨਾਕ ਜਿੱਤ ਨਾਲ ਹਾਸਲ ਹੋਇਆ ਹੋਵੇ।

ਬੇਅਦਬੀ ਦੀਆਂ ਮੌਜੂਦਾ ਘਟਨਾਵਾਂ ਲਈ ਸਿਰਸੇ ਵਾਲਾ ਡੇਰਾ ਜ਼ਿੰਮੇਵਾਰ ਹੈ। ਜੱਗ ਜਾਹਰ ਹੈ ਕਿ ਇਹ ਡੇਰਾ ਹੋਰ ਵੀ ਬਹੁਤ ਕਿਸਮ ਦੇ ਘਿਨਾਉਣੇ ਕੁਕਰਮਾਂ ਦਾ ਅੱਡਾ ਰਿਹਾ ਹੈ। ਅਜਿਹੇ ਡੇਰਿਆਂ ਦਾ ਉਭਾਰ ਕੋਈ ਆਪ-ਮੁਹਾਰਾ ਵਰਤਾਰਾ ਨਹੀਂ, ਇਹ ਡੇਰੇ ਵੱਡੀ ਸਰਕਾਰੀ ਪੁਸ਼ਤ-ਪਨਾਹੀ ਸਦਕਾ ਹੀ ਉਭਰਦੇ ਹਨ ਤੇ ਹਿੰਦੂ ਸਥਾਪਤੀ ਵੱਲੋਂ ਆਪਣੇ ਕੋਝੇ ਵਾਰ ਲੁਕਵੇਂ ਤਰੀਕੇ ਨਾਲ ਕਰਨ ਦੇ ਸਾਧਨ ਹਨ। ਅਣਮਨੁੱਖੀ ਖੁਫੀਆ ਤੰਤਰ ਇਨ੍ਹਾਂ ਡੇਰਿਆਂ ਰਾਹੀਂ ਉਭਾਰੇ ਅਸਲੋਂ ਨਿਕੰਮੇ ਬੰਦਿਆਂ ਨੂੰ ਧਾਰਮਕ ਰਹਿਬਰ ਬਣਾ ਧਰਦਾ ਹੈ। ਅਜਿਹੇ ਮਜ਼ਾਕ ਸਥਾਪਤੀ ਦੇ ਸ਼ੁਗਲ ਹਨ, ਜਿਨ੍ਹਾਂ ਰਾਹੀਂ ਉਹ ਆਪਣੀ ਤਾਕਤ ਦੇ ਹੋਣ ਦਾ ਅਹਿਸਾਸ ਕਰਦੇ ਹਨ। ਸੱਤਾ ਦਾ ਇਹ ਜਸ਼ਨ ਬੇਮੁਹਾਰੇ ਦੈਂਤਾਂ ਦਾ ਖਰੂਦੀ ਹਾਸਾ ਹੈ।

ਭਾਵੇਂ ਉਕਤ ਡੇਰੇ ਦੀ ਅਸਲੀਅਤ ਕਦੇ ਵੀ ਗੁੱਝੀ ਨਹੀਂ ਸੀ, ਫਿਰ ਵੀ ਸਿੱਖਾਂ ਨਾਲ ਡੇਰੇ ਦਾ ਟਕਰਾਅ ਪੈਦਾ ਹੋਣ ਪਿਛੋਂ ਇਸ ਨੂੰ ਕਈ ਕਿਸਮ ਦੀ ਹਮਾਇਤ ਹਾਸਲ ਹੋਈ। ਧਰਮ ਦੇ ਖਿਆਲ ਨੂੰ ਹੀ ਮਾਨਤਾ ਦੇਣ ਤੋਂ ਇਨਕਾਰੀ ਧਿਰਾਂ ਇਸ ਡੇਰੇ ਦੀਆਂ ਹਫਤਾਵਾਰੀ ਮੀਟਿੰਗਾਂ ਨੂੰ ਗਰੀਬ ਕਿਰਤੀਆਂ ਦੀ ਧਾਰਮਕ ਆਜ਼ਾਦੀ ਦੇ ਨਾਂ 'ਤੇ ਸਹੀ ਠਹਿਰਾਉਣ ਲੱਗੀਆਂ। ਡੇਰੇ ਵਿਚ ਧਰਮ-ਕਰਮ ਵਾਲੀ ਕੋਈ ਗੱਲ ਨਹੀਂ ਸੀ ਤੇ ਇਹ ਗਰੀਬ ਬੰਦੇ ਦੀਆਂ ਧਾਰਮਕ ਭਾਵਨਾਵਾਂ ਨਾਲ ਹੋਇਆ ਖਿਲਵਾੜ ਸੀ। ਅਜੀਬ ਵਰਤਾਰਾ ਹੈ ਕਿ ਪੰਜਾਬ ਦੇ ਖੱਬੇਪੱਖੀਆਂ ਲਈ ਧਰਮ ਬੇਮਾਅਨਾ ਹੈ ਤੇ ਡੇਰਾ ਸਿਰਸਾ ਦੇ ਮੁਖੀ ਦਾ ਮੁਜ਼ਰਮਾਨਾ ਗੰਵਾਰਪੁਣਾ ਧਰਮ ਹੈ।

ਬੇਅਦਬੀਆਂ ਤੋਂ ਪਹਿਲਾਂ ਸਿੱਖ ਉਭਾਰ ਗੁਰਮੀਤ ਰਾਮ ਰਹੀਮ ਦੀ ਫਿਲਮ ਦੇ ਵਿਰੋਧ ਵਿਚ ਸਾਹਮਣੇ ਆਇਆ। ਡੇਰਾ ਸਿਰਸਾ ਦੀਆਂ ਵੋਟਾਂ 'ਤੇ ਟੇਕ ਲਾਈ ਬੈਠੇ ਅਕਾਲੀ ਆਗੂ ਇਸ ਫਿਲਮ ਲਈ ਪ੍ਰਵਾਨਗੀ ਚਾਹੁੰਦੇ ਸਨ। ਇਨ੍ਹਾਂ 'ਜ਼ਹੀਨ-ਤਰੀਨ' ਸਿਆਸਤਦਾਨਾਂ ਨੇ ਸੋਚਿਆ ਕਿ ਜੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀਨਾਮਾ ਦੇ ਦੇਣ ਤਾਂ ਸਿੱਖ ਵਿਰੋਧ ਹਲਕਾ ਪੈ ਜਾਵੇਗਾ। ਸਿੱਖ ਮਾਨਸਿਕਤਾ ਪ੍ਰਤੀ ਅਜਿਹੀ ਖਾਮਖਿਆਲੀ ਅਕਾਲੀ ਆਗੂਆਂ ਦੇ ਬੌਧਿਕ ਪੱਧਰ ਦਾ ਖੁਲਾਸਾ ਕਰਦੀ ਹੈ। ਇਸ ਤੋਂ ਅਕਾਲੀ ਦਲ ਦੀ ਕੋਰ ਕਮੇਟੀ ਦੀਆਂ ਮੀਟਿੰਗਾਂ ਵਿਚ ਹੁੰਦੇ 'ਚਿੰਤਨ-ਮੰਥਨ' ਦੀ ਤਬੀਅਤ ਦੀ ਥਹੁ ਪੈਂਦੀ ਹੈ, ਜੋ ਸ਼ਾਇਦ ਗੰਵਾਰ ਹਾਸੜ ਵਿਚ ਗੁਆਚਿਆ ਹੁੰਦਾ ਹੈ। ਸਿੱਖਾਂ ਨੂੰ ਰੋਸਾ ਸੀ ਕਿ ਮੌਜੂਦਾ ਅਕਾਲੀ ਆਗੂਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਪ੍ਰਭੂਸੱਤਾ ਖਤਮ ਕਰ ਦਿੱਤੀ ਹੈ ਤੇ ਜਥੇਦਾਰਾਂ ਤੋਂ ਸਮੁੱਚੀ ਕੌਮ ਨੂੰ ਸ਼ਰਮਸਾਰ ਕਰਨ ਵਾਲੇ ਫੈਸਲੇ ਕਰਵਾਏ ਹਨ। ਇਸ ਅਹਿਸਾਸ ਦਾ ਤਰਕਸੰਗਤ ਸਿੱਟਾ ਸੀ ਕਿ ਸਰਬੱਤ ਖਾਲਸਾ ਪੁਨਰ-ਸੁਰਜੀਤ ਕੀਤੇ ਬਿਨਾ ਸ੍ਰੀ ਅਕਾਲ ਤਖਤ ਸਾਹਿਬ ਦੀ ਸੰਸਥਾ ਨੂੰ ਮੌਕਾਪ੍ਰਸਤ ਸਿਆਸਤਦਾਨਾਂ ਦੇ ਕਬਜ਼ੇ ਵਾਲੀ ਸ਼੍ਰੋਮਣੀ ਕਮੇਟੀ ਤੋਂ ਆਜ਼ਾਦ ਨਹੀਂ ਕਰਵਾਇਆ ਜਾ ਸਕਦਾ।

ਬਸਤੀਵਾਦੀ ਹਾਕਮਾਂ ਦੇ ਘੜੇ ਗੁਰਦੁਆਰਾ ਐਕਟ ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਦਾ ਹੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਕੋਲ ਆ ਗਿਆ। ਸ਼੍ਰੋਮਣੀ ਕਮੇਟੀ ਚੁਣੇ ਹੋਏ ਸਿੱਖ ਨੁਮਾਇੰਦਿਆਂ ਦੀ ਸੰਸਥਾ ਹੈ, ਜੋ ਲਗਭਗ ਹਮੇਸ਼ਾ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਹੁੰਦੇ ਹਨ। ਸ਼੍ਰੋਮਣੀ ਕਮੇਟੀ ਦੇ ਚੁਣੇ ਹੋਏ ਮੈਂਬਰ ਪੇਸ਼ੇਵਰ ਸਿਆਸਤਦਾਨ ਹਨ, ਜਿਨ੍ਹਾਂ ਦਾ ਸਿਆਸੀ ਜੀਵਨ ਅਕਾਲੀ ਦਲ 'ਤੇ ਕਾਬਜ਼ ਬਾਦਲ ਪਰਿਵਾਰ ਦੇ ਰਹਿਮ ਦਾ ਮੁਥਾਜ ਹੈ। ਸ਼੍ਰੋਮਣੀ ਕਮੇਟੀ ਮੈਂਬਰ ਅਕਸਰ ਉਹੀ ਬਣਦੇ ਹਨ, ਜਿਨ੍ਹਾਂ ਨੂੰ ਬਾਦਲ ਪਰਿਵਾਰ ਚੋਣ ਲੜਨ ਲਈ ਪਾਰਟੀ ਦੇ ਉਮੀਦਵਾਰ ਵਜੋਂ ਨਾਮਜ਼ਦ ਕਰਦਾ ਹੈ। ਇਸ ਲਈ ਪੰਥ ਦੇ ਚੁਣੇ ਹੋਏ ਨੁਮਾਇੰਦੇ ਹੋਣ ਦਾ ਦਾਅਵਾ ਕਰਨ ਵਾਲੇ ਸ਼੍ਰੋਮਣੀ ਕਮੇਟੀ ਮੈਂਬਰ ਅਸਲ ਵਿਚ ਬਾਦਲਾਂ ਦੇ ਨਾਮਜ਼ਦ ਕੀਤੇ ਬੰਦੇ ਹਨ। ਚੁਣੇ ਜਾਣ ਪਿਛੋਂ ਇਹ ਮੈਂਬਰ ਆਪਣੇ ਵਿਧਾਨਕ ਹੱਕਾਂ ਦੀ ਵਰਤੋਂ ਕਰਕੇ ਆਪਣੇ ਵਿਚੋਂ ਕਾਰਜਕਾਰਨੀ ਦੀ ਚੋਣ ਨਹੀਂ ਕਰਦੇ ਸਗੋਂ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਵੀ ਬਾਦਲਾਂ ਵੱਲੋਂ ਨਾਮਜ਼ਦ ਕੀਤੀ ਜਾਂਦੀ ਹੈ।

ਬਾਦਲਾਂ ਨੂੰ ਚੁਣੇ ਹੋਏ ਕਮੇਟੀ ਮੈਂਬਰਾਂ ਦੇ ਵਿਰੋਧ ਦਾ ਕਦੇ ਸਾਹਮਣਾ ਨਹੀਂ ਕਰਨਾ ਪੈਂਦਾ ਕਿਉਂਕਿ ਇਨ੍ਹਾਂ ਮੈਂਬਰਾਂ ਨੇ ਵਿਧਾਨ ਸਭਾ ਅਤੇ ਪਾਰਲੀਮੈਂਟ ਆਦਿ ਚੋਣਾਂ ਲਈ ਪਾਰਟੀ ਦੀ ਨਾਮਜ਼ਦਗੀ ਵੀ ਬਾਦਲਾਂ ਤੋਂ ਹੀ ਹਾਸਲ ਕਰਨੀ ਹੁੰਦੀ ਹੈ। ਇਹ ਸਾਰੀ ਦੀ ਸਾਰੀ ਪ੍ਰਕ੍ਰਿਆ ਭਾਰਤੀ ਜਮਹੂਰੀਅਤ ਦੇ ਗੈਰ-ਜਮਹੂਰੀ ਸੱਭਿਆਚਾਰ ਦੀ ਲਖਾਇਕ ਹੈ। ਅਜਿਹੇ ਅਮਲ ਰਾਹੀਂ ਹੋਂਦ ਵਿਚ ਆਈ ਕਾਰਜਕਾਰਨੀ ਬਾਦਲਾਂ ਵੱਲੋਂ ਸੁਝਾਏ ਬੰਦਿਆਂ ਨੂੰ ਤਖਤਾਂ ਦੇ ਜਥੇਦਾਰ ਨਿਯੁਕਤ ਕਰ ਦਿੰਦੀ ਹੈ। ਅਜਿਹੇ ਜਥੇਦਾਰਾਂ ਦੇ ਨਮੋਸ਼ੀ ਭਰੇ ਕਦਮਾਂ ਨੇ ਸਿੱਖਾਂ ਨੂੰ ਵੱਡਾ ਝੰਜੋੜਾ ਦਿੱਤਾ ਅਤੇ ਸਿੱਖਾਂ ਨੇ ਸਮੂਹਿਕ ਤੌਰ 'ਤੇ ਮਹਿਸੂਸ ਕੀਤਾ ਕਿ ਸ੍ਰੀ ਅਕਾਲ ਤਖਤ ਸਾਹਿਬ ਨੂੰ ਮੌਜੂਦਾ ਅਕਾਲੀ ਆਗੂਆਂ ਤੋਂ ਆਜ਼ਾਦ ਕਰਵਾਉਣਾ ਨਿਹਾਇਤ ਜ਼ਰੂਰੀ ਹੈ।

ਦਹਾਕਿਆਂ ਤੋਂ ਸਿੱਖਾਂ ਅੰਦਰ ਇਹ ਭਾਵਨਾ ਤੇ ਵਿਚਾਰ ਚੱਲ ਰਹੇ ਸਨ ਕਿ ਸਰਬੱਤ ਖਾਲਸਾ ਦੀ ਪਰੰਪਰਾ ਨੂੰ ਸੁਰਜੀਤ ਕਰਨਾ ਪੰਥ ਦੀ ਅਣਸਰਦੀ ਲੋੜ ਹੈ। ਅਨੇਕ ਵਾਰ ਸ਼੍ਰੋਮਣੀ ਕਮੇਟੀ ਦੇ ਥਾਪੇ ਜਥੇਦਾਰਾਂ ਨੇ ਸਿੱਖਾਂ ਨੂੰ ਨਿਰਾਸ਼ ਕੀਤਾ। ਹਰ ਅਜਿਹੀ ਘਟਨਾ ਤੋਂ ਬਾਅਦ ਸਰਬੱਤ ਖਾਲਸਾ ਦੀ ਅਹਿਮੀਅਤ ਅਤੇ ਪੁਨਰ-ਸੁਰਜੀਤੀ ਦੀ ਲੋੜ ਦਾ ਮੁੱਦਾ ਉਭਰਿਆ, ਪਰ ਇੱਕ ਅਰਸੇ ਤੱਕ ਸਰਬੱਤ ਖਾਲਸਾ ਨਾ ਹੋ ਸਕਿਆ ਕਿਉਂਕਿ ਇਸ ਦੀ ਕਾਮਯਾਬੀ ਲਈ ਲੋੜੀਂਦੀ ਜਨਤਕ ਲਹਿਰ ਮੌਜੂਦ ਨਹੀਂ ਸੀ। ਵੱਡੀ ਜਨਤਕ ਹਮਾਇਤ ਬਿਨਾ ਸਰਬੱਤ ਖਾਲਸਾ ਕਿਵੇਂ ਹੋਣਾ ਸੀ, ਜਦੋਂ ਨੁਮਾਇੰਦਾ ਸਿੱਖ ਸੰਸਥਾਵਾਂ 'ਤੇ ਹਿੰਦੂਤਵੀ ਤਾਕਤਾਂ ਦਾ ਭਾਈਵਾਲ ਅਕਾਲੀ ਦਲ ਬਾਦਲ ਕਾਬਜ਼ ਸੀ? ਸਰਬੱਤ ਖਾਲਸਾ ਸੱਦਣ ਲਈ ਕਿਸੇ ਇਤਿਹਾਸਕ ਮੌਕੇ ਦੀ ਉਡੀਕ ਕਰਨੀ ਹੀ ਪੈਣੀ ਸੀ।

***ਭਾਵੇਂ ਉਕਤ ਡੇਰੇ ਦੀ ਅਸਲੀਅਤ ਕਦੇ ਵੀ ਗੁੱਝੀ ਨਹੀਂ ਸੀ, ਫਿਰ ਵੀ ਸਿੱਖਾਂ ਨਾਲ ਡੇਰੇ ਦਾ ਟਕਰਾਅ ਪੈਦਾ ਹੋਣ ਪਿਛੋਂ ਇਸ ਨੂੰ ਕਈ ਕਿਸਮ ਦੀ ਹਮਾਇਤ ਹਾਸਲ ਹੋਈ। ਧਰਮ ਦੇ ਖਿਆਲ ਨੂੰ ਹੀ ਮਾਨਤਾ ਦੇਣ ਤੋਂ ਇਨਕਾਰੀ ਧਿਰਾਂ ਇਸ ਡੇਰੇ ਦੀਆਂ ਹਫਤਾਵਾਰੀ ਮੀਟਿੰਗਾਂ ਨੂੰ ਗਰੀਬ ਕਿਰਤੀਆਂ ਦੀ ਧਾਰਮਕ ਆਜ਼ਾਦੀ ਦੇ ਨਾਂ 'ਤੇ ਸਹੀ ਠਹਿਰਾਉਣ ਲੱਗੀਆਂ। ਡੇਰੇ ਵਿਚ ਧਰਮ-ਕਰਮ ਵਾਲੀ ਕੋਈ ਗੱਲ ਨਹੀਂ ਸੀ ਤੇ ਇਹ ਗਰੀਬ ਬੰਦੇ ਦੀਆਂ ਧਾਰਮਕ ਭਾਵਨਾਵਾਂ ਨਾਲ ਹੋਇਆ ਖਿਲਵਾੜ ਸੀ। ਅਜੀਬ ਵਰਤਾਰਾ ਹੈ ਕਿ ਪੰਜਾਬ ਦੇ ਖੱਬੇਪੱਖੀਆਂ ਲਈ ਧਰਮ ਬੇਮਾਅਨਾ ਹੈ ਤੇ ਡੇਰਾ ਸਿਰਸਾ ਦੇ ਮੁਖੀ ਦਾ ਮੁਜ਼ਰਮਾਨਾ ਗੰਵਾਰਪੁਣਾ ਧਰਮ ਹੈ।***

ਬੇਅਦਬੀ ਦੀਆਂ ਘਟਨਾਵਾਂ ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਨੂੰ ਅਕਾਲੀ ਦਲ ਬਾਦਲ, ਜਾਂ ਕਹਿ ਲਓ ਮੌਕਾਪ੍ਰਸਤ ਸਿਆਸਤਦਾਨਾਂ ਤੋਂ ਆਜ਼ਾਦ ਕਰਵਾਉਣ ਦੀ ਭਾਵਨਾ ਇੱਕ ਵੱਡੇ ਜਨਤਕ ਮੁਹਾਜ ਦਾ ਰੂਪ ਧਾਰ ਗਈ। ਕੁਝ ਪੰਥਕ ਆਗੂਆਂ ਨੇ ਇਸ ਸ਼ਿੱਦਤ ਨੂੰ ਮਹਿਸੂਸ ਕੀਤਾ ਅਤੇ ਇਸ ਨੂੰ ਇੱਕ ਮੁਨਾਸਬ ਮੌਕਾ ਤਸਲੀਮ ਕਰਦਿਆਂ ਸਰਬੱਤ ਖਾਲਸਾ ਦਾ ਸੱਦਾ ਦੇ ਦਿੱਤਾ। ਸਰਬੱਤ ਖਾਲਸਾ ਨੂੰ ਮਿਲੇ ਬੇਮਿਸਾਲ ਹੁੰਗਾਰੇ ਨੇ ਇਸ ਗੱਲ 'ਤੇ ਸਹੀ ਪਾਈ ਕਿ ਇਨ੍ਹਾਂ ਪੰਥਕ ਆਗੂਆਂ ਨੇ ਸਹੀ ਸਮੇਂ, ਸਹੀ ਫੈਸਲਾ ਲਿਆ।

ਕੁਝ ਲੋਕਾਂ ਨੇ ਉਸ ਮੌਕੇ ਸਰਬੱਤ ਖਾਲਸਾ ਦਾ ਡੱਟ ਕੇ ਵਿਰੋਧ ਕੀਤਾ। ਨਕਸਲੀ ਪਿਛੋਕੜ ਵਾਲਾ ਲੇਖਕ ਅਜਮੇਰ ਸਿੰਘ ਇਸ ਧਿਰ ਦੀ ਅਗਵਾਈ ਕਰ ਰਿਹਾ ਸੀ। ਕਈ ਧੜੇ ਅਜਮੇਰ ਸਿੰਘ ਨੂੰ ਸਾਬਕਾ ਨਕਸਲੀ ਕਹੇ ਜਾਣ 'ਤੇ ਇਤਰਾਜ਼ ਕਰਦੇ ਹਨ। ਉਨ੍ਹਾਂ ਮੁਤਾਬਕ ਅਜਮੇਰ ਸਿੰਘ ਖੰਡੇ ਦੀ ਪਾਹੁਲ ਲੈ ਕੇ ਅੰਮ੍ਰਿਤਧਾਰੀ ਹੋ ਗਿਆ ਹੈ ਤੇ ਅੰਮ੍ਰਿਤਪਾਨ ਤੋਂ ਬਾਅਦ ਬੰਦੇ ਨੂੰ ਉਸ ਦੀ ਪਹਿਲੀ ਜ਼ਾਤ ਜਾਂ ਕੁਲ ਆਦਿ ਨਾਲ ਜੋੜਨਾ ਜਾਇਜ਼ ਨਹੀਂ। ਮੇਰੀ ਬੇਨਤੀ ਹੈ ਕਿ ਨਕਸਲੀ ਹੋਣਾ ਅਜਮੇਰ ਸਿੰਘ ਦੀ ਜ਼ਾਤ ਜਾਂ ਕੁਲ ਨਹੀਂ ਸੀ, ਉਸ ਦੀ ਸਿਆਸੀ ਵਿਚਾਰਧਾਰਾ ਸੀ। ਅਜਮੇਰ ਸਿੰਘ ਨੇ ਆਪਣੇ ਸਿੱਖ ਪਾਠਕਾਂ (ਲਗਭਗ ਸਮੂਹ ਪਾਠਕਾਂ) ਨੂੰ ਪ੍ਰਭਾਵ ਦਿੱਤਾ ਹੈ ਕਿ ਉਹ ਪੰਥਕ ਪ੍ਰਭੂਸੱਤਾ ਦੀ ਪੁਨਰ-ਸੁਰਜੀਤੀ ਦੇ ਅਕੀਦੇ ਨੂੰ ਅਗਾਂਹ ਤੋਰ ਰਿਹਾ ਹੈ। ਇਹ ਬਿਲਕੁਲ ਗਲਤ ਪ੍ਰਭਾਵ ਸੀ, ਜੋ ਅਜਮੇਰ ਸਿੰਘ ਨੇ ਜਾਣ-ਬੁੱਝ ਕੇ ਪਰ ਬਿਨਾ ਕੁਝ ਕਹੇ ਕਾਇਮ ਕੀਤਾ।

ਆਪਣੀਆਂ ਲਿਖਤਾਂ, ਭਾਸ਼ਣਾਂ, ਅਤੇ ਮੁਲਾਕਾਤਾਂ ਰਾਹੀਂ ਅਜਮੇਰ ਸਿੰਘ ਨੇ ਅਨੇਕ ਗਵਾਹੀਆਂ ਪੇਸ਼ ਕੀਤੀਆਂ ਹਨ ਕਿ ਉਹ ਪੁਰਾਣੇ ਮਾਰਕਸੀ ਏਜੰਡੇ ਦੇ ਇੱਕ ਬਦਲਵੇਂ ਰੂਪ ਨੂੰ ਲਿਬਰਲ ਮੁਹਾਂਦਰੇ ਵਾਲੀ ਸਿਆਸਤ ਰਾਹੀਂ ਅਗਾਂਹ ਤੋਰਨਾ ਚਾਹੁੰਦਾ ਹੈ। ਅਜਮੇਰ ਸਿੰਘ ਦੀ ਅਜਿਹੀ ਪਹੁੰਚ ਦੀ ਸੰਤੁਲਿਤ ਸਮਝ ਬਣਾਉਣ ਲਈ ਉਸ ਦੇ ਮਾਰਕਸੀ ਪਿਛੋਕੜ ਦੇ ਹਵਾਲੇ ਨਾਲ ਗੱਲ ਕਰਨੀ ਜ਼ਰੂਰੀ ਹੈ।

ਅਜਮੇਰ ਸਿੰਘ ਤੇ ਉਸ ਦੇ ਸਾਥੀਆਂ ਦੀ ਦਲੀਲ ਸੀ ਕਿ ਸਰਬੱਤ ਖਾਲਸਾ ਸੱਦਣ ਤੋਂ ਪਹਿਲਾਂ ਇਸ ਦਾ ਵਿਧੀ-ਵਿਧਾਨ ਨਿਸ਼ਚਿਤ ਕਰਨਾ ਜ਼ਰੂਰੀ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਇਨ੍ਹਾਂ ਨੇ ਵਿਧੀ-ਵਿਧਾਨ ਬਾਰੇ ਕਦੇ ਕੋਈ ਗੱਲ ਨਹੀਂ ਕੀਤੀ। ਇਨ੍ਹਾਂ ਦਾਨਿਸ਼ਵਰਾਂ ਨੂੰ ਪਤਾ ਨਹੀਂ ਸੀ ਕਿ ਭਾਰਤੀ ਸਥਾਪਤੀ ਦੇ ਹੱਥਠੋਕੇ ਕਿਵੇਂ ਸ੍ਰੀ ਅਕਾਲ ਤਖਤ ਸਾਹਿਬ ਦੀ ਪ੍ਰਭੂਸੱਤਾ ਦਾ ਮਖੌਲ ਬਣਾ ਰਹੇ ਸਨ? ਪੰਥਕ ਧਿਰਾਂ ਨੇ ਅਨੇਕ ਵਾਰ ਸ਼੍ਰੋਮਣੀ ਕਮੇਟੀ ਦੇ ਥਾਪੇ ਜਥੇਦਾਰਾਂ ਦਾ ਵਿਰੋਧ ਕੀਤਾ ਸੀ ਤੇ ਹਰ ਅਜਿਹੀ ਘਟਨਾ ਤੋਂ ਬਾਅਦ ਸਰਬੱਤ ਖਾਲਸਾ ਦਾ ਮੁੱਦਾ ਵਿਚਾਰ ਦਾ ਕੇਂਦਰ ਬਣਦਾ ਸੀ। ਵਿਧੀ-ਵਿਧਾਨ ਨਾਲ ਐਨੇ ਗੰਭੀਰ ਸਰੋਕਾਰ ਰੱਖਣ ਵਾਲਿਆਂ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਕਦੇ ਨਾ ਕਦੇ ਸਰਬੱਤ ਖਾਲਸਾ ਦਾ ਸਬੱਬ ਬਣਨਾ ਹੈ, ਇਸ ਲਈ ਵਿਧੀ-ਵਿਧਾਨ ਦਾ ਚੌਖਟਾ ਪਹਿਲਾਂ ਹੀ ਤਿਆਰ ਕਰਕੇ ਰੱਖਿਆ ਜਾਵੇ। ਪਰ ਇਨ੍ਹਾਂ ਨੂੰ ਇਹ ਗੱਲ ਕਦੇ ਨਾ ਅਹੁੜੀ।

ਜਦੋਂ ਸਰਬੱਤ ਖਾਲਸਾ ਲਈ ਲੋੜੀਂਦਾ ਜਨਤਕ ਉਭਾਰ ਪੈਦਾ ਹੋਇਆ ਤਾਂ ਇਹ ਵਿਧੀ-ਵਿਧਾਨ ਦੇ ਮੁੱਦੇ 'ਤੇ ਅੜ ਗਏ। ਅਖੇ ਬਿਨਾ ਵਿਧੀ-ਵਿਧਾਨ ਤੋਂ ਸਰਬੱਤ ਖਾਲਸਾ ਦਾ ਅਰਥ ਹੀ ਕੋਈ ਨਹੀਂ ਰਹਿ ਜਾਂਦਾ। ਇਨ੍ਹਾਂ ਲੋਕਾਂ ਨੇ ਇੱਕ ਵਾਰੀ ਵੀ ਇਹ ਅਹਿਸਾਸ ਨਹੀਂ ਕੀਤਾ ਕਿ ਅਜਿਹੇ ਇਤਿਹਾਸਕ ਮੌਕੇ ਨਾ ਤਾਂ ਨਿੱਤ-ਦਿਹਾੜੀ ਬਣਦੇ ਹਨ ਤੇ ਨਾ ਹੀ ਆਪਣੀ ਮਰਜ਼ੀ ਨਾਲ ਬਣਾਏ ਜਾ ਸਕਦੇ ਹਨ। ਅਜਿਹਾ ਜਨਤਕ ਉਭਾਰ ਹੀ ਇਤਿਹਾਸਕ ਫੈਸਲੇ ਲੈਣ ਦਾ ਮੌਕਾ ਹੁੰਦਾ ਹੈ, ਪਰ ਅਜਮੇਰ ਸਿੰਘ ਬਜ਼ਿੱਦ ਸੀ ਕਿ ਵਿਧੀ-ਵਿਧਾਨ ਦਾ ਵਾਵੇਲਾ ਖੜ੍ਹਾ ਕਰਕੇ ਇਹ ਮੌਕਾ ਹੱਥੋਂ ਲੰਘਾ ਕੇ ਹੀ ਹਟਣਾ ਹੈ। ਅਸੀਂ ਉਦੋਂ ਵੀ ਇਨ੍ਹਾਂ ਨੂੰ ਕਿਹਾ ਸੀ ਕਿ ਸਿੱਖ ਇਤਿਹਾਸ ਵਿਚ ਅੱਜ ਤੱਕ ਕਈ ਵਾਰ ਸਰਬੱਤ ਖਾਲਸਾ ਹੋਇਆ ਹੈ, ਜਿਸ ਨੇ ਔਖੇ ਵੇਲੇ ਪੰਥ ਨੂੰ ਮੁੜ ਤੋਂ ਲਾਮਬੰਦ ਹੋਣ ਵਿਚ ਮੱਦਦ ਕੀਤੀ ਹੈ, ਪਰ ਪੂਰੇ ਸਿੱਖ ਇਤਿਹਾਸ ਵਿਚ ਇੱਕ ਵੀ ਵਿਧੀ-ਵਿਧਾਨ ਦਾ ਦਸਤਾਵੇਜ਼ ਨਹੀਂ ਮਿਲਦਾ।

ਅਜਮੇਰ ਸਿੰਘ ਕਦੇ ਵੀ ਸਿੱਧਾ ਤੇ ਸਪੱਸ਼ਟ ਹੋ ਕੇ ਕਿਸੇ ਦਲੀਲ ਦਾ ਜੁਆਬ ਨਹੀਂ ਦਿੰਦਾ ਸਗੋਂ ਹਮੇਸ਼ਾ ਆਪਣੀ ਪ੍ਰਚਾਰ ਮੁਹਿੰਮ ਇੱਕਪਾਸੜ ਰੱਖਦਾ ਹੈ। ਉਹ ਕਦੇ ਸਿੱਧੇ ਵਾਰਤਾਲਾਪ 'ਚ ਨਹੀਂ ਪੈਂਦਾ, ਸਗੋਂ ਇਸ ਦੀ ਆਲੋਚਨਾ ਕਰਨ ਵਾਲਿਆਂ ਨੂੰ ਹੋਰ ਬੰਦਿਆਂ ਦੇ ਖੁੰਢੇ ਹਥਿਆਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ਹੱਥਕੰਡਿਆਂ ਰਾਹੀਂ ਅਜਮੇਰ ਸਿੰਘ ਨੇ ਸਰਬੱਤ ਖਾਲਸਾ ਨੂੰ ਨਕਾਰਨ ਦੀ ਮੁਹਿੰਮ ਸਰ ਕਰਨ ਦੀ ਕੋਸ਼ਿਸ਼ ਕੀਤੀ, ਪਰ ਸਰਬੱਤ ਖਾਲਸਾ ਹੋਣ ਪਿਛੋਂ ਅਜਮੇਰ ਸਿੰਘ ਦੇ ਵਿਧੀ-ਵਿਧਾਨ ਬਾਰੇ ਸਰੋਕਾਰ ਖਤਮ ਹੋ ਗਏ ਤੇ ਉਸ ਨੇ ਇਸ ਮੁੱਦੇ ਨੂੰ ਠੰਡੇ ਬਸਤੇ ਦੇ ਹਵਾਲੇ ਕਰ ਦਿੱਤਾ।

ਅਜਮੇਰ ਸਿੰਘ ਨੂੰ ਅਜਿਹੀ ਤਾਕਤ ਉਸ ਦੀਆਂ ਕਿਤਾਬਾਂ ਦੀ ਕਾਮਯਾਬੀ ਸਦਕਾ ਮਿਲੀ ਹੈ, ਜਿਨ੍ਹਾਂ ਦਾ ਪੰਥ ਵਿਚ ਕਾਫੀ ਸੁਆਗਤ ਹੋਇਆ ਹੈ। ਇਸ ਦੀ ਮੁੱਖ ਵਜ੍ਹਾ ਹੈ ਕਿ ਪੰਜਾਬ ਵਿਚ ਸਿੱਖਾਂ ਪ੍ਰਤੀ ਵੈਰ-ਭਾਵ ਤੋਂ ਰਹਿਤ ਸਿਆਸੀ ਵਿਸ਼ਲੇਸ਼ਣ ਦੀ ਲਗਭਗ ਅਣਹੋਂਦ ਸੀ। ਅਜਮੇਰ ਸਿੰਘ ਦੇ ਬਹੁਤੇ ਪਾਠਕ ਸਿੱਖੀ ਅਤੇ ਪੰਥ ਨਾਲ ਨਿੱਜੀ ਸਾਂਝ ਰੱਖਣ ਵਾਲੇ ਲੋਕ ਹਨ। ਅਜਮੇਰ ਸਿੰਘ ਦੀਆਂ ਲਿਖਤਾਂ ਨੂੰ ਪੜ੍ਹਨਾ ਕੋਈ ਮਾੜੀ ਗੱਲ ਨਹੀਂ, ਪਰ ਚੰਗਾ ਹੋਵੇ, ਉਸ ਦੇ ਪਾਠਕ ਆਪਣੇ ਬੌਧਿਕ ਸਫਰ ਨੂੰ ਅਜਮੇਰ ਸਿੰਘ ਤੱਕ ਹੀ ਸੀਮਤ ਨਾ ਕਰਨ, ਅਜਮੇਰ ਸਿੰਘ ਦਾ ਬੁੱਤ ਬਣਾ ਕੇ ਉਸ 'ਤੇ ਸ਼ਰਧਾ ਦੇ ਫੁੱਲ ਹੀ ਨਾ ਚੜ੍ਹਾਈ ਜਾਣ। ਕਿਸੇ ਵੀ ਲਿਖਤ ਪ੍ਰਤੀ ਆਲੋਚਨਾਤਮਕ ਨਜ਼ਰੀਆ ਅਪਨਾਉਣਾ ਜ਼ਰੂਰੀ ਹੁੰਦਾ ਹੈ।

ਅਜਮੇਰ ਸਿੰਘ ਦੇ ਸਮਰਥਕਾਂ ਦਾ ਵਿਚਾਰ ਹੈ ਕਿ ਉਸ ਨੇ ਔਖੇ ਵੇਲੇ ਪੰਥ ਦੀ ਬਾਂਹ ਫੜੀ। ਸਾਡੀ ਸਮਝ ਹੈ ਕਿ ਅਜਮੇਰ ਸਿੰਘ ਨੇ ਸਿੱਖਾਂ ਉਤੇ ਕੋਝੇ ਅਤੇ ਸਿੱਧੇ ਹਮਲਿਆਂ ਤੋਂ ਆਪਣਾ ਸਫਰ ਸ਼ੁਰੂ ਨਹੀਂ ਕੀਤਾ। ਉਹ ਸਿੱਖ ਪੱਖੀ ਸੁਰ ਰੱਖ ਕੇ ਸਿੱਖਾਂ ਦੇ ਵਿਰੋਧ ਵਿਚ ਸਿਧਾਂਤਕ ਆਧਾਰ ਕਾਇਮ ਕਰਨ ਲੱਗਾ ਹੋਇਆ ਸੀ, ਪਰ ਸਥਾਪਤ ਹੋ ਜਾਣ ਪਿਛੋਂ ਉਸ ਨੇ ਸਿੱਖਾਂ 'ਤੇ ਕੋਝੇ ਅਤੇ ਸਿੱਧੇ ਹਮਲੇ ਵੀ ਕੀਤੇ। ਅਫਸੋਸ ਦੀ ਗੱਲ ਹੈ ਕਿ ਪੰਜਾਬ ਦੇ ਵਡੇਰੇ ਪਾਠਕ ਵਰਗ ਦਾ ਬੌਧਿਕ ਪੱਧਰ ਐਨਾ ਉਚਾ ਨਹੀਂ ਕਿ ਉਹ ਅਜਮੇਰ ਸਿੰਘ ਦੀਆਂ ਲਿਖਤਾਂ ਅੰਦਰਲੇ ਮਹੀਨ ਹਮਲਿਆਂ ਜਾਂ ਸਿਧਾਂਤਕ ਕੱਚੇਪਣ ਨੂੰ ਸਮਝ ਸਕਦੇ। ਇਸ ਨਜ਼ਰੀਏ ਦੀ ਮੁਨਾਸਬ ਵਿਆਖਿਆ ਕਰਨ ਲਈ ਅਜਮੇਰ ਸਿੰਘ ਬਾਰੇ ਇੱਕ ਵੱਖਰੇ ਲੇਖ ਦੀ ਲੋੜ ਹੈ, ਜੋ ਛੇਤੀ ਹੀ ਪਾਠਕਾਂ ਨਾਲ ਸਾਂਝਾ ਕਰਾਂਗੇ।


ਸੁਹਿਰਦ ਪਾਠਕਾਂ ਤੋਂ ਬਿਨਾ ਅਜਮੇਰ ਸਿੰਘ ਨੇ ਆਪਣੇ ਨਾਲ ਸਮਾਜ ਦਾ ਇੱਕ ਹੋਰ ਵਰਗ ਵੀ ਜੋੜਿਆ ਹੈ। ਹਰ ਸਮਾਜ ਵਿਚ ਹਮੇਸ਼ਾ ਅਜਿਹੇ ਤੱਤ ਹੁੰਦੇ ਹਨ ਜੋ ਕਿਸੇ ਅਹਿਮ ਬੰਦੇ ਦੀ ਖੁਸ਼ਨੂਦੀ ਹਾਸਲ ਕਰਨ ਲਈ ਉਸ ਨੂੰ ਵਾਜਬ ਸੁਆਲ ਕਰਨ ਵਾਲਿਆਂ 'ਤੇ ਨੀਵੇਂ ਪੱਧਰ ਦੇ ਮਾਨਸਿਕ ਜਾਂ ਜਿਸਮਾਨੀ ਹਮਲੇ ਕਰਦੇ ਹਨ। ਅਜਮੇਰ ਸਿੰਘ ਨੇ ਅਜਿਹੇ ਬੰਦਿਆਂ ਦਾ ਇੱਕ ਵਰਗ ਤਿਆਰ ਕੀਤਾ ਹੈ, ਜਿਸ ਦੀ ਹਰ ਗੱਲ ਕਿਰਦਾਰਕੁਸ਼ੀ ਤੋਂ ਸ਼ੁਰੂ ਹੁੰਦੀ ਹੈ ਤੇ ਗਾਲ੍ਹੀ-ਗਲੋਚ 'ਤੇ ਖਤਮ। ਅਜਮੇਰ ਸਿੰਘ ਅਜਿਹੇ ਅਨਸਰਾਂ ਨੂੰ ਆਪਣੀ ਕਾਰੀਗਰੀ ਨਾਲ ਜਚਾ ਦਿੰਦਾ ਹੈ ਕਿ ਤੁਸੀਂ ਬੜੀਆਂ ਨਾਯਾਬ ਹਸਤੀਆਂ ਹੋ। ਮਾਰਕਸੀ ਹਲਕਿਆਂ ਵਿਚ ਇਹ ਬੰਦੇ 'ਲੁੰਪਨ' ਦੇ ਨਾਂ ਨਾਲ ਜਾਣੇ ਜਾਂਦੇ ਹਨ। ਇਹ ਵਰਗ ਲੋਕਾਂ ਦਾ ਮਾਨਸਿਕ ਚੈਨ ਭੰਗ ਕਰਨ ਵਿਚ ਚੰਗਾ ਨਿਪੁੰਨ ਹੈ। ਇਸ ਲਈ ਛੇਤੀ ਕੀਤੇ ਕੋਈ ਬੰਦਾ ਅਜਮੇਰ ਸਿੰਘ ਨੂੰ ਸੁਆਲ ਕਰਨ ਦੀ ਜੁਰਅੱਤ ਨਹੀਂ ਕਰਦਾ। ਅਜਮੇਰ ਸਿੰਘ ਚੁੱਪ-ਚਾਪ ਪਾਸੇ ਬਹਿ ਕੇ ਪਹਿਲਾਂ ਆਪਣੇ ਵਿਰੋਧੀਆਂ ਦਾ ਚਰਿੱਤਰਘਾਤ ਹੋਣ ਦਿੰਦਾ ਹੈ ਤੇ ਬਾਅਦ ਵਿਚ ਮੰਚ 'ਤੇ ਚੜ੍ਹ ਕੇ ਪੂਰੀ ਦੀ ਪੂਰੀ ਸਿੱਖ ਕੌਮ ਨੂੰ ਨੈਤਿਕਤਾ ਅਤੇ ਰੂਹਾਨੀਅਤ ਦੇ ਸਬਕ ਪੜ੍ਹਾਉਂਦਾ ਹੈ। ਅਜਮੇਰ ਸਿੰਘ ਦੇ ਸਮਰਥਕ, ਚੰਗੇ ਤੇ ਮਾੜੇ-ਦੋਵੇਂ, ਉਸ ਦੇ ਅਜਿਹੇ ਪੈਂਤੜਿਆਂ ਨੂੰ ਸਮਝਣ ਤੋਂ ਇਨਕਾਰੀ ਹਨ। ਪਾਠਕ ਦਿਮਾਗ 'ਤੇ ਬੋਝ ਪਾਉਣ ਦੀ ਲੋੜ ਨਹੀਂ ਸਮਝਦੇ ਅਤੇ ਲੁੰਪਨ ਮਚਲੇ ਹੋ ਜਾਂਦੇ ਹਨ।

ਸਰਬੱਤ ਖਾਲਸਾ ਸਿੱਖ ਜਥੇਬੰਦੀਆਂ ਤੇ ਸੰਸਥਾਵਾਂ ਦੇ ਨੁਮਾਇੰਦਿਆਂ ਦੀ ਬੈਠਕ ਨੂੰ ਕਿਹਾ ਜਾਂਦਾ ਹੈ। ਅਜਿਹੀ ਬੈਠਕ ਕਦੋਂ ਵੀ ਸੱਦੀ ਜਾ ਸਕਦੀ ਹੈ ਪਰ ਵੱਡੇ ਜਨਤਕ ਮੁਹਾਜ ਬਿਨਾ ਉਸ ਦੀ ਵਾਜਬੀਅਤ ਸਥਾਪਤ ਨਹੀਂ ਹੁੰਦੀ। ਪਿੰਡ ਚੱਬੇ ਵਿਚ ਹੋਏ ਸਰਬੱਤ ਖਾਲਸਾ ਸਮਾਗਮ ਤੋਂ ਪਹਿਲਾਂ ਵੀ ਕਈ ਦਿਨ ਲਗਾਤਾਰ ਪੰਥਕ ਆਗੂਆਂ ਨੇ ਵਿਚਾਰ-ਵਟਾਂਦਰਾ ਕੀਤਾ। ਇਸ ਵਿਚਾਰ-ਵਟਾਂਦਰੇ ਪਿਛੋਂ ਲਏ ਗਏ ਫੈਸਲੇ ਸਰਬੱਤ ਖਾਲਸਾ ਦੇ ਮੰਚ ਤੋਂ ਖਾਲਸਾ ਪੰਥ ਨਾਲ ਸਾਂਝੇ ਕੀਤੇ ਗਏ। ਇਸ

*(ਅਗਲੇ ਸਫੇ 'ਤੇ ਜਾਰੀ)*

# ਸਫੈਦ ਸੱਚ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਉਰਦੂ-ਫਾਰਸੀ ਪੜ੍ਹੇ ਲੋਕ ਆਪਣੇ ਆਪ ਨੂੰ ਤਾਲੀਮ-ਯਾਫਤਾ ਸਮਝਦੇ ਹਨ, ਇਸ ਲਈ ਹਮਾਤੜ ਜਿਸ ਨੂੰ ਚਿੱਟਾ ਕਹਿੰਦੇ ਹਨ, ਇਹ ਸ਼ਰੀਫ ਸਫੈਦ ਬਿਆਨਦੇ ਹਨ। ਕਿਸ ਨੂੰ ਨਹੀਂ ਪਤਾ, ਇਕ ਸਮਾਂ ਆਇਆ ਜਦ ਪੰਜਾਬ ਵਿਚ 'ਪੜ੍ਹੋ ਫਾਰਸੀ ਵੇਚੋ ਤੇਲ' ਵਾਲੀ ਗੱਲ ਸ਼ੁਰੂ ਹੋ ਗਈ। ਕਿਸੇ ਵੇਲੇ ਪਿੰਡਾਂ ਵਿਚ ਜ਼ੈਲਦਾਰ, ਸਫੈਦਪੋਸ਼ ਹੋਇਆ ਕਰਦੇ ਸਨ। ਸਾਡੇ ਪਿੰਡ ਵਾਲੇ ਸਫੈਦਪੋਸ਼ ਦਾ ਨਾਂ ਹੀ ਭਗਤ ਸਿੰਘ ਸਫੈਦਪੋਸ਼ ਚਲਦਾ ਸੀ। ਉਸ ਦੀ ਬਹੁਤ ਵੱਡੀ ਕੋਠੀ ਹੁੰਦੀ ਸੀ ਜਿਸ ਦੇ ਬਰਾਂਡੇ ਵਿਚ ਡੱਠੇ ਦੀਵਾਨ 'ਤੇ ਉਹ ਅਕਸਰ ਬੈਠਿਆ ਕਰਦਾ ਸੀ। ਅੱਜ ਕਲ੍ਹ ਵ੍ਹਾਈਟ ਕਾਲਰ ਅਤੇ ਸ਼ਹਿਰ ਦੇ ਖਾਂਦੇ ਪੀਂਦੇ ਬੰਦਿਆਂ ਨੂੰ ਸਫੈਦਪੋਸ਼ ਕਿਹਾ ਜਾਣ ਲੱਗਾ ਹੈ। ਸਫੈਦ ਕੱਪੜਿਆਂ 'ਤੇ ਲੱਗਾ ਦਾਗ ਜੁ ਬਹੁਤ ਛੇਤੀ ਦਿਸਦਾ ਹੈ। ਵਾਰਿਸ ਸ਼ਾਹ ਨੇ ਸਹਿਤੀ ਕੋਲੋਂ ਸੋਹਣੀ ਟਿੱਚਰ ਲਵਾਈ ਹੈ,

ਏਸ ਚਾਕ ਦੀ ਕੌਣ ਮਜਾਲ ਹੈ ਨੀ
ਰਾਜੇ ਭੋਜ ਥੀਂ ਅਸੀਂ ਨਾ ਹਾਰੀਆਂ ਹਾਂ।
ਵਾਰਸ ਸ਼ਾਹ ਵਿਚ ਹੱਕ ਸਫੈਦ-ਪੋਸ਼ਾਂ
ਅਸੀਂ ਹੋਲੀ ਦੀਆਂ ਰੰਗ ਪਚਕਾਰੀਆਂ ਹਾਂ।

ਇੱਕ ਲੋਕ-ਗੀਤ ਦੇ ਕੁਝ ਬੋਲਾਂ ਵਿਚ ਨੱਢੀ ਦੀ ਗੁੱਤ 'ਤੇ ਲੱਗੀ ਗਹਿਣਿਆਂ ਦੀ ਕਚਹਿਰੀ ਵਿਚ ਗੋਖੜੂਆਂ ਨੂੰ ਸਫੈਦਪੋਸ਼ ਕਿਹਾ ਗਿਆ ਹੈ,

ਤੇਰੀ ਗੁੱਤ 'ਤੇ ਕਚਹਿਰੀ ਲਗਦੀ
ਦੂਰੋਂ ਦੂਰੋਂ ਆਉਣ ਝਗੜੇ।
ਸੱਗੀ-ਫੁੱਲ ਨੀ ਸ਼ਿਸ਼ਨ ਜੱਜ ਤੇਰੇ
ਕੈਂਠਾ ਤੇਰਾ ਮੁਹਤਮ ਹੈ।
ਵਾਲੇ, ਡੰਡੀਆਂ ਕਮਿਸ਼ਨਰ ਡਿਪਟੀ
ਨੱਤੀਆਂ ਇਹ ਨੈਬ ਬਣੀਆਂ।
ਜ਼ੈਲਦਾਰ ਨੀ ਮੁਰਕੀਆਂ ਤੇਰੀਆਂ
ਸਫੈਦ-ਪੋਸ਼ ਬਣੇ ਗੋਖੜੂ।

ਖੈਰ, ਸਫੈਦਪੋਸ਼ ਆਖਰ ਚਿੱਟ-ਕੱਪੜੀਆ ਹੀ ਹੈ। ਸਫੈਦ, ਚਿੱਟਾ ਜਾਂ ਬੱਗਾ ਸ਼ਬਦ ਮਨੁੱਖੀ ਚਰਿੱਤਰ ਦੇ ਉਜਲਾ ਅਰਥਾਤ ਇਮਾਨਦਾਰ ਅਤੇ ਨਿਹਕਲੰਕ ਹੋਣ ਦੇ ਵੀ ਪ੍ਰਤੀਕ ਹਨ। ਉਚ ਜਾਤੀ ਦੇ ਪੰਡਿਤ ਪੁਜਾਰੀ ਅਜਿਹਾ ਵੇਸ ਧਾਰਦੇ ਸਨ। ਸਭ ਜਾਣਦੇ ਹਨ, ਗੁਰੂ ਨਾਨਕ ਦੇਵ ਨੇ ਅਜਿਹੇ ਲੋਕਾਂ ਬਾਰੇ ਕੀ ਕਿਹਾ ਸੀ। ਪਹਿਲਾਂ ਕਾਂਗਰਸੀ ਅਜਿਹੇ ਹੁੰਦੇ ਸਨ। ਰਾਜਨੀਤੀ ਵਿਚ ਅੱਜ ਕਲ੍ਹ ਭਗਵੇਂ ਗੋਖੜੂ ਬਣੇ ਹੋਏ ਹਨ।

ਚਲੋ ਅੱਜ ਸਫੈਦ ਸ਼ਬਦ 'ਤੇ ਹੀ ਚਰਚਾ ਕਰ ਲੈਂਦੇ ਹਾਂ। ਪੰਜਾਬੀ ਵਿਚ ਅਨੇਕਾਂ ਸ਼ਬਦ ਤੇ ਉਕਤੀਆਂ ਪ੍ਰਚਲਿਤ ਹਨ, ਜੋ ਇਸ ਸ਼ਬਦ ਨਾਲ ਸਬੰਧਤ ਹਨ। ਉਕਤੀਆਂ ਵਿਚ ਸਫੈਦ ਝੂਠ ਸਭ ਤੋਂ ਉਪਰ ਹੈ। ਫਜ਼ੂਲ ਦਾ ਖਰਚਾ ਕਰਾਉਣ ਵਾਲੇ ਵਿਅਕਤੀ ਜਾਂ ਵਸਤੂ ਨੂੰ ਸਫੈਦ ਹਾਥੀ ਕਿਹਾ ਜਾਂਦਾ ਹੈ। ਬਹੁਤ ਪਹਿਲਾਂ ਸਫੈਦ ਹਾਥੀ 'ਤੇ ਪੂਰਾ ਲੇਖ ਲਿਖਿਆ ਜਾ ਚੁਕਾ ਹੈ ਪਰ ਇਥੇ ਸੰਕੇਤ ਮਾਤਰ ਜ਼ਿਕਰ ਜ਼ਰੂਰੀ ਹੈ। ਕਿਹਾ ਜਾਂਦਾ ਹੈ ਕਿ ਸਿਆਮ ਦਾ ਰਾਜਾ ਆਪਣੀਆਂ ਨਜ਼ਰਾਂ ਵਿਚ ਗਿਰ ਚੁਕੇ ਕਿਸੇ ਦਰਬਾਰੀ ਨੂੰ ਸਫੈਦ ਹਾਥੀ ਭੇਟਾ ਕਰਿਆ ਕਰਦਾ ਸੀ। ਇਸ ਹਾਥੀ ਦੀ ਖੁਰਾਕ ਤੇ ਹੋਰ ਸਾਂਭ ਸੰਭਾਲ ਵਿਚ ਏਨਾ ਖਰਚਾ ਆ ਜਾਂਦਾ ਸੀ ਕਿ ਦਰਬਾਰੀ ਦਾ ਦੀਵਾਲਾ ਹੀ ਨਿਕਲ ਜਾਂਦਾ। ਉਪਰੋਂ ਇਹ ਹਾਥੀ ਕਿਸੇ ਕੰਮ ਵੀ ਨਹੀਂ ਸੀ ਆਉਂਦਾ।

ਇੱਕ ਚਿੱਟੇ ਫੁੱਲਾਂ ਵਾਲੀ ਜੜ੍ਹੀ ਬੂਟੀ ਦਾ ਨਾਂ ਸਫੈਦ ਮੂਸਲੀ ਹੈ। ਇਸ ਦੀ ਜੜ੍ਹ ਮੂਸਲ ਦੇ ਸਮਾਨ ਹੁੰਦੀ ਹੈ, ਜਿਸ ਦਾ ਰੰਗ ਵੀ ਸਫੈਦ ਹੁੰਦਾ ਹੈ। ਇਸ ਤੋਂ ਦੇਸੀ ਦਵਾਈਆਂ ਬਣਦੀਆਂ ਹਨ, ਜੋ



ਹੋਰ ਇਲਾਜਾਂ ਤੋਂ ਇਲਾਵਾ ਮਰਦਾਨਾ ਕਾਮ ਸ਼ਕਤੀ ਨੂੰ ਵਧਾਉਂਦੀਆਂ ਹਨ। ਮਰਦਾਂ ਲਈ ਬੁਰੀ ਖਬਰ: ਵਾਤਾਵਰਣ ਦੀ ਦੇਰ ਤਬਦੀਲੀ ਕਾਰਨ ਇਸ ਦੀ ਕਾਸ਼ਤ ਬਹੁਤ ਘਟ ਗਈ ਹੈ। ਅੱਜ ਕਲ੍ਹ ਦੇ ਜ਼ਮਾਨੇ ਵਿਚ ਅਜਿਹੇ ਲੋਕ ਵੀ ਬਥੇਰੇ ਮਿਲ ਜਾਂਦੇ ਹਨ, ਜਿਨ੍ਹਾਂ ਦਾ ਖੂਨ ਹੀ ਸਫੈਦ ਹੋ ਗਿਆ ਹੁੰਦਾ ਹੈ। ਭੱਦਰ ਲੋਕਾਂ ਦੇ ਧੌਲੇ ਸਫੈਦ ਵਾਲ ਕਹਾਉਂਦੇ ਹਨ। ਇਹ ਲੋਕ ਆਪਣੇ ਸਫੈਦ ਵਾਲ ਕਾਲੇ ਅਤੇ ਕਾਲਾ ਧਨ ਸਫੈਦ ਕਰਨ ਦੇ ਮਾਹਰ ਹਨ। ਮਹਿੰਗੀ ਧਾਤ ਪਲਾਟੀਨਮ ਨੂੰ ਸਫੈਦ ਸੋਨਾ ਕਿਹਾ ਜਾਂਦਾ ਹੈ।

ਸਫੈਦ ਤੋਂ ਬਣਿਆ ਸਫੈਦਾ ਇੱਕ ਬਹੁਅਰਥਕ ਸ਼ਬਦ ਹੈ। ਚਿੱਟੇ ਸੱਕ ਵਾਲੇ ਖੰਬੇ ਵਾਂਗ ਇਕ ਸਿੱਧੇ ਦਰਖਤ ਨੂੰ ਸਫੈਦਾ ਕਿਹਾ ਜਾਂਦਾ ਹੈ। ਵੀਹਵੀਂ ਸਦੀ ਦੇ ਅਖੀਰ ਜਿਹੇ ਵਿਚ ਪੰਜਾਬ ਵਿਚ ਸਫੈਦੇ ਲਾਉਣ ਦਾ ਰਿਵਾਜ ਬਹੁਤ ਵਧ ਗਿਆ ਸੀ। ਜਣੇ-ਖਣੇ ਨੇ ਇਸ ਦੀ ਲਕੜੀ ਵੇਚ ਕੇ ਬਹੁਤ ਮੁਨਾਫਾ ਖੱਟਿਆ ਪਰ ਹਾਲ ਦੀਆਂ ਕੁਝ ਰਿਪੋਰਟਾਂ ਮੁਤਾਬਕ ਧਰਤੀ ਵਿਚ ਡੂੰਘਾ ਧੱਸਿਆ ਇਹ ਦਰਖਤ ਪਾਣੀ ਬਹੁਤ ਪੀਂਦਾ ਹੈ ਜਿਸ ਕਰਕੇ ਖਾਸ ਤੌਰ 'ਤੇ ਕੰਢੀ ਦੇ ਇਲਾਕੇ ਵਿਚ ਧਰਤੀ ਹੇਠਾਂ ਪਾਣੀ ਦੀ ਪੱਧਰ ਬਹੁਤ ਨੀਵੀਂ ਚਲੇ ਗਈ ਹੈ। ਹੁਣ ਤਾਂ ਕਹਿੰਦੇ, ਸਫੈਦਾ ਪੰਜਾਬ ਲਈ ਸਫੈਦ ਹਾਥੀ ਹੀ ਹੋ ਨਿਬੜਿਆ ਹੈ।

ਪਿਛਲੀਆਂ ਚੋਣਾਂ ਵਿਚ ਕੁਝ ਸਫੈਦ ਝੂਠ ਬੋਲ ਕੇ ਲੋਕਾਂ ਨੂੰ ਭਰਮਾਉਣ ਵਾਲੇ ਰਾਜਨੀਤੀਵਾਨ ਕਹਿ ਰਹੇ ਸਨ ਕਿ ਪੰਜਾਬ ਵਿਚ ਸਫੈਦਾ ਲਾਉਣ ਦਾ ਰੁਝਾਨ ਅੰਦਰਖਾਤੇ ਪੰਜਾਬ ਦੇ ਦੋਖੀ ਰਾਜੀਵ ਗਾਂਧੀ ਨੇ ਸ਼ੁਰੂ ਕਰਾਇਆ ਤਾਂ ਕਿ ਇਸ ਸੂਬੇ ਵਿਚ ਪਾਣੀ ਦਾ ਡੂੰਘਾ ਸੰਕਟ ਪੈਦਾ ਹੋ ਜਾਵੇ। ਸਿੱਕੇ ਤੋਂ ਪੇਂਟ ਕਰਨ ਵਾਲੇ ਇੱਕ ਉਤਪਾਦ ਨੂੰ ਵੀ ਸਫੈਦਾ ਕਿਹਾ ਜਾਂਦਾ ਸੀ। ਪਹਿਲਿਆਂ ਵਿਚ ਚਾਂਦੀ ਦੇ ਰੁਪਏ ਨੂੰ ਵੀ ਸਫੈਦਾ ਕਿਹਾ ਜਾਂਦਾ ਸੀ। ਚਿੱਟੀ ਜਿਹੀ ਛਿੱਲ ਵਾਲੇ ਇੱਕ ਹਰਮਨਪਿਆਰੇ ਅੰਬ ਨੂੰ ਵੀ ਸਫੈਦਾ ਕਿਹਾ ਜਾਂਦਾ ਹੈ।

ਜੇ ਲੱਕੜੀਆਂ ਜਾਂ ਧਾਤਾਂ ਨੂੰ ਚਿੱਟਾ ਕਰਨ ਲਈ ਸਫੈਦਾ ਫੇਰਿਆ ਜਾਂਦਾ ਹੈ ਤਾਂ ਕੰਧਾਂ 'ਤੇ ਅਜਿਹਾ ਰੂਪ ਚੜ੍ਹਾਉਣ ਲਈ ਇਸ ਦੀ ਪਤਲੀ ਸਫੈਦੀ ਤੋਂ ਕੰਮ ਲਿਆ ਜਾਂਦਾ ਹੈ, ਜੋ ਕਲੀ ਤੋਂ ਬਣਦੀ ਹੈ। ਸਫੈਦੀ ਨੇ ਪਾਂਡੂ ਦੀ ਥਾਂ ਲੈ ਲਈ ਹੈ। ਪਰ ਕੱਪੜਿਆਂ ਵਿਚ 'ਦੁੱਧ ਸੀ ਸਫੈਦੀ ਨਿਰਮਾ ਸੇ ਆਤੀ ਹੈ।' ਆਂਡੇ ਦੇ ਚਿੱਟੇ ਭਾਗ ਨੂੰ ਵੀ ਸਫੈਦੀ ਕਿਹਾ ਜਾਂਦਾ ਹੈ। ਫਾਰਸੀ ਉਰਦੂ ਵਿਚ ਫਲਵਹਿਰੀ ਨੂੰ ਸਫੈਦੀ ਕਹਿੰਦੇ ਹਨ। ਅੱਜਕੋ ਮਨੁੱਖ ਵਿਚ ਇਮਾਨਦਾਰੀ ਤਾਂ ਮਾਂਹ ਦੀ ਸਫੈਦੀ ਜਿੰਨੀ ਵੀ ਨਹੀਂ ਮਿਲਦੀ।

ਸਫੈਦ ਸ਼ਬਦ ਮੁਢਲੇ ਤੌਰ 'ਤੇ ਫਾਰਸੀ ਤੋਂ ਆਇਆ ਹੈ। ਇਸ ਨੇ ਚਿੱਟੇ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ ਪਰ ਬਹੁਤਾ ਸਫਲ ਨਹੀਂ ਹੋ ਸਕਿਆ। ਫਾਰਸੀ ਵਿਚ ਸਫੈਦ ਲਈ ਸਫੀਦ ਸ਼ਬਦ ਵੀ ਹੈ, ਸਫੇਦ ਵੀ ਤੇ ਸਪੇਦ ਵੀ। ਇਸ ਭਾਸ਼ਾ ਵਿਚ ਇਸ ਸ਼ਬਦ ਤੋਂ ਅਨੇਕਾਂ ਹੋਰ ਸੰਯੁਕਤ ਸ਼ਬਦ ਬਣੇ ਹਨ। ਕੁਝ ਮਿਸਾਲਾਂ ਲੈਂਦੇ ਹਾਂ: ਸਪੇਦਾ (ਸਵੇਰ ਦੀ ਲੋਅ), ਸਪੇਦ ਪਾ (ਨੇਕ ਕਦਮ), ਸਪੇਦ ਪਰ (ਚਿੱਟੇ ਪਰਾਂ ਵਾਲਾ ਮੱਛਰ), ਸਪੇਦ ਚਸ਼ਮੀ (ਬੇਸ਼ਰਮੀ), ਸਪੇਦ ਜਾਮਾ (ਚਿੱਟ ਕਪੜੀਏ ਅਗਨੀ ਪੂਜ), ਸਪੇਦਰੂ (ਸਵੇਰ ਦੀ ਰੋਸ਼ਨੀ), ਸਪੇਦੀ (ਅੱਖ ਦਾ ਕੋਲਾ); ਸਫੇਦ ਗੋਈ (ਸਾਫ ਗੱਲ), ਸਫੇਦ ਮੁਹਰਾ (ਸੰਖ), ਸਫੇਦ ਬਖਤ (ਸੁਭਾਗਾ) ਆਦਿ। ਦਰਖਤ ਲਈ ਸਫੈਦਾ ਸ਼ਬਦ 'ਸਫੇਦ ਦਾਰ' (ਦਾਰ=ਦਰਖਤ) ਦਾ ਸੰਕੁਚਿਤ ਰੂਪ ਲਗਦਾ ਹੈ।

ਸਫੈਦ ਹਿੰਦ-ਇਰਾਨੀ ਸ਼ਬਦ ਹੈ। ਭਾਵ ਇਸ ਦੇ ਸਜਾਤੀ ਸ਼ਬਦ ਇਰਾਨੀ ਤੋਂ ਬਿਨਾ ਸੰਸਕ੍ਰਿਤ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਵੀ ਮਿਲਦੇ ਹਨ। ਇਸ ਦਾ ਜ਼ੈਂਦ ਰੂਪ ਸਪੈਤਾ ਜਿਹਾ ਤੇ ਪਹਿਲਵੀ ਸਪੇਤ ਹੈ। ਪੁਰਾਣੀ ਫਾਰਸੀ ਵਿਚ ਇਸ ਦਾ ਰੂਪ ਸਪੇਦ ਸੀ। ਇਸ ਦਾ ਫਾਰਸੀ ਧਾਤੂ ਸ਼ਪਿਤ ਹੈ ਤੇ ਸੰਸਕ੍ਰਿਤ ਸ਼੍ਵਿਤ। ਇਸ ਤੋਂ ਸ਼੍ਵੇਤ ਸ਼ਬਦ ਬਣਿਆ, ਜੋ ਪੰਜਾਬੀ ਵਿਚ ਜਾਣਿਆ ਜਾਂਦਾ ਹੈ ਭਾਵੇਂ ਪ੍ਰਚਲਿਤ ਨਹੀਂ। ਕਈ ਵਾਰੀ ਵ੍ਹਾਈਟ ਪੇਪਰ ਨੂੰ ਸ਼੍ਵੇਤ ਪੱਤਰ ਕਹਿ ਦਿੱਤਾ ਜਾਂਦਾ ਹੈ। ਚਿੱਟੇ ਕੱਪੜੇ ਪਹਿਨਣ ਵਾਲੇ ਨੂੰ ਸ਼੍ਵੇਤਾਂਬਰ ਕਿਹਾ ਜਾਂਦਾ ਹੈ, 'ਸਾਮ ਕਹੈ ਸੇਤੰਬਰੁ ਸੁਆਮੀ ਸਚ ਮਹਿ ਆਛੈ ਸਾਚਿ ਰਹੇ।' ਸ਼੍ਵੇਤਾਂਬਰ ਜੈਨੀਆਂ ਦਾ ਇਕ ਫਿਰਕਾ ਵੀ ਹੈ, ਜੋ ਚਿੱਟੇ ਕੱਪੜੇ ਪਾਉਂਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਸੰਕੁਚਤ ਰੂਪ ਸੇਤ ਮਿਲਦਾ ਹੈ, 'ਗਿਆਨੁ ਧਿਆਨੁ ਸਭ ਦਾਤਿ ਕਥੀਅਲੇ ਸੇਤ ਬਰਨ ਸਭਿ ਦੂਤਾ॥' (ਗੁਰੂ ਨਾਨਕ ਦੇਵ); 'ਸਾਕਤ ਕਾਰੀ ਕਾਂਬਰੀ ਧੋਏ ਹੋਇ ਨ ਸੇਤ॥' (ਭਗਤ ਕਬੀਰ); 'ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥' (ਗੁਰੂ ਅਰਜਨ ਦੇਵ)। ਨਿਰੁਕਤ ਸ਼ਾਸਤਰੀ ਅਜਿਤ ਵਡਨੇਰਕਰ ਨੇ ਸਫੇਦ ਸ਼ਬਦ ਨੂੰ ਅਰਬੀ ਤੋਂ ਆਏ ਸਾਫ ਸ਼ਬਦ ਨਾਲ ਜੋੜਿਆ ਹੈ, ਜਿਸ ਤੋਂ ਸੂਫੀ ਸ਼ਬਦ ਵੀ ਬਣਿਆ ਦੱਸਿਆ ਹੈ। ਪਰ ਵਡਨੇਰਕਰ ਦੀ ਦਲੀਲ ਪੁਹੰਚੀ ਨਹੀਂ, ਇਸ ਬਾਰੇ ਫਿਰ ਕਦੇ।

ਟਰਨਰ ਨੇ ਹੋਰ ਹਿੰਦ-ਆਰੀਆਈ ਭਾਸ਼ਾਵਾਂ ਵਿਚ ਇਸ ਤੋਂ ਬਣੇ ਕਈ ਸ਼ਬਦ ਗਿਣਾਏ ਹਨ। ਜਿਵੇਂ ਸੇਤੋ (ਚਿੱਟਾ), ਹੈਤੁਰੂ (ਚਿੱਟੀ ਫਲਵਹਿਰੀ); ਸਿਤ (ਚਿੱਟਾ); ਚਿੱਟ (ਚਾਂਦੀ); ਚਿੱਟਾ (ਸੱਚਾਈ); ਚਿੱਟੋ (ਸਾਫ, ਸਪੱਸ਼ਟ, ਨਿਰਮਲ); ਇਸਪਰ (ਚਿੱਟਾ); ਹੇਵਾ (ਚਿੱਟਾ)। ਇਸੇ ਸੰਦਰਭ ਵਿਚ ਟਰਨਰ ਨੇ ਪੰਜਾਬੀ ਚਿੱਟਾ ਨੂੰ ਸਵਿਤ ਤੋਂ ਵਿਉਤਪਤ ਹੋਇਆ ਦੱਸਿਆ ਹੈ। ਇਥੇ ਇਹ ਦੱਸਣਾ ਥਾਂ-ਸਿਰ ਹੈ ਕਿ ਅਜਿਤ ਵਡਨੇਰਕਰ ਅਤੇ ਗ. ਸ. ਰਿਆਲ ਨੇ ਪੰਜਾਬੀ ਚਿੱਟਾ ਸ਼ਬਦ ਨੂੰ ਸੰਸਕ੍ਰਿਤ ਚਿਤਰ ਸ਼ਬਦ ਨਾਲ ਜੋੜਨ ਦੀ ਵਕਾਲਤ ਕੀਤੀ ਹੈ, ਜਿਸ ਵਿਚ ਚਮਕਦਾਰ, ਪਰਤੱਖ ਦੇ ਭਾਵ ਹਨ।



ਸਫੈਦੇ ਦੇ ਦਰਖਤ

ਸਫੈਦ ਸ਼ਬਦ ਦੇ ਸਕੇ ਸੋਦਰੇ ਹੋਰ ਭਾਰੋਪੀ ਭਾਸ਼ਾਵਾਂ ਵਿਚ ਵੀ ਖੂਬ ਮਿਲਦੇ ਹਨ। ਇਸ ਦਾ ਭਾਰੋਪੀ ਮੂਲ 'Kweit' ਕਲਪਿਆ ਗਿਆ ਹੈ। ਇਸ ਮੂਲ ਵਿਚ ਚਟਿਆਈ, ਚਮਕਣ ਦੇ ਭਾਵ ਹਨ। ਇਸ ਤੋਂ ਬਣੇ ਓਲਡ ਚਰਚ ਸਲੈਵੋਨਿਕ ਦੇ ਸ਼ਬਦ ਸਵਿਤੇਤੀ ਦਾ ਅਰਥ ਚਮਕਣਾ ਅਤੇ ਸਵੇਤੂ ਦਾ ਅਰਥ ਰੋਸ਼ਨੀ ਹੈ। ਲਿਥੂਏਨੀਅਨ ਸਵਿਸਤੀ ਦਾ ਅਰਥ ਵੀ ਚਮਕਣਾ ਹੈ। 'kweit' ਮੂਲ ਤੋਂ ਹੀ ਪ੍ਰਾਕ-ਜਰਮੈਨਿਕ ਉਪਮੂਲ 'hweit' ਹੋਂਦ ਵਿਚ ਆਇਆ। ਜਰਮੈਨਿਕ ਭਾਸ਼ਾਵਾਂ ਵਿਚ 'ਕ' ਧੁਨੀ 'ਹ' ਵਿਚ ਵਟ ਜਾਂਦੀ ਹੈ। ਇਸ ਮੂਲ ਤੋਂ ਪੁਰਾਣੀ ਸੈਕਸਨ ਅਤੇ ਪੁਰਾਣੀ ਫਰੀਜ਼ੀਅਨ ਦਾ ਸ਼ਬਦ, Hivt ਪੁਰਾਣੀ ਨੋਰਸ ਦਾ ਸ਼ਬਦ ਹਵਿਤ੍ਰ, ਡੱਚ ਵਿਟ, ਪੁਰਾਣੀ ਜਰਮਨ ਹਵਿਜ਼, ਆਧੁਨਿਕ ਜਰਮਨ ਵੇਅਜ਼, ਡੈਨਿਸ਼ ਹਵਿਦ ਜਿਹੇ ਸ਼ਬਦ ਬਣੇ ਜਿਨ੍ਹਾਂ ਵਿਚ ਚਮਕ, ਰੋਸ਼ਨੀ ਆਦਿ ਦੇ ਭਾਵ ਹਨ।

ਇਸੇ ਉਪਧਾਤੂ ਤੋਂ ਅੱਗੇ ਜਾ ਕੇ ਪੁਰਾਣੀ ਅੰਗਰੇਜ਼ੀ ਦਾ ਸ਼ਬਦ ਹਵਿਟ (Hwit) ਜਨਮ ਲੈਂਦਾ ਹੈ, ਜਿਸ ਦਾ ਅਰਥ ਸੀ-ਚਮਕਦਾਰ, ਉਜਲਾ, ਚਿੱਟਾ ਆਦਿ। ਆਧੁਨਿਕ ਵ੍ਹਾਈਟ (White) ਵਿਚ ਆ ਕੇ ਇਸ ਸ਼ਬਦ ਦੇ ਹੱਜੇ ਬਦਲ ਜਾਂਦੇ ਹਨ। ਕਣਕ ਦੇ ਆਟੇ ਦਾ ਰੰਗ ਚਿੱਟਾ ਹੋਣ ਕਾਰਨ ਅੰਗਰੇਜ਼ੀ ਵ੍ਹੀਟ (Wheat) ਸ਼ਬਦ ਵੀ ਇਸੇ ਧਾਤੂ ਨਾਲ ਜਾ ਜੁੜਦਾ ਹੈ। ਬਹੁਤ ਸਾਰੀਆਂ ਜਰਮੈਨਿਕ ਭਾਸ਼ਾਵਾਂ ਵਿਚ ਕਣਕ ਲਈ ਰਲਦੇ-ਮਿਲਦੇ ਸ਼ਬਦ ਹਨ।

ਭਾਰੋਪੀ ਭਾਸ਼ਾ ਪਰਿਵਾਰ ਦੇ ਉਪ-ਪਰਿਵਾਰ ਸਲਾਵਿਕ ਦੀਆਂ ਕਈ ਭਾਸ਼ਾਵਾਂ ਜਿਵੇਂ ਰੂਸੀ, ਬੁਲਗਾਰੀਅਨ, ਕਰੋਸ਼ੀਅਨ, ਬੋਸਨੀਅਨ, ਯੂਕਰੇਨੀਅਨ, ਚੈਕ ਆਦਿ ਵਿਚ ਵੀ ਸਫੈਦ ਸ਼ਬਦ ਦੇ ਸਜਾਤੀ ਹਨ। ਸੰਸਕ੍ਰਿਤ ਮੂਲ ਦੇ ਜ਼ਨਾਨਾ ਨਾਂ 'ਸ੍ਵੇਤਾ' ਦੇ ਟਾਕਰੇ 'ਤੇ ਇਨ੍ਹਾਂ ਭਾਸ਼ਾਵਾਂ ਵਿਚ ਵੀ ਬਰਾਬਰ ਦੇ ਨਾਂ ਅਜਿਹੇ ਹੀ ਹਨ, ਜਿਵੇਂ ਰੂਸੀ ਸਵੇਤਾ। ਰੂਸੀ ਆਗੂ ਸਟਾਲਿਨ ਦੀ ਇਕਲੌਤੀ ਧੀ ਦਾ ਨਾਂ ਸਵੇਤਲਾਨਾ ਸੀ। ਰੂਸੀ ਵਿਚ ਸਵੇਤ ਦੇ ਅਰਥ ਧਰੁ ਤਾਰਾ, ਰੋਸ਼ਨੀ, ਚਮਕ, ਪਵਿਤਰ ਆਦਿ ਵੀ ਹਨ।

# ਬਰਗਾੜੀ ਮੋਰਚਾ: ਦਿਸ਼ਾ ਅਤੇ ਚੁਣੌਤੀਆਂ

(ਪਿਛਲੇ ਸਫੇ ਦੀ ਬਾਕੀ)

ਲਈ ਉਹ ਫੈਸਲੇ ਪੰਥਕ ਨੁਮਾਇੰਦਿਆਂ ਦੇ ਵਿਚਾਰ-ਵਟਾਂਦਰੇ ਦਾ ਸਿੱਟਾ ਸਨ, ਇੱਕ ਵੱਡੇ ਇਕੱਠ ਸਾਹਮਣੇ ਅਚਾਨਕ ਸੁਣਾਏ ਗਏ ਫੈਸਲੇ ਨਹੀਂ ਸਨ। ਕੁਝ ਪੰਥਕ ਧਿਰਾਂ ਮੁਤਾਬਕ ਇਹ ਫੈਸਲੇ ਸਮੁੱਚੇ ਪੰਥ ਦੇ ਨਹੀਂ ਸਗੋਂ ਪੰਥ ਦੇ ਇੱਕ ਵਰਗ ਦੇ ਫੈਸਲੇ ਸਨ। ਉਕਤ ਧਿਰਾਂ ਨੂੰ ਸਰਬੱਤ ਖਾਲਸਾ ਤੋਂ ਪਹਿਲਾਂ ਹੋਏ ਵਿਚਾਰ-ਵਟਾਂਦਰਿਆਂ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਸੀ। ਇਨ੍ਹਾਂ ਧਿਰਾਂ ਨੇ ਉਹ ਸੱਦਾ ਪ੍ਰਵਾਨ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਸਾਰੇ ਅਮਲ ਤੋਂ ਬਾਹਰ ਰਹੇ। ਹੁਣ ਇਹ ਲੋਕ ਸਰਬੱਤ ਖਾਲਸਾ ਨੂੰ ਮਾਨਤਾ ਦੇਣ ਤੋਂ ਹੀ ਇਨਕਾਰੀ ਹਨ ਤੇ ਇਸ ਦਾ ਜ਼ਿਕਰ ਚੱਬੇ ਵਾਲੇ ਇਕੱਠ ਵਜੋਂ ਹੀ ਕਰਦੇ ਹਨ।

ਚਾਹੀਦਾ ਇਹ ਸੀ ਕਿ ਇਹ ਸੱਜਣ ਸਰਬੱਤ ਖਾਲਸਾ ਵਾਲੀਆਂ ਵਿਚਾਰਾਂ ਵਿਚ ਸ਼ਾਮਲ ਹੁੰਦੇ ਅਤੇ ਉਥੇ ਹੋਏ ਫੈਸਲਿਆਂ ਨੂੰ ਦਿਸ਼ਾ ਦੇਣ ਵਿਚ ਆਪਣੀ ਭੂਮਿਕਾ ਨਿਭਾਉਂਦੇ। ਸਰਬੱਤ ਖਾਲਸਾ ਦਾ ਵਿਰੋਧ ਕਰਨ ਵਾਲੇ ਇਹ ਸੱਜਣ ਨਾ ਤਾਂ ਆਪਣਾ ਕੋਈ ਜਨਤਕ ਆਧਾਰ ਬਣਾ ਸਕੇ ਤੇ ਨਾ ਹੀ ਕੋਈ ਸੰਜੀਦਾ ਬੌਧਿਕ ਵਰਗ ਪੈਦਾ ਕਰ ਸਕੇ; ਬੌਧਿਕ ਕੰਮ ਲਈ ਇਹ ਸਾਬਕਾ ਨਕਸਲੀਆਂ ਦੇ ਮੁਥਾਜ ਬਣ ਬੈਠੇ। ਬੌਧਿਕ ਪੱਖੋਂ ਊਣੇ ਇਨ੍ਹਾਂ ਸੱਜਣਾਂ ਦੀ ਮੰਗ ਹੈ ਕਿ ਹਰ ਪੰਥਕ ਸਰਗਰਮੀ ਇਨ੍ਹਾਂ ਦੀ ਇੱਛਾ ਅਨੁਸਾਰ ਅਤੇ ਇਨ੍ਹਾਂ ਦੀ ਅਗਵਾਈ ਹੇਠ ਚੱਲੇ। ਕਿਸੇ ਵੇਲੇ ਇਨ੍ਹਾਂ ਆਗੂਆਂ ਨੂੰ ਅਗਵਾਈ ਦੇ ਮੌਕੇ ਮਿਲੇ ਵੀ ਸਨ ਪਰ ਉਦੋਂ ਇਹ ਪੰਥ ਨੂੰ ਲੋੜੀਂਦੀ ਸੇਧ ਦੇਣ ਦੀ ਕਾਬਲੀਅਤ ਨਾ ਵਿਖਾ ਸਕੇ।

ਪਿਛਲੇ ਦਿਨੀਂ ਅੰਮ੍ਰਿਤਸਰ ਵਿਚ ਹੋਈ ਪੰਥਕ ਅਸੈਂਬਲੀ ਵਿਚ ਅਜਮੇਰ ਸਿੰਘ ਨੇ ਕਿਹਾ ਕਿ ਚੱਬੇ ਵਾਲੇ ਇਕੱਠ ਵਿਚੋਂ ਕੀ ਨਿਕਲਿਆ ਹੈ? ਸਰਬੱਤ ਖਾਲਸਾ ਵਿਚੋਂ ਸਿੱਖ ਸੰਸਥਾਵਾਂ 'ਤੇ ਅਕਾਲੀ ਦਲ ਬਾਦਲ ਦੇ ਕਬਜ਼ੇ ਨੂੰ ਬਹੁਤ ਪ੍ਰਭਾਵਕਾਰੀ ਚੁਣੌਤੀ ਮਿਲੀ। ਸਰਬੱਤ ਖਾਲਸਾ ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਭਾਈ ਧਿਆਨ ਸਿੰਘ ਮੰਡ ਅਤੇ ਬਾਕੀ ਸਿੰਘ ਸਾਹਿਬਾਨ ਨੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ ਸਿੱਖ ਸੰਗਤਾਂ ਨਾਲ ਤਾਲਮੇਲ ਕੀਤਾ। ਇੱਕ ਲੰਮੀ ਤਾਲਮੇਲ ਮੁਹਿੰਮ ਤੋਂ ਬਾਅਦ ਉਨ੍ਹਾਂ ਬਰਗਾੜੀ ਵਿਚ ਮੋਰਚਾ ਲਾ ਦਿੱਤਾ। ਬਰਗਾੜੀ ਮੋਰਚੇ ਨੇ ਪੰਥਕ ਭਾਵਨਾਵਾਂ ਨੂੰ ਟੁੰਬਿਆ ਤੇ ਸੰਗਤਾਂ ਦੇ ਠਾਠਾਂ ਮਾਰਦੇ ਇਕੱਠਾਂ ਨੇ ਹਿੰਦੁਤਵੀ ਮਨਸੂਬਿਆਂ ਨੂੰ ਉਨ੍ਹਾਂ ਦੀ ਅਸਲ ਔਕਾਤ ਵਿਖਾ ਦਿੱਤੀ। ਅੱਜ ਬਰਗਾੜੀ ਨੂੰ ਜਾਂਦੇ ਕਾਫਲੇ ਬੇਅਦਬੀਆਂ ਖਿਲਾਫ ਪੈਦਾ ਹੋਏ ਰੋਹ ਪਿਛੋਂ ਹੀ ਘਰਾਂ ਤੋਂ ਨਿਕਲੇ ਸਨ।

ਸਰਬੱਤ ਖਾਲਸਾ ਇਸ ਪੰਥਕ ਉਭਾਰ ਦੀ ਪਹਿਲੀ ਸਿਖਰ ਸੀ। ਸਰਬੱਤ ਖਾਲਸਾ ਰਾਹੀਂ ਚੁਣੇ ਜਥੇਦਾਰਾਂ ਸਦਕਾ ਹੀ ਬਰਗਾੜੀ ਮੋਰਚਾ ਸਾਕਾਰ ਹੋਇਆ ਹੈ। ਇਨ੍ਹਾਂ ਜਥੇਦਾਰਾਂ, ਖਾਸ ਤੌਰ 'ਤੇ ਭਾਈ ਧਿਆਨ ਸਿੰਘ ਮੰਡ ਵਿਚ ਬੱਝੇ ਪੰਥ ਦੇ ਭਰੋਸੇ ਕਰਕੇ ਹੀ ਬਰਗਾੜੀ ਮੋਰਚਾ ਨਿਰੰਤਰ ਜਾਰੀ ਰਿਹਾ ਹੈ। ਬਰਗਾੜੀ ਮੋਰਚੇ ਦੀ ਨਿਰੰਤਰਤਾ ਕਰਕੇ ਹੀ ਲੱਖਾਂ ਦੇ ਇਕੱਠ ਸੰਭਵ ਹੋ ਸਕੇ ਹਨ। ਅਜਿਹੀ ਪ੍ਰੇਰਨਾ ਸਦਕਾ ਹੀ ਅੰਨ੍ਹੇ ਪੈਸੇ ਦੇ ਜ਼ੋਰ ਨਾਲ ਇਕੱਠ ਕਰਨ ਵਾਲੇ ਬਾਦਲਾਂ ਅਤੇ ਸਰਕਾਰੀ ਵਸੀਲਿਆਂ ਦੀ ਹੈਂਕੜ ਵਿਚ ਵਿਚਰਦੀ ਕਾਂਗਰਸ ਸਰਕਾਰ ਦੇ ਮਨਸੂਬੇ ਫੇਲ੍ਹ ਹੋਏ ਹਨ; ਲੋਕਾਂ ਦੇ ਆਪ-ਮੁਹਾਰੇ ਵੇਗ ਸਾਹਮਣੇ ਉਨ੍ਹਾਂ ਦੇ ਸਭ ਸਰੋਤ ਕੱਖੋਂ ਹੌਲੇ ਹੋ ਕੇ ਰਹਿ ਗਏ। ਇਹ ਸਭ ਕੁਝ ਨਿਕਲਿਆ ਚੱਬੇ ਵਾਲੇ ਸਰਬੱਤ ਖਾਲਸੇ 'ਚੋਂ।

ਅਜਮੇਰ ਸਿੰਘ ਦੱਸ ਦੇਵੇ ਕਿ ਉਹ ਹੋਰ ਕੀ ਕੱਢਣਾ ਚਾਹੁੰਦਾ ਸੀ? ਸਿੱਖ ਸਿਆਸੀ ਕਾਰਕੁਨ ਰਸਮੀ ਮੁਜਾਹਰੇ ਕਰਨ ਵਿਚ ਹੀ ਲੱਗੇ ਰਹਿੰਦੇ? ਬੱਸ ਅਜ਼ਲ ਤੱਕ ਇਹੋ ਸਭ ਕੁਝ ਨਿਰਵਿਘਨ ਚਲਦਾ ਰਹਿੰਦਾ? ਇਸ ਜਮੂਦ ਨੂੰ ਤੋੜਨ ਦੀ ਲੋੜ ਨਹੀਂ ਸੀ? ਸਰਬੱਤ ਖਾਲਸਾ ਤੇ ਬਰਗਾੜੀ ਮੋਰਚੇ ਦੇ ਵਿਰੋਧੀਆਂ ਨੇ ਐਨੇ ਵਰ੍ਹਿਆਂ 'ਚ ਇਸ ਖੜੋਤ 'ਚੋਂ ਬਾਹਰ ਨਿੱਕਲਣ ਲਈ ਕਿਹੜਾ ਰਾਹ ਕੱਢਿਆ? ਜਾਂ ਇਨ੍ਹਾਂ ਦੇ ਮਹਾਨ ਦਾਨਿਸ਼ਵਰ ਅਜਮੇਰ ਸਿੰਘ ਨੇ ਪੰਥ ਨੂੰ ਕਿਹੜੀ ਸਾਰਥਕ ਨੀਤੀ ਸੁਝਾਈ?

ਅਜਿਹੇ ਮੌਕੇ ਲੋੜ ਸੀ ਕਿ ਪੰਥਕ ਸਰੋਕਾਰ ਰੱਖਣ ਵਾਲੇ ਸਮੂਹ ਵਿਦਵਾਨ ਅਤੇ ਸਿਆਸੀ ਕਾਰਕੁਨ ਬਰਗਾੜੀ ਮੋਰਚੇ ਦੇ ਨਾਲ ਹੋ ਕੇ ਖੜ੍ਹੇ ਰਹਿੰਦੇ। ਇਹ ਵਿਚਾਰਾਂ ਸ਼ੁਰੂ ਕੀਤੀਆਂ ਜਾਂਦੀਆਂ ਕਿ ਇਸ ਲਾਮਿਸਾਲ ਜਨਤਕ ਉਭਾਰ ਨੂੰ ਇੱਕ ਸੰਗਠਿਤ ਲਹਿਰ ਦਾ ਰੂਪ ਕਿਵੇਂ ਦੇਣਾ ਹੈ? ਇਹ ਸੋਚਣ ਦੀ ਲੋੜ ਸੀ ਕਿ ਸਰਕਾਰੀ ਤੰਤਰ ਇਸ ਲਹਿਰ ਨੂੰ ਸਾਬੋਤਾਜ ਕਰਨ ਲਈ ਕਿਸ ਕਿਸਮ ਦੇ ਕੂਟਨੀਤਕ ਅਤੇ ਜਾਬਰਾਨਾ ਹੱਥਕੰਡੇ ਅਪਨਾਏਗਾ? ਲਹਿਰ ਦੇ ਸੰਚਾਲਕਾਂ ਨਾਲ ਸਰਕਾਰ ਕੀ ਕਰੇਗੀ ਅਤੇ ਲੋਕਾਂ ਨੂੰ ਭੰਬਲਭੂਸੇ ਵਿਚ ਪਾਉਣ ਲਈ ਕਿਸ ਤਰ੍ਹਾਂ ਦੀਆਂ ਸਾਜ਼ਿਸ਼ਾਂ ਰਚੀਆਂ ਜਾਣਗੀਆਂ? ਇਸ ਸਬੰਧ ਵਿਚ ਹਿੰਦੁਸਤਾਨ ਦਾ ਮੀਡੀਆ ਕੀ ਭੂਮਿਕਾ ਨਿਭਾਏਗਾ ਤੇ ਉਸ ਦਾ ਮੁਕਾਬਲਾ ਕਿਵੇਂ ਕਰਨਾ ਹੈ? ਇਨ੍ਹਾਂ ਸਾਰੇ ਕੰਮਾਂ ਲਈ ਵੱਖ-ਵੱਖ ਕਿਸਮ ਦੀ ਸਮਰੱਥਾ ਅਤੇ ਹੁਨਰ ਰੱਖਣ ਵਾਲੇ ਮਨੁੱਖੀ ਸਰੋਤਾਂ ਦੀ ਲੋੜ ਸੀ। ਅਜਿਹੇ ਕਾਬਲ ਕਾਰਕੁਨ, ਜੋ ਭਰੋਸੇਮੰਦ ਵੀ ਹੋਣ, ਪੰਜਾਬ ਤੇ ਦੁਨੀਆਂ ਭਰ ਵਿਚ ਵਸਦੇ ਸਿੱਖਾਂ ਵਿਚੋਂ ਲੱਭਣ ਦੀ ਲੋੜ ਸੀ। ਇਸ ਤੋਂ ਬਾਅਦ ਅੱਡ-ਅੱਡ ਖੇਤਰਾਂ ਵਿਚ ਕੰਮ ਕਰਨ ਵਾਲੇ ਬੰਦਿਆਂ ਦੀਆਂ ਕਮੇਟੀਆਂ ਬਣਨੀਆਂ ਚਾਹੀਦੀਆਂ ਸਨ ਤੇ ਫਿਰ ਨਿੱਠ ਕੇ ਲੋਕ-ਰਾਏ ਨੂੰ ਨਿਰੰਤਰ ਬਰਕਰਾਰ ਰੱਖਣ ਲਈ ਕੰਮ ਕਰਨਾ ਚਾਹੀਦਾ ਸੀ। ਯਾਦ ਰਹੇ, ਅੱਜ ਦੇ ਜੁਗ ਵਿਚ ਲੜਾਈ ਹੈ ਹੀ ਲੋਕ-ਰਾਏ ਦੀ। ਸਰਕਾਰੀ ਵਸੀਲੇ ਬੇਪਨਾਹ ਹਨ। ਮੁੱਖ-ਧਾਰਾਈ ਹਿੰਦੂ ਮੀਡੀਆ ਪੂਰੀ ਤਰ੍ਹਾਂ ਉਨ੍ਹਾਂ ਦੇ ਨਾਲ ਹੈ। ਹਰ ਵਾਰ ਭਾਰਤੀ ਹਕੂਮਤ ਅੰਨ੍ਹੇ ਪ੍ਰਚਾਰ, ਜਬਰ ਤੇ ਅਨੇਕ ਹੋਰ ਹੱਥਕੰਡੇ ਅਪਨਾ ਕੇ ਲੋਕ-ਰਾਏ ਨੂੰ ਭੰਬਲਭੂਸੇ ਦਾ ਸ਼ਿਕਾਰ ਬਣਾਉਣ ਵਿਚ ਸਫਲ ਹੋ ਜਾਂਦੀ ਹੈ।

ਪਰ ਉਪਰੋਕਤ ਜਥੇਬੰਦਕ ਕਦਮ ਹੁਣ ਵੀ ਚੁੱਕੇ ਜਾ ਸਕਦੇ ਹਨ। ਪਿਛਲੀਆਂ ਸਭ ਭੁੱਲ-ਭੁਲਾ ਕੇ ਸਮੂਹ ਪੰਥ-ਦਰਦੀਆਂ ਨੂੰ ਬਰਗਾੜੀ ਮੋਰਚੇ 'ਤੇ ਇਕੱਠੇ ਹੋਣਾ ਚਾਹੀਦਾ ਹੈ, ਔਡ ਹੋ ਕੇ ਨਵੇਂ ਝੰਡੇ ਨਹੀਂ ਗੱਡਣੇ ਚਾਹੀਦੇ। ਕੌਮ ਨੂੰ ਇੱਕ-ਜੁੱਟ ਕਰਕੇ ਆਜ਼ਾਦੀ ਦੀ ਲੜਾਈ ਦੇ ਰਾਹ ਤੋਰਨਾ ਚਾਹੀਦਾ ਹੈ। ਇਹ ਲੜਾਈ ਕਿਨ੍ਹਾਂ ਮੁੱਦਿਆਂ ਨੂੰ ਲੈ ਕੇ ਕਿਵੇਂ ਅਗਾਂਹ ਤੋਰਨੀ ਹੈ, ਇਸ ਦਾ ਫੈਸਲਾ ਪੰਜਾਬ ਦੀ ਧਰਤੀ ਉਤੇ ਮੈਦਾਨ ਵਿਚ ਜੂਝ ਰਹੇ ਖਾਲਸੇ ਨੇ ਕਰਨਾ ਹੈ। ਅਸੀਂ ਤਾਂ ਸਿਰਫ ਇਹੀ ਸਲਾਹ ਦੇ ਸਕਦੇ ਹਾਂ ਕਿ ਇਹ ਮੌਕਾ ਨਵੀਆਂ ਲੀਹਾਂ ਤੋਰ ਕੇ ਕਲੇਸ਼ ਖੜ੍ਹੇ ਕਰਨ ਦਾ ਨਹੀਂ, ਸਿਰ ਜੋੜ ਕੇ ਸਾਂਝੇ ਫੈਸਲੇ ਲੈਣ ਦਾ ਹੈ।

ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਅੱਜ ਸਾਡੇ ਕੋਲ ਵਸੀਲਿਆਂ ਦੀ ਘਾਟ ਨਹੀਂ। ਦੁਨੀਆਂ ਭਰ ਵਿਚ ਫੈਲੇ ਸਿੱਖਾਂ ਕੋਲ ਹੋਰ ਸਰੋਤਾਂ ਦੇ ਨਾਲ ਪੜ੍ਹੇ-ਲਿਖੇ ਨੌਜਵਾਨਾਂ ਦੀ ਵੀ ਕੋਈ ਕਮੀ ਨਹੀਂ। ਸਾਡੀ ਘਾਟ ਸਿਰਫ ਇਹੀ ਹੈ ਕਿ ਅਸੀਂ ਆਪਣੀ ਤਾਕਤ ਨੂੰ ਸੰਗਠਿਤ ਨਹੀਂ ਕਰ ਸਕੇ। ਅੱਜ ਸਾਨੂੰ ਸੰਗਠਿਤ ਹੋ ਕੇ ਤੁਰਨ ਦੀ ਲੋੜ ਹੈ ਤੇ ਅਜਮੇਰ ਸਿੰਘ ਵਰਗੇ ਲੇਖਕਾਂ ਨੂੰ ਆਲੋਚਨਾਤਮਕ ਦ੍ਰਿਸ਼ਟੀ ਤੋਂ ਪੜ੍ਹਨ ਦੀ ਲੋੜ ਹੈ। ਜੇ ਸਾਡੇ ਵਿਚ ਅਜਿਹੀ ਸਮਰੱਥਾ ਨਹੀਂ ਤਾਂ ਇਸ ਨੂੰ ਵਿਕਸਿਤ ਕਰਨ ਦੇ ਯਤਨ ਕਰਨੇ ਚਾਹੀਦੇ ਹਨ। ਯਾਦ ਰਹੇ, ਬੌਧਿਕ ਕੰਮ ਕਿਸੇ ਹੋਰ ਤੋਂ ਭਾੜੇ 'ਤੇ ਨਹੀਂ ਕਰਵਾਇਆ ਜਾ ਸਕਦਾ, ਇਸ ਬੇੜੀ ਦੇ ਮਲਾਹ ਹਮੇਸ਼ਾ ਖੁਦ ਹੀ ਬਣਨਾ ਚਾਹੀਦਾ ਹੈ।

# ਨਿਡਰ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ

**ਪਿਛਲੇ ਕੁਝ ਸਮੇਂ ਤੋਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਦਾ ਰੁਤਬਾ ਕਾਫੀ ਵਿਵਾਦ ਦਾ ਕੇਂਦਰ ਬਣਿਆ ਹੋਇਆ ਹੈ। ਇਸ ਮਾਮਲੇ ਵਿਚ ਜਥੇਦਾਰ ਖੁਦ ਜਿੰਮੇਵਾਰ ਹਨ, ਜੋ ਸਿਆਸੀ ਰਹਿਨੁਮਾਵਾਂ ਦੇ ਪਿਛਲੱਗ ਬਣੇ ਹੋਏ ਹਨ। ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਅਕਾਲ ਤਖਤ ਦੇ ਅਜਿਹੇ ਜਥੇਦਾਰ ਸਨ ਜਿਨ੍ਹਾਂ ਇਸ ਰੁਤਬੇ ਦੀਆਂ ਜਿੰਮੇਦਾਰੀਆਂ ਪੂਰੇ ਜਬ੍ਹੇ ਨਾਲ ਨਿਭਾਈਆਂ। ਲੇਖਕ ਵਾਸਦੇਵ ਸਿੰਘ ਪਰਹਾਰ ਨੇ ਇਸ ਲੇਖ ਵਿਚ ਠੀਕ ਹੀ ਲਿਖਿਆ ਹੈ ਕਿ ਅਕਾਲੀ ਫੂਲਾ ਸਿੰਘ ਤੋਂ ਬਾਅਦ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਹੀ ਦਲੇਰ ਅਤੇ ਬੁੱਧੀਮਾਨ ਜਥੇਦਾਰ ਹੋਏ ਹਨ। -ਸੰਪਾਦਕ**

ਜਥੇਦਾਰ ਗੁਰਦਿਆਲ ਸਿੰਘ ਦਾ ਜਨਮ ਪਿੰਡ ਅਜਨੋਹਾ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿਚ 27 ਦਸੰਬਰ 1927 ਨੂੰ ਸ. ਹਾਕਮ ਸਿੰਘ ਅਤੇ ਮਾਤਾ ਨਿਰੰਜਨ ਕੌਰ ਦੇ ਘਰ ਹੋਇਆ। ਉਨ੍ਹਾਂ ਦੇ ਬਜੁਰਗ ਬਹੁਤ ਭਗਤੀ ਕਰਨ ਵਾਲੇ ਹੋਣ ਕਰਕੇ ਟੱਬਰ ਦੀ ਅੱਲ 'ਭਗਤਾਂ ਦੇ' ਪੈ ਗਈ। ਮੁਢਲੀ ਵਿਦਿਆ ਪਿੰਡ ਦੇ ਪ੍ਰਾਇਮਰੀ ਸਕੂਲ ਤੇ ਉਸ ਤੋਂ ਬਾਅਦ ਖਾਲਸਾ ਹਾਈ ਸਕੂਲ ਬੱਡੋਂ ਤੋਂ ਕੀਤੀ। ਉਹ ਬਚਪਨ ਤੋਂ ਹੀ ਗੁਰਬਾਣੀ ਦੇ ਨਿਤਨੇਮੀ ਸਨ। ਉਨ੍ਹਾਂ ਦੇ ਵੱਡੇ ਭਰਾ ਸੰਤ ਬਤਨ ਸਿੰਘ ਦਾ ਜਨਮ 28 ਜਨਵਰੀ 1906 ਨੂੰ ਹੋਇਆ ਅਤੇ ਉਹ ਨਿਰਮਲੇ ਪੰਥ ਵਿਚ ਸ਼ਾਮਲ ਹੋ ਕੇ ਸਾਰੀ ਉਮਰ ਗੁਰੂ ਨਾਨਕ ਮਤ ਦਾ ਪ੍ਰਚਾਰ



ਵਾਸਦੇਵ ਸਿੰਘ ਪਰਹਾਰ
ਫੋਨ: 206-434-1155

ਕਰਦੇ ਰਹੇ ਤੇ ਘਰ ਨਾਲੋਂ ਦੁਨਿਆਵੀ ਰਿਸ਼ਤਾ ਤੋੜੀ ਰੱਖਿਆ। ਗੁਰਦਿਆਲ ਸਿੰਘ ਉਨ੍ਹਾਂ ਤੋਂ 21 ਸਾਲ ਛੋਟੇ ਸਨ ਤੇ ਘਰ ਦੀ ਸਾਰੀ ਜਿੰਮੇਵਾਰੀ ਉਨ੍ਹਾਂ (ਗੁਰਦਿਆਲ ਸਿੰਘ) ਦੇ ਸਿਰ ਸੀ।

ਇਕ ਵਾਰ ਮਾਸਟਰ ਤਾਰਾ ਸਿੰਘ ਪਿੰਡ ਬੱਡੋਂ ਆਏ ਤਾਂ ਗੁਰਦਿਆਲ ਸਿੰਘ ਸਾਥੀਆਂ ਸਮੇਤ ਉਨ੍ਹਾਂ ਨੂੰ ਮਿਲਣ ਗਏ ਤੇ ਪੰਥ ਦੀ ਸੇਵਾ ਦਾ ਐਸਾ ਜਾਗ ਲੱਗਾ ਕਿ ਮੁੜ ਕੇ ਪਿੱਛੇ ਨਹੀਂ ਦੇਖਿਆ। 1949 ਵਿਚ ਗਿਆਨ ਸਿੰਘ ਰਾੜੇਵਾਲਾ ਦੀ ਪੈਪਸੂ ਵਿਚ ਵਜ਼ਾਰਤ ਬਣੀ, ਜਿਸ ਨੂੰ ਲੋਕੀਂ ਮਾਮਾ-ਭਾਣਜਾ ਵਜ਼ਾਰਤ ਕਹਿੰਦੇ ਸਨ।

ਮਾਸਟਰ ਤਾਰਾ ਸਿੰਘ ਨੇ 'ਪੰਥ ਆਜ਼ਾਦ ਤੇ ਦੇਸ਼ ਆਜ਼ਾਦ' ਦਾ ਨਾਅਰਾ ਲਾ ਦਿੱਤਾ। ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ। ਉਸ ਸਮੇਂ ਬਲਾਚੌਰ ਵਾਲੇ ਸੰਤ ਬਖਤਾਵਰ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ ਦੇ ਜਥੇਦਾਰ ਸਨ। ਪਿੰਡ ਅਜਨੋਹਾ ਦੇ 8 ਵਰਕਰ ਗ੍ਰਿਫਤਾਰੀ ਲਈ ਗਏ। ਫਗਵਾੜੇ ਰਾਮਗੜ੍ਹੀਆ ਗੁਰਦੁਆਰੇ ਠਹਿਰੇ ਹੋਏ ਸਨ ਤਾਂ ਸੰਤ ਬਖਤਾਵਰ ਸਿੰਘ ਨੇ ਕਿਹਾ ਕਿ ਆਪਣੇ ਆਪਣੇ ਪਿੰਡ ਦਾ ਜਥੇਦਾਰ ਚੁਣ ਲਵੋ। ਪਿੰਡ ਅਜਨੋਹਾ ਦੇ 8 ਵਰਕਰਾਂ ਨੇ ਸਰਬਸੰਮਤੀ ਨਾਲ ਸ. ਸੰਤ ਹਰੀ ਸਿੰਘ ਦੇ ਸੁਝਾਅ 'ਤੇ ਗੁਰਦਿਆਲ ਸਿੰਘ ਨੂੰ ਆਪਣਾ ਜਥੇਦਾਰ ਚੁਣ ਲਿਆ।

ਇਸ ਜਥੇ ਨੇ ਸੁਲਤਾਨਪੁਰੀ ਲੋਧੀ ਵਿਚ ਗ੍ਰਿਫਤਾਰੀ ਦਿੱਤੀ ਅਤੇ ਇਨ੍ਹਾਂ ਨੂੰ ਕਪੂਰਥਲੇ ਜੇਲ੍ਹ ਭੇਜ ਦਿੱਤਾ ਗਿਆ। ਉਸ ਤੋਂ ਬਾਅਦ ਪੰਜਾਬੀ ਸੂਬੇ ਦੀ ਲਹਿਰ ਚੱਲੀ ਜਿਸ ਵਿਚ ਜਥੇਦਾਰ ਅਜਨੋਹਾ ਨੂੰ ਪੁਲਿਸ ਤਸ਼ੱਦਦ ਅਤੇ ਘਰ ਦੀ ਕੁਰਕੀ ਦਾ ਸਾਹਮਣਾ ਕਰਨਾ ਪਿਆ। ਜਥੇਦਾਰ ਜੀ ਨੂੰ ਇਨ੍ਹਾਂ ਸਿਆਸੀ ਮੋਰਚਿਆਂ ਵਿਚ ਘਰੋਂ ਦੂਰ ਰਹਿਣਾ ਪਿਆ। ਉਨ੍ਹਾਂ ਦੀ ਪਤਨੀ ਨੇ ਘਰ ਦਾ ਪ੍ਰਬੰਧ ਬੜੇ ਸੁਚੱਜੇ ਢੰਗ ਨਾਲ ਚਲਾਇਆ।

ਜਥੇਦਾਰ ਅਜਨੋਹਾ ਪਿੰਡ ਦੇ ਸਰਪੰਚ, ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਬਣੇ। ਅਕਾਲੀ ਦਲ ਦੇ ਜ਼ਿਲ੍ਹਾ ਜਥੇਦਾਰ ਬਣੇ ਅਤੇ ਘਰ ਦੇ ਰੁਝੇਵਿਆਂ ਤੇ ਬੱਚਿਆਂ ਨੂੰ ਛੱਡ ਕੇ ਕੌਮ ਦੀ ਅਣਥੱਕ ਸੇਵਾ ਕੀਤੀ। ਉਹ 14 ਵਾਰ ਜੇਲ੍ਹ ਗਏ। 1972 ਵਿਚ ਸੰਤ ਫਤਿਹ ਸਿੰਘ ਦੇ ਸਮੇਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਨਿਯੁਕਤ ਹੋਏ ਅਤੇ ਅੱਠ ਸਾਲ ਤਕ ਬੜੀ ਲਗਨ ਨਾਲ ਇਹ ਡਿਊਟੀ ਨਿਭਾਈ।

ਪ੍ਰੋਫੈਸਰ ਜੋਗਿੰਦਰ ਸਿੰਘ (ਮੈਂਬਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ) ਦੇ ਲਫਜ਼ਾਂ ਵਿਚ, "ਗਿਆਨੀ ਗੁਰਦਿਆਲ ਸਿੰਘ ਅਤੇ ਬਾਬਾ ਅਕਾਲੀ ਫੂਲਾ ਸਿੰਘ ਦਾ ਜਨਮ ਪਿੰਡ ਇਕੋ ਹੀ ਅਜਨੋਹਾ ਸੀ। ਇੰਜ ਜਾਪਦਾ ਹੈ ਕਿ ਪਿੰਡ ਅਜਨੋਹਾ ਨੂੰ ਸੰਸਕਾਰਾਂ ਵਜੋਂ ਜਿਥੇ ਖਾਲਸਾਈ ਰਾਜ, ਪੰਥਕ ਚੜ੍ਹਦੀ ਕਲਾ ਤੇ ਜਥੇਦਾਰ ਸਥਾਪਤੀ ਦਾ ਵਰਦਾਨ ਪ੍ਰਾਪਤ ਸੀ, ਉਥੇ ਨਿਡਰਤਾ ਇਸ ਪਿੰਡ ਦਾ ਅਦੁੱਤੀ ਵਿਰਸਾ ਸੀ। ਡੇਢ ਸੌ ਸਾਲ ਪਹਿਲਾਂ ਅਕਾਲੀ ਫੂਲਾ ਸਿੰਘ ਅਜਨੋਹਾ ਵਿਚ ਜੰਮ-ਪਲ ਕੇ ਸਿੱਖ ਰਾਜ ਦੀ ਸਥਾਪਤੀ ਤੇ ਪੰਥਕ ਪਰੰਪਰਾਵਾਂ ਦੀ ਰਾਖੀ ਲਈ ਨਿਡਰ ਜਥੇਦਾਰ ਹੋਣ ਦਾ ਵਿਚਾਰ ਤੇ ਕਿਰਦਾਰ ਪ੍ਰਗਟਾਉਂਦਾ ਹੈ ਤਾਂ ਇਤਿਹਾਸਕ ਪਰੰਪਰਾ ਵਿਚੋਂ ਨਿਡਰ ਜਥੇਦਾਰ ਦਾ ਮਾਣ ਪ੍ਰਾਪਤ ਕਰਕੇ ਗਿਆਨੀ ਗੁਰਦਿਆਲ ਸਿੰਘ ਵੀ ਅਕਾਲੀ ਫੂਲਾ ਸਿੰਘ ਵਾਂਗ ਸ਼ੁੱਧ ਅਕਾਲੀ ਵੀ ਸਿੱਧ ਹੁੰਦੇ ਹਨ ਤੇ ਨਿਡਰਤਾ ਦਾ ਸਬੂਤ ਦਿੰਦੇ ਹਨ। ਇਹ ਵੀ ਸੰਜੋਗ ਹੀ ਗੱਲ ਹੈ ਕਿ ਜਥੇਦਾਰ ਗੁਰਦਿਆਲ ਸਿੰਘ ਪਿੰਡ ਅਜਨੋਹਾ ਵਿਖੇ ਹੀ ਅਕਾਲੀ ਫੂਲਾ ਸਿੰਘ ਦੇ ਯਾਦ ਸਮਾਗਮ ਨੂੰ ਆਪਣੇ ਅਖੀਰਲੇ ਸਵਾਸਾਂ ਦੀ ਆਹੂਤੀ ਵੀ ਪ੍ਰਦਾਨ ਕਰ ਦਿੰਦੇ ਹਨ।"

ਜਥੇਦਾਰ ਅਜਨੋਹਾ ਦੀ ਨਿਡਰਤਾ ਅਤੇ ਸਿਆਸੀ ਦਬਾਅ ਦੀ ਪ੍ਰਵਾਹ ਨਾ ਕਰਨ ਦੀ ਮਿਸਾਲ ਇਹ ਹੈ ਕਿ ਜਦੋਂ ਉਹ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਨ ਤਾਂ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ, ਜੋ ਅਨੰਦਪੁਰ ਸਾਹਿਬ ਤੋਂ ਹੀ ਚੋਣ ਜਿੱਤਿਆ ਸੀ, ਨੇ ਆਪਣੇ ਲੜਕੇ ਦਾ ਅਨੰਦ ਕਾਰਜ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕਰਨਾ ਚਾਹਿਆ, ਪਰ ਜਥੇਦਾਰ ਨੇ ਉਤਰ ਦਿੱਤਾ ਕਿ ਕਿਸੇ ਪਤਿਤ ਸਿੱਖ ਦਾ ਅਨੰਦ ਕਾਰਜ ਤਖਤ ਸ੍ਰੀ ਕੇਸਗੜ੍ਹ 'ਤੇ ਨਹੀਂ ਹੋ ਸਕਦਾ।

12 ਮਾਰਚ 1980 ਨੂੰ ਜਥੇਦਾਰ ਗੁਰਦਿਆਲ ਸਿੰਘ ਅਕਾਲ ਤਖਤ ਦੇ ਜਥੇਦਾਰ ਬਣੇ। ਉਨ੍ਹਾਂ ਤੋਂ ਪਹਿਲਾਂ ਅਕਾਲ ਤਖਤ ਦੇ ਜਥੇਦਾਰ ਸਾਧੂ ਸਿੰਘ ਭੌਰਾ ਨੇ ਕਈ ਕਮਜ਼ੋਰੀਆਂ ਦਿਖਾਈਆਂ, ਜਿਨ੍ਹਾਂ ਤੋਂ ਸਿੱਖ ਬੁਧੀਜੀਵੀ ਖੁਸ਼ ਨਹੀਂ ਸਨ ਅਤੇ ਸਾਰੇ ਨਵੇਂ ਜਥੇਦਾਰ ਤੋਂ ਆਸਾਂ ਲਾਈ ਬੈਠੇ ਸਨ। ਉਸ ਸਮੇਂ ਹਿੰਦੂ ਪ੍ਰੈਸ ਬੜੇ ਜ਼ੋਰ-ਸ਼ੋਰ ਨਾਲ 'ਸਿੱਖ ਕੇਸਾਧਾਰੀ ਹਿੰਦੂ ਹਨ' ਪ੍ਰਚਾਰ ਰਹੀ ਸੀ।

ਦੂਜੇ ਪਾਸੇ ਸਿੱਖ ਚਾਹੁੰਦੇ ਸਨ ਕਿ ਇਹ ਮਸਲਾ ਇਕ ਵਾਰੀ ਹਮੇਸ਼ਾ ਲਈ ਮੁਕਾ ਦਿਤਾ ਜਾਵੇ। 'ਤੀਸਰ ਪੰਥ ਚਲਾਇਓ, ਹਿੰਦੂ ਤੁਰਕਨ ਤੇ ਨਿਆਰਾ' ਦੇ ਸਹੀ ਅਰਥਾਂ ਵਿਚ ਸਿੱਖਾਂ ਨੂੰ ਹਿੰਦੂਆਂ ਤੋਂ ਵੱਖਰਾ ਨਿਖੇੜ ਕੇ ਪੇਸ਼ ਕੀਤਾ ਜਾਵੇ। ਇਹ ਕੋਈ ਨਵੀਂ ਗੱਲ ਤਾਂ ਹੈ ਨਹੀਂ ਸੀ, ਇਹ ਤਾਂ 30 ਮਾਰਚ 1699 ਦਾ ਅਨੰਦਪੁਰ ਦਾ ਮਤਾ ਸੀ। ਭਾਈ ਕਾਨ੍ਹ ਸਿੰਘ ਨਾਭਾ ਬਹੁਤ ਸਮਾਂ ਪਹਿਲਾਂ ਆਪਣੀ ਪੁਸਤਕ 'ਹਮ ਹਿੰਦੂ ਨਹੀਂ' ਲਿਖ ਕੇ ਸਪਸ਼ਟ ਕਰ ਚੁਕੇ ਸਨ, ਪਰ ਹਿੰਦੂ ਆਪਣੀ ਚੌਧਰ ਅਤੇ ਅਖਬਾਰਾਂ ਦੇ ਮਾਲਕ ਆਪਣੀ ਅਖਬਾਰਾਂ ਦੀ ਵਿਕਰੀ ਵਧਾਉਣ ਲਈ ਮਸਲਾ ਹੱਲ ਨਹੀਂ ਹੋਣ ਦੇਣਾ ਚਾਹੁੰਦੇ ਸਨ।

ਜਥੇਦਾਰ ਅਜਨੋਹਾ ਨੇ 21 ਅਪਰੈਲ 1981 ਨੂੰ ਇਸ ਮਸਲੇ ਦਾ ਪੱਕਾ ਹੱਲ ਕਰ ਦਿੱਤਾ ਕਿ ਸਿੱਖ ਵੱਖਰੀ ਕੌਮ ਹਨ। ਜੇ ਕੋਈ ਢਿੱਲਾ ਮੱਠਾ ਜਥੇਦਾਰ ਹੁੰਦਾ ਤਾਂ ਉਸ ਨੇ ਸਿਆਸਤਦਾਨਾਂ ਵਾਂਗ ਆਪਣਾ ਵਕਤ ਟਪਾਉਣ ਲਈ ਅਖਬਾਰਾਂ ਵਿਚ ਐਸਾ ਬਿਆਨ ਦੇਣਾ ਸੀ, "ਮਸਲੇ ਦਾ ਹੱਲ ਲੱਭਣ ਲਈ ਪੰਜ ਮੈਂਬਰੀ ਕਮੇਟੀ ਬਣਾ ਦਿਤੀ ਗਈ ਹੈ ਤੇ ਉਸ ਨੂੰ ਛੇ ਮਹੀਨੇ ਵਿਚ ਆਪਣੀ ਰਿਪੋਰਟ ਪੇਸ਼ ਕਰਨ ਨੂੰ ਕਿਹਾ ਗਿਆ ਹੈ, ਕਮੇਟੀ ਵਿਚ ਸਭ ਵਰਗਾਂ ਦੇ ਨੁਮਾਇੰਦੇ ਲਏ ਗਏ ਹਨ।"

ਜਥੇਦਾਰ ਅਜਨੋਹਾ ਵਿਦੇਸ਼ੀ ਦੌਰੇ 'ਤੇ ਗਏ ਤਾਂ ਜਥੇਦਾਰ ਸੰਤੋਖ ਸਿੰਘ ਦਿੱਲੀ ਵਾਲੇ ਦਾ ਬਿਆਨ ਲਾਲਾ ਜਗਤ ਨਾਰਾਇਣ ਦੇ ਅਖਬਾਰ ਵਿਚ ਛਪਿਆ ਕਿ ਅਜਨੋਹਾ ਸਾਹਿਬ ਖਾਲਿਸਤਾਨ ਵਾਸਤੇ ਫੰਡ ਇਕੱਠਾ ਕਰਨ ਗਏ ਹਨ। ਜਥੇਦਾਰ ਅਜਨੋਹਾ ਨੇ ਸੰਤੋਖ ਸਿੰਘ ਨੂੰ ਅਕਾਲ ਤਖਤ 'ਤੇ ਤਲਬ ਕੀਤਾ। ਉਹ ਬਹਾਨਾ ਬਣਾ ਕੇ ਕਿ ਅੰਮ੍ਰਿਤਸਰ ਵਿਚ ਉਸ ਨੂੰ ਆਪਣੀ ਜਾਨ ਦਾ ਖਤਰਾ ਹੈ, ਪੇਸ਼ ਨਾ ਹੋਇਆ ਪਰ ਆਪਣੇ ਵਲੋਂ ਏਲਚੀ ਭੇਜ ਦਿੱਤੇ ਤੇ ਨਾਲੇ ਮੁੱਕਰ ਗਿਆ ਕਿ ਉਸ ਨੇ ਕੋਈ ਅਜਿਹਾ ਬਿਆਨ ਦਿੱਤਾ ਹੈ। ਅਕਾਲ ਤਖਤ ਨੇ ਉਸ ਵਲੋਂ ਭੇਜੇ ਏਲਚੀਆਂ ਨੂੰ ਸਵੀਕਾਰ ਨਾ ਕੀਤਾ। ਆਖਰ ਉਸ ਨੇ ਆਪ ਪੇਸ਼ ਹੋ ਕੇ ਲੱਗੀ ਤਨਖਾਹ ਸਵੀਕਾਰ ਕੀਤੀ। ਮਗਰੋਂ ਥੋੜ੍ਹੇ ਚਿਰ ਪਿਛੋਂ ਜਥੇਦਾਰ ਸੰਤੋਖ ਸਿੰਘ ਦਾ ਕਤਲ ਹੋ ਗਿਆ।

ਉਨ੍ਹੀਂ ਦਿਨੀਂ ਹੀ ਵਿਧਾਨ ਸਭਾ ਚੋਣਾਂ ਵਿਚ ਕਾਂਗਰਸੀ ਉਮੀਦਵਾਰ ਸਤਨਾਮ ਸਿੰਘ ਬਾਜਵਾ ਕਾਦੀਆਂ ਤੋਂ ਚੋਣ ਹਾਰ ਗਿਆ। ਉਸ ਨੇ ਹਾਈ ਕੋਰਟ ਵਿਚ ਪਟੀਸ਼ਨ ਪਾਈ ਕਿ ਅਕਾਲ ਤਖਤ ਵਲੋਂ ਸਿੱਖਾਂ ਨੂੰ ਹੁਕਮ ਹੋਇਆ ਹੈ ਕਿ ਉਹ ਕੇਵਲ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਹੀ ਵੋਟ ਪਾਉਣ। ਹਾਈ ਕੋਰਟ ਨੇ ਜਥੇਦਾਰ ਗੁਰਦਿਆਲ ਸਿੰਘ ਨੂੰ ਹਾਈ ਕੋਰਟ ਵਿਚ ਪੇਸ਼ ਹੋਣ ਲਈ ਸੰਮਨ ਜਾਰੀ ਕਰ ਦਿੱਤੇ। ਜਥੇਦਾਰ ਨੇ ਬੜੀ ਜੁਰਅੱਤ ਨਾਲ ਇਹ



ਮਰਹੂਮ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ

ਸੰਮਨ ਲੈਣ ਤੋਂ ਇਨਕਾਰ ਕੀਤਾ ਅਤੇ ਲਿਖਿਆ ਕਿ ਅਕਾਲ ਤਖਤ ਦਾ ਜਥੇਦਾਰ ਦੁਨਿਆਵੀ ਅਦਾਲਤਾਂ ਤੋਂ ਉਪਰ ਹੈ, ਫਿਰ ਵੀ ਜੇ ਹਾਈ ਕੋਰਟ ਨੂੰ ਸਪਸ਼ਟੀਕਰਨ ਚਾਹੀਦਾ ਹੈ ਤਾਂ ਉਹ ਆਪਣਾ ਕੋਈ ਅਹਿਲਕਾਰ ਭੇਜ ਕੇ ਜਥੇਦਾਰ ਅਕਾਲ ਤਖਤ ਤੋਂ ਲੈ ਸਕਦਾ ਹੈ। ਸਤਨਾਮ ਸਿੰਘ ਬਾਜਵਾ ਨੇ ਹਾਈ ਕੋਰਟ ਨੂੰ ਲਿਖ ਕੇ ਦੇ ਦਿੱਤਾ ਕਿ ਉਹ ਜਥੇਦਾਰ ਅਕਾਲ ਤਖਤ ਨੂੰ ਤਲਬ ਨਹੀਂ ਕਰਨਾ ਚਾਹੁੰਦਾ। ਇੰਜ ਟਕਰਾਓ ਟਲ ਗਿਆ।

ਨਿਰੰਕਾਰੀਆਂ ਵਲੋਂ ਪੇਸ਼ਕਸ਼ ਹੋਈ ਕਿ 10 ਜੂਨ 1978 ਦਾ ਉਨ੍ਹਾਂ ਵਿਰੁਧ ਹੁਕਮਨਾਮਾ ਵਾਪਸ ਲੈ ਲਿਆ ਜਾਵੇ। ਉਹ ਆਪਣੀਆਂ ਕਿਤਾਬਾਂ ਵਿਚੋਂ ਸਿੱਖ ਧਰਮ ਵਿਰੁਧ ਜਾਂ ਇਤਰਾਜ਼ਯੋਗ ਸ਼ਬਦ ਕੱਢਣ ਨੂੰ ਤਿਆਰ ਹਨ।

ਹਰਦੇਵ (ਭੋਲਾ) ਨੇ ਜੋ ਚਿੱਠੀ ਅਕਾਲ ਤਖਤ ਨੂੰ ਲਿਖੀ, ਉਹ ਅਖਬਾਰਾਂ ਵਿਚ ਛਪਵਾਈ ਗਈ। ਸਿੱਖ ਬੁੱਧੀਜੀਵੀਆਂ ਨੇ ਅਖਬਾਰਾਂ ਵਿਚ ਇਹ ਚਿੱਠੀ ਪੜ੍ਹੀ ਤਾਂ ਸੋਚਣ ਲੱਗੇ ਕਿ ਕਿਤੇ ਜਥੇਦਾਰ ਅਜਨੋਹਾ ਇਸ ਦੀ ਸੁਣਵਾਈ ਨਾ ਕਰ ਲੈਣ। ਬਹੁਤ ਸਾਰੇ ਸਿੱਖਾਂ ਨੇ ਜਥੇਦਾਰ ਨੂੰ ਖਤ ਲਿਖੇ ਕਿ ਇਹ ਚਿੱਠੀ ਰੱਦ ਕੀਤੀ ਜਾਵੇ। ਜਥੇਦਾਰ ਨੇ 12 ਮਾਰਚ 1982 ਨੂੰ ਇਹ ਚਿੱਠੀ ਰੱਦ ਕਰ ਦਿੱਤੀ ਕਿ ਹਜ਼ਾਰਾਂ ਚਿੱਠੀਆਂ ਵਾਂਗ ਇਹ ਵੀ ਇਕ ਚਿੱਠੀ ਹੈ, ਨਿਰੰਕਾਰੀ ਕੋਈ ਧਿਰ ਨਹੀਂ। ਜਿਸ ਵਿਅਕਤੀ ਨੂੰ ਲੋੜ ਹੋਵੇ, ਉਹ "ਅਕਾਲ ਤਖਤ 'ਤੇ ਦਰਖਾਸਤ ਦੇਵੇ, ਤਨਖਾਹ ਲੁਆਵੇ, ਸਜ਼ਾ ਭੁਗਤੇ ਤੇ ਅੰਮ੍ਰਿਤ ਛਕੇ" ਤਾਂ ਮੁਆਫੀ ਮਿਲ ਸਕਦੀ ਹੈ। ਅਕਾਲ ਤਖਤ ਸਾਹਿਬ ਵਲੋਂ ਜਾਰੀ ਹੋਇਆ ਹੁਕਮਨਾਮਾ ਵਾਪਸ ਨਹੀਂ ਹੋ ਸਕਦਾ।

ਅਕਾਲੀ ਫੂਲਾ ਸਿੰਘ ਤੋਂ ਬਾਅਦ ਜਥੇਦਾਰ ਅਜਨੋਹਾ ਹੀ ਦਲੇਰ ਅਤੇ ਬੁੱਧੀਮਾਨ ਜਥੇਦਾਰ ਹੋਏ ਹਨ। ਇਕ ਸਾਲ ਵਿਚ ਚਾਰ ਵੱਡੇ ਫੈਸਲੇ ਕਰਨੇ ਕਿਸੇ ਮਾੜੇ-ਮੋਟੇ ਜਥੇਦਾਰ ਦਾ ਕੰਮ ਨਹੀਂ ਸੀ। ਚਾਰ ਫੈਸਲੇ ਇਹ ਸਨ:

1. ਸਿੱਖ ਕੌਮ ਹਨ।
2. ਅਕਾਲ ਤਖਤ ਦੁਨਿਆਵੀ ਅਦਾਲਤਾਂ ਤੋਂ ਉਪਰ ਹੈ।
3. ਨਿਰੰਕਾਰੀ ਰੱਦ ਹਨ।
4. ਅਕਾਲ ਤਖਤ ਦਾ ਹੁਕਮਨਾਮਾ ਵਾਪਸ ਨਹੀਂ ਹੋ ਸਕਦਾ।

ਜਥੇਦਾਰ ਦਾ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਬਹੁਤ ਪਿਆਰ ਸੀ। ਇਕ ਭੋਗ ਸਮੇਂ ਸੰਤ ਜਰਨੈਲ ਸਿੰਘ ਨੇ ਜਥੇਦਾਰ ਅਜਨੋਹਾ ਨੂੰ ਕਿਹਾ ਕਿ ਹੁਣ ਕੁਰਬਾਨੀਆਂ ਦੇਣ ਦਾ ਸਮਾਂ ਆ ਗਿਆ ਹੈ। ਜਥੇਦਾਰ ਅਜਨੋਹਾ ਨੇ ਭਿੰਡਰਾਂਵਾਲਿਆਂ ਦੀ ਗੱਲ ਦਾ ਉਤਰ ਤਾਂ ਨਾ ਦਿੱਤਾ, ਪਰ ਭੋਗ ਦੀ ਜਦੋਂ ਉਨ੍ਹਾਂ ਅਰਦਾਸ ਕੀਤੀ ਤਾਂ ਅਕਾਲ ਪੁਰਖ ਨੂੰ ਬੇਨਤੀ ਕੀਤੀ, "ਹੇ ਸੱਚੇ ਪਿਤਾ ਜੀ, ਦਾਸ ਦੀ ਰਹਿੰਦੀ ਆਯੂ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨੂੰ ਲੱਗ ਜਾਵੇ, ਇਨ੍ਹਾਂ ਨੇ ਪੰਥ ਦੇ ਮਹਾਨ ਕਾਰਜ ਕਰਨੇ ਹਨ।"

ਅਰਦਾਸ ਉਪਰੰਤ ਸੰਤ ਜਰਨੈਲ ਸਿੰਘ ਨੇ ਜਥੇਦਾਰ ਅਜਨੋਹਾ ਨੂੰ ਕਿਹਾ ਕਿ ਇਹ ਤੁਸੀਂ ਕੀ ਕੀਤਾ, ਪਰ ਤੀਰ ਕਮਾਨ ਵਿਚੋਂ ਨਿਕਲ ਚੁਕਾ ਸਾਬਤ ਹੋਇਆ। ਮਹੀਨਾ ਕੁ ਬਾਅਦ ਜਥੇਦਾਰ ਅਜਨੋਹਾ ਬਿਨਾ ਖਾਸ ਬਿਮਾਰੀ ਦੇ 18 ਮਾਰਚ 1982 ਨੂੰ 54 ਸਾਲ ਦੀ ਉਮਰ ਭੋਗ ਕੇ ਅਕਾਲ ਪੁਰਖ ਨੂੰ ਪਿਆਰੇ ਹੋ ਗਏ। ਉਨ੍ਹਾਂ ਦਾ ਅੰਤਿਮ ਸਸਕਾਰ ਪਿੰਡ ਅਜਨੋਹਾ 'ਚ ਹੋਇਆ ਅਤੇ ਸੰਤ ਜਰਨੈਲ ਸਿੰਘ ਆਪਣੇ ਜਥੇ ਸਮੇਤ ਹਾਜ਼ਰ ਹੋਏ।

ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਦੇ ਸਾਥੀ ਸ. ਹਰੀ ਸਿੰਘ ਅਜਨੋਹਾ, ਜਿਨ੍ਹਾਂ ਨੂੰ ਜਥੇਦਾਰ 'ਸੰਤ' ਕਹਿ ਕੇ ਬੁਲਾਉਂਦੇ ਸਨ ਤੇ ਹੁਣ ਵੀ ਸਭ ਉਨ੍ਹਾਂ ਨੂੰ ਸੰਤ ਕਹਿ ਕੇ ਬੁਲਾਉਂਦੇ ਹਨ, ਜਥੇਦਾਰ ਅਜਨੋਹਾ ਦੀ ਯਾਦ ਵਿਚ ਅਜਨੋਹਾ ਵਿਚ ਹਸਪਤਾਲ ਬਣਵਾ ਰਹੇ ਹਨ। ਸੰਤ ਹਰੀ ਸਿੰਘ ਹੀ ਜਥੇਦਾਰ ਦੇ ਪਰਿਵਾਰ ਦਾ ਦੁੱਖ-ਸੁੱਖ ਦੇਖ ਰਹੇ ਸਨ। ਜਥੇਦਾਰ ਦਾ ਵੱਡਾ ਲੜਕਾ ਬਲਵੰਤ ਸਿੰਘ ਕੁਸੰਗਤ ਵਿਚ ਪੈ ਕੇ ਸ਼ਰਾਬ ਪੀਣ ਲੱਗ ਪਿਆ। ਜਥੇਦਾਰ ਤੋਂ ਇਹ ਕਿਵੇਂ ਬਰਦਾਸ਼ਤ ਹੋ ਸਕਦਾ ਸੀ, ਉਨ੍ਹਾਂ ਨੇ ਡਾਂਟਿਆ ਤੇ ਕਿਹਾ ਕਿ ਜੇ ਸ਼ਰਾਬ ਪੀਣੀ ਹੈ ਤਾਂ ਮੁੜ ਕੇ ਘਰ ਨਾ ਵੜੀਂ ਤੇ ਉਹ ਜਥੇਦਾਰ ਦੇ ਅਕਾਲ ਚਲਾਣੇ ਤੋਂ ਚਾਰ ਕੁ ਸਾਲ ਪਹਿਲਾਂ ਘਰ ਛੱਡ ਗਿਆ ਸੀ ਤੇ ਅੱਜ ਤੱਕ ਵਾਪਸ ਨਹੀਂ ਮੁੜਿਆ, ਤੇ ਨਾ ਹੀ ਕਿਸੇ ਨੂੰ ਪਤਾ ਹੈ ਕਿ ਉਹ ਕਿਥੇ ਹੈ? ਜਥੇਦਾਰ ਦੇ ਛੋਟੇ ਲੜਕੇ ਸਿੱਧੇ ਜਿਹੇ ਹਨ, ਵਿਦਿਆ ਵੀ ਨਹੀਂ ਪ੍ਰਾਪਤ ਕਰ ਸਕੇ ਪਰ ਜਥੇਦਾਰ ਦਾ ਪੋਤਰਾ ਕਾਫੀ ਚੁਸਤ ਅਤੇ ਬੁੱਧੀਮਾਨ ਹੈ। ਜਥੇਦਾਰ ਨੇ ਆਪਣੀ ਕਮਾਈ ਨਾਲ ਤਿੰਨ ਖਾਨੇ ਦੀ ਬੈਠਕ ਹੀ ਬਣਾਈ, ਜਿਸ 'ਤੇ ਗਾਰਡਰ ਅਤੇ ਬਾਲੇ ਹੀ ਪਾਏ। ਬਾਕੀ ਮਕਾਨ ਉਨ੍ਹਾਂ ਦੇ ਪਿਤਾ ਦੇ ਸਮੇਂ ਦਾ ਹੈ।

## ਦੀਨ ਦਇਆਲ ਸਦਾ ਕਿਰਪਾਲ

### ਗੁਰਬਾਣੀ ਗਿਆਨ

**ਗੋਂਡ ਮਹਲਾ ੫**

ਅਚਰਜ ਕਥਾ ਮਹਾ ਅਨੂਪ॥
ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥ ਰਹਾਉ॥
ਨਾ ਇਹੁ ਬੂਢਾ ਨਾ ਇਹੁ ਬਾਲਾ॥
ਨਾ ਇਸੁ ਦੂਖੁ ਨਹੀ ਜਮ ਜਾਲਾ॥
ਨਾ ਇਹੁ ਬਿਨਸੈ ਨਾ ਇਹੁ ਜਾਇ॥
ਆਦਿ ਜੁਗਾਦੀ ਰਹਿਆ ਸਮਾਇ॥
ਨਾ ਇਸੁ ਉਸਨੁ ਨਹੀ ਇਸੁ ਸੀਤੁ॥
ਨਾ ਇਸੁ ਦੁਸਮਨੁ ਨਾ ਇਸੁ ਮੀਤੁ॥
ਨਾ ਇਸੁ ਹਰਖੁ ਨਹੀ ਇਸੁ ਸੋਗੁ॥
ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ॥
ਨਾ ਇਸੁ ਬਾਪੁ ਨਹੀ ਇਸੁ ਮਾਇਆ॥
ਇਹੁ ਅਪਰੰਪਰੁ ਹੋਤਾ ਆਇਆ॥
ਪਾਪ ਪੰਨ ਕਾ ਇਸੁ ਲੇਪੁ ਨ ਲਾਗੈ॥
ਘਟ ਘਟ ਅੰਤਰਿ ਸਦ ਹੀ ਜਾਗੈ॥
ਤੀਨਿ ਗੁਣਾ ਇਕ ਸਕਤਿ ਉਪਾਇਆ॥
ਮਹਾ ਮਾਇਆ ਤਾ ਕੀ ਹੈ ਛਾਇਆ॥
ਅਛਲ ਅਛੇਦ ਅਭੇਦ ਦਇਆਲ॥
ਦੀਨ ਦਇਆਲ ਸਦਾ ਕਿਰਪਾਲ॥
ਤਾ ਕੀ ਗਤਿ ਮਿਤਿ ਕਛੂ ਨ ਪਾਇ॥
ਨਾਨਕ ਤਾ ਕੈ ਬਲਿ ਬਲਿ ਜਾਇ॥

ਗੁਰੂ ਅਰਜਨ ਦੇਵ ਇਸ ਪਾਵਨ ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਉਪਦੇਸ਼ ਕਰਦੇ ਹਨ, ਹੇ ਭਾਈ ਉਸ ਪ੍ਰਭੂ ਦੀ ਸਿਫਤਿ ਸਾਲਾਹ ਦੀਆਂ ਗੱਲਾਂ ਬਹੁਤ ਹੈਰਾਨ ਕਰਨ ਵਾਲੀਆਂ ਹਨ, ਉਹ ਅਨੂਪ ਹੈ ਭਾਵ ਉਪਮਾ ਤੋਂ ਰਹਿਤ ਹੈ। ਜੀਵ ਆਤਮਾ ਉਸ ਪਰਮਾਤਮਾ ਦਾ ਹੀ ਰੂਪ ਹੈ। ਉਸ ਦਾ ਕੋਈ ਪਾਰਾਵਾਰ ਨਹੀਂ, ਉਹ ਬੇਅੰਤ ਹੈ।

ਨਾ ਇਹੁ ਬੂਢਾ ਨਾ ਇਹੁ ਬਾਲਾ॥
ਨਾ ਇਸੁ ਦੂਖੁ ਨਹੀ ਜਮ ਜਾਲਾ॥
ਨਾ ਇਹੁ ਬਿਨਸੈ ਨਾ ਇਹੁ ਜਾਇ॥
ਆਦਿ ਜੁਗਾਦੀ ਰਹਿਆ ਸਮਾਇ॥

ਸਤਿਗੁਰੂ ਆਖਦੇ ਹਨ, ਹੇ ਭਾਈ! ਜੀਵ ਆਤਮਾ ਜਿਸ ਪਰਮਾਤਮਾ ਦਾ ਰੂਪ ਹੈ, ਉਹ ਐਸਾ ਹੈ ਕਿ ਨਾ ਹੀ ਉਹ ਕਦੇ ਬੁੱਢਾ ਹੁੰਦਾ ਹੈ ਅਤੇ ਨਾ ਹੀ ਕਦੀ ਬਾਲਕ ਹੁੰਦਾ ਹੈ। ਨਾ ਉਸ ਨੂੰ ਕੋਈ ਦੁਖ ਪੋਹ ਸਕਦਾ ਹੈ ਅਤੇ ਨਾ ਹੀ ਜਮਾਂ ਦਾ ਜਾਲ ਫਸਾ ਸਕਦਾ ਹੈ। ਪਰਮਾਤਮਾ ਐਸਾ ਹੈ ਕਿ ਉਹ ਨਾ ਕਦੀ ਜੰਮਦਾ ਹੈ ਤੇ ਨਾ ਕਦੀ ਮਰਦਾ ਹੈ। ਉਹ ਤਾਂ ਜੁਗਾਂ ਦੇ ਸ਼ੁਰੂ ਤੋਂ ਹੀ ਹਰ ਥਾਂ ਵਿਆਪਕ ਚਲਿਆ ਆ ਰਿਹਾ ਹੈ।

ਨਾ ਇਸੁ ਉਸਨੁ ਨਹੀ ਇਸੁ ਸੀਤੁ॥
ਨਾ ਇਸੁ ਦੁਸਮਨੁ ਨਾ ਇਸੁ ਮੀਤੁ॥
ਨਾ ਇਸੁ ਹਰਖੁ ਨਹੀ ਇਸੁ ਸੋਗੁ॥
ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ॥

ਗੁਰਦੇਵ ਆਖਦੇ ਹਨ, ਹੇ ਭਾਈ ਜੀਵ-ਆਤਮਾ ਜਿਸ ਪ੍ਰਭੂ ਦਾ ਰੂਪ ਹੈ, ਉਹ ਐਸਾ ਹੈ ਕਿ ਇਸ ਨੂੰ ਵਿਕਾਰਾਂ ਦੀ ਤਪਸ਼ ਗਰਮੀ ਪੋਹ ਨਹੀਂ ਸਕਦੀ, ਚਿੰਤਾ ਫਿਕਰ ਦਾ ਸੀਤ ਭਾਵ ਪਾਲਾ ਵਿਆਪ ਨਹੀਂ ਸਕਦਾ। ਹੇ ਭਾਈ! ਨਾ ਹੀ ਉਸ ਦਾ ਕੋਈ ਵੈਰੀ ਹੈ ਅਤੇ ਨਾ ਕੋਈ ਮਿੱਤਰ ਹੀ ਹੈ, ਕਿਉਂਕਿ ਉਸ ਦੇ ਬਰਾਬਰ ਦਾ ਕੋਈ ਹੋਰ ਹੈ ਹੀ ਨਹੀਂ। ਕੋਈ ਖੁਸ਼ੀ ਜਾਂ ਗਮੀ ਭੀ ਉਸ 'ਤੇ ਪ੍ਰਭਾਵ ਨਹੀਂ ਪਾ ਸਕਦੀ। ਸੰਸਾਰ ਦੀ ਹਰ ਇਕ ਸ਼ੈਅ ਉਸੇ ਦੀ ਹੀ ਬਣਾਈ ਹੋਈ ਹੈ ਅਤੇ ਉਹ ਸਭ ਕੁਝ ਕਰਨ ਦੇ ਸਮਰੱਥ ਹੈ।

ਨਾ ਇਸੁ ਬਾਪੁ ਨਹੀ ਇਸੁ ਮਾਇਆ॥
ਇਹੁ ਅਪਰੰਪਰੁ ਹੋਤਾ ਆਇਆ॥
ਪਾਪ ਪੰਨ ਕਾ ਇਸੁ ਲੇਪੁ ਨ ਲਾਗੈ॥
ਘਟ ਘਟ ਅੰਤਰਿ ਸਦ ਹੀ ਜਾਗੈ॥

ਸਤਿਗੁਰੂ ਆਖਦੇ ਹਨ, ਹੇ ਭਾਈ ਜੀਵ-ਆਤਮਾ ਜਿਸ ਪਰਮਾਤਮਾ ਦਾ ਰੂਪ ਹੈ, ਉਹ ਐਸਾ ਹੈ ਕਿ ਉਸ ਦਾ ਨਾ ਹੀ ਕੋਈ ਬਾਪ ਹੈ ਅਤੇ ਨਾ ਹੀ ਕੋਈ ਮਾਂ ਹੈ। ਉਹ ਪਰੇ ਤੋਂ ਪਰੇ ਹੈ ਅਤੇ ਸਦਾ ਤੋਂ ਹੀ ਉਸ ਦੀ ਹੋਂਦ ਹੈ। ਪਾਪਾਂ ਅਤੇ ਪੁੰਨਾਂ ਦਾ ਉਸ ਉਤੇ ਕੋਈ ਅਸਰ ਨਹੀਂ ਹੁੰਦਾ। ਪ੍ਰਭੂ ਘਟ ਘਟ ਭਾਵ ਹਰ ਸਰੀਰ ਦੇ ਅੰਦਰ ਮੌਜੂਦ ਹੈ ਅਤੇ ਸਦਾ ਹੀ ਸੁਚੇਤ ਰਹਿੰਦਾ ਹੈ।

ਤੀਨਿ ਗੁਣਾ ਇਕ ਸਕਤਿ ਉਪਾਇਆ॥
ਮਹਾ ਮਾਇਆ ਤਾ ਕੀ ਹੈ ਛਾਇਆ॥
ਅਛਲ ਅਛੇਦ ਅਭੇਦ ਦਇਆਲ॥
ਦੀਨ ਦਇਆਲ ਸਦਾ ਕਿਰਪਾਲ॥
ਤਾ ਕੀ ਗਤਿ ਮਿਤਿ ਕਛੂ ਨ ਪਾਇ॥
ਨਾਨਕ ਤਾ ਕੈ ਬਲਿ ਬਲਿ ਜਾਇ॥


ਹੇ ਭਾਈ, ਇਹ ਮਹਾ ਮਾਇਆ ਵੀ ਉਸੇ ਪ੍ਰਭੂ ਦਾ ਹੀ ਪਰਛਾਵਾਂ ਹੈ, ਇਹ ਤਿਨਾਂ ਗੁਣਾਂ ਵਾਲੀ ਸ਼ਕਤੀ ਮਾਇਆ ਉਸੇ ਦੀ ਹੀ ਪੈਦਾ ਕੀਤੀ ਹੋਈ ਹੈ। ਉਸ ਪ੍ਰਭੂ ਨੂੰ ਕੋਈ ਵਿਕਾਰ ਛਲ ਨਹੀਂ ਸਕਦਾ, ਉਸ ਦਾ ਭੇਦ ਨਹੀਂ ਪਾਇਆ ਜਾ ਸਕਦਾ। ਉਹ ਦਇਆ ਦਾ ਘਰ ਹੈ, ਦੀਨਾਂ ਉਤੇ ਸਦਾ ਦਇਆ ਕਰਨ ਵਾਲਾ ਹੈ; ਉਹ ਦਇਆ ਦਾ ਸਾਗਰ ਹੈ। ਉਹ ਮਿਹਰਬਾਨ ਪ੍ਰਭੂ ਕਿਹੋ ਜਿਹਾ ਹੈ, ਕਿੱਡਾ ਵੱਡਾ ਹੈ? ਇਹ ਭੇਤ ਪਾਇਆ ਨਹੀਂ ਜਾ ਸਕਦਾ। ਇਹ ਨਾਨਕ ਉਸ ਪ੍ਰਭੂ ਤੋਂ ਸਦਾ ਸਦਕੇ ਜਾਂਦਾ ਹੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

## ਗਦਰ ਦੀਆਂ ਗੱਲਾਂ

# ਗਾਂਧੀ ਪੂਜਾ ਦੀ ਹੱਦ ਟੁੱਟ ਗਈ

*ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪਾਠਕਾਂ ਅੱਗੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਬਹੁਤ ਮਿਹਨਤ ਨਾਲ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਗਦਰ ਲਹਿਰ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦਾ ਅਹਿਮ ਪੰਨਾ ਹੈ। ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚ ਕਿਸ ਤਰ੍ਹਾਂ ਦੀ ਸਰਗਰਮੀ ਅੰਗਰੇਜ਼ ਹਕੂਮਤ ਖਿਲਾਫ ਹੋ ਰਹੀ ਸੀ, ਉਸ ਦਾ ਜ਼ਿਕਰ 'ਪੰਜਾਬ ਟਾਈਮਜ਼' ਦੇ ਪਾਠਕਾਂ ਨੇ ਉਸ ਵਕਤ ਕੈਨੇਡਾ ਤੋਂ ਛਪਦੇ ਰਹੇ ਦੋ ਪਰਚਿਆਂ 'ਸੁਦੇਸ਼ ਸੇਵਕ' ਤੇ 'ਸੰਸਾਰ' ਵਿਚ ਛਪੀਆਂ ਲਿਖਤਾਂ ਰਾਹੀਂ ਪੜ੍ਹਿਆ ਹੈ। ਹੁਣ ਅਮਰੀਕਾ ਤੋਂ ਛਪਦੇ 'ਗਦਰ' ਵਿਚ ਛਪੀਆਂ ਲਿਖਤਾਂ ਦੀ ਲੜੀ ਛਾਪੀ ਜਾ ਰਹੀ ਹੈ। ਐਤਕੀਂ ਅਸੀਂ ਤੇਜਾ ਸਿੰਘ ਸੁਤੰਤਰ ਅਤੇ ਭਾਈ ਸੂਰਤ ਸਿੰਘ ਦੇ ਦੋ-ਦੋ ਲੇਖ ਛਾਪ ਰਹੇ ਹਾਂ। ਤੇਜਾ ਸਿੰਘ ਸੁਤੰਤਰ ਦੇ ਲੇਖ ਅਪਰੈਲ 1930 ਅਤੇ ਭਾਈ ਸੂਰਤ ਸਿੰਘ ਦੇ ਲੇਖ ਨਵੰਬਰ 1929 ਦੇ ਲਿਖੇ ਹੋਏ ਹਨ। ਇਨ੍ਹਾਂ ਲੇਖਾਂ ਵਿਚੋਂ ਉਸ ਵੇਲੇ ਆਜ਼ਾਦੀ ਲਈ ਉਠ ਰਹੇ ਵਲਵਲਿਆਂ ਦਾ ਜ਼ਿਕਰ ਹੈ। -ਸੰਪਾਦਕ*




**ਤੇਜਾ ਸਿੰਘ ਸੁਤੰਤਰ (ਆਜ਼ਾਦ)**

ਇਸ ਉਲਟੀ, ਕੱਚੀ ਤੇ ਗੰਦੀ ਪੈਸੀਮਿਸਟ ਫਿਲਾਸਫੀ ਨੇ ਹਿੰਦੁਸਤਾਨ ਦੀਆਂ ਜੜ੍ਹਾਂ ਵਿਚ ਅਜਿਹਾ ਪਾਣੀ ਫੇਰਿਆ, ਜੋ ਅਸੀਂ ਜਿਉਂਦੇ ਜੀ ਆਪਣਾ ਆਪ ਹੀ ਘਾਤ ਕਰੀ ਬੈਠੇ ਹਾਂ। ਆਤਮਿਕ ਬਲ ਤਾਂ ਸਾਨੂੰ ਕੀ ਲੱਭਣਾ ਸੀ ਸਗੋਂ ਸਰੀਰਕ ਬਲ ਰੋਟੀ, ਕਪੜਾ ਤੇ ਕੁੱਲੀ ਵੀ ਗੁਆ ਬੈਠੇ। ਇਸ ਫਿਲਾਸਫੀ ਦਾ ਅਵਤਾਰ ਮਹਾਤਮਾ ਗਾਂਧੀ ਹੈ। ਕਿਆ ਹੀ ਚੰਗਾ ਹੁੰਦਾ ਹੈ, ਜੋ ਮਹਾਤਮਾ ਗਾਂਧੀ ਇੰਗਲੈਂਡ ਵਿਚ ਅਵਤਾਰ ਧਾਰਦੇ। ਕਰੋੜਾਂ ਜਾਨਾਂ ਦਾ ਲਹੂ ਪੀਣ ਵਾਲੀ ਇਸ ਕਸਾਈ ਟੋਲੀ (ਅੰਗਰੇਜ਼ਾਂ) ਨੂੰ ਅਹਿੰਸਾ ਦਾ ਸਬਕ ਦਿੰਦੇ, ਪਰ ਮਹਾਤਮਾ ਜੀ ਉਨ੍ਹਾਂ ਬਦਕਿਸਮਤ ਭੇਡਾਂ ਵਿਚ ਆ ਪ੍ਰਗਟ ਹੋਏ, ਜੋ ਅੱਗੇ ਹੀ ਮੀਆਂ ਕੇ ਬਗੈਰ ਛੁਰੀ, ਹੇਠਾਂ ਧੌਣ ਦੇਈ ਬੈਠੀਆਂ ਹਨ। ਬੜੀ ਹੈਰਾਨੀ ਦੀ ਗੱਲ ਹੈ ਕਿ ਭੇਡਾਂ ਨੂੰ ਭਲਾ ਸ਼ਾਂਤਮਈ ਦਾ ਸਬਕ ਕੀ ਆਉਂਦਾ ਹੈ! ਹਨੇਰ ਦੀ ਗੱਲ ਤਾਂ ਇਹ ਹੈ ਕਿ ਜੇ ਹਿੰਦੁਸਤਾਨ ਦੇ ਨੌਜਵਾਨ ਗਾਂਧੀ ਦੀ ਸਿੱਖਿਆ ਨੂੰ ਅਮਲ ਵਿਚ ਲਿਆਉਣ ਲਈ ਉਠਣ ਤਾਂ ਵੀ ਮਹਾਤਮਾ ਦਾ ਕਲੇਜਾ ਧੜਕਨ ਲੱਗ ਪੈਂਦਾ ਹੈ। ਬਾਦਲੀ ਵਿਚ ਇਹ ਕਹਿ ਕੇ ਕਿ ਹਿੰਦੁਸਤਾਨ ਸਿਵਲ ਨਾ-ਫਰਮਾਨੀ ਲਈ ਤਿਆਰ ਨਹੀਂ, ਗੁਰਮਤਾ ਵਾਪਸ ਲੈ ਲਿਆ ਤੇ ਇੰਜ ਚਲ ਰਹੀ ਲਹਿਰ ਦਾ ਲੱਕ ਤੋੜ ਕੇ ਨਾਸ਼ ਕਰ ਦਿੱਤਾ। ਕੀ ਮਹਾਤਮਾ ਗਾਂਧੀ ਦਾ ਨਜੂਮ ਸਿੱਖਾਂ ਨੇ ਗਲਤ ਨਹੀਂ ਕਰ ਵਿਖਾਇਆ। ਨਾਲੇ ਉਨ੍ਹਾਂ ਸਿੱਖਾਂ ਨੇ, ਜਿਨ੍ਹਾਂ ਸਿੱਖਾਂ ਤੋਂ ਗਾਂਧੀ ਨੂੰ ਸ਼ਾਂਤੀਮਈ ਸੁਪਨੇ 'ਚ ਵੀ ਆਸ ਨਹੀਂ।

ਕੌਮੀ ਲਹਿਰ ਵਿਚ ਹੁਣ ਫਿਰ ਜ਼ਰਾ ਜਾਨ ਪੈਣ ਲੱਗੀ ਸੀ, ਪਰ ਮਹਾਤਮਾ ਜੀ ਆਪਣੇ ਕੰਮ ਵਿਚ ਅਜਿਹੇ ਚਾਲਾਕ ਸਨ ਕਿ ਉਚਾਈ ਤੋਂ ਆਏ ਪੱਥਰ ਦੇ ਬਚਾਉਣ ਵਾਂਗ ਆਪ ਵੀ ਝਟ ਪੂਰਨ ਆਜ਼ਾਦੀ ਦੇ ਗੁਰਮਤੇ ਵਿਚ ਸਹਿਮਤ ਹੋ ਗਏ ਤੇ ਅੱਠ ਦਿਨ ਨਾ ਸੀ ਗੁਜ਼ਰੇ, ਝੱਟ ਗੋਲ ਮੇਜ਼ ਕਾਨਫਰੰਸ ਤੇ ਰਜ਼ਾਮੰਦੀ ਜਾਹਰ ਕਰਨ ਲੱਗ ਪਏ। ਸਾਨੂੰ ਪਤਾ ਨਹੀਂ ਲੱਗਦਾ ਕਿ ਹਿੰਦੁਸਤਾਨੀ ਨੌਜਵਾਨ ਅਜੇ ਕਦੋਂ ਤੱਕ ਇਨ੍ਹਾਂ ਪਾਖੰਡੀ ਦੇਵਤਿਆਂ ਦੇ ਛੂਰੇ ਹੇਠ ਰਹਿਣਗੇ। ਹਾਣੀਓ, ਕੀ ਤੁਹਾਡੀਆਂ ਅੱਖਾਂ, ਕਾਂਗਰਸ ਵਿਚ ਗਾਂਧੀ ਹੀ ਵੱਲੋਂ ਵਾਇਸਰਾਏ ਦੀ ਗੱਡੀ ਉਡਾਉਣ ਵਾਲਿਆਂ ਉਤੇ ਇਤਨਾ ਘ੍ਰਿਣਾ ਦਾ ਮਤਾ ਪਾਸ ਕਰਵਾਉਣ 'ਤੇ ਨਹੀਂ ਉਘੜੀਆਂ? ਅੱਜ ਉਸ ਵਾਇਸਰਾਏ ਨੂੰ ਵਧਾਈ ਦਿੱਤੀ ਜਾਂਦੀ ਹੈ ਤੇ (ਜੋ) ਕਰੋੜਾਂ ਗਰੀਬਾਂ ਦੇ ਲਹੂ ਨਾਲ ਹੱਥ ਰੰਗਦਾ ਹੈ ਤੇ ਇਸ ਜ਼ਾਲਮ ਫਰਮਾਨ ਦੇ ਸੂਬੇਦਾਰ ਨੂੰ ਮਾਰਨਾ ਚਾਹੁਣ ਵਾਲੇ ਦੇਸ਼ ਭਗਤਾਂ 'ਤੇ ਘ੍ਰਿਣਾ ਪ੍ਰਗਟ ਕੀਤੀ ਜਾਂਦੀ ਹੈ।

ਆਹ ਹੈ ਤੁਹਾਡੀ ਅਣਖ ਤੇ ਖੁਦਦਾਰੀ? ਕੀ ਤੁਸੀਂ ਵਿਥਿਆ ਹੀ ਜ਼ਿੰਦਾ ਹੋ? ਕੀ ਤੁਹਾਡੀ ਕੋਈ ਆਵਾਜ਼ ਹੀ ਨਹੀਂ? ਕੀ ਅਜੇ ਇਹ ਬੁੱਢੇ ਨੂੰ ਆਪਣੇ ਦਾਅ ਖੇਡੀ ਹੀ ਜਾਣ ਦਿਉਗੇ? ਅਸੀਂ ਇਹ ਖੁੱਲ੍ਹ ਕੇ ਕਹਾਂਗੇ ਕਿ ਜੇ ਕੋਈ ਅੰਗਰੇਜ਼ੀ ਰਾਜ ਨੂੰ ਹਿੰਦ ਵਿਚ ਬਚਾ ਰਿਹਾ ਹੈ ਤਾਂ ਇਹ ਗਾਂਧੀ ਹੈ। ਸਾਡੇ ਵਿਚ ਪੈਦਾ ਹੋਈ ਦੇਸ਼ ਭਗਤੀ ਦੇ ਅੰਗੂਰ ਨੂੰ ਤੋੜ ਕੇ ਸਾਡੀ ਆਤਮਾ ਦਾ ਨਾਸ਼ ਕਰ ਰਿਹਾ ਹੈ, ਸਾਡੀ ਜਵਾਨੀ ਨੂੰ ਉਹ ਦਬ ਕੇ ਕੁਚਲ ਰਿਹਾ ਹੈ। 1915 ਵਿਚ ਵੀ ਸਾਡੇ ਦੇਸ਼ ਭਗਤਾਂ ਨਾਲ ਇਸੇ ਤਰ੍ਹਾਂ ਕੀਤਾ ਸੀ। ਇਕ ਪਾਸੇ ਉਹ ਦੇਸ਼ ਭਗਤ ਫਾਂਸੀ 'ਤੇ ਲਟਕ ਰਹੇ ਸਨ, ਦੂਜੇ ਪਾਸੇ ਬੁਜ਼ਦਿਲ ਉਨ੍ਹਾਂ ਨੂੰ ਬੇਦਿਲ ਕਹਿ ਕਹਿ ਕੇ ਘ੍ਰਿਣਾ ਪ੍ਰਗਟ ਕਰਦੇ ਸਨ। ਮੈਂ ਪੁਛਦਾ ਹਾਂ ਕਿ ਘ੍ਰਿਣਾ ਜ਼ਾਲਮ 'ਤੇ ਪ੍ਰਗਟ ਕਰਨੀ ਚਾਹੀਦੀ ਹੈ ਜਾਂ ਆਜ਼ਾਦੀ ਲਈ ਸੱਰੇ-ਮੈਦਾਨ ਸ਼ਹੀਦ ਹੋਣ ਵਾਲੇ ਉਤੇ?

ਅੱਜ ਇਸ ਤਰ੍ਹਾਂ ਹੀ ਉਨ੍ਹਾਂ ਸੂਰਬੀਰਾਂ 'ਤੇ ਘ੍ਰਿਣਾ ਪ੍ਰਗਟ ਕੀਤੀ ਜਾ ਰਹੀ ਹੈ, ਜੋ ਕੌਮ ਤੇ ਦੇਸ਼ ਖਾਤਰ ਜਾਨ ਤਲੀ 'ਤੇ ਰੱਖੀ ਫਿਰਦੇ ਹਨ ਅਤੇ ਦੁਸ਼ਮਣਾਂ ਦਾ ਨਾਸ਼ ਕਰਨ ਲਈ ਤੁਲੇ ਬੈਠੇ ਹਨ। ਇਕ ਹਿੰਦੁਸਤਾਨ ਹੀ ਅਜਿਹਾ ਗਿਰਿਆ ਹੋਇਆ ਮੁਲਕ ਹੈ, ਜਿਥੇ ਮਹਾਤਮਾ ਵਰਗੇ ਅਜਿਹੇ ਮਤੇ ਪਾਸ ਕਰਵਾ ਸਕਦੇ ਹਨ। ਜੇ ਅੱਜ ਕੋਈ ਹੋਰ ਦੇਸ਼ ਹੁੰਦਾ ਤੇ ਮਹਾਤਮਾ ਉਠ ਕੇ ਅਜਿਹੇ ਦੇਸ਼ ਭਗਤਾਂ ਦੇ ਖਿਲਾਫ ਬੋਲਦੇ ਤੇ ਵੇਖਦੇ ਜੇ ਅਜਿਹੇ ਮਹਾਤਮਾ ਦਾ ਵਜੂਦ ਕਿਤੇ ਨਜ਼ਰ ਆ ਜਾਂਦਾ ਹੈ। ਆਓ, ਨੌਜਵਾਨੋ! ਉਠੋ ਇਸ ਗਫਲਤ ਦੇ ਪਰਦੇ ਨੂੰ ਆਪਣੀਆਂ ਅੱਖਾਂ ਅੱਗੋਂ ਦੂਰ ਕਰੋ ਅਤੇ ਆਪਣੇ ਲੀਡਰ ਆਪ ਬਣੋ। ਇਨ੍ਹਾਂ ਕੱਚੇ ਟੋਟਕਿਆਂ ਪਿਛੇ ਚਲ ਕੇ ਰਸਾਇਣ ਨਹੀਂ ਲੱਭਣੀ। ਉਹ ਕੇਵਲ ਕੁਰਬਾਨੀ ਦੀ ਹੀ ਧੂਣੀ 'ਤੇ ਇਕ ਖੂਨ ਹੀ ਅਜਿਹਾ



*ਗਦਰ ਦਾ ਝੰਡਾ।*

ਰਸ ਹੈ, ਜੋ ਆਜ਼ਾਦੀ ਜਿਹੀ ਕੀਮਤੀ ਚੀਜ਼ ਨੂੰ ਪੈਦਾ ਕਰ ਸਕਦਾ ਹੈ।

### ਸ਼ਾਂਤਮਈ ਕਿ ਗਦਰ

ਹਿੰਦੁਸਤਾਨ ਦੇ ਨੌਜਵਾਨਾਂ ਨੂੰ ਇਹ ਪਤਾ ਲੱਗ ਚੁਕਾ ਹੈ ਕਿ ਗਦਰ ਤੋਂ ਬਗੈਰ ਕਦੇ ਵੀ ਆਜ਼ਾਦੀ ਨਹੀਂ ਮਿਲਣੀ। ਕਬੂਤਰ ਵਾਂਗ ਅੱਖਾਂ ਮੀਟ ਕੇ ਬਿੱਲੀ ਤੋਂ ਬਚਣ ਦੇ ਤਰੀਕੇ ਅਤੇ ਆਪਣੇ ਆਪ ਨੂੰ ਮੁਰਦਾ ਦੱਸ ਕੇ ਸ਼ੇਰ ਤੋਂ ਬਚਣ ਵਾਲੀ ਫਿਲਾਸਫੀ ਦਾ ਦਿਵਾਲਾ ਨਿਕਲ ਚੁਕਾ ਹੈ। ਹਿੰਦੁਸਤਾਨ ਦੇ ਨੌਜਵਾਨਾਂ ਨੂੰ ਠੀਕ ਤੇ ਪੱਕਾ ਰਾਹ ਦਿਸ ਪਿਆ ਹੈ। ਉਹ ਹੁਣ ਪੈਸੀਮਿਸਟ ਤੇ ਪਿੱਛਾ ਖਿਚੂ ਥਿਊਰੀਆਂ ਉਤੇ ਵਿਸ਼ਵਾਸ ਨਹੀਂ ਰੱਖਦੇ। ਪਿਆਰੇ ਦੇਸ਼ ਦੀ ਅਸਲ ਬੀਮਾਰੀ ਤੇ ਇਸ ਬੀਮਾਰੀ ਦਾ ਇਕੋ ਇਕ ਠੀਕ ਇਲਾਜ ਵੀ ਉਨ੍ਹਾਂ ਦੀ ਸਮਝ ਵਿਚ ਆ ਗਿਆ ਹੈ। ਅੱਜ ਉਹ ਤਵਾਰੀਖ ਦੇ ਦੱਸੇ ਉਸ ਰਾਹ ਉਤੇ ਪਹੁੰਚ ਗਏ ਹਨ, ਜੋ ਸਿੱਧਾ ਕਾਮਯਾਬੀ ਵੱਲ ਲੈ ਜਾਣ ਵਾਲਾ ਹੈ।

ਹਿੰਦੁਸਤਾਨ ਨੂੰ ਅੰਗਰੇਜ਼ੀ ਹਕੂਮਤ ਦਾ ਜਿੰਦਾ। ਮਹਾਤਮਾ ਜੀ ਇਸ ਨੂੰ ਕਈ ਸਾਲਾਂ ਤੋਂ ਚਾਬੀ ਲਾਉਣ ਦੀ ਕੋਸ਼ਿਸ਼ ਕਰਦੇ ਹਨ, ਪਰ ਇਹ ਕੁੰਜੀ ਨਾਲ ਖੁੱਲ੍ਹਣ ਵਾਲਾ ਜਿੰਦਰਾ ਨਹੀਂ ਹੈ, ਇਸ ਦਾ ਕੇਵਲ ਇਕ ਇਲਾਜ ਹਥੌੜਾ ਹੀ ਹੈ, ਭਾਵ ਗਦਰ ਕਰਕੇ ਇਸ ਹਕੂਮਤ ਨੂੰ ਚਕਨਾਚੂਰ ਕਰ ਦਿੱਤਾ ਜਾਵੇ। ਕਿਉਂਕਿ ਇਹ ਹੱਥਾਂ ਨਾਲ ਖੁੱਲ੍ਹਣ ਵਾਲੀ ਗੰਢ ਨਹੀਂ ਹੈ, ਪਰ ਐਨ ਵਿਚ ਵੱਜਾ ਇਕ ਟਕ, ਇਸ ਨੂੰ ਖੇਰੂੰ ਖੇਰੂੰ ਕਰ ਸਕਦਾ ਹੈ।

ਚੁਲੀ ਮਾਰ ਕੇ ਸ਼ਹਿਰ ਢਾਹੁਣ ਵਾਲੇ ਯੋਗ ਬਲ ਦੇ ਮਸਤਾਨੇ ਕੁਝ ਹਿੰਦੀ ਨੌਜਵਾਨ ਅਤੇ ਮਹਾਤਮਾ ਜੀ ਹਨ। ਮਹਾਤਮਾ ਖੁਦ ਵੀ ਗਦਰੀਆਂ ਤੋਂ ਤੋਬਾ ਮੰਨ ਚੁਕੇ ਹਨ ਤੇ ਕਹਿ ਉਠੇ ਹਨ ਕਿ ਮੈਨੂੰ ਇਕ ਵਾਰੀ ਦੇਵੋ, ਜੇ ਮੈਂ ਸ਼ਾਂਤਮਈ ਫਿਰ ਅਜ਼ਮਾ ਲਵਾਂ। ਸੋ ਸ਼ਾਂਤਮਈ ਦੀ ਇਹ ਅਖੀਰੀ ਮੁਹਿੰਮ ਹੈ, ਜਿਸ ਦਾ ਨਤੀਜਾ ਥੋੜ੍ਹੇ ਦਿਨਾਂ ਵਿਚ ਹੀ ਆਪ ਦੀਆਂ ਅੱਖਾਂ ਸਾਹਮਣੇ ਪਹਿਲੇ ਕਈ ਨਤੀਜਿਆਂ ਵਾਂਗ ਹੀ ਨਾ-ਕਾਮਯਾਬੀ ਦੀ ਸ਼ਕਲ ਵਿਚ ਆ ਜਾਵੇਗਾ। ਅਸੀਂ ਚਾਹੁੰਦੇ ਹਾਂ ਕਿ ਸ਼ਾਂਤਮਈ ਐਨ ਬਣਾ ਕੇ ਆਪਣਾ ਗੁਫਰ ਰੱਖ ਲਵੋ ਅਤੇ ਕਿਸੇ ਦੇ ਦਿਲ ਵਿਚ ਕੋਈ ਅਰਮਾਨ ਬਾਕੀ ਨਾ ਰਹਿ ਜਾਵੇ।

ਗੁਰੂ ਗੋਬਿੰਦ ਸਿੰਘ ਜੀ ਨੇ ਯੁੱਧ ਦਾ ਸਮਾਨ ਕੀਤਾ ਪਰ ਪੁਰਾਣਾ ਨਿਸ਼ਚਾ ਸਿੱਖਾਂ ਵਿਚੋਂ ਨਾ ਨਿਕਲਦਾ ਸੀ, ਸਿੱਖ ਤੇ ਇਹੀ ਕਹਿੰਦੇ ਹਨ ਕਿ ਦੇਵੀ ਸਿੱਧ ਕਰਨੀ ਜ਼ਰੂਰੀ ਹੈ, ਗੋਬਿੰਦ ਸਿੰਘ ਜੀ ਨੇ ਕਿਸੇ ਤਰ੍ਹਾਂ ਵੀ ਇਹ ਭਰਮ ਨਾ ਨਿਕਲਦਾ ਦੇਖ ਕੇ ਸਿੱਧੀ ਦਾ ਯੋਗ ਅਰੰਭ ਕੀਤਾ, ਚਾਲੀ ਦਿਨ ਲੱਗੇ ਰਹੇ। ਸਿੱਧ ਕੀ ਹੋਣਾ ਸੀ, ਕੁਝ ਹੁੰਦਾ ਤਾਂ ਹੋ ਜਾਂਦਾ। ਸੋ ਅਖਰੀਲੇ ਦਿਨ ਆਪ ਨੇ ਤਲਵਾਰ ਕੱਢ ਕੇ ਕਿਹਾ ਕਿ ਬੋਲਿਓ ਲੋਕੋ, ਭਗਵਤੀ ਦੇਵੀ ਇਹ ਤਲਵਾਰ ਹੈ। ਇਸ ਤਰ੍ਹਾਂ ਅੰਗਰੇਜ਼ੀ ਹਕੂਮਤ (ਦੇ) ਕੀਤੇ ਦੀ ਸਜ਼ਾ ਕੇਵਲ ਤੁਸੀਂ ਹੀ ਦੇ ਸਕਦੇ ਹੋ, ਤੁਹਾਡਾ ਖੂਨ ਹਿੰਦ ਦੇ ਸੁੱਕੇ ਬੂਟੇ ਨੂੰ ਦਿਨਾਂ ਵਿਚ ਲਹਿਰਾ ਦੇਵੇਗਾ। ਹਿੰਦੀ ਕੌਮ ਦੀ ਖੁਦਾਰੀ ਨੂੰ ਕੇਵਲ ਤੁਸਾਂ ਹੀ ਬਚਾਉਣਾ ਹੈ ਤੇ ਇਸ ਗੁਲਾਮੀ ਦੇ ਗੰਦੇ ਭਾਗ ਨੂੰ ਸਿਰਫ ਤੁਸਾਂ ਹੀ ਧੋਣਾ ਹੈ। ਬੱਸ ਡਟੇ ਰਹੋ, ਮੋਰਚਾ ਤੁਹਾਡਾ ਹੈ।

## ਭਾਈ ਸੂਰਤ ਸਿੰਘ ਦੀਆਂ ਦੋ ਟਿੱਪਣੀਆਂ

### ਸਾਡੀ ਹਾਲਤ ਬੇਜ਼ਾਰ

ਅੱਜ ਜਿਧਰ ਵੀ ਨਿਗਾਹ ਮਾਰੋ, ਹਾਲ ਦੁਹਾਈ ਅਤੇ ਚੀਕ ਪੁਕਾਰ ਹੀ ਸੁਣਦੀ ਅਤੇ ਨਜ਼ਰ ਆਉਂਦੀ ਹੈ। ਹੋਰ ਸੈਂਕੜੇ ਆਫਤਾਂ ਤੋਂ ਇਲਾਵਾ ਬੇਰੁਜ਼ਗਾਰੀ ਨੇ ਤਾਂ ਹੱਦ ਹੀ ਕਰ ਦਿੱਤੀ ਹੈ। ਇਸ ਬੀਮਾਰੀ ਦੇ ਸਤਾਏ ਲੱਖਾਂ ਆਦਮੀ ਅਨਿਆਈ ਮੌਤ ਮਰ ਰਹੇ ਹਨ। ਇੰਦਾਂ ਆਪਣੀ ਅਸਲੀ ਕਾਰਨ ਗੁਲਾਮੀ ਹੈ। ਜਿੰਨਾ ਚਿਰ ਅਸੀਂ ਇਸ ਬੀਮਾਰੀ ਯਾਨਿ ਗੁਲਾਮੀ (ਵਿਚ) ਹਾਂ, ਜਿੰਨਾ ਚਿਰ ਅਸੀਂ ਗੈਰਾਂ ਦੇ ਪੰਜੇ ਵਿਚ ਹਾਂ, ਉਨਾ ਚਿਰ ਅਸੀਂ ਇਸ ਬੀਮਾਰੀ ਦੇ ਸ਼ਿਕਾਰ ਰਹਾਂਗੇ। "ਗੁਲਾਮੀ" ਹਜ਼ਾਰਾਂ ਬੀਮਾਰੀਆਂ ਔਕੜਾਂ ਦੀ ਜੜ੍ਹ ਹੈ। ਗੁਲਾਮ ਆਦਮੀ ਆਪਣੀ ਮਨ ਮਰਜ਼ੀ ਨਾਲ ਕੋਈ ਵਿਹਾਰ ਨਹੀਂ ਕਰ ਸਕਦਾ। ਗੁਲਾਮ ਮਨੁੱਖ ਆਪਣੇ ਖਿਆਲਾਂ ਅਨੁਸਾਰ ਆਪਣੀ ਰੋਜ਼ੀ ਆਪ ਨਹੀਂ ਕਮਾ ਸਕਦਾ। ਗੱਲ ਕੀ, ਗੁਲਾਮੀ ਵਰਗੀ ਹੋਰ ਕੋਈ ਬੁਰੀ ਚੀਜ਼ ਨਹੀਂ। ਤਦੇ ਹੀ ਇਕ ਕਵੀ ਨੇ ਕਿਹਾ ਹੈ:

ਗਿਰ ਸੇ ਗਿਰ ਕਰ ਮਰ ਜਾਨਾ ਭਲਾ,
ਪੜ ਆਤਸ਼ ਮੇ ਜਲ ਜਾਨਾ ਭਲਾ।
ਮਰ ਨਾ ਕਟ ਅੰਗ ਤਮਾਮ ਭਲਾ,
ਪਰ ਜੀਵਨ ਨਾਹਿ ਗੁਲਾਮ ਭਲਾ।

ਜਿਥੇ ਗੁਲਾਮੀ ਚੰਦਰੀ ਅਤੇ ਭੈੜੀ ਵਸਤੂ ਹੈ, ਉਥੇ ਇਸ ਦੇ ਟਾਕਰੇ ਵਿਚ ਅਮੁੱਲ ਅਤੇ ਸੋਹਣੀ ਤੇ ਸੁੱਖਦਾਈ ਵਸਤੂ 'ਆਜ਼ਾਦੀ' ਹੈ। ਜਿਸ ਮਨੁੱਖ ਪਾਸ ਆਜ਼ਾਦੀ ਹੈ, ਉਹ ਆਦਮੀ ਧੰਨ ਹੈ। ਸਾਡੀ ਬੇਰੁਜ਼ਗਾਰੀ ਤਦੇ ਹੈ, ਜੇ ਸਾਡੇ 'ਤੇ ਰਾਜ ਕਰਨ ਵਾਲੀ ਹਕੂਮਤ ਸਾਨੂੰ ਕੁਲੀ ਕੁਲੀ ਅਤੇ ਕਾਲੇਮੈਨ ਆਦਿ ਲਫਜ਼ ਆਖ ਆਖ ਠੁੱਡੇ ਮਾਰ ਰਹੀ ਤੇ ਸਦਾ ਹੀ ਸਾਨੂੰ ਆਪਣੇ ਰੋਹਬ ਹੇਠ ਰੱਖਣ ਲਈ ਹਜ਼ਾਰਾਂ ਬੇਗੁਨਾਹਾਂ ਦਾ ਖੂਨ ਬਹਾ ਰਹੀ ਹੈ ਅਤੇ ਭੈੜੀਆਂ ਚਾਲਾਂ ਚਲ ਰਹੀ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਆਜ਼ਾਦ ਹੋਣ ਲਈ ਆਪਣੀ ਹਰ ਇਕ ਪਿਆਰੀ ਚੀਜ਼ ਕੁਰਬਾਨ ਕਰ ਦੇਈਏ ਤਾਂ ਕਿ ਅਸੀਂ ਆਪਣੀਆਂ ਸਾਰੀਆਂ ਔਕੜਾਂ ਤੋਂ ਛੁਟਕਾਰਾ ਪਾਈਏ।

ਆਜ਼ਾਦੀ ਲੈਣ ਲਈ ਤਨ ਮਨ ਅਤੇ ਧਨ ਆਦਿ ਹਰ ਇਕ ਪ੍ਰਕਾਰ ਦੀ ਲੋੜ ਹੈ। ਹੋਰ ਚੀਜ਼ਾਂ ਨਾਲੋਂ ਸਰੀਰਕ ਕੁਰਬਾਨੀ ਦੀ ਵਧੇਰੇ ਲੋੜ ਹੈ। ਮਾਇਆ ਆਦਿ ਦਾ ਨੁਕਸਾਨ ਤਾਂ ਸਹਾਰ ਲਿਆ ਜਾਂਦਾ ਹੈ ਪਰ ਸਰੀਰਕ ਤਕਲੀਫਾਂ ਕੋਈ ਮਾਂ ਦਾ ਸ਼ੇਰ ਹੀ ਝੱਲ ਸਕਦਾ ਹੈ। ਸਰੀਰਕ ਕੁਰਬਾਨੀ ਕਰਨੀ ਤਕੜੇ ਅਤੇ ਸਰੀਰ ਵਾਲੇ ਮਨੁੱਖਾਂ ਦੀ ਲੋੜ ਹੈ ਅਤੇ ਨਾਲ ਹੀ ਉਤਸ਼ਾਹ ਦੀ ਵੀ ਲੋੜ ਹੈ। ਇਹ ਆਮ ਦੇਖਣ ਵਿਚ ਆਇਆ ਹੈ ਕਿ ਇਹ ਬਹੁਤ ਹੱਦ ਤਾਂਈਂ ਸੱਚ ਵੀ ਹੈ ਕਿ ਆਜ਼ਾਦੀ ਦੀਆਂ ਲਹਿਰਾਂ ਵਿਚ ਸਭ ਤੋਂ ਵਧ ਕੇ ਅਤੇ ਉਤਸ਼ਾਹ ਨਾਲ ਨੌਜਵਾਨ ਹੀ ਹਿੱਸਾ ਲੈਂਦੇ ਰਹਿਣ। ਹੁਣ ਜਦ ਸਾਡਾ ਦੇਸ਼ ਮੁਸੀਬਤਾਂ ਵਿਚੋਂ ਲੰਘ ਰਿਹਾ ਹੈ, ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਪਿਆ ਹੈ ਅਤੇ ਇਸ ਦੀਆਂ ਇਹ ਜ਼ੰਜੀਰਾਂ ਤੋੜਨ ਲਈ ਨੌਜਵਾਨਾਂ ਨੂੰ ਮੈਦਾਨ ਵਿਚ ਆਉਣਾ ਚਾਹੀਦਾ ਹੈ।

### ਗਦਰ ਦੀ ਕਾਮਯਾਬੀ ਵਾਸਤੇ ਕਿਹੜੇ ਕਿਹੜੇ ਹਥਿਆਰ ਦੀ ਲੋੜ ਹੈ

ਗਦਰ ਦਾ ਭਾਵ ਸਿੱਧੇ-ਸਾਦੇ ਲਫਜ਼ਾਂ ਵਿਚ ਤਬਦੀਲੀ ਜਾਂ ਜੰਗ-ਗਰਦੀ ਹੈ। ਇਹ ਤਬਦੀਲੀ ਦੋ ਤਰ੍ਹਾਂ (ਅਥਵਾ ਦੋ ਹਥਿਆਰਾਂ) ਨਾਲ ਆ ਸਕਦੀ ਹੈ-ਤਿੱਖਾ ਪ੍ਰਚਾਰ ਅਤੇ ਤਲਵਾਰ। ਤਲਵਾਰ ਬਿਨਾ ਕਿਸੇ ਸ਼ੱਕ ਦੇ। ਪ੍ਰਚਾਰ ਅਤੇ ਤਲਵਾਰ ਦੋ ਪਰਖੇ ਹੋਏ ਹਥਿਆਰ ਹਨ, ਜਿਨ੍ਹਾਂ ਨੂੰ ਵਰਤ ਕੇ ਗਦਰੀ ਆਪਣੇ ਆਦਰਸ਼ ਨੂੰ ਸਿੱਧ ਕਰ ਸਕਦੇ ਹਨ। ਦੁਨੀਆਂ ਵਿਚ ਅੱਜ ਤਕ ਕੋਈ ਵੀ ਗਦਰ ਇਨ੍ਹਾਂ ਦੋ ਹਥਿਆਰਾਂ ਦੇ ਇਸਤੇਮਾਲ ਕੀਤੇ ਬਿਨਾ ਕਾਮਯਾਬ ਨਹੀਂ ਹੋਇਆ। ਇਤਿਹਾਸ ਇਸ ਗੱਲ ਦੀ ਪੂਰੀ ਪੂਰੀ ਗਵਾਹੀ ਦਿੰਦਾ ਹੈ। ਪ੍ਰਚਾਰ ਤਲਵਾਰ ਤੋਂ ਪਹਿਲਾਂ ਆਉਂਦਾ ਹੈ, ਜਾਂ ਇਉਂ ਕਹੋ ਕਿ ਪ੍ਰਚਾਰ, ਤਲਵਾਰ ਉਠਾਉਣ ਲਈ ਤਿਆਰ ਕਰਦਾ ਹੈ। ਇਹ ਲੋਕਾਂ ਨੂੰ ਉਨ੍ਹਾਂ ਦੀ ਦੁਰਦਸ਼ਾ ਤੋਂ (ਖਬਰਦਾਰ) ਕਰਦਾ ਹੈ ਅਤੇ ਉਨ੍ਹਾਂ ਦੀ ਹਾਲਤ ਨੂੰ ਸੁਧਾਰਨ ਦੇ ਰਸਤੇ ਦੱਸਦਾ ਹੈ। ਬਿਨਾ ਪ੍ਰਚਾਰ ਤੋਂ ਤਲਵਾਰ ਉਠਾਉਣਾ ਜਾਂ ਇੰਜ ਆਖੋ ਕਿ ਪ੍ਰਚਾਰ ਨਾਲ ਲੋਕਾਂ ਨੂੰ ਉਨ੍ਹਾਂ ਦੀ ਦੁਰਦਸ਼ਾ ਤੋਂ ਜਾਣੂ ਕਰਾਉਣ ਤੋਂ ਬਗੈਰ ਤਲਵਾਰ ਉਠਾਉਣੀ ਜਾਣ-ਬੁਝ ਕੇ ਨਾਕਾਮਯਾਬੀ ਦੇ ਕਰਜ਼ੇ ਅਤੇ ਦਰਵਾਜੇ 'ਤੇ ਦਸਤਕ ਦੇਣੀ ਹੈ। ਇਸ ਲਈ ਪ੍ਰਚਾਰ ਬਾਰੇ ਇਕ ਫਾਰਸੀ ਦਾ ਸ਼ਾਇਰ ਇਉਂ ਲਿਖਦਾ ਹੈ:

ਖਿਚੋ ਨਾ ਕਮਾਨੋ ਕੋ ਤਲਵਾਰ ਨਿਕਾਲੋ।
ਗਰ ਤੋਪ ਮੁਕਾਬਲ ਹੋ ਅਖਬਾਰ ਨਿਕਾਲੋ।

ਸੋ ਸਭ ਤੋਂ ਵੱਡੀ ਗੱਲ ਪਹਿਲੇ ਪ੍ਰਚਾਰ ਦਾ ਹੋਣਾ ਹੈ। ਸੁੱਤਿਆਂ ਨੂੰ ਜਗਾਉਣਾ ਇਸ ਦਾ ਮਿਸ਼ਨ ਹੈ। ਬਿਨਾ ਪ੍ਰਚਾਰ ਗਦਰੀ ਲਹਿਰ ਦਾ ਜ਼ਿੰਦਾ ਜਾਂ ਕਾਇਮ ਰਹਿਣਾ ਬਿਲਕੁਲ ਅਸੰਭਵ ਅਤੇ ਨਾ-ਮੁਮਕਿਨ ਹੈ। ਜਦ ਪ੍ਰਚਾਰ ਦੇ ਜ਼ੋਰ ਆਪ ਲੋਕਾਂ ਦੇ ਖਿਆਲ ਪਲਟੀ ਖਾ ਜਾਂਦੇ ਹਨ, ਤਦ ਉਹ ਆਪਣੇ ਖਿਆਲਾਂ ਨੂੰ ਅਮਲੀ ਜਾਮਾ ਪਹਿਨਾਏ ਬਿਨਾ ਨਹੀਂ ਰਹਿ ਸਕਦੇ। ਹੁਣ ਤਲਵਾਰ ਦਾ ਵਕਤ ਆਉਂਦਾ ਹੈ ਅਤੇ ਤੇਜ਼ਧਾਰ ਗਦਰੀ ਤਲਵਾਰ ਮਿਆਨ ਵਿਚੋਂ ਬਾਹਰ ਨਿਕਲਦੀ ਹੈ ਅਤੇ ਜ਼ਾਲਮਾਂ ਦੀ ਰੰਜ ਨਾਲ ਆਪਣੇ ਦਿਲ ਦੀ ਅੱਗ ਨੂੰ ਬੁਝਾਉਂਦੀ ਹੈ।

### ਕਵਿਤਾ

ਹੱਥ ਜੋੜ ਕੇ ਅਰਜ਼ ਗੁਜਾਰਾਂ
ਬਹਿ ਰਾਵੀ ਦੇ ਕੰਢੇ,
ਦੱਸੀਂ ਬਾਬਾ ਨਾਨਕਾ ਦੱਸੀਂ
ਅਸੀਂ ਕਿਉਂ ਫਿਰਦੇ ਵੰਡੇ ਵੰਡੇ।

ਲੱਭ ਲਿਆ ਸੀ ਘਰ ਉਹਦੇ ਜਾ ਕੇ
ਤੁਸਾਂ ਡੂਮ ਮਰਾਸੀ ਨੂੰ।
ਲਿੱਬੜੇ ਤਿੱਬੜੇ ਬੈਠੇ ਤਾਈਂ
ਤੁਸੀਂ ਲਾ ਲਿਆ ਸੀ ਹਿੱਕ ਨੂੰ।
ਜੁਗਤ ਤੇਰੀ ਦੀ ਸਮਝ ਨਾ ਆਈ
ਕੀ ਭਾਣਾ ਵਰਤਾਇਆ ਤੂੰ।
ਜਾਤ-ਪਾਤ ਤੇ ਵਹਿਮਾਂ-ਭਰਮਾਂ
ਤਰਕ ਨਾਲ ਸਮਝਾਇਆ ਤੂੰ।
ਮੱਥਾ ਨਾਲ ਪਹਾੜੀ ਲਾਇਆ
ਮੁੱਲਾਂ-ਪੰਡਿਤਾਂ ਰਾਹੇ ਪਾਇਆ ਤੂੰ।
ਸੱਭੇ ਸਾਂਝੀਵਾਲ ਸਦਾਵਣ
ਬਾਹਰਾ ਨਾ ਦਰਸਾਇਆ ਤੂੰ।
ਔਰਤ ਜਨਨੀ ਜਗਤ ਦੀ
ਉਚੀ ਹੋਕਾ ਲਾਇਆ ਤੂੰ।
ਹੱਕ-ਸੱਚ ਲਈ ਪਹਿਰਾ ਦੇਣਾ
ਬਾਣੀ ਨਾਲ ਸੁਣਾਇਆ ਤੂੰ
ਭਾਈ ਮਰਦਾਨੇ ਨਾਲ ਰਬਾਬ
ਮਿੱਠੀ ਸੁਰ ਵਿਚ ਗਾਇਆ ਤੂੰ।
ਬੜੇ ਬੜੇ ਹੰਕਾਰੀਆਂ ਤਾਈਂ
ਜੀਵਨ-ਜਾਚ ਸਿਖਾਇਆ ਤੂੰ।
ਜਿਹੜਾ ਤੇਰੇ ਦਰ 'ਤੇ ਆਇਆ
ਸਿੱਧੇ ਰਸਤੇ ਪਾਇਆ ਤੂੰ।
ਵਿਚ ਗ੍ਰਹਿਸਥੀ ਰਹਿ ਕੇ ਜੀਣਾ
ਰਾਹ ਕਿਰਤ-ਕਮਾਈ ਲਾਇਆ ਤੂੰ।

ਚਾਰੇ ਚੱਕ ਪੈਦਲ ਸੀ ਗਾਹੇ
ਸੱਚੀ ਜੋਤ ਜਗਾਈ ਤੂੰ।
ਜਾਤ ਵੰਡ ਤੇ ਊਚ-ਨੀਚ 'ਤੇ
ਡੂੰਘੀ ਚੋਟ ਲਗਾਈ ਤੂੰ।
ਤੇਰੇ ਤੁਰ ਜਾਵਣ ਤੋਂ ਪਿੱਛੋਂ
ਬਾਬਾ ਸੰਨ ਸੰਤਾਲੀ ਆਈ
ਵੰਡੇ ਗਏ ਲੋਕ ਤੇ ਭੋਇੰ
ਬੜੀ ਡਰਾਉਣੀ ਆਫਤ ਆਈ।
ਏਤੀ ਮਾਰ ਪਈ ਮਜ਼ਲੂਮਾਂ
ਕਾਦਰ ਨੂੰ ਵੀ ਕੰਬਣੀ ਆਈ।
ਮਰਦਾਨਾ ਵੀ ਵੰਡ ਹੋ ਗਿਆ
ਵਾਰੀ ਤੇਰੇ ਨਾਂ ਦੀ ਆਈ।
ਤੇਰੇ ਨਾਂ ਦੀਆਂ ਵੰਡੀਆਂ ਪੈ ਗਈਆਂ
ਮਰਦਾਨਾ ਬਣ ਗਿਆ ਸਭ ਦਾ ਭਾਈ।

ਕੋਈ ਤੈਨੂੰ ਹੈ ਪੀਰ ਸਦਾਉਂਦਾ
ਕਈਆਂ ਲਈ ਤੂੰ ਕਲ ਦਾ ਸਾਈਂ।
ਤੇਰੇ ਨਾਂ ਦੀਆਂ ਹੱਟੀਆਂ ਖੁਲ੍ਹੀਆਂ
ਠੱਗੀਆਂ ਵੱਜਣ ਸਭਨੀਂ ਥਾਈਂ।
ਜੀਅ ਕਰਦਾ ਏ ਕਿਧਰੇ ਬਾਬਾ
ਮਰਦਾਨੇ ਨੂੰ ਲੱਭ ਲਿਆਈਂ।
ਲਗਦਾ ਕਿਧਰੇ ਰੁੱਸ ਗਿਆ ਏ
ਬਾਹੋਂ ਪਕੜ ਉਸ ਨਾਲ ਲਿਆਈਂ।
ਇਕ ਵਾਰੀ ਫਿਰ ਛੇੜ ਰਾਗ ਨੂੰ
ਧੁਰ ਕੀ ਬਾਣੀ ਠੰਡਕ ਪਾਈਂ।
ਓ ਮੇਰੇ ਰਹਿਬਰ, ਓ ਦਰਵੇਸ਼ਾ
ਵੱਡਾ ਜਿਗਰਾ ਕਰਕੇ ਆਈਂ।
ਇਸ ਤਪਦੀ ਸੜਦੀ ਦੁਨੀਆਂ ਨੂੰ
ਨਾਲ ਧਰਮ ਦੇ ਗਲੇ ਲਗਾਈਂ।
ਪਰ ਮੇਰੇ ਸਾਂਈਆਂ ਅਰਜ਼ ਗੁਜਾਰਾਂ
ਮਰਦਾਨੇ ਨੂੰ ਭੁੱਲ ਨਾ ਜਾਈਂ।
ਚਾਲੀ ਸਾਲ ਦੀ ਯਾਰੀ ਨੂੰ
ਅੱਜ ਦੇ ਲੋਕਾਂ ਤਕ ਦਿਖਾਈਂ।

*-ਧਰਮ ਸਿੰਘ ਗੋਰਾਇਆ*

## ਸਾਹਿਤ-ਚਰਚਾ

# ਦੁਲਾਰੀ

**ਮੇਵਾ ਸਿੰਘ ਤੁੰਗ**
ਫੋਨ: 91-86996-72100

ਅਚਾਨਕ ਮੈਨੂੰ ਸਜਾਦ ਜ਼ਹੀਰ ਦੀ ਕਹਾਣੀ 'ਦੁਲਾਰੀ' ਪੜ੍ਹਨ ਦਾ ਮੌਕਾ ਮਿਲਿਆ। ਸਭ ਤੋਂ ਪਹਿਲਾਂ ਜੋ ਖਿਆਲ ਮੇਰੇ ਦਿਮਾਗ ਵਿਚ ਆਇਆ ਅਤੇ ਜੋ ਦੂਜਾ ਕਹਾਣੀਕਾਰ ਮੈਨੂੰ ਤੁਰੰਤ ਯਾਦ ਆਇਆ, ਉਹ ਸੀ ਅਮਰੀਕਨ ਨਾਵਲਕਾਰ ਤੇ ਕਹਾਣੀਕਾਰ ਅਰਨੈਸਟ ਹੈਮਿੰਗਵੇ। ਕਹਾਣੀ ਪੜ੍ਹਦਿਆਂ ਜੋ ਪ੍ਰਭਾਵ ਤੇ ਵਿਚਾਰ ਮੇਰੇ ਸਾਹਮਣੇ ਜਾਂ ਮੇਰੀ ਸਮਝ ਦਾ ਹਿੱਸਾ ਬਣੇ, ਉਹ ਸਨ, ਸਾਦਾ ਸਰਲ ਆਮ ਫਹਿਮ ਬੋਲੀ ਦੀ ਬਿਨਾ ਕਿਸੇ ਰੱਖ ਰਖਾ ਤੇ ਉਚੇਚ ਦੇ ਕੁਦਰਤੀ ਰੰਗ ਢੰਗ ਅਤੇ ਵਿਹਾਰ ਵਿਚ ਕੀਤੀ ਵਰਤੋਂ, ਜਿਸ ਵਿਚ ਇਸ ਤਰ੍ਹਾਂ ਭਾਸਦਾ ਹੈ ਕਿ ਇਹ ਸਭ ਕੁਝ ਆਪਣੇ ਆਪ ਹੀ ਹੋਈ ਜਾਂਦਾ ਹੈ। ਇਸ ਵਿਚ ਹੋਰ ਕਿਸੇ ਦਾ ਹੱਥ ਨਹੀਂ। ਕਹਾਣੀ ਲਿਖਣ ਵਾਲਾ ਕਿਧਰੇ ਨਜ਼ਰ ਨਹੀਂ ਆਉਂਦਾ।

ਹੈਮਿੰਗਵੇ ਦੇ ਭਾਸ਼ਾ ਗੁਣ ਅਤੇ ਉਸ ਦਾ ਵਰਤੋਂ ਵਿਹਾਰ ਬਿਲਕੁਲ ਇਸੇ ਤਰ੍ਹਾਂ ਦੇ ਹਨ। ਇਹ ਸੰਭਵ ਕਿਵੇਂ ਹੋਇਆ? ਹੈਮਿੰਗਵੇ ਦਾ ਬੋਲ ਬਾਲਾ ਤਾਂ 1950 ਤੋਂ ਪਿੱਛੋਂ ਜਾ ਕੇ ਹੋਇਆ ਹੈ। 'ਦੁਲਾਰੀ' 1930-31 ਵਿਚ ਲਿਖੀ ਗਈ ਅਤੇ 1932 ਦੇ ਅਖੀਰ ਵਿਚ 'ਅੰਗਾਰੇ' ਵਿਚ ਛਪ ਕੇ ਸਾਹਮਣੇ ਆਈ ਤੇ ਫੇਰ ਹਮੇਸ਼ਾਂ ਲਈ ਲੋਪ ਹੋ ਗਈ ਕਿਉਂਕਿ ਕਿਤਾਬ 'ਤੇ ਪ੍ਰਤਿਗਾਮੀ ਤਾਕਤਾਂ ਦੇ ਰੌਲੇ ਤੇ ਅੰਦੋਲਨ ਕਾਰਨ ਪਾਬੰਦੀ ਲੱਗ ਗਈ। ਰਹਿੰਦੀਆਂ ਕਹਾਣੀਆਂ ਪਬਲਿਸ਼ਰ ਨੇ ਡਰਦੇ ਮਾਰੇ ਸਾੜ ਦਿੱਤੀਆਂ। ਕੀ ਕਾਰਨ ਹੈ ਕਿ ਸਜਾਦ ਜ਼ਹੀਰ ਹੈਮਿੰਗਵੇ ਦੀ ਬਰਾਬਰੀ ਕਰ ਰਿਹਾ ਹੈ?


ਵਾਸਤਵ ਵਿਚ ਉਸ ਨੇ ਹੈਮਿੰਗਵੇ ਦੇ ਗੁਰੂ ਪੜ੍ਹੇ ਅਤੇ ਵਿਚਾਰੇ ਹੋਏ ਸਨ। ਉਸ ਦਾ ਇੱਕ ਨਜ਼ਦੀਕੀ ਸਾਥੀ ਸਰਦਾਰ ਜਾਫਰੀ ਲਿਖਦਾ ਹੈ ਕਿ ਅਸਾਂ ਜੋ ਫਰੈਂਚ ਸਾਹਿਤ ਅੰਗਰੇਜ਼ੀ ਵਿਚ ਪੜ੍ਹਿਆ ਸੀ, ਸਜਾਦ ਜ਼ਹੀਰ ਨੇ ਉਹ ਫਰੈਂਚ ਵਿਚ ਪੜ੍ਹਿਆ-ਵਿਚਾਰਿਆ ਸੀ। ਉਸ ਨੇ ਫਰੈਂਚ ਤੇ ਅੰਗਰੇਜ਼ੀ ਦੇ ਚੇਤਨਾ ਪ੍ਰਵਾਹੀ ਸ਼ੈਲੀ ਵਿਚ ਲਿਖਣ ਵਾਲੇ ਨਾਵਲਕਾਰ ਅਤੇ ਕਹਾਣੀਕਾਰ ਧਿਆਨ ਨਾਲ ਪੜ੍ਹੇ ਸਨ। ਇਹੀ ਕਾਰਨ ਹੈ ਕਿ ਉਸ ਨੇ ਜਿਸ ਸਰਲਤਾ, ਸਹਿਜ, ਸੂਹਜ ਤੇ ਸੰਜਮ ਨਾਲ 'ਦੁਲਾਰੀ' ਲਿਖੀ, ਉਹ ਕਿਤੇ ਲੱਭਣੇ ਔਖੇ ਹਨ। ਹਾਂ, ਪੰਜਾਬੀ ਵਿਚ ਇਸ ਤੋਂ ਦਸ ਵਰ੍ਹੇ ਬਾਅਦ ਸੰਤ ਸਿੰਘ ਸੇਖੋਂ ਨੇ ਇੱਕ ਕਹਾਣੀ ਲਿਖੀ, 'ਮੁੜ ਵਿਧਵਾ'। ਇਸ ਵਿਚ ਸਾਰੇ ਉਕਤ ਗੁਣ ਮੌਜੂਦ ਹਨ। 1955 ਦੇ ਆਸ-ਪਾਸ ਰਾਜਿੰਦਰ ਸਿੰਘ ਬੇਦੀ ਨੇ ਕਹਾਣੀ ਲਿਖੀ 'ਲਾਜਵੰਤੀ', ਜਿਸ ਵਿਚ ਸਾਰੇ ਉਕਤ ਗੁਣਾਂ ਦੇ ਦਰਸ਼ਨ ਹੁੰਦੇ ਹਨ। ਪਰ ਇਹ ਬਾਅਦ ਦੀਆਂ ਗੱਲਾਂ ਹਨ।

ਅਲੀ ਸਰਦਾਰ ਜਾਫਰੀ ਨੇ ਸਜਾਦ ਜ਼ਹੀਰ ਦਾ ਚਰਿੱਤਰ ਇੱਕ ਲੇਖ ਵਿਚ ਪੇਸ਼ ਕੀਤਾ ਹੈ, ਉਸ ਦਾ ਨਾਂ ਰੱਖਿਆ ਹੈ, 'ਰਕਸੇ ਸ਼ਰਰ' ਅਰਥਾਤ ਚੰਗਿਆੜੀ ਦਾ ਨਾਚ। ਉਸ ਦੀ ਕਹਾਣੀ 'ਦੁਲਾਰੀ' ਵੀ ਰਕਸੇ ਸ਼ਰਰ ਹੈ।

ਦੁਲਾਰੀ ਦੇ ਮਾਂ-ਬਾਪ ਦਾ ਕੋਈ ਪਤਾ ਨਹੀਂ। ਉਹ ਸ਼ੇਖ ਘਰਾਣੇ ਵਿਚ ਪਲੀ ਤੇ ਵੱਡੀ ਹੋਈ ਹੈ। ਭਾਵੇਂ ਉਹ ਘਰ ਦੀ ਨੌਕਰਾਣੀ ਹੈ ਪਰ ਵੇਖਣ ਵਾਲਿਆਂ ਨੂੰ ਘਰ ਦੀ ਜੀਅ ਜਾਪਦੀ ਹੈ। ਉਸ ਦਾ ਸਭ ਕੁਝ ਘਰ ਦਾ ਵਲੀ ਅਹਿਦ ਸ਼ੇਖ ਲੁੱਟ ਲੈਂਦਾ ਹੈ। ਦੁਲਾਰੀ ਉਸ ਦਾ ਵਿਰੋਧ ਨਹੀਂ ਕਰਦੀ। ਸਮਾਂ ਪਾ ਕੇ ਸ਼ੇਖ ਕਾਜ਼ਮ ਦੀ ਸ਼ਾਦੀ ਦੀਆਂ ਗੱਲਾਂ ਚਲਦੀਆਂ ਹਨ। ਸ਼ਾਦੀ ਵਾਲੇ ਦਿਨ ਦੁਲਾਰੀ ਘਰ ਵਿਚੋਂ ਗਾਇਬ ਹੋ ਜਾਂਦੀ ਹੈ। ਬੜੀ ਪੁੱਛ-ਪੜਤਾਲ ਤੇ ਭੱਜ-ਨੱਠ ਤੋਂ ਬਾਅਦ ਮਿਲ ਜਾਂਦੀ ਹੈ ਅਤੇ ਘਰ ਦਾ ਇੱਕ ਬੁੱਢਾ ਉਸ ਨੂੰ ਗਰੀਬ ਵੇਸਵਾ ਦੇ ਮੁਹੱਲੇ ਵਿਚੋਂ ਵਾਪਸ ਘਰ ਲੈ ਆਉਂਦਾ ਹੈ। ਘਰ ਵਿਚ ਅਕਸਰ ਉਸ ਦੀ ਬੇਇਜ਼ਤੀ ਹੁੰਦੀ ਰਹਿੰਦੀ ਹੈ। ਇੱਕ ਦਿਨ ਸ਼ੇਖ ਕਾਜ਼ਮ ਉਸ ਦੀ ਬੇਇਜ਼ਤੀ ਕਰਨ ਵਾਲੀਆਂ ਔਰਤਾਂ ਨੂੰ ਡਾਂਟਦਾ ਹੈ। ਉਹ ਚੁੱਪ ਕਰ ਜਾਂਦੀਆਂ ਹਨ ਅਤੇ ਦੁਲਾਰੀ ਨੂੰ ਦਲੇਰ ਹੋਈ ਵੇਖ ਉਥੋਂ ਖਿਸਕ ਜਾਂਦੀਆਂ ਹਨ। ਕਾਜ਼ਮ ਦੁਲਾਰੀ ਨੂੰ ਹਮਦਰਦੀ ਭਰੀ ਨਸੀਹਤ ਕਰਦਾ ਹੈ। ਇਹ ਗੱਲ ਦੁਲਾਰੀ ਝੱਲ ਨਹੀਂ ਸਕਦੀ। ਉਹ ਉਸੇ ਰਾਤ ਫੇਰ ਗਾਇਬ ਹੋ ਜਾਂਦੀ ਹੈ।

ਕਿਹਾ ਜਾਵੇਗਾ ਕਿ ਇਹ ਕੋਈ ਖਾਸ ਗੱਲ ਨਹੀਂ। ਅਜਿਹੀਆਂ ਕਹਾਣੀਆਂ ਬਹੁਤ ਮਿਲ ਜਾਂਦੀਆਂ ਹਨ। ਸਵਾਲ ਇਹ ਨਹੀਂ। ਮਸਲਾ ਅੰਦਾਜ਼-ਏ-ਬਿਆਂ ਦਾ ਹੈ, ਜੋ ਹਰ ਥਾਂ ਨਹੀਂ ਮਿਲਦਾ। ਸਜਾਦ ਜ਼ਹੀਰ ਦਾ ਅੰਦਾਜ਼-ਏ-ਬਿਆਂ ਵੱਖਰਾ ਹੈ, ਜਿਸ ਦਾ ਜ਼ਿਕਰ ਮੈਂ ਪਹਿਲਾਂ ਕਰ ਚੁਕਾ ਹਾਂ।

ਸੁਜਾਨ ਸਿੰਘ ਨੇ ਵੀ ਇਸ ਤਰ੍ਹਾਂ ਦਾ ਧੱਕਾ ਇੱਕ ਕੁੜੀ ਨਾਲ ਹੁੰਦਾ ਵਿਖਾਇਆ ਹੈ, ਜੋ ਮਿੱਲ ਵਿਚ ਮਜ਼ਦੂਰੀ ਕਰਦੀ ਹੈ ਅਤੇ ਜਿਸ ਨੂੰ ਤਹਿਖਾਨੇ ਵਿਚ ਸਾਜ਼ਿਸ਼ ਅਧੀਨ ਭੇਜਿਆ ਜਾਂਦਾ ਹੈ। ਮਾਲਕ ਦਾ ਮੁੰਡਾ ਕੁੜੀ 'ਤੇ ਝਪਟ ਪੈਂਦਾ ਹੈ। ਕੁੜੀ ਆਪਣਾ ਬਚਾਅ ਕਰਨ ਲਈ ਹੱਥ ਪੈਰ ਮਾਰਦੀ ਹੈ, ਜਿਸ ਨਾਲ ਮਾਲਕ ਦਾ ਮੁੰਡਾ ਪਟਿਆਂ ਅਤੇ ਮਸ਼ੀਨਾਂ ਵਿਚ ਲਪੇਟਿਆ ਜਾਂਦਾ ਹੈ। ਕੁੜੀ ਭੱਜ ਕੇ ਬਾਹਰ ਆ ਜਾਂਦੀ ਹੈ। ਮਸ਼ੀਨਾਂ ਚੱਲਣੀਆਂ ਬੰਦ ਹੋ ਜਾਂਦੀਆਂ ਹਨ। ਇਸ ਕਹਾਣੀ ਦਾ ਨਾਂ 'ਖੂਨ' ਹੈ। ਕੁੜੀ ਨੂੰ ਇਕ ਕਮਰੇ ਵਿਚ ਬੰਦ ਕਰ ਦਿੱਤਾ ਜਾਂਦਾ ਹੈ। ਨਾਲ ਦੇ ਕਮਰੇ ਵਿਚ ਮੀਟਿੰਗ ਹੋ ਰਹੀ ਹੁੰਦੀ ਹੈ, ਜਿਸ ਵਿਚ ਕਹਾਣੀਕਾਰ ਦੇ ਸ਼ਬਦਾਂ ਵਿਚ ਕੁੜੀ ਵਿਰੁਧ ਸਬੂਤ ਅਤੇ ਗਵਾਹੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ।



ਅਰਨੈਸਟ ਹੈਮਿੰਗਵੇ

ਦੋਹਾਂ ਕਹਾਣੀਆਂ ਵਿਚ ਮਾਹੌਲ ਦਾ ਫਰਕ ਹੈ। ਕਲਾਪਰਕ ਅੰਤਰ ਵੀ ਹੈ, ਪਰ ਇੱਕ ਸਾਧਾਰਨ ਕੰਨਿਆ ਦੇ ਸ਼ੋਸ਼ਣ ਦੀ ਸਾਂਝ ਹੈ। ਮੈਂ ਸੋਚਦਾ ਹਾਂ, ਸੁਜਾਨ ਸਿੰਘ ਸਾਰੀ ਉਮਰ ਜੀਵਨ ਅਤੇ ਘਰੇਲੂ ਮਸਲਿਆਂ ਦੇ ਭਾਰ ਅਧੀਨ ਹੀ ਜੂਝਦਾ ਰਿਹਾ। ਜੇ ਉਸ ਨੂੰ ਸਜਾਦ ਜ਼ਹੀਰ ਵਰਗੀਆਂ ਸਹੂਲਤਾਂ ਅਤੇ ਸਹਿਯੋਗੀ ਮਾਹੌਲ ਦਾ ਦਸਵਾਂ ਹਿੱਸਾ ਵੀ ਨਸੀਬ ਹੁੰਦਾ ਤਾਂ ਉਹ ਉਥੇ ਹੀ ਪਹੁੰਚ ਜਾਂਦਾ, ਜਿਥੇ ਸਜਾਦ ਜ਼ਹੀਰ, ਅਹਿਮਦ ਅਲੀ, ਅਜ਼ੀਜ਼ ਅਹਿਮਦ, ਮੁਹੰਮਦ ਹਸਨ ਅਸਕਰੀ ਅਤੇ ਕੁਰੱਤਅਲੁਨ ਹੈਦਰ ਪਹੁੰਚੇ ਹਨ।

ਹੈਰਤ ਦਾ ਮੁਕਾਮ ਇਹ ਹੈ ਕਿ ਜਦੋਂ ਪੰਜਾਬੀ ਲੇਖਕਾਂ ਦੀ ਜਾਣ-ਪਛਾਣ ਸਿਰਫ ਤੇ ਸਿਰਫ ਗੋਰਕੀ ਨਾਲ ਹੀ ਹੋਣੀ ਸ਼ੁਰੂ ਹੋਈ ਸੀ, ਉਰਦੂ ਨਾਲ ਸਬੰਧਤ ਇਹ ਨੌਜਵਾਨ ਫਰਾਂਸ ਤੇ ਯੂਰਪ ਦੀ ਨਵੀਂ ਅਦਬੀ ਤਹਿਰੀਕ ਤੋਂ ਵਾਕਫ ਸਨ ਅਤੇ ਉਸ ਨੂੰ ਸਮਝਦੇ ਸਨ। ਉਦਾਹਰਣ ਵਜੋਂ ਚੇਤਨਾ ਪ੍ਰਵਾਹੀ ਸ਼ੈਲੀ ਅਤੇ ਟੈਕਨੀਕ ਉਰਦੂ ਵਿਚ 1932 ਵਿਚ ਸ਼ੁਰੂ ਹੋ ਗਈ ਸੀ ਪਰ ਪੰਜਾਬੀ ਵਿਚ ਇਸ ਦੀ ਵਰਤੋਂ 1943 ਵਿਚ ਕਰਤਾਰ ਸਿੰਘ ਦੁੱਗਲ ਨੇ ਕੀਤੀ। ਉਸ ਦੀ ਕਹਾਣੀ 'ਸਵੇਰ ਸਾਰ' ਚੇਤਨਾ ਪ੍ਰਵਾਹੀ ਵੰਨਗੀ ਦੀ ਹੈ। ਉਸ ਦੀ ਦੂਜੀ ਕਹਾਣੀ 'ਮੈਂ ਕਿੰਨਾ ਬੇਵਕੂਫ ਹਾਂ' ਇਸੇ ਕਿਸਮ ਦੀ ਹੈ। ਇਸ ਵਿਚ ਆਜ਼ਾਦ ਖਿਆਲੀ ਅਤੇ ਸੁਤੰਤਰ ਆਤਮ ਬਚਨਾਂ ਰਾਹੀਂ ਇੱਕ ਬੀਮਾਰ ਦਾ ਇਲਾਜ ਕੀਤਾ ਜਾਂਦਾ ਹੈ, ਜੋ ਅੰਦਰ ਖਾਨੇ ਆਪਣੀ ਭੈਣ ਨੂੰ ਇਸ਼ਕ ਕਰਦਾ ਸੀ। ਪਰ ਪੰਜਾਬੀ ਦੇ ਮਹਾਂਰਥੀਆਂ, ਠੇਕੇਦਾਰਾਂ ਅਤੇ ਪੜ੍ਹੇ-ਲਿਖੇ ਸਾਹਿਤਕ ਲੋਕਾਂ ਨੂੰ ਵੀ ਵੀਹ ਸਾਲ ਪਤਾ ਨਹੀਂ ਲੱਗ ਸਕਿਆ।

ਸਜਾਦ ਜ਼ਹੀਰ ਅਤੇ ਉਸ ਦੇ ਸਾਥੀ ਮਾਰਕਸਵਾਦੀ ਅਤੇ ਕੌਮਪ੍ਰਸਤ ਸਨ। ਉਹ ਸੱਚੇ ਮਾਰਕਸਵਾਦੀਆਂ ਵਾਂਗ ਹਰ ਪਾਸੇ ਆਪਣਾ ਦਿਮਾਗ ਤੇ ਮਸਤਕ ਖੁੱਲ੍ਹਾ ਰੱਖਦੇ ਸਨ, ਪਰ ਇਸ ਦੀ ਪੰਜਾਬੀ ਅਗਰਗਾਮੀਆਂ ਵਿਚ ਅਣਹੋਂਦ ਸੀ। ਇਸੇ ਲਈ ਇਥੇ ਤੀਹ ਸਾਲ ਗੋਰਕੀ ਦਾ ਹੀ ਡੰਕਾ ਵੱਜਿਆ।

'ਅੰਗਾਰੇ' ਦੇ ਲੇਖਕ ਭਾਵੇਂ ਸਾਹਿਤਕ ਕ੍ਰਾਂਤੀ ਕਰਨ ਲਈ ਮਸ਼ਹੂਰ ਹੋਏ, ਪਰ ਉਹ ਇੰਤਹਾ ਪਸੰਦ ਨਹੀਂ ਸਨ। ਉਹ ਅਸਲ ਵਿਚ ਸਮਾਜੀ ਬਾਗੀ ਸਨ, ਜੋ ਹਰ ਤਰ੍ਹਾਂ ਦੀ ਪੁਰਾਤਨਤਾ, ਵਹਿਮਪ੍ਰਸਤੀ, ਇਨਸਾਨੀ ਵੰਡੀਆਂ, ਸਮਾਜੀ ਊਚ ਨੀਚ, ਸਿਆਸੀ ਗੁਲਾਮੀ, ਫਿਰਕੇਦਾਰੀ, ਗਰੀਬੀ, ਸਰਮਾਏ, ਗਰੀਬਾਂ ਦਾ ਸ਼ੋਸ਼ਣ ਅਤੇ ਹਰ ਗਲਤ ਗੱਲ ਦੇ ਵਿਰੋਧੀ ਸਨ। ਇਸ ਲਈ ਉਨ੍ਹਾਂ ਨੇ ਸਾਹਿਤ ਅਤੇ ਕਲਾ ਵਿਚ ਵੀ ਦਕੀਆਨੂਸੀ ਪੁਰਾਤਨਤਾ ਦਾ ਤਿਆਗ ਕੀਤਾ ਅਤੇ ਨਵੀਆਂ ਲੀਹਾਂ ਪਾਈਆਂ। ਸਜਾਦ ਜ਼ਹੀਰ, ਅਹਿਮਦ ਅਲੀ, ਮਹਿਮੂਦ ਉਲ ਜ਼ਫਰ ਅਤੇ ਡਾਕਟਰ ਰਸ਼ੀਦ ਜਹਾਂ-ਸਾਰੇ ਹੀ ਇਸ ਕਿਸਮ ਦੇ ਚਿੰਤਕ ਅਤੇ ਸਿਰਜਕ ਸਨ।


ਇਹ ਬਗਾਵਤ ਅਤੇ ਬਾਗੀਆਨਾ ਰੁਚੀਆਂ ਜ਼ਹੀਰ ਦੀ ਦੂਜੀ ਕਹਾਣੀ 'ਫਿਰ ਯੇ ਹੰਗਾਮਾ' ਵਿਚ ਹੋਰ ਵੀ ਉਭਰ ਕੇ ਸਾਹਮਣੇ ਆਉਂਦੀਆਂ ਹਨ। ਇਥੇ ਇੱਕ ਬੀਮਾਰ ਨੌਜਵਾਨ ਨੂੰ ਆਜ਼ਾਦ ਵਿਚਾਰਾਂ ਨਾਲ, ਖੁੱਲ੍ਹੀ ਅਤੇ ਸੁਤੰਤਰ ਗੱਲਬਾਤ ਕਰਦੇ ਵਿਖਾਇਆ ਹੈ। ਉਹ ਸਾਰੇ ਸੱਪ, ਫਨ ਫੈਲਾਈ ਨਾਗ, ਕੁੱਤੇ, ਗਿਰਝਾਂ, ਸ਼ੇਰ, ਚੀਤੇ, ਬਘਿਆੜ, ਜੋ ਉਸ ਨੂੰ ਨਜ਼ਰ ਆਉਂਦੇ ਹਨ-ਸਾਰੇ ਸਾਹਮਣੇ ਆਉਂਦੇ ਹਨ। ਪਾਠਕ ਇਨ੍ਹਾਂ ਦਾ ਪ੍ਰਤੱਖ ਅਨੁਭਵ ਕਰਦਾ ਹੈ। ਇਹ ਸਮਾਜ ਵਿਰੋਧੀ ਅਤੇ ਇਨਸਾਨ ਵਿਰੋਧੀ ਤਾਕਤਾਂ ਹਨ, ਜਿਨ੍ਹਾਂ ਦਾ ਖਾਤਮਾ 'ਅੰਗਾਰੇ' ਦੇ ਸਾਰੇ ਲੇਖਕ ਕਰਨਾ ਚਾਹੁੰਦੇ ਹਨ। ਇਹ ਉਹੋ ਤਰੀਕਾ ਹੈ, ਜੋ ਦਸ ਸਾਲ ਬਾਅਦ ਕਰਤਾਰ ਸਿੰਘ ਦੁੱਗਲ 'ਮੈਂ ਕਿੰਨਾ ਬੇਵਕੂਫ ਹਾਂ' ਵਿਚ ਵਰਤਦਾ ਹੈ।

ਇਹ ਤਰੀਕਾ ਇੱਕ ਪਾਸੇ ਮੈਡੀਕਲ ਸਾਇੰਸ ਨਾਲ ਜਾ ਜੁੜਦਾ ਹੈ ਅਤੇ ਦੂਜੇ ਪਾਸੇ ਸਾਹਿਤ ਨਾਲ ਸਬੰਧਤ ਹੋ ਜਾਂਦਾ ਹੈ। ਇਹ ਮਨੋਵਿਗਿਆਨ ਦੀ ਮਾਇਆ ਹੈ। ਮਨੋਵਿਗਿਆਨ ਦੇ ਇਸ ਸਰਮਾਏ ਦੀ ਮਾਇਆ ਨਾਲ ਹੀ ਸਬੰਧਤ ਇਸ ਸੰਗ੍ਰਿਹ ਦੀਆਂ ਦੂਜੀਆਂ ਕਹਾਣੀਆਂ ਹਨ, ਜਿਨ੍ਹਾਂ ਵਿਚ ਅਹਿਮਦ ਅਲੀ ਦੀ ਕਹਾਣੀ 'ਮਹਾਵਤਾਂ ਦੀ ਰਾਤ' ਤੇ 'ਬਾਦਲ ਨਹੀਂ ਆਤੇ', ਸਜਾਦ ਜ਼ਹੀਰ ਦੀ ਕਹਾਣੀ 'ਨੀਂਦਰ ਕਿਉਂ ਨਹੀਂ ਆਉਂਦੀ' ਅਤੇ ਮਹਿਮੂਦ ਉਲ ਜ਼ਫਰ ਦੀ ਕਹਾਣੀ 'ਜਵਾਂ ਮਰਦੀ' ਆਉਂਦੀਆਂ ਹਨ। ਇਹ ਸਾਰੀਆਂ ਕਹਾਣੀਆਂ ਚੇਤਨਾ ਪ੍ਰਵਾਹੀ ਤੌਰ-ਤਰੀਕੇ ਵਿਚ ਸਾਹਮਣੇ ਆਉਂਦੀਆਂ ਹਨ, ਜਿਨ੍ਹਾਂ ਦੇ ਬਿਆਨ ਸਮੇਂ ਕਹਾਣੀਕਾਰ ਕਿਤੇ ਨਹੀਂ ਦਿਸਦਾ। ਇਸ ਤਰ੍ਹਾਂ ਮਹਿਸੂਸ ਹੁੰਦਾ ਹੈ, ਜਿਵੇਂ ਸਾਰਾ ਕੁਝ ਆਪਣੇ ਆਪ ਕੁਦਰਤੀ ਵਿਧੀ ਵਿਧਾਨ ਨਾਲ ਵਾਪਰਦਾ ਹੈ। ਇਹ ਅੰਦਰੂਨੀ ਤਰਜ਼ ਦੀ ਲਿਖਣ ਵਿਧੀ ਦਾ ਕ੍ਰਿਸ਼ਮਾ ਹੈ। ਇਸੇ ਤਰੀਕੇ ਨੂੰ ਮਗਰੋਂ ਜਾ ਕੇ ਖੁਦ ਅਹਿਮਦ ਅਲੀ ਅਤੇ ਕੁਰੱਤਅਲੁਨ ਹੈਦਰ ਨੇ ਵਧੇਰੇ ਯੋਗਤਾ ਅਤੇ ਮੁਹਾਰਤ ਨਾਲ ਵਰਤਿਆ ਹੈ। ਹਯਾਤ ਅੱਲ੍ਹਾ ਅਨਸਾਰੀ, ਅਜ਼ੀਜ਼ ਅਹਿਮਦ ਤੇ ਮੁਹੰਮਦ ਹਸਨ ਅਸਕਰੀ ਇਸੇ ਜ਼ੁਮਰੇ ਵਿਚ ਆਉਂਦੇ ਹਨ।

> **ਅਹਿਮਦ ਅਲੀ ਦੀ ਕਹਾਣੀ 'ਬਾਦਲ ਨਹੀਂ ਆਤੇ' ਵਿਚ ਇੱਕ ਮੱਧ ਤਬਕੇ ਦੀ ਪੜ੍ਹੀ-ਲਿਖੀ ਕੁੜੀ ਦਾ ਵਿਆਹ ਉਸ ਦੀ ਮਰਜ਼ੀ ਦੇ ਉਲਟ ਇੱਕ ਰੰਡੇ ਬੁੱਢੇ ਮੌਲਵੀ ਨਾਲ ਜ਼ਬਰਦਸਤੀ ਕਰ ਦਿੱਤਾ ਜਾਂਦਾ ਹੈ। ਮੌਲਵੀ ਨੂੰ ਬਾਹਰਲੇ ਲੋਕ ਧਾਰਮਿਕ ਪੁਰਸ਼ ਸਮਝਦੇ ਹਨ ਅਤੇ ਉਸ ਕੋਲੋਂ ਦੁਆਵਾਂ ਅਤੇ ਜੰਤਰ-ਮੰਤਰ ਲੈਣ ਆਉਂਦੇ ਹਨ ਪਰ ਅੰਦਰਲੀ ਤਸਵੀਰ ਹੋਰ ਹੈ। ਕੁੜੀ ਦੇ ਦੁੱਖਾਂ ਦਰਦਾਂ ਦੀ ਵਿਥਿਆ ਅਤੇ ਮੌਲਵੀ ਦੇ ਸ਼ਹਿਵਤ ਅੰਗੇਜ਼ੀ ਵਿਹਾਰ ਨਾਲ ਜੋ ਚਿੱਤਰ ਸਾਹਮਣੇ ਆਉਂਦੇ ਹਨ, ਉਸ ਨਾਲ ਆਮ ਇਨਸਾਨ ਦੁਖੀ ਹੋ ਕੁਰਲਾ ਉਠਦਾ ਹੈ। ਪਰ ਇਸ ਕਹਾਣੀ 'ਤੇ ਮੌਲਵੀ ਏਨਾ ਕੁਰਲਾਏ ਕਿ ਕਿਤਾਬ 'ਤੇ ਪਾਬੰਦੀ ਲੱਗ ਗਈ।**

ਅਹਿਮਦ ਅਲੀ ਦੀ ਕਹਾਣੀ 'ਬਾਦਲ ਨਹੀਂ ਆਤੇ' ਵਿਚ ਇੱਕ ਮੱਧ ਤਬਕੇ ਦੀ ਪੜ੍ਹੀ-ਲਿਖੀ ਕੁੜੀ ਦਾ ਵਿਆਹ ਉਸ ਦੀ ਮਰਜ਼ੀ ਦੇ ਉਲਟ ਇੱਕ ਰੰਡੇ ਬੁੱਢੇ ਮੌਲਵੀ ਨਾਲ ਜ਼ਬਰਦਸਤੀ ਕਰ ਦਿੱਤਾ ਜਾਂਦਾ ਹੈ। ਮੌਲਵੀ ਨੂੰ ਬਾਹਰਲੇ ਲੋਕ ਧਾਰਮਿਕ ਪੁਰਸ਼ ਸਮਝਦੇ ਹਨ ਅਤੇ ਉਸ ਕੋਲੋਂ ਦੁਆਵਾਂ ਅਤੇ ਜੰਤਰ-ਮੰਤਰ ਲੈਣ ਆਉਂਦੇ ਹਨ ਪਰ ਅੰਦਰਲੀ ਤਸਵੀਰ ਹੋਰ ਹੈ। ਕੁੜੀ ਦੇ ਦੁੱਖਾਂ ਦਰਦਾਂ ਦੀ ਵਿਥਿਆ ਅਤੇ ਮੌਲਵੀ ਦੇ ਸ਼ਹਿਵਤ ਅੰਗੇਜ਼ੀ ਵਿਹਾਰ ਨਾਲ ਜੋ ਚਿੱਤਰ ਸਾਹਮਣੇ ਆਉਂਦੇ ਹਨ, ਉਸ ਨਾਲ ਆਮ ਇਨਸਾਨ ਦੁਖੀ ਹੋ ਕੁਰਲਾ ਉਠਦਾ ਹੈ। ਪਰ ਇਸ ਕਹਾਣੀ 'ਤੇ ਮੌਲਵੀ ਏਨਾ ਕੁਰਲਾਏ ਕਿ ਕਿਤਾਬ 'ਤੇ ਪਾਬੰਦੀ ਲੱਗ ਗਈ।

ਸਜਾਦ ਜ਼ਹੀਰ ਦੀ ਕਹਾਣੀ 'ਫਿਰ ਯੇ ਹੰਗਾਮਾ' ਵਿਚੋਂ ਪ੍ਰਸਿਧ ਵਿਦਵਾਨ ਅਤੇ ਆਲੋਚਕ ਕਮਰ ਰਈਸ ਨੇ ਆਪਣੇ ਇੱਕ ਲੇਖ ਵਿਚ ਜੋ ਹਵਾਲਾ ਦਰਜ ਕੀਤਾ ਹੈ, ਉਸ ਵਿਚ ਪੇਸ਼ ਕੀਤਾ ਯਥਾਰਥ ਫਰਾਂਸ ਦੇ ਪ੍ਰਕਿਰਤੀਵਾਦੀਆਂ ਦੇ ਚਿਤਰਣ ਨਾਲ ਮਿਲਦਾ ਹੈ। ਗੋਰਕੀ ਦੇ 'ਹੇਠਲੇ ਪਤਾਲ', ਗੁਰਚਰਨ ਸਿੰਘ ਦੀ 'ਵਗਦੀ ਸੀ ਰਾਵੀ' ਅਤੇ ਸ਼ੌਕਤ ਸਦੀਕੀ ਦੇ ਨਾਵਲ 'ਖੁਦਾ ਕੀ ਬਸਤੀ' ਵਿਚ ਵੀ ਅਜਿਹੇ ਯਥਾਰਥ ਦੇ ਦਰਸ਼ਨ ਹੁੰਦੇ ਹਨ, ਪਰ ਇਥੇ ਤਰੀਕਾ ਹੋਰ ਵਰਤਿਆ ਗਿਆ ਹੈ। 'ਅੰਗਾਰੇ' ਦੇ ਸਾਰੇ ਲੇਖਕਾਂ ਨੇ ਇਹ ਸਫਲਤਾ ਫਰੈਂਚ ਰੀਅਲਿਸਟਾਂ ਅਤੇ ਫਰੈਂਚ ਤੇ ਇੰਗਲਿਸ਼ ਚੇਤਨਾ ਪ੍ਰਵਾਹੀ ਨਾਵਲਕਾਰਾਂ ਤੇ ਕਥਾਕਾਰਾਂ ਦੇ ਪ੍ਰਭਾਵ ਅਧੀਨ ਸਰ ਕੀਤੀ ਹੈ। ਇਹ ਉਨ੍ਹਾਂ ਦੀ ਵੱਡੀ ਸਫਲਤਾ ਹੈ।



ਸਜਾਦ ਜ਼ਹੀਰ

'ਅੰਗਾਰੇ' ਵਿਚ ਉਹ ਸਭ ਕੁਝ ਸੀ ਜੋ ਪਿਛੋਂ ਜਾ ਕੇ ਉਰਦੂ ਕਥਾਕਾਰਾਂ ਅਤੇ ਨਾਵਲਕਾਰਾਂ ਵਿਚ ਖੁੱਲ੍ਹ ਕੇ ਸਾਹਮਣੇ ਆਇਆ। ਇਸ ਟੈਕਨੀਕ ਨੂੰ ਪਿਛੋਂ ਜਾ ਕੇ ਕੁਰੱਤਅਲੁਨ ਹੈਦਰ, ਅਹਿਮਦ ਅਲੀ, ਕ੍ਰਿਸ਼ਨ ਚੰਦਰ, ਹਯਾਤ ਅੱਲ੍ਹਾ ਅਨਸਾਰੀ, ਅਜ਼ੀਜ਼ ਅਹਿਮਦ ਅਤੇ ਵੱਕਾਰ ਅਜ਼ੀਮ ਨੇ ਤਕੜੀ ਕਾਮਯਾਬੀ ਤੇ ਖੁਸ਼ ਅਸਲੂਬੀ ਨਾਲ ਵਰਤਿਆ ਅਤੇ ਉਰਦੂ ਅਦਬ ਵਿਚ ਬੇਹੱਦ ਮਾਣ ਤੇ ਅਮਰ ਸਥਾਨ ਪਾ ਲਿਆ। ਇਸ ਸਮੇਂ ਉਰਦੂ ਕਹਾਣੀ ਅਤੇ ਨਾਵਲ, ਉਪਨਿਆਸ ਸਮਰਾਟ ਪ੍ਰੇਮ ਚੰਦ ਦੀ ਜਾਗੀਰ ਸੀ। ਉਸ ਦੇ ਝੰਡੇ ਝੁਲਦੇ ਸਨ ਅਤੇ ਚਹੁੰ ਚੱਕੀਂ ਡੰਕੇ ਵੱਜਦੇ ਸਨ। ਉਹ ਸਭ ਤੋਂ ਵੱਧ ਸਤਿਕਾਰਤ ਅਤੇ ਪਾਠਕ ਆਵਾਮ ਵੱਲੋਂ ਪ੍ਰਵਾਨਤ ਗਲਪਕਾਰ ਸੀ। ਉਹ ਵੀ 'ਅੰਗਾਰੇ' ਤੋਂ ਪ੍ਰਭਾਵਤ ਅਤੇ ਉਤਸ਼ਾਹਤ ਹੋਇਆ। ਇਸ ਤੋਂ ਬਾਅਦ ਉਹ ਤਾਜ਼ਾ ਦਮ ਹੋਇਆ ਅਤੇ 'ਕਫਨ' ਤੇ 'ਪੂਸ ਕੀ ਰਾਤ' ਆਦਿ ਅਫਸਾਨੇ ਲਿਖੇ।

ਇਸ ਕਿਤਾਬ ਰਾਹੀਂ ਉਰਦੂ ਅਫਸਾਨੇ ਵਿਚ ਇੱਕ ਨਵਾਂ ਰਜਿਸਟਰ ਰੱਖਿਆ ਗਿਆ, ਜਿਸ ਕਾਰਨ ਉਰਦੂ ਲਿਸਾਨੀਅਤ ਅਤੇ ਲੁਗਾਤ ਦੇ ਪਹਿਲੂ ਤੋਂ ਬੜਾ ਵਾਧਾ ਹੋਇਆ, ਅਰਥਾਤ ਭਾਸ਼ਾ ਵਿਗਿਆਨ ਤੇ ਕੋਸ਼ ਦੇ ਪੱਖ ਤੋਂ ਉਰਦੂ ਜ਼ਬਾਨ ਵਿਚ ਨਵੇਂ ਝਰੋਖੇ ਖੁੱਲ੍ਹੇ। ਔਰਤਾਂ ਦਾ ਬੋਲਣ ਢੰਗ, ਵੱਖਰੀ ਕਿਸਮ ਦੀ ਸ਼ਬਦਾਵਲੀ, ਫਿਕਰੇਬਾਜ਼ੀ, ਜੋ ਸਿਰਫ ਔਰਤਾਂ ਲਈ ਹੀ ਮਖਸੂਸ ਹੁੰਦੀ ਹੈ, ਪਹਿਲੀ ਵਾਰੀ 'ਅੰਗਾਰੇ' ਦੀਆਂ ਕਹਾਣੀਆਂ ਰਾਹੀਂ ਸਾਹਮਣੇ ਆਈ। ਇਸ ਨੂੰ ਪਿੱਛੋਂ ਜਾ ਕੇ ਇਸਮਤ ਚੁਗਤਾਈ ਨੇ ਪੂਰੀ ਦਲੇਰੀ ਅਤੇ ਖੁੱਲ੍ਹ ਨਾਲ ਵਰਤਿਆ ਤੇ ਅੱਗੇ ਵਧਾਇਆ ਅਤੇ ਜਿਸ ਨੂੰ ਪਰਵਰਤੀ ਔਰਤ ਅਫਸਾਨਾ ਨਵੀਸਾਂ-ਜੈਲਾਨੀ ਬਾਨੋ, ਮੁਮਤਾਜ਼ ਸ਼ੀਰੀਂ, ਖਦੀਜਾ ਮਸਤੂਰ ਅਤੇ ਹਾਜਰਾ ਮਸਰੂਰ ਨੇ ਹੋਰ ਅੱਗੇ ਵਧਾਇਆ, ਮੁਕੰਮਲ ਤੌਰ 'ਤੇ 'ਅੰਗਾਰੇ' ਵਿਚ ਮੌਜੂਦ ਸੀ। ਮੁਹੰਮਦ ਹਸਨ ਅਸਕਰੀ ਦੇ ਸ਼ਬਦਾਂ ਵਿਚ, "ਮੰਟੋ ਨੇ ਵੱਖਰਾ ਖੂਹ ਪੁੱਟ ਕੇ ਪਾਣੀ ਪੀਤਾ, ਭਾਵੇਂ ਉਹ ਪਾਣੀ ਖਾਰਾ ਸੀ।" ਉਹ ਖਾਰਾ ਪਾਣੀ ਵੀ 'ਅੰਗਾਰੇ' ਦੀਆਂ ਕਹਾਣੀਆਂ ਵਿਚ ਮੌਜੂਦ ਸੀ। ਇਹ ਖਾਰਾ ਪਾਣੀ, ਮਿੱਠਾ ਪਾਣੀ, ਤਿੱਖਾ ਪਾਣੀ, ਕੌੜਾ ਪਾਣੀ, ਇਹ ਸਾਰੇ ਪਾਣੀ 'ਅੰਗਾਰੇ' ਵਿਚ ਮੌਜੂਦ ਸਨ, ਜਿਨ੍ਹਾਂ ਉਰਦੂ ਅਦਬ ਨੂੰ ਸਰਸਬਜ਼ ਅਤੇ ਸ਼ਾਦਾਬ ਕੀਤਾ, ਜਿਸ ਨਾਲ ਉਰਦੂ ਅਦਬ ਨੇ ਨਵੀਆਂ ਸਿਖਰਾਂ ਛੂਹੀਆਂ ਅਤੇ ਜ਼ਮਾਨੇ 'ਤੇ ਛਾ ਗਿਆ।

ਇਸ ਦੋ ਸੌ ਸਫੇ ਦੀ ਕਿਤਾਬ ਨੇ, ਜਿਸ ਵਿਚ 9 ਕਹਾਣੀਆਂ ਅਤੇ ਇੱਕ ਇਕਾਂਗੀ ਨਾਟਕ ਸੀ, ਉਰਦੂ ਸਾਹਿਤ ਵਿਚ ਵੱਡਾ ਨਿਰਣਾ ਕਰ ਦਿੱਤਾ। ਇਸ ਨੇ ਪੁਰਾਣੇ ਅਤੇ ਨਵੇਂ ਅਫਸਾਨੇ ਦਾ ਨਿਖੇੜਾ ਪੱਕੇ ਤੌਰ 'ਤੇ ਕਰ ਦਿੱਤਾ। ਪ੍ਰੇਮ ਚੰਦ, ਸੁਦਰਸ਼ਨ, ਅਲੀ ਅੱਬਾਸ ਹੁਸੈਨੀ ਅਤੇ ਸੁਲਤਾਨ ਹੈਦਰ ਜੋਸ਼ ਨੂੰ ਛੱਡ ਕੇ ਸਾਰੇ ਪੁਰਾਣੇ ਲੇਖਕ ਰੱਦ ਹੋ ਗਏ। ਮਨਮਰਜ਼ੀ ਦੇ ਢੰਗ ਨਾਲ ਅੰਗਰੇਜ਼ੀ, ਫਰੈਂਚ, ਰੂਸੀ ਅਤੇ ਤੁਰਕੀ ਬੋਲੀ ਦੀਆਂ ਕਹਾਣੀਆਂ ਦੇ ਤਰਜਮੇ ਅਤੇ ਚੋਰੀ ਰੁਕ ਗਈ। ਇਸੇ ਕਿਤਾਬ ਦੇ ਇਕ ਸਹਿਯੋਗੀ ਲੇਖਕ ਅਹਿਮਦ ਅਲੀ ਨੇ ਇਹ ਸਾਰੀਆਂ ਗੱਲਾਂ ਆਪਣੇ ਇੱਕ ਲੇਖ ਵਿਚ ਸਾਹਮਣੇ ਲਿਆਂਦੀਆਂ ਹਨ। ਪ੍ਰਸਿਧ ਆਲੋਚਕ ਵੱਕਾਰ ਅਜ਼ੀਮ ਅਤੇ ਕਮਰ ਰਈਸ ਇਨ੍ਹਾਂ ਨੂੰ ਤਸਲੀਮ ਕਰਦੇ ਹਨ।

'ਅੰਗਾਰੇ' ਦਸੰਬਰ 1932 ਵਿਚ ਛਪੀ। ਨੌਜਵਾਨ ਵਰਗ ਤੋਂ ਛੁੱਟ ਸਾਰੇ ਸੁਚੇਤ ਅਤੇ ਸਹਿਜਭਾਵੀ ਸਾਹਿਤਕਾਰਾਂ ਨੇ ਇਸ ਦਾ ਸੁਆਗਤ ਕੀਤਾ। ਮੌਲਵੀ ਅਬਦੁਲ ਹੱਕ ਐਡੀਟਰ ਉਰਦੂ ਅਤੇ ਪੰਡਿਤ ਦਇਆ ਨਾਰਾਇਣ ਨਿਗਮ ਤੋਂ ਲੈ ਕੇ ਜਾਫਰੀ, ਫੈਜ਼ ਅਤੇ ਡਾ. ਅਖਤਰ ਹੁਸੈਨ ਰਾਇਪੁਰੀ ਤੱਕ ਮਿਲਦੇ ਸਾਰੇ ਸੋਮਿਆਂ ਵਿਚ ਇਸ ਕਿਤਾਬ ਬਾਰੇ ਪ੍ਰਾਪਤ ਵਾਕਫੀ ਤੇ ਸੂਚਨਾ ਅਨੁਸਾਰ ਇਹ ਇੱਕ ਅਹਿਮ ਕਿਤਾਬ ਸੀ, ਜਿਸ ਨਾਲ ਸਾਹਿਤ ਖੇਤਰ ਵਿਚ ਇੱਕ ਨਵਾਂ ਬਿਗਲ ਵੱਜਿਆ, ਜੋ ਲਗਾਤਾਰ ਵੱਜਦਾ ਗਿਆ। ਇਸ ਲਈ ਇਸ ਨੂੰ ਜੀ ਆਇਆਂ ਕਿਹਾ ਗਿਆ।

ਦੂਜੇ ਪਾਸੇ ਧਾਰਮਿਕ ਅੰਧਵਿਸ਼ਵਾਸੀ, ਦਕੀਆਨੂਸੀ ਅਤੇ ਔਰਤ ਵਿਰੋਧੀ ਪਿਛਾਖੜੀ ਤਾਕਤਾਂ ਨੇ ਇਸ ਨੂੰ ਇਸਲਾਮ ਤੇ ਮੁਸਲਿਮ ਵਿਰੋਧੀ ਅਤੇ ਅਸ਼ਲੀਲ ਗਰਦਾਨਿਆ। ਉਨ੍ਹਾਂ 'ਅੰਗਾਰੇ' ਖਿਲਾਫ ਏਨਾ ਹੰਗਾਮੇ ਭਰਿਆ ਹੋ ਹੱਲਾ ਕੀਤਾ ਕਿ ਉਤਰ ਪ੍ਰਦੇਸ਼ ਦੇ ਗਵਰਨਰ ਦੀ 25 ਮਾਰਚ 1933 ਨੂੰ ਕੀਤੀ ਗਈ ਵਜ਼ਾਰਤੀ ਕੌਂਸਲ ਦੀ ਮੀਟਿੰਗ ਵਿਚ ਕਿਤਾਬ ਨੂੰ ਗੈਰ ਕਾਨੂੰਨੀ ਕਰਾਰ ਦਿੰਦਿਆਂ ਉਸ 'ਤੇ ਪਾਬੰਦੀ ਲਾ ਦਿੱਤੀ ਗਈ। ਸਾਰੀਆਂ ਕਿਤਾਬਾਂ ਬਾਹੱਕ ਸਰਕਾਰ ਜ਼ਬਤ ਹੋ ਗਈਆਂ ਅਤੇ ਬਚੀਆਂ-ਖੁਚੀਆਂ ਸੜ ਗਈਆਂ। ਇਸ ਦਾ ਨਤੀਜਾ ਇਹ ਨਿਕਲਿਆ ਕਿ ਛਿਆਸੀ ਸਾਲ ਹੋਣ ਨੂੰ ਹਨ, ਕਿਤਾਬ ਕਿਤੇ ਵੇਖਣ ਨੂੰ ਵੀ ਨਹੀਂ ਮਿਲਦੀ।

ਸਰਕਾਰ ਦਾ ਫੈਸਲਾ ਜਿੰਨਾ ਸਖਤ ਤੇ ਤਿੱਖਾ ਸੀ, ਓਨਾ ਹੀ ਸਖਤ ਤੇ ਤਿੱਖਾ ਲੋਕਾਂ ਦਾ ਪ੍ਰਤੀਕ੍ਰਮ ਹੋਇਆ। ਸਾਰੇ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੇ ਇਸ ਦਾ ਵਿਰੋਧ ਕੀਤਾ। ਸਭ ਤੋਂ ਤੇਜ਼ ਅਤੇ ਉਗਰ ਵਿਰੋਧ ਪੰਡਿਤ ਦਇਆ ਨਾਰਾਇਣ ਨਿਗਮ ਨੇ ਆਪਣੇ ਮਾਸਿਕ ਪੱਤਰ 'ਜ਼ਮਾਨਾ' ਦੇ ਮਈ 1933 ਦੇ ਪਰਚੇ ਵਿਚ ਕੀਤਾ। ਉਨ੍ਹਾਂ ਆਪਣੇ ਤਬਸਰੇ ਵਿਚ ਇਸ ਤਰ੍ਹਾਂ ਦੀ ਪੇਸ਼ਕਾਰੀ ਕੀਤੀ ਜਿਵੇਂ ਕਿਸੇ ਹੀਰੋ ਦੀ ਮੌਤ ਹੋ ਗਈ ਹੋਵੇ। ਇਸ ਨੂੰ ਆਮ ਜਨਤਾ ਨੇ ਕੌਮੀ ਬੇਇਜ਼ਤੀ ਮੰਨੀ ਅਤੇ ਉਹ ਕਿਤਾਬ ਦੇ ਹੱਕ ਵਿਚ ਪੂਰੇ ਜੋਸ਼ ਵਿਚ ਸਾਹਮਣੇ ਆਏ।

ਅਜਿਹੇ ਮਾਹੌਲ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਪਾਠਕਾਂ ਨੇ ਆਪਣੇ ਦੋਸਤਾਂ-ਮਿੱਤਰਾਂ ਕੋਲ ਪਈਆਂ ਕਿਤਾਬਾਂ ਮੰਗ ਮੰਗ ਕੇ ਤੇ ਲੁਕ-ਛਿਪ ਕੇ ਪੜ੍ਹੀਆਂ। ਉਵੇਂ ਹੀ, ਜਿਵੇਂ ਐਮਰਜੈਂਸੀ ਦੇ ਦਿਨਾਂ ਵਿਚ ਸਿੰਘਾਪੁਰ ਤੋਂ ਛਪ ਕੇ ਆਏ ਨਾਵਲ 'ਲਹੂ ਦੀ ਲੋਅ' ਨੂੰ ਪੰਜਾਬ ਵਿਚ ਪੜ੍ਹਿਆ ਗਿਆ ਸੀ। ਇਸ ਨਾਲ 'ਅੰਗਾਰੇ' ਬੇਹੱਦ ਮਕਬੂਲ ਅਤੇ ਹਰਮਨ ਪਿਆਰੀ ਹੋ ਗਈ, ਜੋ ਉਰਦੂ ਪ੍ਰਗਤੀਵਾਦੀ ਸਾਹਿਤ ਦਾ ਪੱਕੇ ਤੌਰ 'ਤੇ ਪ੍ਰੇਰਨਾ ਸਰੋਤ ਅਤੇ ਆਧਾਰ ਬਣ ਗਈ।

ਕਹਾਣੀ

# ਮੁੜ ਵਿਧਵਾ

***ਸਵਰਗੀ ਸੰਤ ਸਿੰਘ ਸੇਖੋਂ ਨੂੰ ਆਮ ਕਰਕੇ ਇਕ ਆਲੋਚਕ ਦੇ ਤੌਰ 'ਤੇ ਜਾਣਿਆ ਜਾਂਦਾ ਹੈ, ਪਰ ਉਨ੍ਹਾਂ ਕਹਾਣੀਆਂ ਵੀ ਬਹੁਤ ਵਜ਼ਨਦਾਰ ਲਿਖੀਆਂ ਹਨ। ਜਿਨ੍ਹਾਂ ਨੇ ਉਨ੍ਹਾਂ ਦੀ ਕਹਾਣੀ 'ਪੇਮੀ ਦੇ ਨਿਆਣੇ' ਪੜ੍ਹੀ ਹੈ, ਉਨ੍ਹਾਂ ਪਾਠਕਾਂ ਨੂੰ ਪਤਾ ਹੈ ਕਿ ਸੇਖੋਂ ਦੀਆਂ ਕਹਾਣੀਆਂ ਵਿਚ ਕਿੰਨੀ ਜਾਨ ਹੈ! ਹਥਲੀ ਕਹਾਣੀ ਵਿਚ ਸੇਖੋਂ ਨੇ ਰੇਲ ਗੱਡੀ ਦੇ ਸਫਰ ਦੌਰਾਨ ਇਕ ਛੋਟੇ ਜਿਹੇ ਵਕਫੇ ਵਿਚ ਉਪਜੀ ਭਾਵੁਕ ਸਾਂਝ ਦਾ ਬਿਆਨ ਕੀਤਾ ਹੈ। -ਸੰਪਾਦਕ***

**ਸੰਤ ਸਿੰਘ ਸੇਖੋਂ**

ਗੱਡੀ ਤੁਰਨ ਦੀ ਉਡੀਕ ਵਿਚ ਉਹ ਪਲੈਟਫਾਰਮ ਉਤੇ ਇਧਰ ਉਧਰ ਫਿਰ ਰਿਹਾ ਸੀ, ਜਿਵੇਂ ਕਿਸੇ ਦੀ ਭਾਲ ਕਰ ਰਿਹਾ ਹੋਵੇ। ਗੱਡੀ ਦੇ ਵੱਖ ਵੱਖ ਡੱਬਿਆਂ ਵਿਚ ਉਸ ਨੇ ਲਗਭਗ ਸਾਰੇ ਚਿਹਰੇ-ਮੁਹਰੇ ਚੰਗੀ ਤਰ੍ਹਾਂ ਤੱਕ ਲਏ ਸਨ, ਪਰ ਪੋਸਟ-ਗਰੈਜੂਏਟ ਵਿਦਿਆਰਥੀ ਹੋਣ ਕਰਕੇ ਉਹ ਕੋਈ ਅਨੋਖੀ ਰੁਚੀ ਰੱਖਦਾ ਸੀ।

ਫਿਰ ਉਸ ਦੀਆਂ ਅੱਖਾਂ ਅੰਦਰ ਔਣ ਵਾਲੇ ਦਰਵਾਜੇ ਵੱਲ ਗਈਆਂ ਤਾਂ ਜੋ ਉਹ ਪਲੈਟਫਾਰਮ ਉਤੇ ਔਣ ਵਾਲੇ ਬੰਦਿਆਂ ਨੂੰ ਦੇਖ ਸਕੇ। ਉਸ ਨੂੰ ਦੋ ਔਰਤਾਂ ਅੰਦਰ ਔਂਦੀਆਂ ਨਜ਼ਰੀਂ ਪਈਆਂ- ਇਕ ਬੁੱਢੀ, ਕਰੀਬ ਪੰਜਾਹ ਕੁ ਸਾਲਾਂ ਦੀ ਅਤੇ ਦੂਜੀ ਨੌਜਵਾਨ, ਕੋਈ ਵੀਹਾਂ ਕੁ ਸਾਲਾਂ ਦੀ, ਜਿਹਨੇ ਇਕ ਵਰ੍ਹੇ ਕੁ ਦਾ ਬੱਚਾ ਕੁੱਛੜ ਚੁਕਿਆ ਹੋਇਆ ਸੀ। ਉਸ ਨੇ ਇਸ ਸੁੰਦਰੀ ਵਲ ਕੁਝ ਚਿਰ ਬੜੀ ਗਹੁ ਨਾਲ ਵੇਖਿਆ ਅਤੇ ਕੋਈ ਹਾਵ-ਭਾਵ ਪ੍ਰਤੀਤ ਕੀਤਾ, ਜਿਸ ਤੋਂ ਉਸ ਦੇ ਦਿਲ ਵਿਚ ਕਿਸੇ ਆਸ ਤੇ ਪਿਆਰ ਦੀ ਕੋਮਲਤਾ ਆ ਵਸੀ। ਉਹ ਬੁੱਢੀ ਤੀਵੀਂ ਉਸ ਸੁੰਦਰੀ ਦੀ ਮਾਂ ਸੀ, ਜੋ ਪਿਆਰ ਨਾਲ ਬੱਚੀ ਵੱਲ ਘੜੀ ਮੁੜੀ ਧਿਆਨ ਦੇ ਰਹੀ ਸੀ। ਇਨ੍ਹਾਂ ਨਾਲ ਕੋਈ ਨਹੀਂ ਸੀ।

ਉਸ ਦੀਆਂ ਅੱਖਾਂ ਉਨ੍ਹਾਂ ਦੀ ਪੈੜ ਉਤੇ ਸਨ ਅਤੇ ਜਦੋਂ ਉਹ ਦੋਵੇਂ ਇਕ ਡੱਬੇ ਵਿਚ ਜਾ ਬੈਠੀਆਂ, ਉਹ ਵੀ ਉਧਰ ਚਲਾ ਗਿਆ। ਉਹ ਉਨ੍ਹਾਂ ਦੀ ਬਾਰੀ ਅਗੋਂ 3-4 ਵਾਰ ਲੰਘਿਆ, ਤੇ ਮੁਟਿਆਰ ਦੀਆਂ ਨਜ਼ਰਾਂ ਨੂੰ ਖਿੱਚ ਪਾਉਣ ਵਿਚ ਕਾਮਯਾਬ ਹੋ ਗਿਆ।

ਉਹ ਉਸ ਡੱਬੇ ਵਿਚ ਚੜ੍ਹ ਗਿਆ ਤੇ ਉਸ ਮੁਟਿਆਰ ਵਲ ਮੂੰਹ ਕਰ ਕੇ ਨਾਲ ਵਾਲੀ ਬੁੱਢੀ ਕੋਲ ਇਕ ਪਾਸੇ ਜਾ ਬੈਠਾ। ਕੁਝ ਚਿਰ ਤਾਂ ਉਹ ਇਸ ਤਰ੍ਹਾਂ ਚੁੱਪ ਚਾਪ ਬੈਠਾ ਰਿਹਾ, ਜਿਸ ਤਰ੍ਹਾਂ ਉਹਦੇ ਦਿਲ ਵਿਚ ਕੋਈ ਗੱਲ ਹੀ ਨਹੀਂ ਹੁੰਦੀ। ਉਸ ਨੇ ਬੜੀ ਇਹਤਿਆਤ ਨਾਲ ਆਪਣੇ ਆਪ ਨੂੰ ਹੋਰ ਮੁਸਾਫਰਾਂ ਵਿਚ ਇਕ ਭੋਲਾ ਭਾਲਾ ਜਿਹਾ ਪ੍ਰਗਟ ਕੀਤਾ। ਉਸ ਮੁਟਿਆਰ ਦੇ ਚਿੱਟੇ ਅਰ ਸਾਦੇ ਕੱਪੜੇ ਪਾਏ ਹੋਏ ਸਨ, ਜੋ ਉਸ ਦੇ ਗੋਰੇ ਸਰੀਰ ਨਾਲ ਸੋਹਣੇ ਫਬੇ ਹੋਏ ਸਨ। ਪਰ ਤਦ ਵੀ ਉਹ ਆਪਣੇ ਆਪ ਵਿਚ ਕੁਝ ਸ਼ਰਮ ਜਿਹੀ ਪ੍ਰਤੀਤ ਕਰ ਰਹੀ ਸੀ। ਨੌਜਵਾਨ ਨੇ ਉਸ ਵਲ ਇਕ ਤਰਸ ਭਰੀ ਨਜ਼ਰ ਨਾਲ ਦੇਖਿਆ ਅਤੇ ਝਟ ਹੀ ਉਹ ਇਹ ਖਿਆਲ ਕਰ ਕੇ ਫੁੱਲਿਆ ਕਿ ਉਹ ਉਸ ਨਾਲ ਅਜਿਹੀ ਹਮਦਰਦੀ ਜਾਹਰ ਕਰ ਰਿਹਾ ਸੀ, ਜਿਸ ਦੀ ਉਹ ਲੋੜਵੰਦ ਸੀ। ਉਸ ਨੇ ਸਮਝ ਲਿਆ ਕਿ ਉਹ ਬੁੱਢੀ ਸਿਧੀ ਸਾਦੀ ਰਹਿਮ ਦਿਲ ਅਰ ਗਾਲੜੋ ਸੀ।

"ਭੈਣ ਜੀ! ਤੁਸੀਂ ਕਿਥੇ ਜਾਣਾ ਏਂ?" ਇੱਕ ਅਧਖੜ ਉਮਰ ਦੀ ਤੀਵੀਂ, ਜੋ ਇਸ ਡੱਬੇ ਵਿਚ ਹੁਣੇ ਵੜੀ ਸੀ ਅਤੇ ਬੁੱਢੀ ਤੀਵੀਂ ਦੇ ਪਰਲੇ ਪਾਸੇ ਆ ਬੈਠੀ ਸੀ, ਉਸ ਨੂੰ ਪੁੱਛਣ ਲੱਗੀ।

"ਅਸੀਂ ਅਟਾਰੀ ਚਲੇ ਆਂ।" ਉਸ ਬੁੱਢੀ ਤੀਵੀਂ ਨੇ ਉਤਰ ਦਿੱਤਾ।

ਇਸ ਤੋਂ ਪਿੱਛੋਂ ਆਪਸ ਵਿਚ ਗੱਲਾਂ ਛਿੜ ਪਈਆਂ, ਪਰ ਉਹ ਮੁਟਿਆਰ ਚੁਪ ਕਰਕੇ ਬੈਠੀ ਰਹੀ। ਉਹ ਉਸ ਵੱਲ ਤੱਕਦਾ ਰਿਹਾ, ਕਦੀ ਕਦੀ ਉਸ ਦੇ ਅੰਞਾਣੇ ਵੱਲ ਜਾਂ ਬਾਹਰ ਵੱਲ ਤੱਕ ਲੈਂਦਾ ਤਾਂ ਜੋ ਦੂਸਰੇ ਸਿਰ ਨਾ ਹੋ ਜਾਣ। ਉਸ ਨੂੰ ਯਕੀਨ ਸੀ ਕਿ ਉਸ ਨੇ ਮੁਟਿਆਰ ਦਾ ਦਿਲ ਜਿੱਤ ਲਿਆ ਹੈ।

ਉਸ ਨੇ ਅੰਦਾਜ਼ਾ ਲਾਇਆ ਕਿ ਇਸ ਦਾ ਵਿਆਹੁਤਾ ਜੀਵਨ ਬੜਾ ਦੁਖਦਾਈ ਹੋਵੇਗਾ ਜਾਂ ਇਹ ਹੁਣੇ ਜਿਹੇ ਹੀ ਵਿਧਵਾ ਹੋਈ ਹੋਵੇਗੀ। ਫਿਰ ਕਦੀ ਕਦੀ ਮਹਿਸੂਸ ਕਰਦਾ ਕਿ ਇਹ ਖਿਆਲ ਠੀਕ ਨਹੀਂ। ਭਾਵੇਂ ਉਹ ਬੜੀ ਸ਼ਰਮੀਲੀ ਸੀ, ਉਸ ਨੇ ਅੰਦਾਜ਼ਾ ਲਾ ਲਿਆ ਕਿ ਇਹ ਬੱਚਾ ਹੀ ਉਸ ਦੇ ਜੀਵਨ ਦਾ ਇਕ ਆਸਰਾ ਸੀ। ਉਹ ਤਾੜ ਗਿਆ ਕਿ ਆਪਣੀ ਸ਼ਰਾਫਤ ਕਰਕੇ ਹੀ ਉਹ ਆਪਣੇ ਦਿਲ ਦੇ ਭਾਵ ਕਿਸੇ ਤਰ੍ਹਾਂ ਪ੍ਰਗਟ ਨਹੀਂ ਕਰ ਰਹੀ ਸੀ, ਨਾ ਹੀ ਬੱਚੇ ਨਾਲ ਖੇਡ ਵਿਚ ਤੇ ਨਾ ਹੀ ਕਿਸੇ ਹੋਰ ਤਰ੍ਹਾਂ।

ਗੱਡੀ ਤੁਰ ਪਈ। ਉਨ੍ਹਾਂ ਤੀਵੀਆਂ ਨੇ ਕੁਝ ਹੁਝਕੇ ਜਿਹੇ ਪ੍ਰਤੀਤ ਕੀਤੇ ਅਤੇ ਛਿਣ ਭਰ ਲਈ ਉਨ੍ਹਾਂ ਦੀ ਗੱਲਬਾਤ ਰੁਕ ਗਈ। ਬੁੱਢੀ ਤੀਵੀਂ ਨੇ ਬੱਚੇ ਨੂੰ ਆਪਣੇ ਕੁੱਛੜ ਲਿਆ, ਪਿਆਰ ਕੀਤਾ, ਥਾਪੜਿਆ ਤੇ ਉਸ ਨਾਲ ਬਾਲਾਂ ਵਾਲੀਆਂ ਗੱਲਾਂ ਕਰਨ ਲੱਗ ਪਈ।

"ਇਹ ਤੁਹਾਡੀ ਬੀਬੀ ਦਾ ਬਾਲ ਏ, ਮਾਤਾ ਜੀ!" ਉਸ ਨੇ ਮੌਕਾ ਤਾੜ ਕੇ ਪੁੱਛਿਆ।

"ਹਾਂ ਪੁੱਤਰ!" ਬੁੱਢੀ ਨੇ ਬੜੇ ਪਿਆਰ ਨਾਲ ਉਤਰ ਦਿੱਤਾ, ਅਤੇ ਬਾਲ ਵੱਲ ਦੇਖਣ ਲੱਗ ਪਈ ਤੇ ਉਸ ਨੂੰ ਹਸਾਉਣ ਲਈ ਸੀਟੀ ਵਜਾਉਣ ਲੱਗੀ। ਬੱਚਾ ਮੁਸਕਰਾਇਆ। ਇਸ ਨੂੰ ਦੇਖ ਉਹ ਸੁੰਦਰੀ, ਇਸ ਦੀ ਮਾਂ ਵੀ ਰਤਾ ਕੁ ਮੁਸਕਰਾਈ।

ਉਹ ਵੀ ਬਾਲ ਵੱਲ ਤੱਕ ਕੇ ਸੀਟੀਆਂ ਮਾਰਨ ਲੱਗਾ ਅਤੇ ਇਸ ਦੀ ਮਾਂ ਦੇ ਚਿਹਰੇ ਵਲ ਤੱਕਣ ਲੱਗਾ। ਬਾਲ ਦੀਆਂ ਮੁਸਕੜੀਆਂ ਹਾਸੇ ਵਿਚ ਬਦਲ ਗਈਆਂ, ਜਿਵੇਂ ਚਾਂਦੀ ਦੀਆਂ ਘੰਟੀਆਂ ਟੁਣਕਦੀਆਂ ਹਨ। ਇਹ ਦੇਖ ਕੇ ਬੱਚੇ ਦੀ ਮਾਂ ਦੇ ਬੁੱਲ੍ਹਾਂ ਵਿਚ ਸ਼ਰਮਾਕਲ ਜਿਹੀ ਮੁਸਕੜੀ ਆ ਗਈ, ਜਿਸ ਨੂੰ ਕੱਜਣ ਲਈ ਉਸ ਨੇ ਝੱਟ ਆਪਣਾ ਰੁਮਾਲ ਮੂੰਹ ਅੱਗੇ ਲੈ ਲਿਆ।

ਨੌਜਵਾਨ ਨੇ ਬੱਚੇ ਵੱਲ ਆਪਣੀਆਂ ਬਾਹਾਂ ਪਸਾਰੀਆਂ। ਬੱਚੇ ਨੇ ਕੁੱਦ ਕੇ ਉਸ ਵੱਲ ਜਾਣ ਦੀ ਇੱਛਾ ਪ੍ਰਗਟ ਕੀਤੀ ਅਤੇ ਬੁੱਢੀ ਨੇ ਉਹ ਬੱਚਾ ਉਸ ਨੂੰ ਦੇ ਦਿੱਤਾ।

ਬੱਚੇ ਦੇ ਨੌਜਵਾਨ ਦੇ ਕੁੱਛੜ ਜਾਣ ਨੇ ਬੱਚੇ ਦੀ ਮਾਂ ਦੇ ਦਿਲ ਉਤੇ ਇੱਕ ਖਾਸ ਅਸਰ ਕੀਤਾ।

ਉਸ ਦਾ ਉਦਾਸ ਚਿਹਰਾ ਖਿੜ ਗਿਆ, ਜਿਵੇਂ ਮੀਂਹ ਪੈਣ ਨਾਲ ਮੁਰਝਾਏ ਹੋਏ ਪੱਤੇ ਮੁੜ ਕੇ ਹਰੇ-ਭਰੇ ਹੋ ਜਾਂਦੇ ਹਨ। ਆਪਣੀ ਮਾਂ ਤੇ ਨਾਨੀ ਦੇ ਪਿਆਰ ਮਗਰੋਂ ਮਰਦਾਵੇਂ ਹੱਥਾਂ ਵਿਚ ਜਾ ਕੇ ਬੱਚੇ ਨੇ ਇੱਕ ਖਾਸ ਖੁਸ਼ੀ ਪ੍ਰਤੀਤ ਕੀਤੀ।

ਉਸ ਮੁਟਿਆਰ ਦੇ ਦਿਲ ਵਿਚ ਇਕ ਨਵੀਂ ਜੀਵਨ ਰੌ ਆ ਗਈ, ਉਸ ਦਾ ਚਿਹਰਾ ਦਗਦਗ ਕਰਨ ਲੱਗਾ ਤੇ ਉਸ ਨੇ ਇਸ ਗੱਲ ਦੀ ਰਤਾ ਵੀ ਪਰਵਾਹ ਨਾ ਕੀਤੀ ਕਿ ਉਹ ਆਪਣੇ ਦਿਲ ਵਿਚ ਕੀ ਖਿਆਲ ਕਰਦਾ ਹੋਵੇਗਾ। ਉਹ ਕਿਸੇ ਦੀ ਵੀ ਕੋਈ ਪਰਵਾਹ ਨਾ ਕਰਦੀ ਪ੍ਰਤੀਤ ਕਰਨ ਲੱਗੀ, ਜਿਵੇਂ ਉਹ ਸਾਰੇ ਘਰ ਦੇ ਇੱਕ ਕਮਰੇ ਵਿਚ ਬੈਠੇ ਹੁੰਦੇ ਹਨ। ਉਸ ਨੇ ਬੱਚੇ ਦਾ ਖੇਡਦਾ ਹੱਥ ਫੜ੍ਹ ਲਿਆ, ਜਿਸ ਨਾਲ ਦੋਹਾਂ ਦਿਲਾਂ ਵਿਚ ਇੱਕ ਅਜਿਹੀ ਤਾਰ ਖੜਕ ਗਈ ਜਿਵੇਂ ਖਾਵੰਦ ਤੀਵੀਂ ਦੇ ਪਿਆਰ ਦੀ ਹੁੰਦੀ ਹੈ ਪਰ ਫਿਰ ਝੱਟ ਹੀ ਛੱਡ ਦਿੱਤਾ, ਜਿਵੇਂ ਉਸ ਨੇ ਇਸ ਰਾਹੀਂ ਬਿਜਲੀ ਦਾ ਝਟਕਾ ਮਹਿਸੂਸ ਕੀਤਾ ਹੋਵੇ। ਕੁਝ ਚਿਰ ਲਈ ਉਸ ਨੇ ਬੱਚੇ ਤੇ ਉਸ ਵੱਲੋਂ ਆਪਣਾ ਧਿਆਨ ਕਿਸੇ ਹੋਰ ਪਾਸੇ ਲਾ ਲਿਆ, ਪਰ ਹੁਣ ਉਹ ਉਦਾਸ ਦਿਖਾਈ ਨਹੀਂ ਸੀ ਦੇ ਰਹੀ।

"ਮਾਤਾ ਜੀ! ਤੁਸੀਂ ਕਿੱਥੋਂ ਆਏ ਓ?" ਨੌਜਵਾਨ ਨੇ ਬੁੱਢੀ ਕੋਲੋਂ ਪੁੱਛਿਆ ਅਤੇ ਉਹ ਬਾਲ ਉਸ ਨੂੰ ਦੇ ਦਿੱਤਾ ਤਾਂ ਜੋ ਉਹ ਕਿਸੇ ਤਰ੍ਹਾਂ ਦਾ ਸ਼ੱਕ ਨਾ ਕਰ ਲਵੇ। ਉਹ ਚਾਹੁੰਦਾ ਸੀ ਕਿ ਬੱਚੇ ਨਾਲ ਖੇਡਣ ਦੀ ਥਾਂ ਉਹ ਉਸ ਨਾਲ ਗੱਲਾਂ ਕਰੇ।

"ਚੀਚਾ ਵਤਨੀ ਤੋਂ, ਕਾਕਾ।" ਬੁੱਢੀ ਨੇ ਉਤਰ ਦਿੱਤਾ। "ਓਥੇ ਸਾਡਾ ਘਰ ਐ।" ਉਸ ਨੇ ਆਪੇ ਹੀ ਕਿਹਾ। "ਅਤੇ ਅਸੀਂ ਅਟਾਰੀ ਚਲੇ ਆਂ, ਓਥੇ ਮੇਰੀ ਧੀ ਦੇ ਸਹੁਰੇ ਨੇ। ਇਹ ਵਿਧਵਾ ਏ, ਇਸ ਦੇ ਖਾਵੰਦ ਨੂੰ ਗੁਜ਼ਰਿਆਂ ਕੋਈ ਅੱਠ ਕੁ ਮਹੀਨੇ ਹੋ ਗਏ ਨੇ।" ਉਸ ਦਾ ਬੁੱਢਾ ਚਿੱਟਾ ਹੱਥ ਅੱਖਾਂ ਵਿਚੋਂ ਡਿਗਣ ਵਾਲੇ ਮੋਤੀ ਜਿਹੇ ਹੰਝੂ ਨੂੰ ਪੂੰਝਣ ਲਈ ਉਠਿਆ।

ਨੌਜਵਾਨ ਦੇ ਦਿਲ ਨੂੰ ਸਦਮਾ ਲੱਗਾ, ਜਿਵੇਂ ਕਿਸੇ ਨੂੰ ਕਿਸੇ ਗੱਲ ਦਾ ਡਰ ਹੋਵੇ ਤੇ ਉਹ ਸੱਚ ਹੋ ਜਾਵੇ, ਪਰ ਉਹ ਘਬਰਾਇਆ ਨਹੀਂ। ਉਹ ਉਸ ਕੁੜੀ ਵੱਲ ਵੇਖਣ ਲੱਗਾ, ਜਿਸ ਨੇ ਇਹ ਗੱਲ ਛਿੜਦੇ ਹੀ ਆਪਣਾ ਮੂੰਹ ਪਰਲੇ ਪਾਸੇ ਫੇਰ ਲਿਆ ਸੀ। ਉਹ ਰੁੱਖਾਂ ਵੱਲ ਦੇਖਦੀ ਸੀ, ਜੋ ਉਸ ਦੀਆਂ ਅੱਖਾਂ ਅੱਗੋਂ ਲੰਘਦੇ ਜਾ ਰਹੇ ਸਨ-ਖੇਤਾਂ, ਪੈਲੀਆਂ ਤੇ ਤਾਰ ਖੰਭਿਆਂ ਵੱਲ, ਜੋ ਉਸ ਦੇ ਸਾਹਮਣੇ ਉਡਦੇ ਜਾ ਰਹੇ ਸਨ।

"ਇਹ ਬਾਲ ਈ ਸਿਰਫ ਸਾਡੀ ਜ਼ਿੰਦਗੀ ਦਾ ਆਸਰਾ ਏ।" ਬੁੱਢੀ ਨੇ ਬੜੀ ਦੁਖ ਭਰੀ ਰੋਣੀ ਆਵਾਜ਼ ਵਿਚ ਕਿਹਾ, "ਮੇਰੇ ਵੀ ਹੋਰ ਕੋਈ ਬਾਲ ਨਹੀਂ।" (ਕੁੜੀ ਵੱਲ ਸੈਨਤ ਕਰਕੇ) "ਇਹਦੇ ਬਾਪ ਨੂੰ ਵੀ ਮਰਿਆਂ ਕੋਈ ਦਸ ਵਰ੍ਹੇ ਹੋ ਗਏ ਨੇ।"

"ਏਥੇ ਤੁਸੀਂ ਇਕੱਲੇ ਓ?" ਨੌਜਵਾਨ ਨੇ ਆਪਣੇ ਆਪ ਹੀ ਕਿਹਾ।

"ਹਾਂ! ਬਿਨਾ ਮਰਦ ਦੇ, ਇਸੇ ਲਈ ਅਸੀਂ ਇਕੱਲੇ ਆਂ। ਨਹੀਂ ਤੇ ਤੀਵੀਆਂ ਲਈ ਇਕੱਲੇ ਘਰੋਂ ਪੈਰ ਕੱਢਣ ਦੇ ਦਿਨ ਨਹੀਂ ਪੁੱਤਰ! ਸਮਾਂ ਐਡਾ ਭੈੜਾ ਜਾਂਦਾ ਪਿਆ ਏ।" ਇਸ ਤਰ੍ਹਾਂ ਸਮੇਂ ਦੀ ਸ਼ਿਕਾਇਤ ਕਰ ਕੇ ਉਹ ਚੁੱਪ ਹੋ ਗਈ।

"ਨਹੀਂ! ਨਹੀਂ! ਅੱਜ ਕੱਲ੍ਹ ਇਸ ਤਰ੍ਹਾਂ ਦਾ ਕੋਈ ਡਰ ਨਹੀਂ। ਅੱਜ ਕੱਲ੍ਹ ਤੇ ਤੀਵੀਆਂ ਹਰ ਪਾਸੇ ਇਕੱਲੀਆਂ ਈ ਔਂਦੀਆਂ-ਜਾਂਦੀਆਂ ਨੇ।" ਬੁੱਢੀ ਦੀ ਗੱਲ ਉਤੇ ਉਸ ਨੇ ਕਿਹਾ।

"ਹਾਂ ਜਾਂਦੀਆਂ ਨੇ।" ਮਾਈ ਨੇ ਕਿਹਾ।

ਕੁਝ ਚਿਰ ਲਈ ਉਹ ਚੁਪ ਕਰ ਗਏ, ਜਿਵੇਂ ਉਹ ਬੁੱਢੀ ਇਸ ਗੱਲ ਨੂੰ ਹੋਰ ਵਧੇਰੇ ਲਮਕਾਣਾ ਠੀਕ ਨਹੀਂ ਸਮਝਦੀ ਸੀ, ਤੇ ਉਹ ਗੱਲ ਛੇੜਨ ਲਈ ਕੋਈ ਬਹਾਨਾ ਸੋਚਣ ਲੱਗਾ। ਭਾਵੇਂ ਉਸ ਨੂੰ ਗੱਲ ਕਰਨ ਦੀ ਲੋੜ ਨਹੀਂ ਸੀ, ਕਿਉਂਕਿ ਉਹ ਬੁੱਢੀ ਮਾਈ ਆਪ ਹੀ ਬੜੀ ਗਲਾਧੜ ਸੀ।

"ਪੁੱਤਰ! ਤੂੰ ਕਿੱਥੋਂ ਆਇਆ ਏਂ?" ਮਾਈ ਨੇ ਪੁੱਛਿਆ।

"ਮੈਂ ਮੀਆਂ ਚੰਨੂੰ ਤੋਂ ਆ ਰਿਹਾ ਹਾਂ, ਮਾਤਾ ਜੀ।" ਨੌਜਵਾਨ ਨੇ ਉਤਰ ਦਿੱਤਾ।

"ਤੂੰ ਕਿਤੇ ਨੌਕਰ ਏਂ ਕਾਕਾ?"

"ਨਹੀਂ ਜੀ, ਮੈਂ ਅਜੇ ਲਾਹੌਰ ਪੜ੍ਹਨਾ ਵਾਂ। ਪਰ ਹੁਣ ਮੈਂ ਪੱਤੋ ਕੀ ਚਲਿਆ ਵਾਂ।"

"ਕਿਹੜੀ ਜਮਾਤ 'ਚ ਪੜ੍ਹਨਾ ਏਂ?"

"ਜੀ ਮੈਂ ਐਮ. ਏ. ਵਿਚ ਪੜ੍ਹਨਾ ਵਾਂ।"

"ਤੈਨੂੰ ਲਾਹੌਰ ਪੜ੍ਹਦਿਆਂ ਕਿੰਨਾ ਚਿਰ ਹੋ ਚੱਲਿਆ ਏ?"

"ਜੀ ਇਹ ਮੇਰਾ ਛੇਵਾਂ ਵਰ੍ਹਾ ਏ?"

ਇੰਨਾ ਚਿਰ ਉਹ ਚੋਰ ਅੱਖ ਨਾਲ ਉਸ ਮੁਟਿਆਰ ਵਲ ਤਕਦਾ ਰਿਹਾ, ਇਹ ਜਾਣਨ ਲਈ ਕਿ ਇਸ ਗੱਲਬਾਤ ਦਾ ਉਸ ਉਤੇ ਕੀ ਅਸਰ ਹੁੰਦਾ ਹੈ। ਦੇਖਣ ਨੂੰ ਤਾਂ ਉਹ ਬੱਚੇ ਨੂੰ ਖਿਡਾ ਰਹੀ ਸੀ ਪਰ ਇਹ ਇਕ ਬਹਾਨਾ ਸੀ, ਉਹ ਚੰਗੀ ਤਰ੍ਹਾਂ ਸਮਝਦਾ ਸੀ। ਉਸ ਕੁੜੀ ਨੇ ਸਾਰੀਆਂ ਗੱਲਾਂ ਸੁਣੀਆਂ ਸਨ। ਉਸ ਨੂੰ ਕੁੜੀ ਦੇ ਇਸ ਵਤੀਰੇ 'ਤੇ ਰਤਾ ਕੁ ਨਿਰਾਸ਼ਾ ਹੋਈ। 'ਕਿਡੀ ਬੇਪਰਵਾਹ ਏ? ਇਕ ਹੁਸ਼ਿਆਰ ਕੁੜੀ ਜ਼ਰੂਰ ਹੀ ਮੇਰੀਆਂ ਗੱਲਾਂ ਵੱਲ ਧਿਆਨ ਦੇਂਦੀ,' ਉਸ ਨੇ ਖਿਆਲ ਕੀਤਾ।

"ਤਦ ਤੇ ਤੂੰ ਕੋਈ ਵੱਡਾ ਅਫਸਰ ਬਣੇਂਗਾ।" ਬੁੱਢੀ ਮਾਈ ਨੇ ਕੁਝ ਫੁਲਾਉਣ ਲਈ ਤੇ ਕੁਝ ਗੰਭੀਰਤਾ ਨਾਲ ਕਿਹਾ।

ਮੁੰਡਾ ਹੌਲੀ ਜਿਹਾ ਹੱਸਿਆ ਪਰ ਉਸ ਦੇ ਦਿਲ ਵਿਚ ਕੁਝ ਇਸ ਗੱਲ ਤੋਂ ਨਿਰਾਸ਼ਾ ਸੀ ਕਿ ਉਸ ਮੁਟਿਆਰ ਦਾ ਉਸ ਦੀਆਂ ਗੱਲਾਂ ਵਿਚ ਕੋਈ ਧਿਆਨ ਨਹੀਂ ਸੀ।

"ਮੇਰਾ ਜਵਾਈ ਸੌ ਰੁਪੈ ਮਹੀਨਾ ਲੈਂਦਾ ਸੀ। ਉਹ ਮਿੰਟਗੁਮਰੀ ਵਿਚ ਬਾਬੂ ਸੀ। ਤੂੰ ਤੇ ਬਹੁਤੀ ਤਨਖਾਹ ਲਵੇਂਗਾ?"

"ਮਾਤਾ ਜੀ, ਇਹ ਤੁਹਾਨੂੰ ਕਿਵੇਂ ਪਤਾ ਏ?" ਉਸ ਨੇ ਮੁਸਕਰਾਉਂਦਿਆਂ ਉਸ ਕੋਲੋਂ ਪੁੱਛਿਆ, ਜਿਵੇਂ ਕੋਈ ਸਿਆਣੇ ਜੋਤਸ਼ੀ ਕੋਲੋਂ ਪੁੱਛ ਰਿਹਾ ਹੋਵੇ।

"ਮੇਰਾ ਜਵਾਈ ਸਿਰਫ ਚਾਰ ਵਰ੍ਹੇ ਲਾਹੌਰ ਰਿਹਾ ਸੀ। ਉਹ ਬੀ. ਏ. ਪਾਸ ਸੀ। ਤੂੰ ਬਹੁਤ ਪੜ੍ਹਿਆ ਹੋਇਆ ਏਂ, ਇਸ ਲਈ ਜ਼ਰੂਰੀ ਏ ਕਿ ਤੈਨੂੰ ਕੋਈ ਚੰਗੇਰੀ ਥਾਂ ਮਿਲੇ।"

"ਇਨ੍ਹਾਂ ਦਿਨਾਂ ਵਿਚ, ਮਾਤਾ ਜੀ ਨੌਕਰੀਆਂ ਦਾ ਉਹ ਹਾਲ ਨਹੀਂ ਜੋ ਕੁਝ ਚਿਰ ਪਹਿਲਾਂ ਸੀ।" ਉਸ ਨੇ ਮੁਟਿਆਰ ਵਲ ਵੇਖਦਿਆਂ ਕਿਹਾ। ਉਹ ਪ੍ਰਤੀਤ ਕਰਨ ਲੱਗਾ ਕਿ ਜਿਸ ਸੁੰਦਰੀ ਦਾ ਦਿਲ ਉਹ ਜਿੱਤਣਾ ਚਾਹੁੰਦਾ ਸੀ, ਉਸ ਦੇ ਸਾਹਮਣੇ ਉਹ ਆਪਣੀ ਗਰੀਬੀ ਦੀ ਹਾਲਤ ਨੂੰ ਮੰਨ ਰਿਹਾ ਸੀ।

ਇਸ ਵਾਰੀ ਉਹ ਮੁਟਿਆਰ ਉਸ ਨੌਜਵਾਨ ਵੱਲ ਦੇਖਣ ਲੱਗੀ, ਪਰ ਜਿਸ ਵੇਲੇ ਅੱਖਾਂ ਚਾਰ ਹੋਈਆਂ, ਉਸ ਨੇ ਝੱਟ ਅੱਖ ਝਮਕੀ ਅਤੇ ਸ਼ਰਮ ਨਾਲ ਨੀਵੀਂ ਪਾ ਲਈ।

'ਕੀ ਇਹ ਕੋਈ ਅਜਿਹੀ ਰੁਚੀ ਨਹੀਂ ਰੱਖਦੀ ਜਾਂ ਸ਼ਰਮਾਉਂਦੀ ਹੈ?' ਉਸ ਨੇ ਆਪਣੇ ਆਪ ਨੂੰ ਪੁੱਛਿਆ। ਉਸ ਨੇ ਬਾਲ ਵੱਲ ਦੇਖ ਕੇ ਸੀਟੀ ਮਾਰੀ ਤੇ ਉਸ ਨੂੰ ਚੁੱਕਣ ਲਈ ਬਾਹਾਂ ਪਸਾਰੀਆਂ। ਫਿਰ ਉਹ ਉਸ ਕੁੜੀ ਦੇ ਮੂੰਹ ਵੱਲ ਤੱਕਣ ਲੱਗਾ। ਉਸ ਕੁੜੀ ਦੇ ਚਿਹਰੇ ਉਤੇ ਸ਼ਰਮ ਦੀ ਲਾਲੀ ਜਿਹੀ ਆ ਗਈ। ਉਹ ਬਾਲ ਵੱਲ ਤੱਕ ਕੇ ਸੀਟੀ ਮਾਰਨ ਲੱਗਾ ਤੇ ਬਾਲ ਉਸ ਵੱਲ ਕੁੱਦਿਆ। ਜਿਸ ਵੇਲੇ ਉਹ ਉਸ ਨੂੰ ਬਾਲ ਫੜਾਉਣ ਲੱਗੀ, ਉਨ੍ਹਾਂ ਦੇ ਹੱਥ ਇਕ ਦੂਜੇ ਨਾਲ ਛੋਹ ਗਏ। ਉਹ ਬਾਲ ਨੂੰ ਖਿਡਾ ਰਿਹਾ ਸੀ ਪਰ ਆਪਣਾ ਧਿਆਨ ਉਸ ਮੁਟਿਆਰ ਵੱਲੋਂ ਮੋੜ ਨਹੀਂ ਸਕਦਾ ਸੀ। ਕੁੜੀ ਦੀ ਚੁੰਨੀ ਥੱਲੇ ਖਿਸਕ ਗਈ। ਉਹ ਉਸ ਵੱਲ ਦੇਖਦਾ ਰਿਹਾ। ਪਰ ਕੁੜੀ ਹੀਆ ਨਾ ਕਰ ਸਕੀ ਕਿ ਉਸ ਵੱਲ ਅੱਖ ਭਰ ਕੇ ਤੱਕੇ।

ਗੱਡੀ ਹੌਲੀ ਹੋਈ ਤੇ ਇੱਕ ਸਟੇਸ਼ਨ 'ਤੇ ਜਾ ਰੁਕੀ। ਉਸ ਲਈ ਅਜੇ ਇੱਕ ਘੰਟੇ ਦਾ ਸਫਰ ਬਾਕੀ ਸੀ। ਉਹ ਚਾਹੁੰਦਾ ਸੀ ਕਿ ਮੈਂ ਕਿਸੇ ਤਰ੍ਹਾਂ ਉਸ ਕੁੜੀ ਕੋਲ ਜਾ ਬੈਠਾਂ। ਗੱਡੀ ਖੜ੍ਹੀ ਹੋਣ ਨਾਲ ਉਸ ਨੂੰ ਮੌਕਾ ਮਿਲ ਗਿਆ। ਬਾਲ ਨੂੰ ਉਸ ਦੀ ਮਾਂ ਕੋਲ ਦੇ ਕੇ ਉਹ ਪਲੈਟਫਾਰਮ ਉਤੇ ਉਤਰ ਗਿਆ।

ਬੁੱਢੀ ਮਾਈ, ਜੋ ਕੁਝ ਥਕੇਵਾਂ ਪ੍ਰਤੀਤ ਕਰ ਰਹੀ ਸੀ, ਆਪਣੇ ਨਾਲ ਦੀ ਥਾਂ ਵਿਹਲੀ ਦੇਖ ਕੇ ਲੰਮੀ ਪੈ ਗਈ। ਜਦੋਂ ਗੱਡੀ ਤੁਰ ਪਈ, ਉਹ ਫਿਰ ਉਸ ਡੱਬੇ ਵਿਚ ਆ ਗਿਆ ਤੇ ਆਪਣੀ ਥਾਂ ਉਤੇ ਮਾਈ ਨੂੰ ਲੇਟੀ ਦੇਖ ਦੇ ਉਸ ਕੁੜੀ ਕੋਲ ਜਾ ਬੈਠਾ।

ਪਹਿਲਾਂ ਤਾਂ ਉਹ ਕੁੜੀ ਝਿਜਕੀ ਪਰ ਫਿਰ ਉਸ ਨੇ ਕੋਈ ਪਰਵਾਹ ਨਾ ਕੀਤੀ। ਉਸ ਡੱਬੇ ਵਿਚ ਬਹੁਤੀ ਭੀੜ ਨਹੀਂ ਸੀ ਤੇ ਖਾਸ ਕਰਕੇ ਉਨ੍ਹਾਂ ਦੇ ਕੋਲ ਹੋਰ ਕੋਈ ਨਹੀਂ ਸੀ। ਦੂਜੀ ਅੱਧਖੜ ਤੀਵੀਂ ਵੀ ਲੇਟੀ ਹੋਈ ਸੀ। ਉਹ ਚਾਹੁੰਦੀ ਸੀ ਕਿ ਬੱਚੇ ਨੂੰ ਚੁੱਕ ਕੇ ਖਿਡਾਵੇ, ਪਰ ਬੱਚੇ ਨੂੰ ਨੀਂਦ ਆਈ ਹੋਈ ਸੀ, ਉਸ ਕੁੜੀ ਨੇ ਸ਼ਾਲ ਦੀ ਬੁੱਕਲ ਮਾਰੀ ਤੇ ਬਾਲ ਨੂੰ ਸੰਵਾਣ ਲਈ ਉਸ ਨੂੰ ਦੁੱਧ ਦੇਣ ਲਗ ਪਈ।

ਮੁੰਡੇ ਨੇ ਹੌਸਲਾ ਕਰ ਕੇ ਹਥ ਫੜ੍ਹ ਲਿਆ। ਪਹਿਲਾਂ ਤਾਂ ਉਹ ਬਹੁਤ ਡਰੀ, ਪਰ ਫਿਰ ਜਾਣੋ ਕੁਝ ਹੌਸਲਾ ਕਰ ਲਿਆ ਤੇ ਹੱਥ ਛੁਡਾਉਣ ਦੀ ਕੋਈ ਕੋਸ਼ਿਸ਼ ਨਾ ਕੀਤੀ। ਸੱਚ ਤਾਂ ਇਹ ਹੈ ਕਿ ਉਹ ਸੁੰਦਰੀ ਉਸ ਵੇਲੇ ਸਭ ਕੁਝ ਭੁੱਲ ਚੁਕੀ ਸੀ, ਜਿਸ ਵੇਲੇ ਉਸ ਦਾ ਬਾਲ ਉਸ ਦੀ ਗੋਦੀ ਵਿਚ ਪਿਆ ਦੁੱਧ ਚੁੰਘ ਰਿਹਾ ਸੀ ਤੇ ਉਸ ਦਾ ਪ੍ਰੇਮੀ ਹੱਥ ਫੜ੍ਹੀ ਬੈਠਾ ਸੀ।

ਨੌਜਵਾਨ ਦੇ ਉਤਰਨ ਦੀ ਥਾਂ ਨੇੜੇ ਆ ਰਹੀ ਸੀ, ਪਰ ਦੋਹਾਂ ਦੇ ਮੂੰਹ ਤੋਂ ਕੋਈ ਗੱਲ ਨਹੀਂ ਨਿਕਲਦੀ ਸੀ। ਉਹ ਚੁੱਪ ਚਾਪ ਇਸ ਓਪਰੀ ਜਿਹੀ ਛੋਹ ਦਾ ਅਨੰਦ ਮਾਣ ਰਹੇ ਸਨ ਕਿ ਓੜਕ ਉਨ੍ਹਾਂ ਦੇ ਵਿਛੜਨ ਦਾ ਸਮਾਂ ਆ ਗਿਆ। ਗੱਡੀ ਪੱਤੋ ਕੀ ਦੇ ਸਟੇਸ਼ਨ 'ਤੇ ਰੁਕੀ। ਉਹ ਆਪਣੀ ਥਾਂ ਤੋਂ ਉਠਿਆ ਤੇ ਬੜੀ ਨਿਰਾਸ਼ਾ ਤੇ ਤਰਸ ਭਰੀ ਨਜ਼ਰ ਨਾਲ ਉਸ ਮੁਟਿਆਰ ਵਲ ਦੇਖਦਾ ਡੱਬੇ ਤੋਂ ਬਾਹਰ ਚਲਾ ਗਿਆ।

ਉਹ ਮੁਟਿਆਰ ਹੁਣ ਆਪਣੇ ਆਪ ਨੂੰ ਬੇਆਸਰਾ ਤੇ ਇਕੱਲੀ ਜਿਹੀ ਪ੍ਰਤੀਤ ਕਰਨ ਲੱਗੀ। ਉਹ ਜੋ ਕੁਝ ਚਿਰ ਪਹਿਲਾਂ ਇੱਕ ਤਰ੍ਹਾਂ ਨਾਲ ਸੁਹਾਗ ਦਾ ਮਿੱਠਾ ਜਿਹਾ ਮਾਸੂਮ ਅਨੰਦ ਮਾਣ ਰਹੀ ਸੀ, ਆਪਣੇ ਆਪ ਨੂੰ ਮੁੜ ਵਿਧਵਾ ਪ੍ਰਤੀਤ ਕਰਨ ਲੱਗੀ।

**ਮਿਨੀ ਕਹਾਣੀ**

# ਸੂਰਜ ਨੂੰ ਅੱਗ

"ਮਾਤਾ ਜੀ ਸੂਰਜ ਨਿਕਲ ਆਇਆ, ਉਠ ਪਏ?" ਸਿਮਰਨ 'ਚ ਲੀਨ ਹੋਇਆ ਇਹ ਨੌਜਵਾਨ ਇਸ ਬਸਤੀ ਦੇ ਹਰ ਉਸ ਦਰਵਾਜੇ 'ਤੇ ਪਹੁੰਚ ਰਿਹਾ ਸੀ, ਜਿੱਥੇ ਬੇਸਹਾਰਾ ਬਜ਼ੁਰਗ, ਜਿਨ੍ਹਾਂ ਨੂੰ ਆਪਣਿਆਂ ਨੇ ਤਿਆਗ ਦਿੱਤਾ ਸੀ ਜਾਂ ਜਿਨ੍ਹਾਂ ਦਾ ਕੋਈ ਨਹੀਂ ਸੀ, ਜਮਨਾ ਦੇ ਨਾਲ-ਨਾਲ ਝੁੱਗੀਆਂ 'ਚ ਦਿਨ ਕਟੀ ਕਰ ਰਹੇ ਸਨ। ਨੌਜਵਾਨ ਦੀ ਉਮਰ ਕੋਈ ਪੱਚੀ-ਛੱਬੀ ਸਾਲ, ਰੰਗ ਗੋਰਾ, ਹਲਕੀ ਦਾੜ੍ਹੀ, ਸਿਰ 'ਤੇ ਪੀਲਾ ਪਰਨਾ, ਹੰਸੂ-ਹੰਸੂ ਕਰਦਾ ਚਿਹਰਾ, ਸਦਾ ਗੁਰਬਾਣੀ ਵਿਚ ਲੀਨ, ਹਰ ਦਰਵਾਜੇ 'ਤੇ ਸਤਿਕਾਰ ਨਾਲ ਆਵਾਜ਼ ਦਿੰਦਾ। ਇਹ ਨੌਜਵਾਨ ਸਵੇਰੇ-ਸ਼ਾਮ ਗੱਡੀ 'ਚ ਲੰਗਰ ਅਤੇ ਹੋਰ ਸਮਾਨ ਰੱਖ ਇੱਥੇ ਵੰਡ ਕੇ ਜਾਂਦਾ।

"ਹਾਂ ਬਿਟਵਾ ਜਾਗਤ ਹੈਂ, ਆ ਜਾਓ। ਹਮੇਂ ਊਪਰ ਵਾਲੇ ਸੂਰਜ ਸੇ ਨਹੀਂ, ਆਪ ਕੇ ਆਨੇ ਸੇ ਰੌਸ਼ਨੀ ਹੋਵਤ ਹੈ। ਹਮਾਰਾ ਸੂਰਜ ਤੋ ਆਪ ਹੈਂ।" ਬਜ਼ੁਰਗ ਮਾਤਾ ਨੇ ਪਿਆਰ ਨਾਲ ਨੌਜਵਾਨ ਦਾ ਮੋਢਾ ਪਲੋਸਿਆ ਅਤੇ ਆਸ਼ੀਰਵਾਦ ਦਿੱਤਾ। ਨੌਜਵਾਨ ਲੋੜ ਦਾ ਸਮਾਨ ਰੱਖ ਅਗਲੇ ਬੂਹੇ ਵੱਲ ਵੱਧ ਗਿਆ। ਉਸ ਦਾ ਇਹ ਨਿੱਤ ਨੇਮ ਸੀ।

ਸਾਡੀ ਮੁਲਾਕਾਤ ਵੀ ਉਸ ਨਾਲ ਅਚਾਨਕ ਉਦੋਂ ਹੋਈ ਜਦੋਂ ਦਿੱਲੀ ਵਿਚ ਸਿੱਖ ਦੰਗੇ ਜੋਰਾਂ 'ਤੇ ਸਨ। ਮੇਰੀ ਉਮਰ ਉਦੋਂ 15 ਕੁ ਸਾਲ ਸੀ। ਚਾਚਾ ਬਲਦੇਵ ਸਿੰਘ ਟਰੱਕ ਲੈ ਕੇ ਦਿੱਲੀ ਜਾ ਰਿਹਾ ਸੀ, ਦਿੱਲੀ ਵੇਖਣ ਦੇ ਚਾਅ 'ਚ ਮੈਂ ਵੀ ਟਰੱਕ 'ਚ ਚੜ੍ਹ ਬੈਠਾ। ਰੰਗ ਦਾ ਸਮਾਨ ਭਰ ਜਦੋਂ ਵਾਪਿਸ ਤੁਰਨ ਲੱਗੇ ਤਾਂ ਭਿਆਨਕ ਦੰਗੇ ਸ਼ੁਰੂ ਹੋ ਗਏ। ਸਾਨੂੰ ਸੜਕ 'ਤੇ ਖੜ੍ਹਿਆਂ ਦੇਖ ਉਸ ਨੇ ਇਕਦਮ ਛੁਪਣ ਲਈ ਕਿਹਾ, ਪਰ ਅਸੀਂ ਕਿੱਧਰ ਜਾਂਦੇ? ਅਖੀਰ ਉਸ ਨੇ ਸਾਨੂੰ ਇਸ ਬਸਤੀ ਦੀਆਂ ਝੁੱਗੀਆਂ 'ਚ ਲਿਆ ਛੁਪਾਇਆ। ਅਸੀਂ ਇੱਕ ਦਿਨ ਰਾਤ ਉਥੇ ਲੁਕੇ ਰਹੇ। ਬਜ਼ੁਰਗਾਂ ਦੇ ਨਾਲ ਉਹ ਸਾਨੂੰ ਵੀ ਲੰਗਰ ਦੇ ਜਾਂਦਾ।

"ਖਾਲਸਾ ਜੀ ਤੁਹਾਡਾ ਨਾਂ?" ਚਾਚੇ ਨੇ ਬੈਠਿਆਂ ਬੈਠਿਆਂ ਪੁੱਛ ਲਿਆ।

"ਵੀਰ ਜੀ, ਨਾਲੇ ਨਾਂ ਲੈ ਰਹੇ ਹੋ, ਨਾਲੇ ਪੁਛਦੇ ਹੋ!" ਕਹਿ ਕੇ ਉਹ ਹੱਸ ਪਿਆ, "ਹਾਂ ਮੈਂ ਅਨੰਦਪੁਰ ਵਾਲੇ ਪਿਤਾ ਦਾ ਖਾਲਸਾ ਪੁੱਤ ਹਾਂ।"

ਇਸੇ ਸਮੇਂ ਭੀੜ ਦੇ ਇਸ ਪਾਸੇ ਆਉਣ ਦੀ ਭਿਣਕ ਪਈ। ਅਸਲ 'ਚ ਇਸ ਬਸਤੀ ਅਤੇ ਆਲੇ-ਦੁਆਲੇ ਦੇ ਕੁਝ ਲੋਕ ਸਿੱਖਾਂ ਦੇ ਘਰ, ਦੁਕਾਨਾਂ ਲੁੱਟ ਰਹੇ ਸਨ ਅਤੇ ਮਿਲਦੇ ਹਰ ਸਿੱਖ ਨੂੰ ਜਿਉਂਦੇ ਸਾੜ, ਮਾਰ ਰਹੇ ਸਨ। ਧੀਆਂ ਭੈਣਾਂ ਦੀ ਇੱਜਤ ਸੜਕਾਂ 'ਤੇ ਸ਼ੁੱਰੇਆਮ ਰੋਲੀ ਜਾ ਰਹੀ ਸੀ। ਅਸੀਂ ਬਸਤੀ ਛੱਡ ਭਰੇ ਹੋਏ ਟਰੱਕ 'ਚ ਜਾ ਲੁਕੇ। ਥੋੜ੍ਹੀ ਹੀ ਦੇਰ 'ਚ ਭੀੜ ਸਾਡੇ ਸਿਰ 'ਤੇ ਆਣ ਪੁੱਜੀ। ਸਭ ਦੇ ਹੱਥ ਵਿਚ ਨੰਗੀਆਂ ਤਲਵਾਰਾਂ, ਲੋਹੇ ਦੇ ਰਾਡ ਆਦਿ ਸਨ। ਉਨ੍ਹਾਂ ਨੇ ਟਰੱਕ ਨੂੰ ਅੱਗ ਲਾਉਣੀ ਚਾਹੀ ਪਰ ਉਸ ਨੌਜਵਾਨ ਨੇ ਅੱਗੇ ਆ ਰੌਲਾ ਪਾਇਆ ਕਿ ਟਰੱਕ ਨੂੰ ਅੱਗ ਨਾ ਲਾਓ, ਕੈਮੀਕਲ ਭਰਿਆ, ਆਸਾ-ਪਾਸਾ ਸਭ ਸੜ ਜਾਊ, ਸਭ ਮਾਰੇ ਜਾਓਗੇ। ਭੀੜ ਟਰੱਕ ਤੋਂ ਪਾਸੇ ਹੋ ਗਈ ਅਤੇ ਉਸ ਨੌਜਵਾਨ ਨੂੰ ਘੇਰੇ 'ਚ ਲੈ ਲਿਆ। ਉਹ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਸ਼ੈਤਾਨ ਕਦੋਂ ਕਿਸੇ ਦੀ ਸੁਣਦਾ?

ਇਸੇ ਦੌਰਾਨ ਕਿਸੇ ਨੇ ਪਿੱਛੋਂ ਦੀ ਰਾਡ ਉਸ ਦੇ ਸਿਰ 'ਚ ਮਾਰਿਆ, ਲਹੂ ਦਾ ਫੁਹਾਰਾ ਫੁੱਟਿਆ ਤੇ ਉਹ ਧਰਤੀ 'ਤੇ ਡਿੱਗ ਪਿਆ। ਨਾਲ ਦੀ ਨਾਲ ਦੂਸਰੇ ਨੇ ਤੇਲ ਛਿੜਕ ਤੀਲੀ ਸੁੱਟ ਦਿੱਤੀ। ਅੱਗ ਦੀਆਂ ਲਪਟਾਂ ਇੱਕਦਮ ਉਠੀਆਂ। ਬਜ਼ੁਰਗ ਮਾਤਾ ਝੌਂਪੜੀ 'ਚੋਂ ਬਚਾਉਣ ਲਈ ਦੌੜੀ ਅਤੇ ਭੀੜ ਨੂੰ ਚਿਲਾਉਣ ਲੱਗੀ, "ਇਸੇ ਨਾ ਮਾਰੋ, ਯਹ ਹਮਾਰ ਬਿਟਵਾ ਹੈ...ਹਮਾਰ ਸੂਰਜ, ਹਮਾਰ ਸੂਰਜ ਕੋ ਆਗ...।"

ਕਿਸੇ ਨੇ ਉਸ ਨੂੰ ਧੱਕਾ ਮਾਰਿਆ ਤੇ ਉਹ ਧਰਤੀ 'ਤੇ ਡਿੱਗ ਪਈ, ਆਵਾਜ਼ ਉਸ ਦੇ ਸੰਘ 'ਚ ਰਹਿ ਗਈ। ਭੀੜ ਉਸ ਨੂੰ ਲਤਾੜਦੀ ਹੋਈ ਨਾਅਰੇ ਲਾਉਂਦੀ ਅੱਗੇ ਵੱਧ ਗਈ। ਰਹਿ ਗਈ ਸੀ ਉਸ ਮਾਤਾ ਦੀ ਪੈਰਾਂ ਵਿਚ ਰੁਲਦੀ ਲਾਸ਼ ਅਤੇ ਉਸ ਨੌਜਵਾਨ ਦਾ ਅੱਧ-ਸੜਿਆ ਸਰੀਰ ਤੇ ਹੱਡੀਆਂ ਦਾ ਪਿੰਜਰ।

*-ਗੁਰਮੀਤ ਸਿੰਘ ਮਰਾੜ੍ਹ*
*ਫੋਨ: 91-95014-0039*

# ਕਿਆਮਤ

## ਲੜੀਵਾਰ ਨਾਵਲ

***ਇਸਲਾਮਕ ਸਟੇਟ ਆਫ ਇਰਾਕ ਐਂਡ ਸੀਰੀਆ (ਆਈ. ਐਸ. ਆਈ. ਐਸ.) ਦੇ ਦਹਿਸ਼ਤਗਰਦਾਂ ਨੇ ਪਿਛਲੇ ਕੁਝ ਸਮੇਂ ਵਿਚ ਜੋ ਦਹਿਸ਼ਤਗਰਦੀ ਫੈਲਾਈ ਹੈ, ਉਸ ਨੂੰ ਜੱਗ ਜਹਾਨ ਜਾਣਦਾ ਹੈ। ਇਰਾਕ ਅਤੇ ਸੀਰੀਆ ਦੇ ਇੰਤਹਾਪਸੰਦ ਮੁਸਲਮਾਨਾਂ ਦੀ ਇਸ ਜਥੇਬੰਦੀ ਦੇ ਜ਼ੁਲਮਾਂ ਕਰਕੇ ਇਰਾਕ ਅਤੇ ਸੀਰੀਆ ਤੋਂ ਬਹੁਤ ਵੱਡੀ ਗਿਣਤੀ ਵਿਚ ਲੋਕਾਂ ਨੂੰ ਹੋਰਨਾਂ ਮੁਲਕਾਂ ਵਿਚ ਜਾ ਕੇ ਸ਼ਰਨ ਲੈਣੀ ਪਈ। ਇਰਾਕ ਵਿਚ ਇਕ ਛੋਟਾ ਜਿਹਾ ਅਕੀਦਾ ਜਾਂ ਕਬੀਲਾ ਜਾਜ਼ੀਦੀ ਹੈ, ਜਿਸ ਦੇ ਪੈਰੋਕਾਰ ਆਪਣੇ ਅਕੀਦੇ ਦੇ ਬਹੁਤ ਪੱਕੇ ਹਨ। ਸਦੀਆਂ ਤੋਂ ਉਹ ਹੋਰਨਾਂ ਅਕੀਦਿਆਂ ਦੇ ਲੋਕਾਂ, ਖਾਸ ਕਰ ਸੁੰਨੀ ਮੁਸਲਮਾਨਾਂ ਦਾ ਜ਼ੁਲਮ ਸਹਿੰਦੇ ਆ ਰਹੇ ਹਨ ਕਿਉਂਕਿ ਉਹ ਆਪਣੇ ਅਕੀਦੇ ਦੇ ਬਹੁਤ ਪੱਕੇ ਹਨ ਅਤੇ ਮਜਹਬ ਬਦਲਣ ਦੀ ਥਾਂ ਮੌਤ ਕਬੂਲ ਕਰਨ ਨੂੰ ਪਹਿਲ ਦਿੰਦੇ ਹਨ। ਸੱਦਾਮ ਹੁਸੈਨ ਦੇ ਜ਼ਮਾਨੇ ਵਿਚ ਉਨ੍ਹਾਂ 'ਤੇ ਬਹੁਤ ਕਹਿਰ ਵਾਪਰਿਆ, ਪਰ ਆਈ. ਐਸ. ਆਈ. ਐਸ. ਦੇ ਉਭਾਰ ਪਿਛੋਂ ਤਾਂ ਉਨ੍ਹਾਂ ਉਤੇ ਕਹਿਰ ਦੀ ਹੱਦ ਹੀ ਹੋ ਗਈ ਜਿਸ ਨੂੰ ਪੜ੍ਹ-ਸੁਣ ਕੇ ਕਾਲਜਾ ਮੂੰਹ ਨੂੰ ਆਉਂਦਾ ਹੈ। ਇਸ ਨਾਵਲ ਦੀ ਮੁੱਖ ਪਾਤਰ ਨੇ ਆਈ. ਐਸ. ਆਈ. ਐਸ. ਦੇ ਦਹਿਸ਼ਤਗਰਦਾਂ ਦੇ ਜ਼ੁਲਮਾਂ ਦੀ ਜੋ ਗਾਥਾ ਸੁਣਾਈ ਹੈ, ਉਹ ਸੁਣ ਕੇ ਤਾਂ ਬੰਦੇ ਦੇ ਮੂੰਹੋਂ ਸਹਿਜੇ ਹੀ ਨਿਕਲ ਜਾਂਦਾ ਹੈ, ਇਹ ਤਾਂ ਕਿਆਮਤ ਹੈ, ਕਿਆਮਤ! ਲੇਖਕ ਹਰਮੋਹਿੰਦਰ ਚਾਹਲ ਨੇ ਜ਼ੁਲਮਾਂ ਦੀ ਇਹ ਗਾਥਾ ਮੁੱਖ ਪਾਤਰ ਆਸਮਾ ਦੇ ਜ਼ੁਬਾਨੀ ਬੜੇ ਮਾਰਮਿਕ ਢੰਗ ਨਾਲ ਬਿਆਨੀ ਹੈ। ਪੰਜਾਬ ਟਾਈਮਜ਼ ਵਿਚ ਕੁਝ ਅਰਸਾ ਪਹਿਲਾਂ ਚਾਹਲ ਦੀ ਛਪੀ ਲਿਖਤ 'ਆਫੀਆ ਸਿੱਦੀਕੀ ਦਾ ਜੱਹਾਦ' ਅੱਜ ਵੀ ਪਾਠਕਾਂ ਦੇ ਚੇਤਿਆਂ ਵਿਚ ਉਕਰੀ ਹੋਈ ਹੈ। -ਸੰਪਾਦਕ***



**ਹਰਮਹਿੰਦਰ ਚਹਿਲ**
**ਫੋਨ: 703-362-3239**
**chahals57@yahoo.com**

ਜਿਉਂ ਹੀ ਕਾਰ ਘਰੋਂ ਬਾਹਰ ਨਿਕਲੀ, ਮੇਰਾ ਕਾਲਜਾ ਹੇਠਾਂ ਨੂੰ ਬਹਿ ਗਿਆ। ਇਹ ਨਹੀਂ ਕਿ ਪਹਿਲਾਂ ਮੈਂ ਕੋਈ ਚੰਗੀ ਜ਼ਿੰਦਗੀ ਜਿਉਂ ਰਹੀ ਸਾਂ ਤੇ ਹੁਣ ਇਥੋਂ ਜਾਣ ਦਾ ਅਫਸੋਸ ਸੀ, ਸਗੋਂ ਇਸ ਲਈ ਕਿ ਮੈਨੂੰ ਥੋੜ੍ਹੀ ਦੇਰ ਪਹਿਲਾਂ ਹੀ ਪਤਾ ਲੱਗਾ, ਬਈ ਮੈਨੂੰ ਸੀਰੀਆ ਭੇਜਿਆ ਜਾ ਰਿਹਾ ਹੈ। ਭਾਵੇਂ ਪਹਿਲਾਂ ਹੀ ਬੜਾ ਨਰਕ ਭੋਗ ਰਹੀ ਸਾਂ ਪਰ ਇਕ ਉਮੀਦ ਸੀ ਕਿ ਸ਼ਾਇਦ ਮੈਂ ਇਨ੍ਹਾਂ ਲੋਕਾਂ ਦੇ ਚੁੰਗਲ 'ਚੋਂ ਬਚ ਨਿਕਲਾਂ। ਮੈਂ ਪਹਿਲਾਂ ਕੋਸ਼ਿਸ਼ਾਂ ਕਰ ਚੁਕੀ ਸਾਂ ਪਰ ਕਾਮਯਾਬ ਨਾ ਹੋਈ। ਉਂਜ ਭੱਜਣ ਦੀ ਕੋਸ਼ਿਸ਼ ਕਰਕੇ ਜੋ ਸਜ਼ਾ ਮੈਨੂੰ ਮਿਲੀ, ਉਸ ਨੂੰ ਯਾਦ ਕਰਕੇ ਹੀ ਕੰਬਣੀ ਛਿੜਦੀ ਹੈ। ਹੋਰ ਕੋਈ ਰਾਹ ਵੀ ਤਾਂ ਨਹੀਂ ਸੀ ਦਿੱਸਦਾ, ਇਸ ਨਰਕ 'ਚੋਂ ਬਚਣ ਦਾ। ਬਸ ਇਹੋ ਇਕ ਰਾਹ ਸੀ।

ਵੈਸੇ ਅਜੇ ਤਾਂ ਇਹ ਵੀ ਨਹੀਂ ਸੀ ਪਤਾ ਕਿ ਭੱਜ ਕੇ ਜਾਵਾਂਗੀ ਕਿੱਥੇ? ਇੰਨੇ ਵੱਡੇ ਸ਼ਹਿਰ ਮੋਸਲ ਵਿਚ ਮੈਂ ਤਾਂ ਕਿਸੇ ਨੂੰ ਜਾਣਦੀ ਵੀ ਨਹੀਂ ਸਾਂ। ਨਾ ਹੀ ਇਹ ਪਤਾ ਸੀ ਕਿ ਇੱਥੋਂ ਮੇਰਾ ਘਰ ਕਿੰਨੀ ਦੂਰ ਹੈ? ਘਰ..? ਘਰ ਤਾਂ ਬਹੁਤ ਦੂਰ ਰਹਿ ਗਿਆ ਸੀ। ਮੇਰਾ ਘਰ, ਮੇਰਾ ਪਿੰਡ 'ਲਗਾਸ਼'। ਇਰਾਕ ਦੇ ਧੁਰ ਉਤਰ ਵਿਚ ਪੈਂਦਾ ਲਗਾਸ਼, ਜਿੱਥੇ ਮੈਂ ਜੰਮੀ ਪਲੀ, ਜਵਾਨ ਹੋਈ, ਜਿੱਥੋਂ ਦੀ ਮਿੱਟੀ ਦੀ ਖੁਸ਼ਬੂ ਮੇਰੇ ਹਰ ਸਾਹ ਵਿਚ ਵਸੀ ਹੋਈ ਹੈ। ਅਸੀਂ ਤੇ ਸਾਰਾ ਪਿੰਡ ਮੌਜਾਂ ਮਾਣਦੇ ਸੀ, ਪਰ ਜਿਉਂ ਹੀ ਆਈ. ਐਸ. ਆਈ. ਐਸ. ਨੇ ਪਿੰਡ 'ਤੇ ਕਬਜ਼ਾ ਕੀਤਾ, ਸਾਰਾ ਪਿੰਡ ਉਨ੍ਹਾਂ ਨੂੰ ਦੁਸ਼ਮਣ ਲੱਗਣ ਲੱਗਾ। ਆਈ. ਐਸ. ਆਈ. ਐਸ. ਯਾਨਿ ਇਸਲਾਮਕ ਸਟੇਟ ਆਫ ਇਰਾਕ ਐਂਡ ਸੀਰੀਆ। ਇਸ ਨੂੰ ਪੇਂਡੂ ਲੋਕ ਸਿਰਫ ਇਸਲਾਮਕ ਸਟੇਟ ਵਾਲੇ ਹੀ ਕਹਿੰਦੇ ਸਨ।

ਸਾਡਾ ਸਾਰਾ ਪਿੰਡ ਜਾਜ਼ੀਦੀ ਧਰਮ ਨਾਲ ਸਬੰਧਤ ਸੀ ਤੇ ਇਸਲਾਮਕ ਸਟੇਟ ਵਾਲੇ ਜਾਜ਼ੀਦੀ ਲੋਕਾਂ ਨੂੰ ਕਾਫਰ ਕਹਿੰਦੇ ਸਨ। ਸਾਨੂੰ ਤਾਂ ਪਹਿਲਾਂ ਇਸਲਾਮਕ ਸਟੇਟ ਵਾਲਿਆਂ ਬਾਰੇ ਵੀ ਬਹੁਤਾ ਪਤਾ ਨਹੀਂ ਸੀ। ਦੂਰ ਦੁਰਾਡੇ ਦੇ ਪਿੰਡਾਂ ਵਿਚ ਵਸਦੇ ਲੋਕਾਂ ਨੂੰ ਕੀ ਪਤਾ ਸੀ ਕਿ ਰਾਜਨੀਤੀ ਵਿਚ ਕੀ ਹੋ ਰਿਹਾ ਹੈ? ਅਸੀਂ ਤਾਂ ਖੇਤੀਬਾੜੀ ਕਰਦੇ ਰੱਬ ਦੀ ਰਜ਼ਾ ਵਿਚ ਰਹਿਣ ਵਾਲੇ ਭੋਲੇ-ਭਾਲੇ ਪੇਂਡੂ ਲੋਕ ਸਾਂ। ਪਰ ਜਦੋਂ ਇਸਲਾਮਕ ਸਟੇਟ ਮਜ਼ਬੂਤ ਹੁੰਦੀ ਗਈ ਤਾਂ ਲਗਾਸ਼ ਵਰਗੇ ਦੂਰ ਦੁਰਾਡੇ ਦੇ ਪਿੰਡਾਂ 'ਚ ਵੀ ਭੈਅ ਫੈਲ ਗਿਆ। ਜਦੋਂ ਇਸਲਾਮਕ ਸਟੇਟ ਵਾਲੇ ਸਾਡੇ ਨੇੜਲੇ ਸ਼ਹਿਰ ਸਿੰਜਾਰ ਆ ਪਹੁੰਚੇ ਅਤੇ ਉਥੇ ਉਨ੍ਹਾਂ ਜਾਜ਼ੀਦੀ ਲੋਕਾਂ ਦਾ ਵੱਡੇ ਪੱਧਰ 'ਤੇ ਕਤਲੇਆਮ ਕੀਤਾ ਤਾਂ ਸਾਡਾ ਪਿੰਡ ਆਪਣੀ ਹੋਣੀ ਚਿਤਵਦਾ ਭੈਅ ਦੇ ਸਾਏ ਹੇਠ ਰਹਿਣ ਲੱਗਾ।

ਫਿਰ ਇਕ ਦਿਨ ਉਹ ਸਾਡੇ ਤੱਕ ਵੀ ਪਹੁੰਚ ਗਏ। ਉਹ ਦਿਨ ਕਦੇ ਨਹੀਂ ਭੁੱਲਦਾ ਜਦੋਂ ਉਨ੍ਹਾਂ ਨੇ ਪਿੰਡ ਦੇ ਸਾਰੇ ਲੋਕਾਂ ਨੂੰ ਬਾਹਰ ਕੱਢ ਲਿਆਂਦਾ। ਸਕੂਲ ਵਿਚ ਲਿਜਾ ਕੇ ਔਰਤਾਂ ਨੂੰ ਬੰਦਿਆਂ ਤੋਂ ਵੱਖ ਕਰ ਲਿਆ। ਥੋੜ੍ਹੀ ਦੇਰ ਪਿੱਛੋਂ ਹੀ ਬੰਦਿਆਂ ਨੂੰ ਟਰੱਕਾਂ ਵਿਚ ਚੜ੍ਹਾ ਕੇ ਪਿੰਡੋਂ ਚੜ੍ਹਦੇ ਵੱਲ ਲੈ ਗਏ। ਪਿੱਛੋਂ ਔਰਤਾਂ ਨੂੰ ਵੀ ਟਰੱਕਾਂ 'ਚ ਲੱਦ ਕੇ ਲੈ ਤੁਰੇ। ਸਾਡਾ ਸਾਰਾ ਪਰਿਵਾਰ ਖਿੱਲਰ ਗਿਆ। ਖਬਰੇ ਕੌਣ ਉਨ੍ਹਾਂ ਦੇ ਜ਼ੁਲਮ ਦੀ ਭੇਟ ਚੜ੍ਹ ਗਿਆ ਤੇ ਕੌਣ ਬਚਿਆ? ਪਹਿਲਾਂ ਅਸੀਂ ਤਿੰਨ ਭੈਣਾਂ ਇਕੱਠੀਆਂ ਸੀ ਤੇ ਫਿਰ ਸਾਨੂੰ ਵੀ ਨਿਖੇੜ ਦਿੱਤਾ ਗਿਆ। ਪਤਾ ਨਹੀਂ ਦੂਜੀਆਂ ਦਾ ਕੀ ਬਣਿਆਂ? ਇੱਧਰ ਮੈਂ ਇਕੱਲੀ ਉਸ ਦਿਨ ਦੀ ਨਰਕ ਭੋਗਦੀ ਫਿਰਦੀ ਹਾਂ। ਇਕ ਥਾਂ ਤੋਂ ਦੂਜੀ ਤੇ ਦੂਜੀ ਤੋਂ ਤੀਜੀ, ਹੁਣ ਤਾਂ ਇਹ ਵੀ ਯਾਦ ਨਹੀਂ ਕਿ ਕਿੰਨਾ ਚਿਰ ਹੋ ਗਿਆ, ਇਹ ਨਰਕ ਭਰੀ ਜ਼ਿੰਦਗੀ ਜਿਉਂਦਿਆਂ। ਬਸ ਇੱਕੋ ਉਮੀਦ ਸੀ ਕਿ ਸ਼ਾਇਦ ਕਦੇ ਇਨ੍ਹਾਂ ਦੇ ਚੁੰਗਲ 'ਚੋਂ ਬਚ ਨਿਕਲਣ ਦਾ ਮੌਕਾ ਮਿਲ ਜਾਵੇ। ਪਰ ਹੁਣ ਇਹ ਉਮੀਦ ਵੀ ਖਤਮ ਹੁੰਦੀ ਦਿਸਦੀ ਸੀ, ਕਿਉਂਕਿ ਇਨ੍ਹਾਂ ਦੇ ਇਰਾਦਿਆਂ ਦਾ ਪਤਾ ਲੱਗ ਗਿਆ ਸੀ। ਇਹ ਤਾਂ ਫਿਰ ਵੀ ਆਪਣਾ ਮੁਲਕ ਹੈ, ਜਿੱਥੋਂ ਕੋਈ ਉਮੀਦ ਹੋ ਸਕਦੀ ਹੈ ਪਰ ਸੀਰੀਆ ਤੋਂ ਬਚ ਕੇ ਆਉਣਾ ਤਾਂ ਸੋਚਿਆ ਹੀ ਨਹੀਂ ਜਾ ਸਕਦਾ ਸੀ।

ਕਾਰ ਘਰੋਂ ਨਿਕਲ ਕੇ ਨੇੜਲੀ ਸੜਕ ਚੜ੍ਹ ਗਈ। ਮੈਥੋਂ ਬਿਨਾ ਕਾਰ ਵਿਚ ਹਾਜੀ ਅਮਰ ਸੀ। ਇਹ ਮੇਰਾ ਨਵਾਂ ਮਾਲਕ ਸੀ। ਇਸ ਤੋਂ ਪਹਿਲਾਂ ਮੈਨੂੰ ਡਾਕਟਰ ਇਕਬਾਲ ਨੇ ਖਰੀਦਿਆ ਸੀ। ਉਸ ਤੋਂ ਪਹਿਲਾਂ ਮੇਰਾ ਮਾਲਕ ਅਬੂ ਜਮਾਇਆ ਸੀ, ਉਸ ਤੋਂ ਪਹਿਲਾਂ ਕੋਈ ਹੋਰ। ਇਹ ਸੂਚੀ ਲੰਬੀ ਹੈ। ਹੁਣ ਵਾਲਾ ਮਾਲਕ ਮੇਰੇ ਜਿਹੀਆਂ ਗੁਲਾਮ ਕੁੜੀਆਂ ਨੂੰ ਅੱਗੇ ਸੀਰੀਆ ਨੂੰ ਭੇਜਣ ਵਾਲੇ ਗਰੁੱਪ ਦਾ ਮੁਖੀ ਸੀ। ਕਾਰ ਭੱਜੀ ਜਾ ਰਹੀ ਸੀ। ਮੈਂ ਤਾਕੀਆਂ 'ਚੋਂ ਬਾਹਰ ਵੇਖਿਆ। ਹਰ ਪਾਸੇ ਲੜਾਈ ਦੀ ਬਰਬਾਦੀ ਦਿੱਸ ਰਹੀ ਸੀ। ਸੜਕ ਕੰਢੇ ਸੜੇ ਹੋਏ ਵਾਹਨ ਥਾਂ ਥਾਂ ਖਿੱਲਰੇ ਪਏ ਸਨ। ਕਈ ਥਾਂਈਂ ਸਾਫ ਦਿੱਸਦਾ ਸੀ ਕਿ ਇਹ ਬਰਬਾਦੀ ਅਮਰੀਕੀ ਬੰਬਾਰ ਜਹਾਜਾਂ ਨੇ ਕੀਤੀ ਹੈ।

ਅਜੇ ਕੁਝ ਹੀ ਦੇਰ ਪਹਿਲਾਂ ਮੋਸਲ ਸ਼ਹਿਰ 'ਤੇ ਇਰਾਕੀ ਸਰਕਾਰ ਦਾ ਕਬਜ਼ਾ ਸੀ। 2014 ਤੱਕ ਇਸਲਾਮਕ ਸਟੇਟ ਵਾਲੇ ਅਜੇ ਅੰਦਰੇ ਅੰਦਰ ਤਿਆਰ ਹੋ ਰਹੇ ਸਨ। ਫਿਰ ਉਹ ਇਕਦਮ 'ਅਲੀ ਅਲੀ' ਕਰਕੇ ਪੈ ਗਏ। ਇਰਾਕੀ ਫੌਜ ਇਕ ਇਕ ਕਰਕੇ ਵੱਡੇ ਇਲਾਕੇ ਹਾਰਦੀ ਗਈ। ਮੋਸਲ ਸ਼ਹਿਰ ਦੇ ਕਬਜ਼ੇ ਲਈ ਬੜੀ ਗਹਿਗੱਚ ਲੜਾਈ ਹੋਈ। ਆਖਰ ਇਸਲਾਮਕ ਸਟੇਟ ਵਾਲਿਆਂ ਨੇ ਕਬਜਾ ਕਰ ਲਿਆ। ਜਿਉਂ ਹੀ ਸ਼ਹਿਰ ਉਨ੍ਹਾਂ ਦੇ ਕਬਜ਼ੇ ਹੇਠ ਆਇਆ, ਲੋਕਾਂ ਨੇ ਭਾਰੀ ਬਰਬਾਦੀ ਵੇਖੀ। ਜੇ ਕੋਈ ਬਚਿਆ ਤਾਂ ਉਹ ਸੁੰਨੀ ਮੁਸਲਮਾਨ ਸਨ। ਨਹੀਂ ਤਾਂ ਕੀ ਕ੍ਰਿਸ਼ਚੀਅਨ, ਕੀ ਸ਼ੀਆ ਮੁਸਲਮਾਨ ਤੇ ਕੀ ਜਾਜ਼ੀਦੀ, ਸ਼ਹਿਰ ਵਿਚ ਕੋਈ ਵੀ ਨਾ ਬਚਿਆ। ਜੋ ਪਹਿਲੀਆਂ ਵਿਚ ਭੱਜ ਗਏ, ਉਹ ਜਾਨਾਂ ਬਚਾ ਗਏ ਪਰ ਪਿੱਛੋਂ ਸਭ ਨੂੰ ਇਸਲਾਮਕ ਸਟੇਟ ਵਾਲਿਆਂ ਮਾਰ ਮੁਕਾਇਆ। ਮਾਰਿਆ ਵੀ ਬੜੇ ਭੈੜੇ ਤਰੀਕੇ ਨਾਲ ਜਾਂਦਾ ਸੀ। ਲੋਕਾਂ ਨੂੰ ਵੱਡੇ ਵੱਡੇ ਟੋਇਆਂ 'ਚ ਇਕੱਠੇ ਕਰਕੇ ਉਪਰੋਂ ਗੋਲੀਆਂ ਨਾਲ ਭੁੰਨ ਕੇ ਟੋਏ ਬੰਦ ਕਰ ਦਿੱਤੇ ਜਾਂਦੇ ਸਨ। ਜਾਂ ਘਰਾਂ 'ਚ ਹੀ ਲੋਕਾਂ ਨੂੰ ਬੰਦ ਕਰਕੇ ਉਪਰੋਂ ਤੇਲ ਛਿੜਕ ਕੇ ਅੱਗ ਨਾਲ ਸਾੜ ਦਿੱਤਾ ਜਾਂਦਾ। ਕੀ ਕੀ ਜ਼ੁਲਮ ਨਹੀਂ ਹੋਏ...।

ਇੰਨੇ ਨੂੰ ਕਾਰ ਕਿਸੇ ਚੈਕ ਪੁਆਇੰਟ 'ਤੇ ਪਹੁੰਚ ਗਈ। ਆਲੇ ਦੁਆਲੇ ਦਰਜਨਾਂ ਇਸਲਾਮਕ ਸਟੇਟ ਵਾਲੇ ਕਾਲੀਆਂ ਵਰਦੀਆਂ ਪਹਿਨੀ, ਨੱਕ ਤੱਕ ਮੂੰਹ ਢਕੀ ਤੇ ਹੱਥਾਂ 'ਚ ਕੈਲਾਸ਼ਨੀਕੋਵ ਰਾਈਫਲਾਂ ਫੜ੍ਹੀ ਘੁੰਮ ਰਹੇ ਸਨ। ਚੈਕ ਪੁਆਇੰਟ ਦੀ ਇਮਾਰਤ 'ਤੇ ਇਸਲਾਮਕ ਸਟੇਟ ਵਾਲਿਆਂ ਦੇ ਝੰਡੇ ਝੂਲ ਰਹੇ ਸਨ, ਜੋ ਅੱਧੇ ਕਾਲੇ ਤੇ ਅੱਧੇ ਚਿੱਟੇ ਸਨ। ਹਾਜੀ ਅਮਰ ਨੇ ਇਕ ਕਤਾਰ 'ਚ ਜਾਂਦਿਆਂ ਕਾਰ ਬੂਥ ਦੇ ਕੋਲ ਲਾ ਲਈ। ਇੰਨੇ ਨੂੰ ਕੋਈ ਅੰਦਰੋਂ ਆਇਆ ਤੇ ਉਸ ਨੇ ਹਾਜੀ ਅਮਰ ਨਾਲ ਗੱਲ ਕੀਤੀ। ਉਹ ਹਾਜੀ ਅਮਰ ਨੂੰ ਜਾਣਦਾ ਸੀ। ਕਾਰ ਨੂੰ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ।

ਜਿੱਥੋਂ ਚੱਲ ਕੇ ਆਏ ਸੀ, ਉਥੇ ਸੰਘਣੀ ਆਬਾਦੀ ਸੀ। ਫਿਰ ਆਬਾਦੀ ਘਟ ਗਈ ਅਤੇ ਖੁੱਲ੍ਹਾ ਇਲਾਕਾ ਆ ਗਿਆ। ਕਿਧਰੇ ਕਿਧਰੇ ਕੋਈ ਮਕਾਨ ਨਜ਼ਰੀ ਪੈਂਦਾ। ਇੰਨੇ ਨੂੰ ਮੇਰਾ ਚਿੱਤ ਖਰਾਬ ਹੋਣ ਲੱਗਾ। ਸਵੇਰ ਦਾ ਖਾਧਾ ਵੀ ਕੁਝ ਨਹੀਂ ਸੀ ਤੇ ਉਂਜ ਵੀ ਸਫਰ ਵੇਲੇ ਮੈਨੂੰ ਤੇਲ ਚੜ੍ਹਦਾ ਸੀ। ਘੁਮੇਰ ਜਿਹੀ ਪੈਂਦੀ ਤੇ ਫਿਰ ਇਕਦਮ ਉਲਟੀ ਆ ਜਾਂਦੀ। ਹੁਣ ਵੀ ਮੈਨੂੰ ਉਵੇਂ ਹੀ ਹੋ ਰਿਹਾ ਸੀ। ਮੈਂ ਉਸ ਨੂੰ ਕਾਰ ਰੋਕਣ ਦੀ ਬੇਨਤੀ ਕੀਤੀ। ਉਸ ਨੇ ਕਾਰ ਇਕ ਪਾਸੇ ਰੋਕ ਦਿੱਤੀ ਤੇ ਮੈਂ ਭੱਜ ਕੇ ਸੜਕ ਦੇ ਕਿਨਾਰੇ ਜਾ ਬੈਠੀ। ਜ਼ੋਰ ਦੀ ਉਲਟੀ ਆਈ। ਕੁਝ ਦੇਰ ਪਿੱਛੋਂ ਜ਼ਰਾ ਸਾਵਾਂ ਹੁੰਦਿਆਂ ਮੈਂ ਵਾਪਸ ਕਾਰ 'ਚ ਆ ਬੈਠੀ। ਦਸ ਪੰਦਰਾਂ ਮਿੰਟ ਹੀ ਗੁਜ਼ਰੇ ਸਨ ਕਿ ਉਲਟੀ ਦੀ ਹਾਜਤ ਫਿਰ ਹੋਈ। ਮੈਂ ਹਾਜੀ ਅਮਰ ਨੂੰ ਕਾਰ ਰੋਕਣ ਨੂੰ ਕਿਹਾ ਤਾਂ ਉਸ ਨੇ ਗਾਲ੍ਹ ਕੱਢਦਿਆਂ ਕਾਰ ਰੋਕ ਦਿੱਤੀ। ਮੈਂ ਸੜਕ ਕਿਨਾਰੇ ਉਲਟੀ ਕਰਕੇ ਕਾਰ ਵਿਚ ਆ ਬੈਠੀ। ਹਾਜੀ ਅਮਰ ਨੇ ਘੂਰ ਕੇ ਮੇਰੇ ਵੱਲ ਵੇਖਿਆ ਅਤੇ ਨਾਲ ਹੀ ਤਾੜਨਾ ਕੀਤੀ, "ਜੇ ਹੁਣ ਰੋਕਣ ਨੂੰ ਕਿਹਾ ਤਾਂ ਮੈਂ ਕਾਰ ਨ੍ਹੀਂ ਰੋਕਣੀ।" "ਮੇਰਾ ਕੀ



ਕਸੂਰ ਐ, ਜਦੋਂ ਉਲਟੀ ਆਉਂਦੀ ਐ ਤਾਂ ਮੈਂ ਕੀ ਕਰਾਂ?" ਮੈਂ ਮਜਬੂਰੀ ਦੱਸੀ।

"ਬਹੁਤੀ ਬਕ ਬਕ ਨਾ ਕਰ। ਮਾਰ ਮਾਰ ਬੂਥਾ ਭੰਨ ਦੂੰ।" ਇੰਨਾ ਕਹਿ ਉਹ ਅੱਖਾਂ ਕੱਢਦਾ ਕਾਰ ਚਲਾਉਂਦਾ ਰਿਹਾ। ਘੰਟੇ ਕੁ ਪਿੱਛੋਂ ਫਿਰ ਆਬਾਦੀ ਸ਼ੁਰੂ ਹੋ ਗਈ। ਪਰ ਇਹ ਸੰਘਣੀ ਨਹੀਂ ਸੀ। ਲੱਗਦਾ ਸੀ ਕਿ ਇਹ ਮੋਸਲ ਸ਼ਹਿਰ ਦਾ ਪੱਛਮ ਵਾਲਾ ਪਾਸਾ ਸੀ। ਇੰਨੇ ਨੂੰ ਹਾਜੀ ਅਮਰ ਨੇ ਕਾਰ ਮੁੱਖ ਸੜਕ ਤੋਂ ਉਤਾਰ ਕੇ ਅੱਗੇ ਛੋਟੀ ਸੜਕ ਵੱਲ ਮੋੜ ਲਈ। ਫਿਰ ਗਲੀਆਂ ਸ਼ੁਰੂ ਹੋ ਗਈਆਂ। ਕਈ ਗਲੀਆਂ ਦੇ ਮੋੜ ਕੱਟਣ ਪਿੱਛੋਂ ਕਾਰ ਇਕ ਘਰ ਅੱਗੇ ਜਾ ਰੁਕੀ। ਹਾਜੀ ਅਮਰ ਆਪ ਉਤਰ ਕੇ ਗਿਆ ਤੇ ਜਾ ਕੇ ਅੰਦਰੋਂ ਦਰਵਾਜਾ ਖੋਲ੍ਹਿਆ। ਫਿਰ ਉਸ ਨੇ ਕਾਰ ਗੈਰਾਜ ਵਿਚ ਲਾਉਂਦਿਆਂ ਮੈਨੂੰ ਬਾਹੋਂ ਫੜ੍ਹ ਖਿੱਚਿਆ ਤੇ ਉਪਰ ਵੱਲ ਨੂੰ ਲੈ ਤੁਰਿਆ। ਦੂਸਰੀ ਮੰਜ਼ਲ 'ਤੇ ਲਿਜਾ ਕੇ ਉਸ ਨੇ ਇਕ ਕਮਰੇ ਦਾ ਬੂਹਾ ਖੋਲ੍ਹ ਕੇ ਮੈਨੂੰ ਅੰਦਰ ਧੱਕ ਦਿੱਤਾ। ਮੈਂ ਬੈਡ 'ਤੇ ਜਾ ਡਿੱਗੀ। ਫਿਰ ਬਾਹਰੋਂ ਦਰਵਾਜਾ ਬੰਦ ਹੋਣ ਦੀ ਆਵਾਜ਼ ਆਈ ਤਾਂ ਮੈਂ ਭੱਜ ਕੇ ਨੇੜੇ ਹੁੰਦਿਆਂ ਬੰਦ ਦਰਵਾਜਾ ਅੰਦਰੋਂ ਖੜਕਾਉਣ ਲੱਗੀ। ਨਾਲ ਹੀ ਮਿੰਨਤਾਂ ਕਰ ਰਹੀ ਸਾਂ, "ਹਾਜੀ, ਹਾੜੇ ਮੈਨੂੰ ਬਾਹਰ ਕੱਢ। ਮੈਂ ਬਾਥਰੂਮ ਜਾਣਾ ਐਂ।"

ਮੈਂ ਆਪਣਾ ਮੂੰਹ ਧੋਣਾ ਚਾਹੁੰਦੀ ਸਾਂ। ਨਾਲੇ ਇੰਨੀ ਦੇਰ ਹੋ ਗਈ ਸੀ ਤੁਰਿਆਂ ਨੂੰ ਤੇ ਮੈਨੂੰ ਬਾਥਰੂਮ ਜਾਣ ਦੀ ਹਾਜਤ ਹੋ ਰਹੀ ਸੀ। ਪਰ ਬਾਹਰੋਂ ਕੋਈ ਜੁਆਬ ਨਾ ਆਇਆ। ਸ਼ਾਇਦ ਹਾਜੀ ਅਮਰ ਜਾ ਚੁਕਾ ਸੀ। ਮੈਂ ਹਉਕਾ ਭਰਦਿਆਂ ਚੁੱਪ ਹੋ ਗਈ ਤੇ ਪਿਛਾਂਹ ਰੱਦੀ ਜਿਹੇ ਬੈਡ 'ਤੇ ਬੈਠ ਗਈ। ਪੈਰਾਂ ਭਾਰ ਬੈਠੀ ਨੇ ਮੈਂ ਦੋਹਾਂ ਹੱਥਾਂ ਨਾਲ ਗੋਡਿਆਂ ਦੁਆਲੇ ਬਾਹਾਂ ਦੀ ਕਰਿੰਗੜੀ ਪਾ ਲਈ। ਇਹ ਕੋਈ ਨਵੀਂ ਗੱਲ ਤਾਂ ਨਹੀਂ ਸੀ। ਹਰ ਰੋਜ਼ ਇਸ ਤਰ੍ਹਾਂ ਦੇ ਜ਼ਾਲਮ ਵਰਤਾਰਿਆਂ ਨਾਲ ਹੀ ਵਾਹ ਪੈਂਦਾ ਸੀ।

ਫਿਰ ਮੈਂ ਬੈਠੀ ਨੇ ਆਲੇ ਦੁਆਲੇ ਨਜ਼ਰ ਮਾਰੀ। ਇਕ ਪਾਸੇ ਟੀ. ਵੀ. ਪਿਆ ਸੀ। ਇਕ ਸੋਫਾ ਅਤੇ ਕੁਰਸੀ ਪਏ ਸਨ। ਖੂੰਜੇ ਵਿਚ ਸ਼ੀਸ਼ਾ ਲਟਕ ਰਿਹਾ ਸੀ। ਸ਼ੀਸ਼ੇ ਵੱਲ ਵੇਖਦਿਆਂ ਮੈਂ ਨਜ਼ਰ ਫੇਰ ਲਈ। ਜਿਉਂ ਪਿੰਡ ਛੁੱਟਿਆ ਸੀ ਕਦੇ ਸ਼ੀਸ਼ਾ ਵੇਖਣ ਦਾ ਹੌਸਲਾ ਹੀ ਨਹੀਂ ਪਿਆ ਸੀ। ਭੁੱਖੀ ਤਿਹਾਈ ਰਹਿੰਦੀ ਅਤੇ ਜ਼ੁਲਮ ਸਹਿੰਦੀ ਦਾ ਸਰੀਰ ਸੁੱਕ ਕੇ ਡੱਕੇ ਵਰਗਾ ਹੋਇਆ ਪਿਆ ਸੀ। ਕਦੇ ਹੀਆ ਹੀ ਨਾ ਪਿਆ ਕਿ ਆਪਣੇ ਆਪ ਨੂੰ ਸ਼ੀਸ਼ੇ ਵਿਚ ਵੇਖ ਸਕਾਂ। ਆਲੇ ਦੁਆਲੇ ਝਾਕ ਹੀ ਰਹੀ ਸਾਂ ਕਿ ਦਰਵਾਜਾ ਖੁੱਲ੍ਹਣ ਦੀ ਆਵਾਜ਼ ਆਈ। ਮੇਰਾ ਧਿਆਨ ਉਧਰ ਚਲਾ ਗਿਆ। ਇਕ ਪੰਝੀ ਕੁ ਸਾਲ ਦੀ ਕੁੜੀ ਪਲੇਟ ਚੁੱਕੀ ਅੰਦਰ ਆਈ। ਦੋ ਤਿੰਨ ਉਬਲੇ ਆਂਡੇ ਅਤੇ ਗਲਾਸ ਵਿਚ ਜੂਸ ਸੀ। ਮੈਂ ਉਸ ਵੱਲ ਗਹੁ ਨਾਲ ਝਾਕੀ ਪਰ ਉਸ ਨੇ ਬਿਨਾ ਵੇਖਿਆ ਸਾਰਾ ਕੁਝ ਇਕ ਪਾਸੇ ਰੱਖ ਦਿੱਤਾ।

ਉਹ ਮੁੜਨ ਲੱਗੀ ਤਾਂ ਮੈਂ ਬਾਥਰੂਮ ਜਾਣ ਲਈ ਬੇਨਤੀ ਕੀਤੀ। ਉਸ ਨੇ ਮੈਨੂੰ ਜਾਣ ਦਿੱਤਾ। ਇਕ ਪਾਸੇ ਬਾਥਰੂਮ ਸੀ। ਪੰਜ-ਸੱਤ ਮਿੰਟਾਂ ਬਾਅਦ ਮੈਂ ਮੁੜੀ ਤਾਂ ਉਹ ਉਥੇ ਹੀ ਖੜ੍ਹੀ ਸੀ। ਸ਼ਾਇਦ ਮੇਰੀ ਪਹਿਰੇਦਾਰੀ ਕਰ ਰਹੀ ਸੀ। ਮੈਂ ਵਾਪਸ ਆਈ ਤਾਂ ਮੈਨੂੰ ਨਾਲ ਦੇ ਕਮਰੇ ਵਿਚੋਂ ਕਿਸੇ ਔਰਤ ਦੇ ਰੋਣ ਦੀ ਆਵਾਜ਼ ਸੁਣੀ। ਫਿਰ ਕੁਝ ਹੋਰ ਆਵਾਜ਼ਾਂ ਵੀ ਨਾਲ ਰਲ ਗਈਆਂ। ਜਾਪਿਆ ਜਿਵੇਂ ਦੋ ਤਿੰਨ ਜਣੀਆਂ ਰੋ ਰਹੀਆਂ ਸਨ। ਮੈਂ ਹੌਸਲਾ ਜਿਹਾ ਕਰਕੇ ਸਾਹਮਣੇ ਖੜ੍ਹੀ ਕੁੜੀ ਨੂੰ ਅਰਬੀ 'ਚ ਪੁੱਛਿਆ, "ਇਹ ਕੌਣ ਨੇ ਜੋ ਰੋ ਰਹੀਆਂ ਨੇ?"

"ਉਹ ਵੀ ਤੇਰੇ ਵਰਗੀਆਂ ਈ ਨੇ।"

ਉਸ ਦਾ ਜੁਆਬ ਸੁਣ ਕੇ ਮੈਂ ਹੈਰਾਨੀ ਨਾਲ ਉਸ ਵੱਲ ਝਾਕੀ ਤੇ ਉਸ ਨੂੰ ਪੁੱਛਿਆ, "ਤੂੰ ਕੌਣ ਐਂ?"

"ਮੈਂ ਰਸ਼ੀਦਾ, ਹਾਜੀ ਅਮਰ ਦੀ ਘਰ ਵਾਲੀ।"

ਉਸ ਦੀ ਗੱਲ ਸੁਣ ਕੇ ਮੈਂ ਕੁਝ ਪਲ ਸੋਚਦਿਆਂ ਕਿਹਾ, "ਰਸ਼ੀਦਾ ਹਾੜੇ ਮੇਰੀ ਮੱਦਦ ਕਰ, ਮੈਂ...।"

ਉਸ ਨੇ ਮੇਰੀ ਗੱਲ ਵਿਚੋਂ ਹੀ ਕੱਟਦਿਆਂ ਕਿਹਾ, "ਹਾਜੀ ਅਮਰ ਮੇਰੀ ਜਾਨ ਕੱਢ ਦੇਵੇਗਾ। ਹੁਣ ਤੂੰ ਆਪਣੇ ਕਮਰੇ ਵਿਚ ਜਾਹ। ਕੁਝ ਖਾ ਪੀ ਲੈ ਤੇ ਇੰਨੇ ਨੂੰ ਹਾਜੀ ਅਮਰ ਆ ਜਾਵੇਗਾ।"

"ਕਿੱਥੇ ਗਿਆ ਐ ਉਹ?"

"ਬਾਜ਼ਾਰ ਗਿਆ ਐ।"

"ਇਹ ਕਹਿ ਰਹੇ ਨੇ ਸਾਨੂੰ ਸੀਰੀਆ ਭੇਜਿਆ ਜਾ ਰਿਹਾ ਐ। ਤੈਨੂੰ ਇਸ ਬਾਰੇ ਕੁਛ ਪਤਾ ਐ?"

"ਮੈਂ ਕੁਛ ਨ੍ਹੀਂ ਕਹਿ ਸਕਦੀ। ਤੂੰ ਅੰਦਰ ਜਾਹ।" ਉਸ ਦੇ ਇੰਨਾ ਕਹਿੰਦਿਆਂ ਮੈਂ ਅੰਦਰ ਲੰਘ ਗਈ ਤਾਂ ਉਸ ਨੇ ਦਰਵਾਜਾ ਬੰਦ ਕਰ ਦਿੱਤਾ।

ਮੈਂ ਸਾਹਮਣੇ ਪਏ ਆਂਡਿਆਂ ਅਤੇ ਜੂਸ ਵੱਲ ਵੇਖਿਆ। ਕੁਝ ਵੀ ਖਾਣ ਪੀਣ ਨੂੰ ਦਿਲ ਨਹੀਂ ਸੀ ਮੰਨਦਾ। ਜਦੋਂ ਦਾ ਸੀਰੀਆ ਜਾਣ ਬਾਰੇ ਸੁਣਿਆਂ ਸੀ, ਕਾਲਜੇ 'ਚ ਹੌਲ ਪੈ ਰਹੇ ਸਨ। ਲੱਗਦਾ ਜਿਵੇਂ ਬਹੁਤ ਵੱਡਾ ਤੂਫਾਨ ਆ ਰਿਹਾ ਹੋਵੇ। ਮੈਂ ਇੱਕ ਦੋ ਬੁਰਕੀਆਂ ਖਾ ਕੇ ਦੋ ਘੁੱਟ ਜੂਸ ਪੀਤਾ ਤੇ ਟੇਢੀ ਹੋ ਕੇ ਬੈਡ 'ਤੇ ਪੈ ਗਈ। ਵੀਹ ਪੰਝੀ ਮਿੰਟਾਂ ਪਿਛੋਂ ਦਰਵਾਜਾ ਖੁੱਲ੍ਹਿਆ। ਸਾਹਮਣੇ ਹਾਜੀ ਅਮਰ ਖੜ੍ਹਾ ਸੀ। ਕਾਗਜ਼ ਦੀ ਪੁੜੀ ਮੇਰੇ ਵੱਲ ਸੁੱਟਦਾ ਬੋਲਿਆ, "ਆਹ ਲੈ ਕੁਝ ਗੋਲੀਆਂ ਖਾ ਲੈ। ਜਿੰਨੇ ਦਿਨ ਤੂੰ ਸੀਰੀਆ ਨ੍ਹੀਂ ਲੰਘ ਜਾਂਦੀ ਤੂੰ ਮੇਰੀ ਗੁਲਾਮ ਐਂ। ਮੈਂ ਨ੍ਹੀਂ ਚਾਹੁੰਦਾ ਕਿ ਤੂੰ ਇਵੇਂ ਬੀਮਾਰ ਰਹੇਂ। ਮੈਂ ਅੱਧੇ ਘੰਟੇ ਤੱਕ ਆਵਾਂਗਾ। ਉਦੋਂ ਨੂੰ ਨਹਾ ਧੋ ਕੇ ਤਿਆਰ ਰਹੀਂ। ਮੈਂ ਰਸ਼ੀਦਾ ਨੂੰ ਕਹਿ ਦਿੰਨਾਂ, ਤੈਨੂੰ ਬਾਥਰੂਮ ਜਾਣ ਦੇਵੇਗੀ।"

ਇੰਨਾ ਆਖ ਉਹ ਦਰਵਾਜਾ ਬੰਦ ਕਰ ਤੁਰ ਗਿਆ। ਮੈਂ ਦਵਾਈ ਪਾਸੇ ਸੁੱਟ ਦਿੱਤੀ। ਮੈਂ ਚਾਹੁੰਦੀ ਹੀ ਨਹੀਂ ਸੀ ਕਿ ਠੀਕ ਹੋਵਾਂ। ਥੋੜ੍ਹੀ ਦੇਰ ਬਾਅਦ ਰਸ਼ੀਦਾ ਆਈ ਤਾਂ ਮੈਂ ਬਾਥਰੂਮ ਜਾਣ ਤੋਂ ਨਾਂਹ ਕਰ ਦਿੱਤੀ, ਤੇ ਲੇਟ ਗਈ। ਕੋਈ ਘੰਟੇ ਭਰ ਪਿੱਛੋਂ ਹਾਜੀ ਅਮਰ ਮੁੜਿਆ। ਅੰਦਰ ਆ ਮੇਰੇ ਕੋਲ ਬੈਠ ਉਸ ਮੈਨੂੰ ਆਪਣੇ ਵੱਲ ਖਿੱਚਿਆ। ਮੇਰੇ 'ਚੋਂ ਆਉਂਦੀ ਹਵਾੜ ਮਹਿਸੂਸ ਕਰਦਿਆਂ ਉਹ ਗੁੱਸੇ 'ਚ ਬੋਲਿਆ, "ਉਹ ਸੜੀ ਹੋਈ ਜਾਜ਼ੀਦੀ ਲੜਕੀ। ਤੈਨੂੰ ਕਿਹਾ ਸੀ ਕਿ ਤਿਆਰ ਰਹੀਂ।" ਇੰਨਾ ਕਹਿੰਦਿਆਂ ਉਸ ਨੇ ਵੱਟ ਕੇ ਮੇਰੇ ਚਪੇੜ ਮਾਰੀ ਤੇ ਬਾਂਹੋਂ ਫੜ੍ਹਦਾ ਬਾਥਰੂਮ ਵੱਲ ਲੈ ਤੁਰਿਆ। ਮੈਨੂੰ ਚਪੇੜ ਦੀ ਸੱਟ ਮਹਿਸੂਸ ਹੀ ਨਾ ਹੋਈ, ਕਿਉਂਕਿ ਇਹ ਤਾਂ ਨਿੱਤ ਦਾ ਵਰਤਾਰਾ ਸੀ। ਜਿਉਂ ਹੀ ਦੂਸਰੇ ਬੰਦ ਪਏ ਕਮਰੇ ਮੂਹਰੋਂ ਦੀ ਲੰਘਣ ਲੱਗੇ ਤਾਂ ਰੋਣ ਦੀਆਂ ਆਵਾਜ਼ਾਂ ਫਿਰ ਸੁਣੀਆਂ। ਸਭ ਕੁਝ ਭੁੱਲ ਕੇ ਮੈਂ ਉਸ ਨੂੰ ਪੁੱਛਿਆ, "ਹਾਜੀ, ਇਸ ਕਮਰੇ ਵਿਚ ਕੌਣ ਨੇ ਤੇ ਰੋ ਕਿਉਂ ਰਹੀਆਂ ਨੇ?"

ਉਸ ਨੇ ਮੇਰੀ ਬਾਂਹ ਢਿੱਲੀ ਛੱਡ ਦਿੱਤੀ। ਕੁਝ ਦੇਰ ਮੇਰੇ ਚਿਹਰੇ ਵੱਲ ਘੂਰਦਿਆਂ ਉਹ ਬੋਲਿਆ, "ਜੇ ਤੂੰ ਨਹਾ ਧੋ ਕੇ ਚੰਗੇ ਢੰਗ ਨਾਲ ਪੇਸ਼ ਆਵੇਂ ਤਾਂ ਤੈਨੂੰ ਦੱਸ ਦਊਂ ਕਿ ਇਥੇ ਕੌਣ ਐ।"

ਉਸ ਨੇ ਬਾਂਹ ਛੱਡ ਦਿੱਤੀ। ਮੈਂ ਆਪਣੇ ਲਾਲਚ ਵੱਸ ਮੂੰਹ ਹੱਥ ਧੋਣ ਲੱਗੀ। ਪੂਰੀ ਕੋਸ਼ਿਸ਼ ਕੀਤੀ ਕਿ ਜਿੰਨਾ ਹੋ ਸਕਦਾ ਹੈ, ਉਤਨੀ ਸਾਫ ਲੱਗਾਂ। ਮੈਂ ਕਮਰੇ ਵਿਚ ਮੁੜ ਕੇ ਆਈ ਤਾਂ ਹਾਜੀ ਅਮਰ ਬੈਡ 'ਤੇ ਬੈਠਾ ਸੀ। ਮੇਰੇ ਬਹਿੰਦਿਆਂ ਹੀ ਉਸ ਨੇ ਮੈਨੂੰ ਆਪਣੇ ਵੱਲ ਖਿੱਚ ਲਿਆ। ਮੈਂ ਬਹੁਤਾ ਵਿਰੋਧ ਨਾ ਕੀਤਾ। ਸੋਚਿਆ, ਜੋ ਕੁਝ ਇਸ ਨੇ ਕਰਨਾ ਹੈ, ਉਹ ਤਾਂ ਕਰਕੇ ਹੀ ਰਹੇਗਾ। ਪਰ ਸ਼ਾਇਦ ਕੁਝ ਖੁਸ਼ ਹੋ ਜਾਵੇ ਤੇ ਮੈਨੂੰ ਦੂਸਰੇ ਕਮਰੇ 'ਚੋਂ ਰੋਣ ਵਾਲੀਆਂ ਬਾਰੇ ਕੁਝ ਪਤਾ ਲੱਗ ਜਾਵੇ। ਉਹ ਅੱਧਾ ਘੰਟਾ ਮੈਨੂੰ ਨੋਚਦਾ ਰਿਹਾ। ਜਦੋਂ ਉਹ ਜਾਣ ਲੱਗਿਆ ਤਾਂ ਮੈਂ ਕਿਹਾ, "ਹਾਜੀ, ਹੁਣ ਤਾਂ ਦੱਸ ਦੇਹ, ਉਸ ਕਮਰੇ ਵਿਚ ਕੌਣ ਐਂ?"

"ਉਹ ਤੇਰੇ ਵਰਗੀਆਂ ਈ ਸੜੀਆਂ ਹੋਈਆਂ ਬਦਬੂ ਮਾਰਦੀਆਂ ਜਾਜ਼ੀਦੀ ਕੁੜੀਆਂ ਨੇ। ਦੱਸ ਹੋਰ ਕੀ ਪੁੱਛਣੈਂ?"

"ਹਾੜੇ ਹਾੜੇ ਮੈਂ ਉਨ੍ਹਾਂ ਨੂੰ ਮਿਲ ਲਵਾਂ? ਸ਼ਾਇਦ ਉਨ੍ਹਾਂ ਵਿਚ ਮੇਰੀ ਭੈਣ ਜ਼ਾਹਰਾ ਜਾਂ ਜੀਨਤ ਈ ਹੋਵੇ?"

"ਮੈਨੂੰ ਪਤਾ ਐ ਉਨ੍ਹਾਂ ਵਿਚ ਤੇਰੀ ਕੋਈ ਭੈਣ ਨ੍ਹੀਂ। ਫਿਰ ਵੀ ਆ ਤੈਨੂੰ ਮਿਲਾ ਦੇਵਾਂ। ਪਰ ਸਿਰਫ ਇੱਕ ਵਾਰ ਵੇਖ ਸਕਦੀ ਐਂ। ਗੱਲ ਕੋਈ ਨ੍ਹੀਂ ਕਰਨੀ। ਨਹੀਂ ਤਾਂ ਵੇਖ ਲੈ ਫਿਰ ਕੀ ਬਣੂੰਗੀ।"

"ਨਹੀਂ ਕਰਦੀ ਕੋਈ ਗੱਲ। ਬਸ ਵਿਖਾ ਈ ਦੇਹ।"

ਉਹ ਮੇਰੀ ਬਾਂਹ ਫੜ੍ਹੀ ਉਸ ਕਮਰੇ ਵੱਲ ਲੈ ਗਿਆ। ਫਿਰ ਉਸ ਨੇ ਦਰਵਾਜਾ ਖੋਲ੍ਹਿਆ। ਅੰਦਰ ਘਸਮੈਲੇ ਜਿਹੇ ਬੈਡ 'ਤੇ ਦੋ ਜਣੀਆਂ ਸੁੰਗੜ ਕੇ ਇਕ ਦੂਜੀ ਦੇ ਨਾਲ ਲੱਗੀਆਂ ਬੈਠੀਆਂ ਰੋ ਰਹੀਆਂ ਸਨ। ਦਰਵਾਜਾ ਖੁੱਲ੍ਹਾ ਵੇਖ ਕੇ ਉਹ ਰੋਣੋ ਜ਼ਰਾ ਕੁ ਚੁੱਪ ਹੋਈਆਂ ਤੇ ਮੇਰੇ ਵੱਲ ਵੇਖਿਆ। ਮੈਂ ਵੀ ਧਿਆਨ ਨਾਲ ਉਧਰ ਨਜ਼ਰ ਮਾਰੀ। ਉਨ੍ਹਾਂ ਦੇ ਸੋਹਣੇ ਮੁੱਖੜੇ ਇਸ ਵੇਲੇ ਅੰਤਾਂ ਦੇ ਵੈਰਾਨ ਸਨ। ਉਂਜ ਵੀ ਮੇਰੀ ਤਰ੍ਹਾਂ ਸੁੱਕ ਕੇ ਤੀਲਾ ਬਣੀਆਂ ਹੋਈਆਂ ਸਨ। ਮੈਂ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਨਹੀਂ ਸਾਂ ਜਾਣਦੀ। ਇੰਨੇ ਨੂੰ ਹਾਜੀ ਅਮਰ ਨੇ ਮੇਰੀ ਬਾਂਹ

***(ਅਗਲੇ ਸਫੇ 'ਤੇ ਜਾਰੀ)***

ਮਰੋੜਦਿਆਂ ਕਿਹਾ, "ਤੈਨੂੰ ਕਿਹਾ ਸੀ ਕਿ ਇਨ੍ਹਾਂ ਵਿਚ ਤੇਰਾ ਕੋਈ ਨ੍ਹੀਂ। ਆ ਹੁਣ ਵਾਪਸ ਆਪਣੇ ਕਮਰੇ 'ਚ ਚੱਲ।"

ਮੈਂ ਮਗਰ ਹੋ ਤੁਰੀ ਤੇ ਉਸ ਨੇ ਲਿਜਾ ਕੇ ਮੈਨੂੰ ਪਹਿਲਾਂ ਦੀ ਤਰ੍ਹਾਂ ਹੀ ਕਮਰੇ ਵਿਚ ਛੱਡ ਦਿੱਤਾ। ਮੁੜਨ ਤੋਂ ਪਹਿਲਾਂ ਬੋਲਿਆ, "ਤੁਸੀਂ ਸਭ ਇਕ ਦੋ ਦਿਨ ਈ ਇੱਥੇ ਹੋ। ਮੈਂ ਛੇਤੀ ਈ ਤੁਹਾਨੂੰ ਸੀਰੀਆ ਵੱਲ ਲੈ ਕੇ ਤੁਰ ਜਾਵਾਂਗਾ।"

ਮੈਂ ਰਤਾ ਕੁ ਉਸ ਵੱਲ ਵੇਖਿਆ ਤੇ ਫਿਰ ਅਣਭੋਲਤਾ ਵਿਖਾਉਂਦਿਆਂ ਪੁੱਛਿਆ, "ਪਰ ਤੁਸੀਂ ਸਾਨੂੰ ਸੀਰੀਆ ਕਿਉਂ ਭੇਜ ਰਹੇ ਓਂ?"

"ਕਿਉਂਕਿ ਸਾਡੇ ਉਥੇ ਦੇ ਲੜਾਕੇ ਭਰਾਵਾਂ ਨੂੰ ਕਾਮ ਪੂਰਤੀ ਵਾਸਤੇ ਗੁਲਾਮ ਕੁੜੀਆਂ ਦੀ ਲੋੜ ਐ। ਅਸੀਂ ਜਿਵੇਂ ਹੀ ਪ੍ਰਬੰਧ ਹੋਵੇ, ਉਥੇ ਕੁੜੀਆਂ ਭੇਜਦੇ ਰਹਿੰਨੇ ਆਂ। ਪਰ ਕਦੇ ਵੀ ਲੋੜ ਪੂਰੀ ਨ੍ਹੀਂ ਹੁੰਦੀ।"

"ਹਾਜੀ, ਮੈਂ ਸੀਰੀਆ ਨ੍ਹੀਂ ਜਾਣਾ ਚਾਹੁੰਦੀ। ਤੂੰ ਜੋ ਚਾਹੇ ਮਰਜ਼ੀ ਕਰ ਲੈ ਪਰ ਮੈਨੂੰ ਸੀਰੀਆ ਨਾ ਭੇਜ।"

ਮੇਰੀ ਗੱਲ 'ਤੇ ਉਹ ਖੁੱਲ੍ਹ ਕੇ ਹੱਸਿਆ ਅਤੇ ਵਿਅੰਗ ਨਾਲ ਬੋਲਿਆ, "ਮੈਂ ਜੋ ਕਰਨਾ ਐ ਉਸ ਵਾਸਤੇ ਤੇਰੀ ਮਨਜ਼ੂਰੀ ਦੀ ਲੋੜ ਨ੍ਹੀਂ। ਨਾਲੇ ਇਹ ਨਾ ਭੁੱਲ ਕੇ ਤੂੰ ਗੁਲਾਮ ਸਾਬੀਆ ਐਂ। ਗੁਲਾਮਾਂ ਦੀ ਮਰਜ਼ੀ ਨ੍ਹੀਂ ਪੁੱਗਦੀ ਹੁੰਦੀ। ਥੋੜ੍ਹਾ ਆਰਾਮ ਕਰ ਲੈ, ਮੈਂ ਕੁਝ ਦੇਰ ਪਿਛੋਂ ਆਵਾਂਗਾ।"

ਇੰਨਾ ਕਹਿ ਉਹ ਬਾਹਰੋਂ ਦਰਵਾਜਾ ਬੰਦ ਕਰ ਤੁਰ ਗਿਆ। ਫਿਰ ਉਸ ਦੀ ਕਾਰ ਸਟਾਰਟ ਹੋਣ ਦੀ ਆਵਾਜ਼ ਆਈ। ਕਾਰ ਦੇ ਤੁਰਨ ਦਾ ਖੜਕਾ ਸੁਣਿਆਂ। ਫਿਰ ਕਾਰ ਦਾ ਖੜਾਕ ਦੂਰ ਹੁੰਦਾ ਗਿਆ। ਆਖਰ ਖੜਾਕ ਸੁਣਨੋ ਹਟ ਗਿਆ। ਪਿੱਛੇ ਚੁੱਪ ਜਿਹੀ ਪਸਰ ਗਈ। ਇੰਨੇ ਨੂੰ ਦਰਵਾਜਾ ਖੁੱਲ੍ਹਿਆ। ਰਸ਼ੀਦਾ ਸਾਹਮਣੇ ਖੜ੍ਹੀ ਸੀ। ਉਹ ਚੁੱਪ ਚਾਪ ਮੇਰੇ ਵੱਲ ਵੇਖਦੀ ਰਹੀ ਤੇ ਬੋਲੀ, "ਉਹ ਚਲਾ ਗਿਐ। ਆ ਤੈਨੂੰ ਹੋਰ ਜਾਜ਼ੀਦੀ ਕੁੜੀਆਂ ਨਾਲ ਮਿਲਾ ਦਿਆਂ।"

ਮੈਨੂੰ ਉਸ ਦੇ ਇਸ ਹਮਦਰਦੀ ਭਰੇ ਵਤੀਰੇ 'ਤੇ ਹੈਰਾਨੀ ਹੋਈ। ਮੈਂ ਉਠ ਕੇ ਉਸ ਦੇ ਮਗਰ ਤੁਰ ਪਈ। ਉਸ ਨੇ ਦੂਸਰੇ ਕਮਰੇ ਦਾ ਦਰਵਾਜਾ ਖੋਲ੍ਹ ਦਿੱਤਾ। ਮੈਂ ਅੰਦਰ ਗਈ ਤਾਂ ਅੰਦਰਲੀਆਂ ਦੋਨੋਂ ਕੁੜੀਆਂ ਮੈਨੂੰ ਚੰਬੜ ਗਈਆਂ। ਮੈਂ ਵੀ ਉਨ੍ਹਾਂ ਨਾਲ ਲਿਪਟ ਗਈ। ਸਾਰੀਆਂ ਆਪਣੀ ਹੋਣੀ 'ਤੇ ਰੋਣ ਲੱਗੀਆਂ। ਰੋਣਾ ਥੰਮਿਆ ਤਾਂ ਅਸੀਂ ਗੱਲਾਂ ਕਰਨ ਲੱਗੀਆਂ। ਮੈਂ ਅਰਬੀ ਭਾਸ਼ਾ 'ਚ ਕੁਝ ਕਿਹਾ ਪਰ ਉਨ੍ਹਾਂ ਨੂੰ ਸਮਝ ਨਾ ਆਇਆ। ਫਿਰ ਮੈਂ ਕੁਰਦਸ਼ ਭਾਸ਼ਾ ਬੋਲੀ ਤਾਂ ਉਹ ਤੁਰੰਤ ਸਮਝ ਗਈਆਂ। ਉਨ੍ਹਾਂ ਵਿਚ ਇਕ ਕਿਸੇ ਪਿੰਡ ਤੋਂ ਸੀ ਤੇ ਦੂਸਰੀ ਜਿੰਦੀਆ, ਮੇਰੇ ਗੁਆਂਢ ਦੇ ਕਸਬੇ ਸਿੰਜਾਰ ਤੋਂ ਸੀ। ਕੁਝ ਦੇਰ ਅਸੀਂ ਆਪਣੇ ਦੁੱਖਾਂ ਦੀਆਂ ਗੱਲਾਂ ਕਰਦੀਆਂ ਰਹੀਆਂ। ਪਰ ਛੇਤੀ ਹੀ ਅਸੀਂ ਇਹ ਵਿਸ਼ਾ ਬੰਦ ਕਰ ਦਿੱਤਾ। ਮੈਂ ਹੌਲੀ ਦੇਣੇ ਜਿੰਦੀਆ ਨੂੰ ਪੁੱਛਿਆ, "ਤੂੰ ਕਦੇ ਇਨ੍ਹਾਂ ਦੇ ਚੁੰਗਲ 'ਚੋਂ ਭੱਜਣ ਦੀ ਕੋਸ਼ਿਸ਼ ਨ੍ਹੀਂ ਕੀਤੀ?"

"ਹਾਂ ਕੀਤੀ ਸੀ। ਉਹ ਵੀ ਇੱਥੋਂ ਨ੍ਹੀਂ। ਪਹਿਲਾਂ ਮੈਂ ਮੋਸਲ ਸ਼ਹਿਰ 'ਚ ਈ ਕਿਸੇ ਹੋਰ ਪਾਸੇ ਸੀ। ਉਥੋਂ ਕੋਸ਼ਿਸ਼ ਕੀਤੀ। ਮੈਂ ਘਰੋਂ ਬਾਹਰ ਨਿਕਲ ਪਈ ਸੀ। ਜਿਸ ਥਾਂ 'ਤੇ ਮੈਨੂੰ ਕੈਦ ਰੱਖਿਆ ਹੋਇਆ ਸੀ, ਉਥੋਂ ਕਾਫੀ ਦੂਰ ਚਲੀ ਵੀ ਗਈ। ਫਿਰ ਮੈਂ ਮੱਦਦ ਲਈ ਕਿਸੇ ਦੇ ਘਰ ਗਈ। ਉਨ੍ਹਾਂ ਬੜੀ ਹਮਦਰਦੀ ਵਿਖਾਈ, ਪਰ ਸ਼ਾਇਦ ਉਹ ਕੋਈ ਇਸਲਾਮਕ ਸਟੇਟ ਵਾਲਿਆਂ ਦੇ ਨੇੜਲੇ ਸਨ। ਪਤਾ ਉਦੋਂ ਹੀ ਲੱਗਾ, ਜਦੋਂ ਉਹ ਮੈਨੂੰ ਵਾਪਸ ਇਸਲਾਮਕ ਸਟੇਟ ਵਾਲਿਆਂ ਦੇ ਹਵਾਲੇ ਕਰ ਆਏ।

ਇਸਲਾਮਕ ਸਟੇਟ ਵਾਲਿਆਂ ਨੇ ਮੇਰੀਆਂ ਛਾਤੀਆਂ 'ਤੇ ਤੱਤੀਆਂ ਲੋਹੇ ਦੀਆਂ ਸੀਖਾਂ ਲਾ ਲਾ ਕੇ ਮੈਨੂੰ ਸਜ਼ਾ ਦਿੱਤੀ। ਨਾਲ ਈ ਵੱਖੀ 'ਤੇ ਦਾਗ ਪਾ ਦਿੱਤਾ ਤਾਂ ਕਿ ਭਵਿੱਖ ਵਿਚ ਮੇਰੀ ਪਛਾਣ ਰਹਿ ਸਕੇ ਕਿ ਮੈਂ ਗੁਲਾਮ ਸਾਬੀਆ ਆਂ।" ਇੰਨਾ ਕਹਿ ਕੇ ਉਸ ਨੇ ਵੱਖੀ ਤੋਂ ਕੁੜਤੀ ਚੁੱਕ ਕੇ ਮੈਨੂੰ ਦਾਗ ਵਿਖਾਇਆ ਤਾਂ ਮੈਂ ਕਿਹਾ, "ਇਹ ਕੁਛ ਤਾਂ ਸਭ ਨਾਲ ਵਾਪਰ ਰਿਹਾ ਐ। ਪਰ ਰੋਣਾ ਧੋਣਾ ਛੱਡੋ ਤੇ ਇਹ ਸੋਚੋ ਕਿ ਆਪਾਂ ਇੱਥੋਂ ਭੱਜ ਸਕਦੀਆਂ ਆਂ ਕਿ ਨਹੀਂ?"

"ਉਂਜ ਤਾਂ ਨ੍ਹੀਂ ਭੱਜ ਸਕਦੀਆਂ। ਪਰ ਇੱਥੇ ਇੱਕ ਗੱਲ ਐ ਕਿ ਰਸ਼ੀਦਾ ਆਪਣੀ ਮੱਦਦ ਕਰਨ ਨੂੰ ਤਿਆਰ ਐ?"

"ਹੈਂ ਰਸ਼ੀਦਾ? ਉਹ ਕਿਵੇਂ?" ਮੈਨੂੰ ਹੈਰਾਨੀ ਹੋਈ ਕਿ ਰਸ਼ੀਦਾ ਯਾਨਿ ਹਾਜੀ ਅਮਰ ਦੀ ਘਰ ਵਾਲੀ ਸਾਨੂੰ ਭਜਾਉਣ ਵਿਚ ਕਿਉਂ ਮੱਦਦ ਕਰੂਗੀ? ਹੁਣ ਤੱਕ ਦਾ ਮੇਰਾ ਤਜਰਬਾ ਸੀ ਕਿ ਕਦੇ ਕਿਸੇ ਨੇ ਮੱਦਦ ਨਹੀਂ ਕੀਤੀ ਸੀ। ਇਸ 'ਤੇ ਜਿੰਦੀਆ ਨੇ ਕਿਹਾ, "ਉਂਜ ਤਾਂ ਰਸ਼ੀਦਾ ਸੁੰਨੀ ਐਂ ਪਰ ਇਹ ਆਪ ਹਾਜੀ ਅਮਰ ਤੋਂ ਬਹੁਤ ਤੰਗ ਐ। ਕਈ ਸਾਲ ਵਿਆਹਿਆਂ ਨੂੰ ਹੋ ਗਏ ਪਰ ਹੁਣ ਤੱਕ ਕੋਈ ਔਲਾਦ ਨਹੀਂ। ਉਹ ਕਹਿੰਦੀ ਐ ਕਿ ਹਾਜੀ ਅਮਰ ਜਲਦੀ ਹੀ ਉਸ ਨੂੰ ਤਲਾਕ ਦੇਣ ਵਾਲਾ ਐ, ਰੋਜ਼ ਕੁੱਟਦਾ ਮਾਰਦੈ। ਉਸ ਦੇ ਸਾਹਮਣੇ ਈ ਇਸੇ ਘਰ 'ਚ ਆਪਣੇ ਵਰਗੀਆਂ ਗੁਲਾਮ ਕੁੜੀਆਂ ਰੱਖਦੈ। ਇਸ ਤੋਂ ਬਿਨਾ ਇਸਲਾਮਕ ਸਟੇਟ ਵਾਲਿਆਂ ਨੇ ਇਸ ਦਾ ਭਰਾ ਮਾਰ ਮੁਕਾਇਆ ਐ। ਇਸ ਕਰਕੇ ਇਹ ਇਨ੍ਹਾਂ ਨੂੰ ਨਫਰਤ ਕਰਦੀ ਐ। ਇਕ ਗੱਲ ਹੋਰ ਵੀ ਐ...।"

"ਉਹ ਕੀ?"

"ਰਸ਼ੀਦਾ ਸਿੰਜਾਰ ਦੀ ਐ। ਇਸ ਦੇ ਬਾਪ ਦੀ ਸ਼ਹਿਰ 'ਚ ਦੁਕਾਨ ਐ। ਇਹ ਕਹਿੰਦੀ ਐ ਕਿ ਬਹੁਤ ਸਾਰੇ ਜਾਜ਼ੀਦੀ ਪਰਿਵਾਰ ਇਨ੍ਹਾਂ ਦੇ ਗਾਹਕ ਸਨ। ਕਈਆਂ ਦੇ ਇਨ੍ਹਾਂ ਦੇ ਪਰਿਵਾਰ ਨਾਲ ਨੇੜਲੇ ਸਬੰਧ ਸਨ। ਇਸ ਕਰਕੇ ਇਸ ਨੂੰ ਆਪਣੇ ਨਾਲ ਹਮਦਰਦੀ ਐ।"

"ਪਰ ਭੱਜ ਕੇ ਜਾਵਾਂਗੀਆਂ ਕਿੱਥੇ? ਇੱਥੇ ਹਰ ਪਾਸੇ ਇਸਲਾਮਕ ਸਟੇਟ ਵਾਲੇ ਹਰਲ ਹਰਲ ਕਰਦੇ ਫਿਰਦੇ ਨੇ।" ਮੈਂ ਫਿਕਰ ਜਾਹਰ ਕੀਤਾ ਤਾਂ ਜਿੰਦੀਆ ਬੋਲੀ, "ਮੈਨੂੰ ਮੇਰੇ ਭਰਾ ਤੋਂ ਕੁਛ ਪਤਾ ਲੱਗਾ ਐ।"

"ਭਰਾ ਤੋਂ? ਭਰਾ ਨਾਲ ਤੇਰੀ ਗੱਲ ਕਦੋਂ ਹੋ ਗਈ? ਕਿੱਥੇ ਐ ਉਹ?" ਮੇਰੀਆਂ ਹੈਰਾਨੀ ਵਿਚ ਅੱਖਾਂ ਟੱਡੀਆਂ ਗਈਆਂ। ਜਿੰਦੀਆ ਨੇ ਪਹਿਲਾਂ ਮੇਰੇ ਵੱਲ ਵੇਖਿਆ ਤੇ ਫਿਰ ਉਹ ਪਰ੍ਹੇ ਖੜ੍ਹੀ ਰਸ਼ੀਦਾ ਵੱਲ ਝਾਕਦਿਆਂ ਬੋਲੀ, "ਰਸ਼ੀਦਾ ਨੇ ਇਸ ਦੇ ਫੋਨ ਤੋਂ ਮੇਰੀ, ਮੇਰੇ ਭਰਾ ਨਾਲ ਗੱਲ ਕਰਵਾਈ ਸੀ।" ਗੱਲ ਸੁਣ ਕੇ ਮੈਂ ਵੀ ਰਸ਼ੀਦਾ ਵੱਲ ਨੀਝ ਲਾ ਕੇ ਝਾਕੀ। ਲੱਗਾ, ਮਨੁੱਖਤਾ ਅਜੇ ਮਰੀ ਨਹੀਂ। ਫਿਰ ਮੈਂ ਜਿੰਦੀਆ ਤੋਂ ਪੁੱਛਿਆ, "ਤੂੰ ਕੀ ਕਹਿ ਰਹੀ ਸੀ? ਤੇਰੇ ਭਰਾ ਨੇ ਕੀ ਦੱਸਿਐ?"

"ਉਸ ਦੱਸਿਆ, ਹੁਣ ਕਈ ਸਮਾਜ-ਸੇਵੀ ਸੰਸਥਾਵਾਂ ਸਾਨੂੰ ਲੱਭਣ ਲਈ ਸਰਗਰਮ ਨੇ। ਕਈ ਕੁੜੀਆਂ ਜੋ ਇਸਲਾਮਕ ਸਟੇਟ ਵਾਲਿਆਂ ਦੇ ਚੁੰਗਲ 'ਚੋਂ ਭੱਜ ਨਿਕਲੀਆਂ ਸਨ, ਉਹ ਇਨ੍ਹਾਂ ਸੰਸਥਾਵਾਂ ਦੀ ਮੱਦਦ ਨਾਲ ਵਾਪਸ ਘਰੀਂ ਜਾ ਪਹੁੰਚੀਆਂ ਨੇ।"

ਉਸ ਦੀ ਗੱਲ ਨੇ ਮੈਨੂੰ ਉਤਸ਼ਾਹ ਨਾਲ ਭਰ ਦਿੱਤਾ। ਲੱਗਾ, ਅਸੀਂ ਇਨ੍ਹਾਂ ਦੇ ਚੁੰਗਲ 'ਚੋਂ ਜ਼ਰੂਰ ਨਿਕਲ ਸਕਦੀਆਂ ਆਂ। ਮੈਂ ਮੋਹ ਨਾਲ ਪਾਸੇ ਖੜ੍ਹੀ ਰਸ਼ੀਦਾ ਵੱਲ ਵੇਖਿਆ। ਮੇਰਾ ਭਾਵ ਸਮਝਦਿਆਂ ਉਹ ਬੋਲੀ, "ਤੂੰ ਕਿਧਰੇ ਫੋਨ ਕਰਨਾ ਐਂ ਤਾਂ ਮੈਂ ਕਰਵਾ ਦਿੰਦੀ ਆਂ।"

ਮੈਂ ਉਠ ਕੇ ਉਸ ਨੂੰ ਜੱਫੀ ਪਾ ਲਈ ਤੇ ਮੇਰੀ ਭੁੱਬ ਨਿਕਲ ਗਈ। ਉਸ ਨੇ ਮੇਰਾ ਮੋਢਾ ਪਲੋਸ ਕੇ ਮੈਨੂੰ ਪਾਸੇ ਕੀਤਾ ਤੇ ਫਿਰ ਅੰਦਰੋਂ ਫੋਨ ਲੈ ਆਈ। ਮੈਂ ਫੋਨ ਹੱਥ 'ਚ ਫੜ੍ਹ ਕੇ ਬੜੀ ਨੀਝ ਨਾਲ ਵੇਖਿਆ। ਮੈਨੂੰ ਜਾਪਿਆ ਜਿਵੇਂ ਕਾਰੂੰ ਦਾ ਖਜਾਨਾ ਮਿਲ ਗਿਆ ਹੋਵੇ। ਫਿਰ ਮੈਂ ਮਨ ਹੀ ਮਨ ਆਪਣੇ ਭਰਾ ਜਿੰਜ਼ਾਲ ਦਾ ਫੋਨ ਨੰਬਰ ਯਾਦ ਕੀਤਾ। ਇਹ ਫੋਨ ਤਾਂ ਮੈਨੂੰ ਭੁੱਲ ਹੀ ਨਹੀਂ ਸੀ ਸਕਦਾ, ਕਿਉਂਕਿ ਜਦੋਂ ਸਾਡੇ ਪਿੰਡ ਨੂੰ ਘੇਰਾ ਪਿਆ ਤਾਂ ਮੇਰੀ ਮਾਂ ਨੇ ਸਾਨੂੰ ਸਾਰੇ ਜੀਆਂ ਨੂੰ ਇਹ ਨੰਬਰ ਜ਼ੁਬਾਨੀ ਯਾਦ ਕਰਵਾ ਦਿੱਤਾ ਸੀ। ਪਰਿਵਾਰ 'ਚੋਂ ਇਕੱਲਾ ਜਿੰਜ਼ਾਲ ਹੀ ਸੀ ਜੋ ਉਸ ਵੇਲੇ ਸੁਰੱਖਿਅਤ ਥਾਂ ਯਾਨਿ ਕੁਰਦਸਤਾਨ ਵਿਚ ਸੀ, ਅਤੇ ਮੁਸੀਬਤ ਵਿਚ ਬਾਹਰੋਂ ਕੋਈ ਵੀ ਕਿਧਰੋਂ ਵੀ ਉਸ ਨੂੰ ਫੋਨ ਕਰ ਸਕਦਾ ਸੀ। ਮੈਂ ਬਹੁਤ ਵਾਰੀ ਸੋਚਿਆ, ਉਸ ਨਾਲ ਗੱਲ ਹੋ ਜਾਵੇ, ਪਰ ਕਦੇ ਵੀ ਸਬੱਬ ਨਾ ਬਣਿਆ। ਅੱਜ ਮੇਰੇ ਦਿਲ ਦੀ ਖਾਹਿਸ਼ ਪੂਰੀ ਹੋ ਗਈ।

ਇੰਨੇ ਨੂੰ ਰਸ਼ੀਦਾ ਨੇ ਮੈਨੂੰ ਕਿਹਾ ਕਿ ਮੈਂ ਆਪਣੇ ਕਮਰੇ ਵਿਚ ਜਾ ਕੇ ਇਕੱਲੀ ਫੋਨ ਕਰ ਲਵਾਂ। ਮੈਂ ਆਪਣੇ ਕਮਰੇ ਵਿਚ ਆ ਗਈ। ਫਿਰ ਮੈਂ ਜਿੰਜ਼ਾਲ ਨੂੰ ਫੋਨ ਮਿਲਾਇਆ। ਉਧਰ ਘੰਟੀ ਵੱਜਣ ਲੱਗੀ ਤਾਂ ਮੇਰੇ ਸਰੀਰ ਦਾ ਰੋਮ ਰੋਮ ਕੰਬਣ ਲੱਗਾ। ਦਿਲ ਧੜਕ ਧੜਕ ਕਰੇ। ਇੰਨੇ ਨੂੰ ਅੱਗੋਂ ਜਿੰਜ਼ਾਲ ਨੇ ਫੋਨ ਚੁੱਕਦਿਆਂ ਹੈਲੋ ਕਹੀ। ਮੇਰਾ ਮਨ ਭਰ ਆਇਆ ਤੇ ਮੈਥੋਂ ਬੋਲ ਹੀ ਨਾ ਹੋਇਆ। ਉਸ ਨੇ ਦੋ ਤਿੰਨ ਵਾਰੀ ਹੈਲੋ ਹੈਲੋ ਕਹੀ ਪਰ ਮੈਂ ਤਾਂ ਜਾਣੋਂ ਪੱਥਰ ਹੀ ਹੋ ਗਈ। ਉਧਰੋਂ ਉਹ ਥੋੜ੍ਹਾ ਗੁੱਸੇ 'ਚ ਆ ਕੇ ਬੋਲਿਆ, "ਜੇ ਬੋਲਣਾ ਈ ਨ੍ਹੀਂ ਤਾਂ ਫੋਨ ਕਿਉਂ ਕੀਤਾ? ਕੌਣ ਐਂ ਤੂੰ?"

ਮੈਨੂੰ ਇਕਦਮ ਅਹਿਸਾਸ ਹੋਇਆ ਕਿ ਕਿਧਰੇ ਉਹ ਫੋਨ ਕੱਟ ਹੀ ਨਾ ਦੇਵੇ ਤੇ ਮੈਂ ਛੇਤੀ ਦੇਣੇ ਬੋਲੀ, "ਜਿੰਜ਼ਾਲ ਭਾਈ ਜਾਨ ਮੈਂ...ਮੈਂ ਆਸਮਾ।"

"ਹੈਂ! ਕੀ ਕਿਹਾ? ਆਸਮਾ?"

"ਹਾਂ ਭਾਈ ਜਾਨ ਮੈਂ ਆਸਮਾ।" ਇੰਨਾ ਆਖ ਮੈਂ ਡੁਸਕਣ ਲੱਗੀ। ਉਧਰੋਂ ਉਸ ਦੀ ਆਵਾਜ਼ ਨਾ ਆਈ। ਉਹ ਵੀ ਰੋਣ ਲੱਗਾ। ਫਿਰ ਛੇਤੀ ਹੀ ਅਸੀਂ ਸੰਭਲੇ। ਜਿੰਜ਼ਾਲ ਨੇ ਪੁੱਛਿਆ, "ਆਸਮਾ, ਇਸ ਵੇਲੇ ਤੂੰ ਕਿੱਥੇ ਐਂ?"

"ਭਾਈ ਜਾਨ ਮੈਂ ਮੋਸਲ ਸ਼ਹਿਰ 'ਚ ਆਂ। ਸਾਨੂੰ ਸਾਰੀਆਂ ਕੁੜੀਆਂ ਨੂੰ ਇਸਲਾਮਕ ਸਟੇਟ ਵਾਲੇ ਬੱਸਾਂ 'ਚ ਭਰ ਕੇ ਲੈ ਗਏ ਸਨ।"

"ਹਾਂ ਉਹ ਤਾਂ ਮੈਨੂੰ ਪਤਾ ਐ।"

"ਭਾਈ ਜਾਨ, ਆਪਣੇ ਪਰਿਵਾਰ ਦਾ ਕੀ ਬਣਿਆ? ਸਭ ਠੀਕ ਨੇ...?"

"ਆਸਮਾ, ਆਪਾਂ ਹੋਰਨਾਂ ਵਰਗੇ ਈ ਆਂ। ਦਾਊਦ ਦੀ ਹਾਲਤ ਸੁਧਰ ਗਈ ਐ ਪਰ ਖੈਰੀ ਦਾ ਅਜੇ ਇਕ ਹੋਰ ਅਪਰੇਸ਼ਨ ਹੋਵੇਗਾ। ਉਸ ਦੇ ਕਈ ਗੋਲੀਆਂ ਲੱਗੀਆਂ ਸਨ। ਉਂਜ ਦੋਨੋਂ ਅਜੇ ਹਸਪਤਾਲ 'ਚ ਈ ਨੇ ਪਰ ਹੁਣ ਖਤਰੇ ਵਾਲੀ ਕੋਈ ਗੱਲ ਨ੍ਹੀਂ।"

"ਅੰਮੀ ਤੇ ਆਪਣੇ ਬਾਕੀ ਭੈਣ ਭਰਾ...?"

ਜਿੰਜ਼ਾਲ ਨੇ ਮੇਰੀ ਗੱਲ ਵਿਚਕਾਰੋਂ ਹੀ ਕੱਟ ਦਿੱਤੀ ਤੇ ਕਿਹਾ, "ਆਸਮਾ, ਇਹ ਗੱਲਾਂ ਛੱਡ। ਤੂੰ ਮੈਨੂੰ ਦੱਸ ਕਿ ਮੈਂ ਕੁਛ ਹੋਰ ਗੱਲ ਕਰ ਸਕਦਾਂ? ਮੇਰਾ ਮਤਲਬ ਤੇਰੇ ਕੋਲ ਕੋਈ ਹੈ ਜਾਂ 'ਕੱਲੀ ਐਂ?"

"ਭਾਈ ਜਾਨ ਤੁਸੀਂ ਜੋ ਵੀ ਗੱਲ ਕਰਨੀ ਐਂ ਕਰ ਸਕਦੇ ਓਂ।"

"ਅੱਛਾ ਦੱਸ ਕਿ ਜ਼ਾਹਰਾ ਤੇ ਜ਼ੀਨਤ ਵੀ ਤੇਰੇ ਨਾਲ ਈ ਨੇ?"

"ਨਹੀਂ ਭਾਈ ਜਾਨ। ਸ਼ੁਰੂ 'ਚ ਅਸੀਂ ਇਕੱਠੀਆਂ ਸਾਂ, ਪਰ ਪਿੱਛੋਂ ਸਾਨੂੰ ਵੱਖਰੇ ਕਰ ਦਿੱਤਾ ਗਿਆ। ਉਸ ਪਿੱਛੋਂ ਮੈਂ ਸਿਰਫ ਇਕ ਵਾਰ ਉਨ੍ਹਾਂ ਨੂੰ ਮਿਲੀ। ਹੁਣ ਮੈਨੂੰ ਨ੍ਹੀਂ ਪਤਾ ਉਹ ਦੋਵੇਂ ਕਿੱਥੇ ਨੇ।"

"ਅੱਛਾ ਠੀਕ ਐ। ਚੰਗਾ ਦੱਸ ਕਿ ਤੂੰ ਇਥੋਂ ਭੱਜ ਕੇ ਨਿਕਲ ਸਕਦੀ ਐਂ?"

"ਭਾਈ ਜਾਨ ਮੈਂ ਨਿਕਲ ਸਕਦੀ ਆਂ, ਕਿਉਂਕਿ ਸਾਨੂੰ ਮੱਦਦ ਮਿਲਣ ਦੀ ਉਮੀਦ ਐ।" ਅੱਗੇ ਮੈਂ ਰਸ਼ੀਦਾ ਵਾਲੀ ਸਾਰੀ ਗੱਲ ਬਿਆਨ ਕਰ ਦਿੱਤੀ ਕਿ ਉਹ ਕਿਵੇਂ ਤੇ ਕਿਉਂ ਸਾਡੀ ਮੱਦਦ ਕਰ ਸਕਦੀ ਹੈ। ਫਿਰ ਮੈਂ ਪੁੱਛਿਆ, "ਭਾਈ ਜਾਨ ਮੈਨੂੰ ਪਤਾ ਲੱਗੈ ਕਿ ਕੁਛ ਸਮਾਜ-ਸੇਵੀ ਸੰਸਥਾਵਾਂ ਸਾਡੇ ਵਰਗੀਆਂ ਕੁੜੀਆਂ ਦੀ ਮੱਦਦ ਕਰ ਰਹੀਆਂ ਨੇ?"

"ਤੂੰ ਸਹੀ ਸੁਣਿਆ। ਬਲਕਿ ਇਸ ਕੰਮ 'ਚ ਤਾਂ ਇਸ ਵੇਲੇ ਅਮਰੀਕਾ ਵੀ ਮਦਦ ਕਰ ਰਿਹਾ ਐ। ਹੋਰ ਮੁਲਕ ਵੀ ਸਾਡੇ ਵੱਲ ਨੇ। ਮੈਂ ਖੁਦ ਅਜਿਹੀ ਹੀ ਇਕ ਕੁਰਦਸ਼ ਸੰਸਥਾ ਨਾਲ ਜੁੜਿਆ ਹੋਇਆਂ, ਜੋ ਇਸ ਕੰਮ 'ਚ ਪੂਰੀ ਸਰਗਰਮ ਹੈ। ਅਸੀਂ ਕਿੰਨੀਆਂ ਈ ਜਾਜ਼ੀਦੀ ਕੁੜੀਆਂ ਨੂੰ ਬਚਾ ਕੇ ਇੱਧਰ ਲਿਆ ਚੁਕੇ ਆਂ।"

ਜਿੰਜ਼ਾਲ ਦੀ ਗੱਲ ਸੁਣ ਕੇ ਮੈਨੂੰ ਅੰਤਾਂ ਦਾ ਹੌਸਲਾ ਹੋ ਗਿਆ। ਕੁਝ ਹੋਰ ਗੱਲਾਂ ਕਰਨ ਪਿਛੋਂ ਉਹ ਬੋਲਿਆ, "ਤੁਹਾਡੇ ਹੱਕ ਵਿਚ ਇਹ ਗੱਲ ਜਾਂਦੀ ਐ ਕਿ ਰਸ਼ੀਦਾ ਤੁਹਾਡੀ ਮੱਦਦ ਕਰੇਗੀ। ਤੇਰੀ ਦਿੱਤੀ ਸਾਰੀ ਜਾਣਕਾਰੀ ਆਪਣੀ ਸੰਸਥਾ ਨਾਲ ਸਾਂਝੀ ਕਰੂੰਗਾ। ਹੁਣ ਫੋਨ ਕੱਟ ਦੇਹ ਤੇ ਕੱਲ੍ਹ ਨੂੰ ਇਸੇ ਵੇਲੇ ਮੈਨੂੰ ਫੋਨ ਕਰੀਂ।"

ਮੈਂ ਸਹਿਮਤ ਹੁੰਦਿਆਂ ਫੋਨ ਕੱਟ ਦਿੱਤਾ ਤੇ ਵਾਪਸ ਜਾ ਕੇ ਫਿਰ ਰਸ਼ੀਦਾ ਨੂੰ ਜੱਫੀ ਪਾ ਲਈ। ਉਸ ਨੇ ਵੀ ਮੈਨੂੰ ਆਪਣੇ ਨਾਲ ਘੁੱਟ ਲਿਆ। ਇੰਨੇ ਨੂੰ ਕਿਸੇ ਨੇੜਲੀ ਮਸੀਤ ਤੋਂ ਸਪੀਕਰ ਬੋਲਣ ਲੱਗਾ। ਅਜ਼ਰ ਦੀ ਨਵਾਜ਼ ਸ਼ੁਰੂ ਹੋਣ ਲੱਗੀ ਸੀ। ਉਦੋਂ ਹੀ ਰਸ਼ੀਦਾ ਨੇ ਛੇਤੀ ਦੇਣੇ ਸਾਨੂੰ ਆਪਣੇ ਕਮਰਿਆਂ 'ਚ ਭੇਜ ਕੇ ਬਾਹਰੋਂ ਦਰਵਾਜੇ ਬੰਦ ਕਰ ਦਿੱਤੇ। ਕੁਝ ਦੇਰ ਬਾਅਦ ਹਾਜੀ ਅਮਰ ਘਰ ਆ ਗਿਆ। ਉਹ ਪਹਿਲਾਂ ਰਸੋਈ ਵੱਲ ਗਿਆ। ਫਿਰ ਉਧਰੋਂ ਰਸ਼ੀਦਾ ਦਾ ਰੋਣਾ ਕੁਲਾਉਣਾ ਸੁਣਦਾ ਰਿਹਾ। ਉਹ ਸ਼ਾਇਦ ਉਸ ਨੂੰ ਕੁੱਟ ਮਾਰ ਰਿਹਾ ਸੀ। ਕਿੰਨੀ ਹੀ ਦੇਰ ਉਧਰੋਂ ਲੜਨ ਝਗੜਨ ਦੀਆਂ ਆਵਾਜ਼ਾਂ ਆਉਂਦੀਆਂ ਰਹੀਆਂ। ਉਧਰੋਂ ਉਹ ਸਿੱਧਾ ਮੇਰੇ ਕਮਰੇ ਵੱਲ ਆਇਆ। ਦਰਵਾਜਾ ਖੋਲ੍ਹਦਿਆਂ ਉਸ ਨੇ ਮੈਨੂੰ ਕੱਪੜੇ ਉਤਾਰਨ ਦਾ ਹੁਕਮ ਸੁਣਾਇਆ। ਉਂਜ ਮੈਂ ਬਹੁਤ ਥੱਕੀ ਹੋਈ ਸਾਂ। ਮੈਨੂੰ ਥੋੜ੍ਹਾ ਬੁਖਾਰ ਵੀ ਸੀ। ਪਰ ਮੈਂ ਉਸ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੀ ਸੀ। ਚੁੱਪ-ਚਾਪ ਉਸ ਦਾ ਹੁਕਮ ਮੰਨਦੀ ਰਹੀ। ਅੱਧੀ ਰਾਤ ਤੱਕ ਉਹ ਮੈਨੂੰ ਨੋਚਦਾ ਰਿਹਾ। ਜਾਣ ਲੱਗੇ ਨੇ ਪਤਾ ਨਹੀਂ ਕਿਸ ਗੱਲੋਂ ਮੇਰੀ ਕੁੱਟਮਾਰ ਕੀਤੀ। ਪਰ ਮੈਂ ਜੀਭ ਦੰਦਾਂ ਹੇਠ ਲੈ ਕੇ ਸਭ ਸਹਿੰਦੀ ਗਈ। ਆਖਰ ਉਹ ਦਰਵਾਜਾ ਬੰਦ ਕਰਕੇ ਬਾਹਰ ਨਿਕਲ ਗਿਆ।

ਰਾਤ ਭਰ ਮੈਨੂੰ ਨੀਂਦ ਨਾ ਆਈ। ਮੈਨੂੰ ਜਿੰਜ਼ਾਲ ਦੀਆਂ ਗੱਲਾਂ ਨੇ ਹੌਸਲੇ ਵਿਚ ਕਰ ਦਿੱਤਾ ਸੀ। ਮੈਂ ਅੰਦਾਜ਼ੇ ਲਾਉਂਦੀ ਰਹੀ ਕਿ ਉਹ ਇਸ ਕਾਰਵਾਈ ਨੂੰ ਕਿਵੇਂ ਸਿਰੇ ਚੜ੍ਹਾਏਗਾ? ਪਰ ਮੈਨੂੰ ਕੁਝ ਸਮਝ ਨਾ ਆਇਆ। ਸਵੇਰ ਵੇਲੇ ਜ਼ਰਾ ਕੁ ਨੀਂਦ ਆਈ, ਉਦੋਂ ਨੂੰ ਸਦੇਹਾਂ ਹੀ ਹਾਜੀ ਅਮਰ ਨੇ ਆ ਦਰਵਾਜਾ ਖੋਲ੍ਹਿਆ। ਉਹ ਬੜਾ ਉਖੜਿਆ ਹੋਇਆ ਸੀ। ਜਾਣ ਲੱਗੇ ਨੇ ਕੁਰੱਖਤ ਆਵਾਜ਼ ਵਿਚ ਇੰਨਾ ਕਿਹਾ, "ਕਿਸੇ ਨੇ ਕੋਈ ਗੜਬੜ ਨ੍ਹੀਂ ਕਰਨੀ। ਜੇ ਕੋਈ ਅਜਿਹਾ ਕਰੂ ਤਾਂ ਮੈਂ ਅਜਿਹੀ ਸਜ਼ਾ ਦੇਊਂ ਕਿ ਸਦਾ ਯਾਦ ਰਹੂ।"

ਮੈਂ ਬੋਲੀ ਕੁਝ ਨਾ, ਬਸ ਸਿਰ ਝੁਕਾ ਕੇ 'ਹਾਂ' ਕਹੀ। ਉਸ ਦੇ ਜਾਣ ਦੀ ਦੇਰ ਸੀ ਕਿ ਰਸ਼ੀਦਾ ਆ ਗਈ। ਉਸ ਨੇ ਸਾਨੂੰ ਸਾਰੀਆਂ ਨੂੰ ਇਕ ਕਮਰੇ ਵਿਚ ਇਕੱਠੀਆਂ ਬਿਠਾ ਕੇ ਪਹਿਲਾਂ ਨਾਸ਼ਤਾ ਕਰਵਾਇਆ ਤੇ ਫਿਰ ਬੋਲੀ, "ਤੁਸੀਂ ਅੱਜ ਦੀ ਰਾਤ ਈ ਇੱਥੇ ਓਂ। ਕੱਲ੍ਹ ਨੂੰ ਤੁਹਾਨੂੰ ਸੀਰੀਆ ਨੂੰ ਤੋਰ ਦਿੱਤਾ ਜਾਵੇਗਾ। ਸੋ ਜੇ ਕੁਛ ਕਰ ਸਕਦੀਆਂ ਹੋ ਤਾਂ ਅੱਜ ਕਰ ਲਵੋ।"

ਸਾਡੇ ਵਿਚ ਚੁੱਪ ਵਰਤ ਗਈ। ਕੋਈ ਪਤਾ ਨਹੀਂ ਸੀ ਕਿ ਅਸੀਂ ਕੀ ਕਰੀਏ। ਫਿਰ ਮੈਂ ਰਸ਼ੀਦਾ ਵੱਲ ਵੇਖਦਿਆਂ ਪੁੱਛਿਆ, "ਰਸ਼ੀਦਾ, ਤੂੰ ਸਾਡੇ ਲਈ ਕੀ ਕਰ ਸਕਦੀ ਐਂ?"

"ਤੁਸੀਂ ਜੋ ਵੀ ਕਹੋਗੀਆਂ, ਮੈਂ ਕਰੂੰਗੀ। ਹੁਣ ਮੇਰਾ ਵੀ ਇੱਥੇ ਰਹਿਣਾ ਠੀਕ ਨ੍ਹੀਂ। ਹੋ ਸਕਦੈ, ਉਹ ਮੈਨੂੰ ਵੀ ਕੋਈ ਨੁਕਸਾਨ ਪਹੁੰਚਾ ਦੇਵੇ ਜਾਂ ਸ਼ਾਇਦ ਤੁਹਾਡੇ ਨਾਲ ਈ ਸੀਰੀਆ ਨੂੰ ਲੈ ਤੁਰੇ।"

"ਮੈਂ ਆਪਣੇ ਭਰਾ ਨੂੰ ਫੋਨ ਕਰ ਸਕਦੀ ਆਂ?" ਮੈਂ ਪੁੱਛਿਆ।

"ਹਾਂ, ਆਹ ਲੈ ਫੋਨ ਤੇ ਆਪਣੇ ਕਮਰੇ 'ਚ ਜਾਹ।" ਉਸ ਨੇ ਫੋਨ ਮੈਨੂੰ ਫੜ੍ਹਾ ਦਿੱਤਾ। ਮੈਂ ਕਮਰੇ 'ਚ ਜਾ ਕੇ ਜਿੰਜ਼ਾਲ ਨੂੰ ਫੋਨ ਮਿਲਾਇਆ। ਉਸ ਨੇ ਤੁਰੰਤ ਫੋਨ ਚੁੱਕ ਲਿਆ। ਸਰਸਰੀ ਹਾਲ-ਚਾਲ ਪੁੱਛਣ ਪਿਛੋਂ ਉਹ ਬੋਲਿਆ, "ਹਾਂ ਆਸਮਾ, ਪਹਿਲਾਂ ਤੂੰ ਆਪਣੇ ਬਾਰੇ ਦੱਸ?"

"ਭਾਈ ਜਾਨ ਸਾਨੂੰ ਰਸ਼ੀਦਾ ਨੇ ਦੱਸਿਆ ਐ ਕਿ ਕੱਲ੍ਹ ਨੂੰ ਸਾਨੂੰ ਸੀਰੀਆ ਵੱਲ ਤੋਰ ਦਿੱਤਾ ਜਾਵੇਗਾ।"

"ਅੱਛਾ...।" ਉਸ ਦੀ ਆਵਾਜ਼ ਦੱਸ ਰਹੀ ਸੀ ਜਿਵੇਂ ਉਹ ਵਿਚਲਤ ਹੋਵੇ। ਕੁਝ ਦੇਰ ਚੁੱਪ ਰਿਹਾ ਤੇ ਬੋਲਿਆ, "ਚੰਗਾ ਇਉਂ ਕਰ, ਤੂੰ ਹੁਣ ਫੋਨ ਕੱਟ ਦੇਹ। ਮੈਂ ਤੈਨੂੰ ਦਸ ਪੰਦਰਾਂ ਮਿੰਟ 'ਚ ਫੋਨ ਕਰਦਾਂ।"

ਮੈਂ ਫੋਨ ਕਟ ਬੈਡ 'ਤੇ ਬਹਿ ਗਈ। ਮਨ ਬਹੁਤ ਉਚਾਟ ਸੀ। ਕੁਝ ਵੀ ਨਹੀਂ ਸੀ ਸੁਝਦਾ। ਪਤਾ ਨਾ ਲੱਗਾ, ਕਦੋਂ ਪੰਦਰਾਂ ਮਿੰਟ ਬੀਤ ਗਏ ਤੇ ਜਿੰਜ਼ਾਲ ਦਾ ਫੋਨ ਆ ਗਿਆ। ਬੋਲਿਆ, "ਠੀਕ ਐ, ਸਭ ਤਿਆਰੀ ਹੋ ਗਈ ਐ। ਇਸ ਤੋਂ ਪਹਿਲਾਂ ਕਿ ਹਾਜੀ ਅਮਰ ਤੁਹਾਨੂੰ ਇਥੋਂ ਲੈ ਕੇ ਤੁਰੇ, ਤੂੰ ਹੀ ਕੁਛ ਕਰਨੈਂ।"

"ਦੱਸੋ ਭਾਈ ਜਾਨ...।"

"ਇਉਂ ਕਰਿਉ...।" ਅੱਗੇ ਉਹ ਮੈਨੂੰ ਸਮਝਾਉਣ ਲੱਗਾ। ਕੁਝ ਮਿੰਟ ਵਿਚ ਹੀ ਉਸ ਨੇ ਮੈਨੂੰ ਸਾਰੀ ਸਕੀਮ ਦੱਸ ਦਿੱਤੀ। ਨਾਲ ਹੀ ਉਸ ਤਾਕੀਦ ਕੀਤੀ ਕਿ ਕਿਧਰੇ ਵੀ ਗਲਤੀ ਨਹੀਂ ਕਰਨੀ। ਜਿਵੇਂ ਉਸ ਨੇ ਦੱਸਿਆ ਹੈ, ਉਵੇਂ ਹੀ ਕਰਨਾ ਹੈ। ਫਿਰ ਫੋਨ ਕੱਟਿਆ ਗਿਆ।

ਸਾਰਾ ਦਿਨ ਬਹੁਤ ਔਖਾ ਲੰਘਿਆ। ਦਿਨ ਵੇਲੇ ਮੈਂ ਰਸ਼ੀਦਾ ਨੂੰ ਵੀ ਸਮਝਾ ਦਿੱਤਾ ਕਿ ਉਸ ਨੇ ਕੀ ਕਰਨਾ ਹੈ। ਸ਼ਾਮ ਵੇਲੇ ਹਾਜੀ ਅਮਰ ਆ ਗਿਆ। ਰਾਤ ਉਵੇਂ ਹੀ ਲੰਘੀ ਜਿਵੇਂ ਪਹਿਲੀ ਰਾਤ ਲੰਘੀ ਸੀ। ਸਵੇਰ ਵੇਲੇ ਹਾਜੀ ਅਮਰ ਮੇਰੇ ਕਮਰੇ ਵਿਚ ਆਇਆ ਤੇ ਹੁਕਮੀਏ ਲਹਿਜੇ 'ਚ ਬੋਲਿਆ, "ਹੁਣ ਮੈਂ ਜਾ ਰਿਹਾਂ, ਦੁਪਹਿਰ ਤੱਕ ਮੁੜ ਆਊਂ। ਉਸ ਪਿੱਛੋਂ ਆਪਾਂ ਸੀਰੀਆ ਨੂੰ ਤੁਰ ਪੈਣਾ। ਤਿਆਰ ਰਿਹੋ।"

"ਹਾਜੀ, ਮੈਨੂੰ ਸੀਰੀਆ ਨਾ ਭੇਜ, ਮੈਂ ਤੇਰੀਆਂ ਮਿੰਨਤਾਂ ਕਰਦੀ ਆਂ।" ਮੈਂ ਥੋੜ੍ਹਾ ਨਾਟਕ ਕੀਤਾ। ਉਂਜ ਮੈਂ ਜਾਣਦੀ ਸੀ ਕਿ ਉਸ ਤੋਂ ਪਹਿਲਾਂ ਹੀ ਬਹੁਤ ਕੁਝ ਹੋ ਜਾਣਾ ਹੈ। ਮੇਰੀ ਗੱਲ ਦੇ ਜੁਆਬ ਵਿਚ ਉਸ ਨੇ ਕੁਝ ਨਾ ਕਿਹਾ। ਅੱਖਾਂ ਵਿਖਾਉਂਦਾ ਬਾਹਰ ਨਿਕਲ ਗਿਆ। ਉਸ ਦੇ ਜਾਂਦਿਆਂ ਹੀ ਰਸ਼ੀਦਾ ਆ ਗਈ। ਮੈਂ ਛੇਤੀ ਦੇਣੇ ਪੁੱਛਿਆ, ਕੰਮ ਹੋ ਗਿਐ? ਰਸ਼ੀਦਾ ਨੇ ਦੱਸਿਆ ਕਿ ਉਸ ਨੇ ਉਵੇਂ ਹੀ ਕਰ ਦਿੱਤਾ ਹੈ ਜਿਵੇਂ ਮੈਂ ਉਸ ਨੂੰ ਕਰਨ ਨੂੰ ਕਿਹਾ ਸੀ।

ਅਸਲ ਵਿਚ ਕੱਲ੍ਹ ਮੈਨੂੰ ਜਦੋਂ ਜਿੰਜ਼ਾਲ ਨੇ ਦੁਬਾਰਾ ਫੋਨ ਕੀਤਾ ਤਾਂ ਮੈਨੂੰ ਦੱਸਿਆ ਸੀ ਕਿ ਹਾਜੀ ਅਮਰ ਬਹੁਤ ਵੱਡਾ ਅਤਿਵਾਦੀ ਹੈ। ਉਹ ਅਮਰੀਕਨ ਇੰਟੈਲੀਜੈਂਸੀ ਦੀ ਲਿਸਟ 'ਤੇ ਹੈ। ਇਸੇ ਕਰਕੇ ਜਿੰਜ਼ਾਲ ਦੀ ਕੁਰਦਸ਼ ਸੰਸਥਾ ਵਾਲਿਆਂ ਨੇ ਅਮਰੀਕਨਾਂ ਨਾਲ ਗੱਲ ਕੀਤੀ। ਅੱਗੋਂ ਅਮਰੀਕਨ ਜਨਰਲ ਨੇ ਹਾਜੀ ਅਮਰ ਦਾ ਪ੍ਰਬੰਧ ਕਰਨ ਲਈ ਸਾਰੀ ਸਕੀਮ ਉਲੀਕ ਦਿੱਤੀ ਸੀ। ਮੈਨੂੰ ਸਿਰਫ ਇੰਨਾ ਹੀ ਕਿਹਾ ਸੀ ਕਿ ਜਿਸ ਵੇਲੇ ਹਾਜੀ ਅਮਰ ਘਰੋਂ ਤੁਰੇ ਤਾਂ ਉਸ ਤੋਂ ਪਹਿਲਾਂ ਉਸ ਦੀ ਕਾਰ ਵਿਚ ਮੈਂ ਉਹ ਫੋਨ ਰੱਖ ਦੇਵਾਂ, ਜਿਸ ਤੋਂ ਮੈਂ ਜਿੰਜ਼ਾਲ ਨੂੰ ਫੋਨ ਕੀਤਾ ਸੀ। ਮੈਂ ਅਗਾਂਹ ਇਹ ਕੰਮ ਰਸ਼ੀਦਾ ਨੂੰ ਸੌਂਪ ਦਿੱਤਾ। ਅੱਜ ਜਦੋਂ ਸਵੇਰੇ ਹਾਜੀ ਅਮਰ ਮੇਰੇ ਕਮਰੇ ਵਿਚ ਆਇਆ ਤਾਂ ਉਦੋਂ ਰਸ਼ੀਦਾ ਨੇ ਉਸ ਦੀ ਕਾਰ ਦੀ ਡਿੱਗੀ ਵਿਚ ਉਹ ਫੋਨ ਰੱਖ ਦਿੱਤਾ। ਜਦੋਂ ਘਰੋਂ ਉਸ ਦੀ ਕਾਰ ਤੁਰੀ, ਅਮਰੀਕਨ ਅਥਾਰਟੀ ਨੇ ਉਸੇ ਵੇਲੇ ਉਸ ਨੂੰ ਮਾਨੀਟਰ ਕਰਨਾ ਸ਼ੁਰੂ ਕਰ ਦਿੱਤਾ। ਅੱਧੇ ਘੰਟੇ ਬਾਅਦ ਜਦੋਂ ਕਾਰ ਸ਼ਹਿਰੋਂ ਨਿਕਲ ਵੱਡੀ ਸੜਕ ਉਤੇ ਜਾ ਰਹੀ ਸੀ ਤਾਂ ਅਚਾਨਕ ਅਸਮਾਨ ਵਿਚ ਅਮਰਕੀਨ ਜਹਾਜ ਦਿੱਸਿਆ। ਜਹਾਜ ਨੇ ਫੋਨ ਨੂੰ ਨਿਸ਼ਾਨਾ ਬਣਾ ਕੇ ਮਿਜ਼ਾਇਲ ਛੱਡੀ। ਮਿਜ਼ਾਇਲ ਨੇ ਅੱਖ ਦੇ ਫੋਰ ਵਿਚ ਹੀ ਹਾਜੀ ਅਮਰ ਦੀ ਕਾਰ ਦੇ ਪਰਖਚੇ ਉਡਾ ਦਿੱਤੇ।

ਜਿੰਜ਼ਾਲ ਦੇ ਦੱਸੇ ਅਨੁਸਾਰ, ਜਿਉਂ ਹੀ ਹਾਜੀ ਅਮਰ ਘਰੋਂ ਨਿਕਲਿਆ ਤਾਂ ਉਸ ਦੇ ਅੱਧੇ ਘੰਟੇ ਪਿੱਛੋਂ, ਅਸੀਂ ਘਰੋਂ ਤੁਰਨ ਲਈ ਤਿਆਰ ਹੋ ਗਈਆਂ। ਰਸ਼ੀਦਾ ਨੇ ਕਿਹਾ ਸੀ ਕਿ ਅਸੀਂ ਉਸ ਦਾ ਕੋਈ ਫਿਕਰ ਨਾ ਕਰੀਏ ਕਿਉਂਕਿ ਉਸ ਨੂੰ, ਉਸ ਦਾ ਕੋਈ ਰਿਸ਼ਤੇਦਾਰ ਇਥੋਂ ਕੱਢ ਕੇ ਲੈ ਜਾਵੇਗਾ। ਅਸੀਂ ਤਿੰਨਾਂ ਨੇ ਉਸ ਨੂੰ ਜੱਫੀ ਪਾਉਂਦਿਆਂ ਉਸ ਦਾ ਧੰਨਵਾਦ ਕੀਤਾ। ਫਿਰ ਆਪੋ ਆਪਣੇ ਢੰਗ ਨਾਲ ਬਾਹਰ ਨਿਕਲਣ ਲੱਗੀਆਂ। ਮੈਂ ਆਪਣਾ ਬੈਗ ਖੋਲ੍ਹਿਆ। ਬੁਰਕਾ ਕੱਢ ਕੇ ਪਹਿਨ ਲਿਆ। ਦਰਵਾਜੇ 'ਚ ਆ ਕੇ ਬਾਹਰ ਨਜ਼ਰ ਮਾਰੀ। ਫਿਰ ਰੱਬ ਨੂੰ ਯਾਦ ਕਰਦਿਆਂ ਗਲੀ 'ਚ ਪੈਰ ਰੱਖਿਆ। ਪਹਿਲਾਂ ਮੇਰੇ ਕਦਮ ਕੰਬ ਰਹੇ ਸਨ, ਪਰ ਛੇਤੀ ਹੀ ਮੈਂ ਇਉਂ ਤੁਰਨ ਲੱਗੀ ਜਿਵੇਂ ਇਥੇ ਦੀ ਹੀ ਰਹਿਣ ਵਾਲੀ ਹੋਵਾਂ ਤੇ ਆਪਣੇ ਘਰ ਨੂੰ ਜਾ ਰਹੀ ਹੋਵਾਂ। ਦੁਪਹਿਰ ਵੇਲਾ ਸੀ। ਗਲੀ ਵਿਚ ਕੋਈ ਖਾਸ ਹਿੱਲ-ਜੁੱਲ ਨਹੀਂ ਸੀ।

ਥੋੜ੍ਹੀ ਦੇਰ ਬਾਅਦ ਸਾਹਮਣਿਓਂ ਦੋ ਜਣੇ ਆਉਂਦੇ ਦਿੱਸੇ। ਮੇਰਾ ਸਾਰਾ ਸਰੀਰ ਬੁਰਕੇ ਵਿਚ ਢਕਿਆ ਹੋਇਆ ਸੀ। ਸਿਰਫ ਅੱਖਾਂ ਨੰਗੀਆਂ ਸਨ। ਉਹ ਵੀ ਮੇਰੀ ਨੀਵੀਂ ਪਾਈ ਹੋਣ ਕਾਰਨ ਕਿਸੇ ਨੂੰ ਦਿੱਸ ਨਹੀਂ ਸਨ ਰਹੀਆਂ। ਸਾਹਮਣਿਓਂ ਆਉਣ ਵਾਲੇ ਜਦੋਂ ਬਰਾਬਰ ਆ ਗਏ ਤਾਂ ਮੈਂ ਅੱਖਾਂ ਦੇ ਕੋਇਆਂ 'ਚੋਂ ਉਧਰ ਨਜ਼ਰ ਮਾਰੀ। ਪਰ ਉਹ ਆਪਣੀਆਂ ਗੱਲਾਂ ਵਿਚ ਮਗਨ, ਮੇਰੇ ਵੱਲੋਂ ਬੇਧਿਆਨੇ ਅੱਗੇ ਲੰਘ ਗਏ। ਮੇਰਾ ਉਤਸ਼ਾਹ ਵਧ ਗਿਆ। ਮੈਨੂੰ ਜਾਪਿਆ ਕਿ ਕਿਸੇ ਦੇ ਵੀ ਇਹ ਗੱਲ ਖਿਆਲ ਵਿਚ ਨਹੀਂ ਆਵੇਗੀ ਕਿ ਮੈਂ ਕੋਈ ਬਾਹਰਲੀ ਹਾਂ। ਮੈਂ ਹੋਰ ਹੌਸਲੇ 'ਚ ਤੁਰਨ ਲੱਗੀ। ਇੰਨੇ ਨੂੰ ਸਾਹਮਣਿਓਂ ਵੱਡਾ ਪਿਕਅੱਪ ਟਰੱਕ ਆਉਂਦਾ ਦਿੱਸਿਆ। ਉਸ ਦੇ ਦੋਹੀਂ ਪਾਸੀਂ ਚਿੱਟੇ ਅਤੇ ਕਾਲੇ ਰੰਗ ਦੇ ਝੰਡੇ ਲਹਿਰਾ ਰਹੇ ਸਨ। ਉਧਰ ਵੇਖਦਿਆਂ ਹੀ ਮੈਂ ਪ੍ਰੇਸ਼ਾਨ ਹੋ ਗਈ, ਕਿਉਂਕਿ ਇਹ ਇਸਲਾਮਕ ਸਟੇਟ ਵਾਲਿਆਂ ਦਾ ਟਰੱਕ ਸੀ।

ਮਿਲੀਟੈਂਟ ਰਾਈਫਲਾਂ ਲਈ ਪਿੱਛੇ ਖੜ੍ਹੇ ਸਨ। ਮੇਰਾ ਸਾਰਾ ਸਰੀਰ ਕੰਬ ਗਿਆ। ਜਾਪਿਆ, ਬਸ ਇੰਨਾ ਕੁ ਹੀ ਆਉਣਾ ਸੀ। ਫਿਰ ਮੈਨੂੰ ਅਚਾਨਕ ਸੋਚ ਫੁਰੀ। ਟਰੱਕ ਨੇੜੇ ਆਉਣ ਤੋਂ ਪਹਿਲਾਂ ਹੀ ਮੈਂ ਸੱਜੇ ਹੱਥ ਦੀ ਗਲੀ ਮੁੜ ਗਈ। ਬਿਨਾ ਮੇਰੇ ਵੱਲ ਧਿਆਨ ਦਿੱਤਿਆਂ, ਟਰੱਕ ਵਾਲੇ ਕੋਲ ਦੀ ਲੰਘ ਗਏ। ਅੱਗੋਂ ਮੈਂ ਇਹੀ ਤਰੀਕਾ ਅਪਨਾ ਲਿਆ। ਜਦੋਂ ਹੀ ਕੋਈ ਸਾਹਮਣਿਉਂ ਆਉਂਦਾ ਦਿੱਸਦਾ ਤਾਂ ਇੱਧਰ ਉਧਰ ਦੀ ਗਲੀ ਮੁੜ ਜਾਂਦੀ। ਇਸ ਤਰ੍ਹਾਂ ਕਿਸੇ ਦਾ ਮੇਰੇ ਵੱਲ ਧਿਆਨ ਹੀ ਨਾ ਜਾਂਦਾ। ਇੰਨੇ ਨੂੰ ਮੈਨੂੰ ਥਕੇਵਾਂ ਮਹਿਸੂਸ ਹੋਇਆ ਤਾਂ ਖਿਆਲ ਆਇਆ ਕਿ ਮੈਨੂੰ ਤੁਰੀ ਨੂੰ ਘੰਟਾ ਕੁ ਹੋ ਗਿਆ ਸੀ। ਮੇਰਾ ਕੋਈ ਮਿੱਥਿਆ ਮੁਕਾਮ ਤਾਂ ਹੈ ਨਹੀਂ ਸੀ ਬਸ ਇਵੇਂ ਇੱਧਰ ਉਧਰ ਤੁਰੀ ਜਾ ਰਹੀ ਸਾਂ। ਉਂਜ ਮੈਂ ਵੇਖ ਲਿਆ ਸੀ ਕਿ ਜਿੱਧਰ ਮੈਂ ਜਾ ਰਹੀ ਹਾਂ, ਇੱਧਰ ਗਰੀਬ ਇਲਾਕਾ ਹੈ। ਖਿਆਲ ਆਇਆ, ਇਹ ਚੰਗਾ ਹੈ ਕਿਉਂਕਿ ਗਰੀਬਾਂ ਵੱਲ ਕੌਣ ਆਉਂਦਾ ਹੈ? ਪਰ ਹੁਣ ਤੱਕ ਥਕੇਵੇਂ ਦੇ ਨਾਲ ਨਾਲ ਜਾਪਿਆ ਜਿਵੇਂ ਮੈਨੂੰ ਬੁਖਾਰ ਹੋਵੇ। ਪਿਆਸ ਵੀ ਚਮਕਣ ਲੱਗੀ। ਉਤੋਂ ਅਗਸਤ ਮਹੀਨੇ ਦੀ ਗਰਮੀ ਵੀ ਜਾਨ ਕੱਢੀ ਜਾ ਰਹੀ ਸੀ। ਜੀਅ ਕਰਦਾ ਸੀ ਕਿ ਥਾਂਏਂ ਬਹਿ ਜਾਵਾਂ। ਪਰ ਮੈਂ ਕੋਈ ਖਤਰਾ ਨਹੀਂ ਲੈ ਸਕਦੀ ਸੀ। ਮੇਰਾ ਨਿਸ਼ਾਨਾ ਸੀ ਕਿ ਸ਼ਾਮ ਤੱਕ ਇਵੇਂ ਹੀ ਘੁੰਮਦੇ ਰਹਿਣਾ ਹੈ। ਉਂਜ ਪਲੋ ਪਲ ਤੁਰਨਾ ਮੁਸ਼ਕਿਲ ਹੋ ਰਿਹਾ ਸੀ, ਪਰ ਮੈਂ ਤੁਰੀ ਜਾ ਰਹੀ ਸਾਂ।

ਇਸ ਤਰ੍ਹਾਂ ਇੱਧਰ ਉਧਰ ਤੁਰੇ ਫਿਰਦਿਆਂ ਸ਼ਾਮ ਹੋਣ ਲੱਗੀ। ਹੁਣ ਮੈਂ ਬਿਲਕੁਲ ਗਰੀਬ ਜਿਹੀ ਬਸਤੀ ਵਿਚ ਆ ਗਈ। ਹਨੇਰਾ ਛਾਉਣ ਲੱਗਾ। ਮੈਥੋਂ ਇਕ ਕਦਮ ਵੀ ਨਹੀਂ ਚੁੱਕਿਆ ਜਾ ਰਿਹਾ ਸੀ। ਇੱਥੇ ਆ ਕੇ ਮੈਂ ਸੋਚਿਆ ਕਿ ਹੁਣ ਮੈਨੂੰ ਖਤਰਾ ਮੁੱਲ ਲੈਣਾ ਹੀ ਪਵੇਗਾ। ਮੈਨੂੰ ਕਿਸੇ ਦੇ ਘਰ ਦਾ ਦਰਵਾਜਾ ਖੜਕਾਉਣਾ ਹੀ ਪਵੇਗਾ। ਬਸ ਰੱਬ ਉਤੇ ਡੋਰੀ ਸੀ ਕਿ ਕਿਸੇ ਰਸ਼ੀਦਾ ਵਰਗੇ ਰਹਿਮ ਦਿਲ ਇਨਸਾਨ ਦਾ ਦਰਵਾਜਾ ਖੜਕਾਵਾਂ,

*(ਅਗਲੇ ਸਫੇ 'ਤੇ ਜਾਰੀ)*

# ਵਜੀਰ ਖਾਨ ਦੀ ਬਾਬਾ ਬੰਦਾ ਸਿੰਘ ਨੂੰ ਚਿੱਠੀ ਤੇ ਸਰਹਿੰਦ ਦੀ ਲੜਾਈ

ਸਾਹਿਬਜ਼ਾਦਿਆਂ ਦਾ ਦੁੱਖ ਨਾ ਜਾਏ ਝੱਲਿਆ।
ਫੜ੍ਹ ਲਓ ਵਜੀਦਾ ਸਿੰਘੋ ਨੱਠ ਚੱਲਿਆ।

ਬਾਬਾ ਬੰਦਾ ਸਿੰਘ ਨੇ ਸਢੌਰਾ ਜਿੱਤ ਕੇ ਸਰਹਿੰਦ ਉਤੇ ਹਮਲਾ ਕਰਨ ਦੀ ਡੌਂਡੀ ਫਿਰਾ ਕੇ ਸਰਹਿੰਦ ਜਾਣ ਲਈ ਖਾਲਸਾ ਫੌਜ ਲੈ ਕੇ ਸਢੌਰੇ ਤੋਂ ਕੂਚ ਕਰ ਦਿਤਾ। ਕਈ ਧਾੜਵੀ ਵੀ ਘੋੜੇ, ਤਲਵਾਰਾਂ, ਬਰਛੀਆਂ ਅਤੇ ਤੀਰ ਕਮਾਨ ਲੈ ਕੇ ਬਾਬਾ ਜੀ ਕੋਲ ਆ ਗਏ।

**ਵਜੀਰ ਖਾਂ (ਵਜੀਦੇ) ਦੀ ਬਾਬਾ ਜੀ ਨੂੰ ਚਿੱਠੀ:** ਸਢੌਰੇ ਦੀ ਖਬਰ ਅਤੇ ਡੌਂਡੀ ਸੁਣ ਕੇ ਵਜੀਦਾ ਡਰ ਗਿਆ, ਪਰ ਫੌਜੀ ਤਾਕਤ ਉਤੇ ਮਾਣ ਕਰਦਿਆਂ ਚਿੱਠੀ ਲਿਖ ਕੇ ਆਪਣੇ ਕਾਸਦ ਦੇ ਹੱਥ ਬਾਬਾ ਜੀ ਨੂੰ ਸਢੌਰੇ ਭੇਜ ਦਿੱਤੀ:

**ਨਿਰਮਲ ਸਿੰਘ ਕਾਹਲੋਂ, ਸਿਡਨੀ**
**ਫੋਨ: 0468395922**
kahlonhayatnagar94@gmail.com

"ਇਤਨਾ ਮੁਲਕ ਲੁੱਟ ਕੇ ਤੇਰੀ ਭੁੱਖ ਨਹੀਂ ਗਈ, ਤੂੰ ਮੂੰਹ ਚੁੱਕੀ ਇੱਧਰ ਆ ਰਿਹਾ ਹੈਂ। ਤੂੰ ਮੇਰੀ ਤਾਕਤ ਨੂੰ ਜਾਣਦਾ ਨਹੀਂ? ਜਾਹ, ਹੁਣ ਵੀ ਮੁੜ ਜਾਹ, ਦਹੀਂ ਦੇ ਧੋਖੇ ਕਪਾਹ ਨਾ ਖਾ ਜਾਈਂ। ਅਨਾਰ ਦੇ ਭੁਲੇਖੇ ਤੋਤੇ ਨੇ ਨਾਰੀਅਲ ਨੂੰ ਜਾ ਮੂੰਹ ਪਾਇਆ, ਵਿਚੇ ਚੁੰਜ ਫਸ ਗਈ, ਲਟਕਦਾ ਹੋਇਆ ਸੁੱਕ ਕੇ ਮਰ ਗਿਆ। ਮੈਂ ਉਹ ਹੀ ਵਜੀਰ ਖਾਨ ਹਾਂ, ਜਿਸ ਨੇ ਤੇਰੇ ਗੁਰੂ ਨੂੰ ਦੇਸ ਵਿਚੋਂ ਕੱਢਿਆ ਹੈ, ਤੈਨੂੰ ਦੀਨ ਦੁਨੀਆਂ-ਦੋਹਾਂ ਤੋਂ ਕੱਢਾਂਗਾ। ਅਜੇ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਤੈਨੂੰ ਬੈਰਾਗੀ, ਫਕੀਰ, ਮੰਗਤਾ ਜਾਣ ਕੇ ਛੱਡਦਾ ਹਾਂ। ਫਕੀਰਾਂ ਦਾ ਕੰਮ ਨਹੀਂ ਬਾਦਸ਼ਾਹਾਂ ਨਾਲ ਆਢੇ ਲਾਉਣੇ। ਤੈਂ ਜੋ 'ਗੰਜੀ ਗੁਟਾਰ ਟੀਸੀ ਆਲ੍ਹਣੇ' ਵਾਲੀ ਚਾਲ ਫੜ੍ਹ ਰੱਖੀ ਹੈ, ਖੰਭ ਖੁਸਾ ਕੇ ਜਾਏਂਗਾ।"

**ਬਾਬਾ ਜੀ ਦਾ ਉਤਰ:** ਬਾਬਾ ਜੀ ਨੇ ਕਾਸਦ ਨੂੰ ਲੰਗਰ ਛਕਾ ਕੇ ਉਤਰ ਲਿਖ ਕੇ ਉਸੇ ਕਾਸਦ ਦੇ ਹੱਥ ਵਜੀਦੇ ਨੂੰ ਭੇਜ ਦਿੱਤਾ:

"ਮਾਯਾ ਕਿਸੇ ਦੀ ਨਹੀਂ, ਇਸ ਨੇ ਰਾਵ ਰੰਕ, ਪੀਰ, ਫਕੀਰ ਸਭ ਭੋਗ ਲੀਤੇ ਹਨ, ਮੈਂ ਇਸ ਲੁਟ ਦੀ ਝੂਠੀ ਮਾਯਾ ਵਾਸਤੇ ਨਹੀਂ ਆਇਆ, ਜਿਸ ਕੰਮ ਲਈ ਆਇਆ ਹਾਂ, ਉਹ ਕਰੇ ਬਿਨਾ ਨਹੀਂ ਹਟਦਾ ਅਤੇ ਨਾ ਕਿਸੇ ਦੇ ਮਾਰਿਆਂ ਮਰਾਂਗਾ। ਹੋਵੇਗਾ ਵੀ ਓਹੋ, ਜੋ ਮੇਰੇ ਗੁਰੂ ਦਾ ਭਾਣਾ ਹੈ। ਮੈਂ ਤੈਨੂੰ ਨਹੀਂ ਮਾਰਨਾ, ਤੇਰੇ ਪਾਪ ਤੈਨੂੰ ਮਾਰਨਗੇ। ਮੀਆਂ, ਅਸੀਂ ਤਾਂ ਡਰੀਏ ਜੇ ਪਾਪ ਕਰੀਏ। ਸਾਨੂੰ ਹੁਕਮ ਹੈ, ਜੋ ਲੋਕ ਜਾਲਮ, ਜਬਰੀਆਂ, ਜੁਲਮ ਕਰਨ ਵਾਲੇ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਕਰਮਾਂ ਦੇ ਫਲ ਦਿਓ। ਇਹੋ ਸਾਫ ਇਨਸਾਫ ਕਰਨ ਵਾਸਤੇ ਮੈਨੂੰ ਮੇਰੇ ਗੁਰੂ ਜੀ ਨੇ ਭੇਜਿਆ ਹੈ, ਤੈਨੂੰ ਕਿਸੇ ਭਾਂਤ ਨਹੀਂ ਛੱਡਾਂਗਾ। ਹੁਣ ਕਾਇਰ ਨਾ ਬਣ, ਸਾਹਮਣੇ ਹੋ ਕੇ ਲੜ, ਜਾਂ ਗੁਰੂ ਦਾ ਲੜ ਫੜ੍ਹ।"

ਲੋਕਾਂ 'ਚ ਚਰਚਾ ਸੀ ਕਿ ਵਜੀਦੇ ਪਾਪੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਮਾਸੂਮ ਬੱਚਿਆਂ ਨੂੰ ਕਤਲ ਕਰਨ ਦੀ ਸਜ਼ਾ ਮਿਲਣੀ ਚਾਹੀਦੀ ਹੈ। ਕੋਈ ਕਹਿ ਰਿਹਾ ਸੀ, ਵਜੀਦੇ ਨੂੰ ਸਜ਼ਾ ਦੇਣ ਲਈ ਹੀ ਬਾਬਾ ਬੰਦਾ ਬਹਾਦਰ ਆਇਆ ਹੈ।


**ਜੰਗ ਦੀ ਤਿਆਰੀ:** ਵਜੀਰ ਖਾਂ ਨੇ ਦਰਬਾਰ ਕਰਕੇ ਜਰਨੈਲਾਂ ਅਤੇ ਜਗੀਰਦਾਰਾਂ ਨੂੰ ਅਸਲਾ ਅਤੇ ਮੋਰਚੇ ਵੰਡ ਕੇ ਹੁਕਮ ਦਿੱਤਾ, "ਆਪਣੀ ਆਪਣੀ ਫੌਜ ਲੈ ਕੇ ਮੋਰਚੇ ਪੱਕੇ ਕਰਕੇ ਲੜੋ, ਜਿਸ ਨੇ ਕੁਤਾਹੀ ਕੀਤੀ, ਉਸ ਦੀ ਜਗੀਰ ਜ਼ਬਤ ਕਰਕੇ ਸਖਤ ਸਜ਼ਾ ਦਿੱਤੀ ਜਾਏਗੀ।" ਵਜੀਦੇ ਨੇ ਜਹਾਦ ਦੀ ਲਲਕਾਰ ਵੀ ਲਾ ਦਿੱਤੀ, ਹਜਾਰਾਂ ਮੁਸਲਮਾਨ ਵੀ ਹੱਥਾਂ ਨੂੰ ਮਹਿੰਦੀ ਲਾ ਕੇ, ਗਾਨੇ ਬੰਨ ਕੇ ਕਾਫਰਾਂ ਨਾਲ ਜੰਗ ਵਿਚ ਸ਼ਹੀਦ ਹੋ ਕੇ ਬਹਿਸ਼ਤ ਨੂੰ ਜਾਣ ਲਈ ਤਿਆਰ ਹੋ ਗਏ।

ਵਜੀਦੇ ਨੇ ਦੀਵਾਨ ਸੁੱਚਾ ਨੰਦ ਦੇ ਭਤੀਜੇ ਗੰਡਾ ਮੱਲ ਖੱਤਰੀ ਨੂੰ 500 ਘੋੜ ਅਸਵਾਰ ਦੇ ਕੇ ਬਾਬਾ ਜੀ ਦੀ ਫੌਜ ਵਿਚ ਘੁਲ ਮਿਲ ਜਾਣ ਲਈ ਭੇਜਿਆ ਤਾਂ ਜੋ ਹੋ ਸਕੇ ਬੰਦੇ ਨੂੰ ਮਾਰ ਦੇਵੇ ਨਹੀਂ ਤਾਂ ਸਿੰਘਾਂ ਵਿਚ ਭਾਜੜ ਪਾਉਣ ਲਈ ਲੜਾਈ ਵਿਚੋਂ ਭਗੌੜਾ ਹੋ ਜਾਏ। ਇਸ ਨੇ ਬਾਬਾ ਜੀ ਨੂੰ ਦੱਸਿਆ, "ਬਾਬਾ ਜੀ ਇਨ੍ਹਾਂ ਮਲੇਸ਼ਾਂ ਨੇ ਸਾਡੇ ਉਤੇ ਬੜੇ ਹੀ ਜੁਲਮ ਕੀਤੇ ਹਨ, ਬਦਲਾ ਲੈਣ ਲਈ ਮੈਂ ਤੁਹਾਡੀ ਸ਼ਰਨ ਵਿਚ ਆਇਆ ਹਾਂ।"

ਬਾਬਾ ਜੀ ਨੇ ਇਸ ਦੀ ਨਿਗਰਾਨੀ ਬਾਜ ਸਿੰਘ ਅਤੇ ਫਤਿਹ ਸਿੰਘ ਨੂੰ ਦੇ ਦਿੱਤੀ।

ਜੰਗੀ ਸਮਾਨ ਅਤੇ ਫੌਜ ਵੇਖ ਕੇ ਜਰਨੈਲ ਚਰਚਾ ਕਰ ਰਹੇ ਸਨ, "ਬੰਦੇ ਦੀ ਵੰਗਾਰੀ ਧਾੜ ਸਾਡੀ ਸਿੱਖੀ ਹੋਈ ਫੌਜ ਅੱਗੇ ਟਿਕ ਨਹੀਂ ਸਕਦੀ। ਤੱਤ ਖਾਲਸਾ ਤਾਂ ਲੜਾਈ ਕਰੇਗਾ, ਪਰ ਉਨ੍ਹਾਂ ਕੋਲ ਹੈ ਕੀ? ਤੋਪਾਂ ਦਾ ਖੜਕਾ ਸੁਣ ਕੇ ਫਸਲੀ ਬਟੇਰੇ ਨਾਹ ਠੂਹ ਕਰਕੇ ਦੌੜ ਜਾਣਗੇ। ਬੰਦੇ ਦਾ ਕੋਈ ਘਰ ਘਾਟ ਨਹੀਂ, ਕਿੱਥੇ ਜਾਊ? ਫੜ੍ਹ ਕੇ ਬਾਦਸ਼ਾਹ ਦੇ ਪੇਸ਼ ਕਰਾਂਗੇ।" ਪਰ ਡਰਦੇ ਵੀ ਸਨ ਕਿ ਬੰਦਾ ਕਰਾਮਾਤੀ ਹੈ, ਭੂਤਾਂ ਕੋਲੋਂ ਪਰਲੋ ਕਰਾ ਦੇਵੇਗਾ। ਸਰਹਿੰਦ ਦੇ ਲੋਕਾਂ ਨੇ ਨਕਦੀ ਤੇ ਗਹਿਣੇ ਜਮੀਨ ਵਿਚ ਦੱਬ ਦਿੱਤੇ, ਕਈ ਪਰਿਵਾਰ ਲੈ ਕੇ ਰਿਸ਼ਤੇਦਾਰਾਂ ਕੋਲ ਚਲੇ ਗਏ। ਵਜੀਦੇ ਦਾ ਲੜਕਾ ਸਮਦ ਖਾਨ ਪਰਿਵਾਰ ਲੈ ਕੇ ਦਿੱਲੀ ਦੌੜ ਗਿਆ।

ਮਾਝੇ ਅਤੇ ਦੁਆਬੇ ਦੇ ਸਿੰਘ ਰੋਪੜ ਨੇੜੇ ਵਜੀਦੇ ਵਲੋਂ ਮਲੇਰਕੋਟਲੇ ਦੀ ਭੇਜੀ ਫੌਜ ਨੂੰ ਦੋ ਦਿਨਾਂ ਦੀ ਲੜਾਈ ਵਿਚ ਨਵਾਬ ਸ਼ੇਰ ਮੁਹੰਮਦ ਖਾਂ ਅਤੇ ਖਿਜਰ ਖਾਂ ਨੂੰ ਮਾਰ ਕੇ ਜਿੱਤ ਪ੍ਰਾਪਤ ਕਰਕੇ ਬਾਬਾ ਬੰਦਾ ਸਿੰਘ ਨੂੰ ਆਣ ਮਿਲੇ। ਬਾਬਾ ਬੰਦਾ ਸਿੰਘ ਨੇ ਗੱਜ ਵੱਜ ਕੇ ਸਿੰਘਾਂ ਦਾ ਸਵਾਗਤ ਕੀਤਾ। ਸਿੰਘਾਂ ਦਾ ਸਰਹਿੰਦ ਤੋਂ 12 ਕੋਹ ਦੂਰ ਚੱਪੜਚਿੜੀ ਵਿਚ ਵਜੀਦੇ ਦੀ ਫੌਜ ਨਾਲ ਟਾਕਰਾ ਹੋ ਗਿਆ। ਸਿੰਘਾਂ ਨੇ ਕਿੱਕਰਾਂ ਅਤੇ ਅੰਬਾਂ ਦੀ ਝੁੰਗੀ ਵਿਚ ਮੋਰਚੇ ਲਾ ਲਏ।



**ਬਾਬਾ ਬੰਦਾ ਸਿੰਘ ਬਹਾਦਰ ਅਤੇ ਵਜੀਰ ਖਾਨ ਵਿਚਾਲੇ 1710 ਈਸਵੀ ਵਿਚ ਚੱਪੜਚਿੜੀ 'ਚ ਹੋਈ ਜੰਗ ਦੀ ਯਾਦ ਵਿਚ ਬਣਿਆ ਫਤਿਹ ਬੁਰਜ**

ਜੰਗ ਸ਼ੁਰੂ ਹੋ ਗਈ। ਵਜੀਦ ਖਾਨ ਨੇ ਹਾਥੀ ਉਤੇ ਬੈਠ ਕੇ ਤੋਪਾਂ, ਹਾਥੀਆਂ ਅਤੇ ਫੌਜ ਨਾਲ ਲੈਸ ਹੋ ਕੇ 12 ਮਈ 1710 ਈਸਵੀ ਨੂੰ ਚੱਪੜਚਿੜੀ ਆ ਕੇ ਇੱਕ ਪਾਸੇ ਨਵਾਬੀ ਦੀਆਂ ਫੌਜਾਂ ਅਤੇ ਦੂਜੇ ਪਾਸੇ ਹਾਥੀ ਖੜ੍ਹੇ ਕਰ ਦਿੱਤੇ। ਵਜੀਦੇ ਨੇ ਤੋਪਾਂ ਬੀੜ ਕੇ ਸੰਗਲੀ ਗੋਲੇ ਦਾਗ ਕੇ ਸਲਾਮੀ ਦਿੱਤੀ। ਕਈ ਗੋਲੇ ਝਾੜੀਆਂ ਵਿਚ ਹੀ ਫਸ ਗਏ ਅਤੇ ਸਿੰਘ ਵੀ ਕਾਫੀ ਸ਼ਹੀਦ ਹੋ ਗਏ। ਚੱਪੜਚਿੜੀ ਵਿਚ ਖੂਨ ਡੋਲ੍ਹਵੀਂ ਲੜਾਈ ਸ਼ੁਰੂ ਹੋ ਗਈ। ਗੰਡਾ ਮੱਲ ਫੌਜ ਲੈ ਕੇ ਭਗੌੜਾ ਹੋ ਗਿਆ। ਬਾਜ ਸਿੰਘ ਨੇ ਇਸ ਪਾਪੀ ਨੂੰ ਫੜ ਕੇ ਮਾਰ ਦਿੱਤਾ। ਮੁਸਲਮਾਨ ਅੱਲਾ ਹੂ ਦੇ ਨਆਰੇ ਲਾ ਰਹੇ ਸਨ ਅਤੇ ਸਿੰਘ ਵੀ ਬੋਲੇ ਸੋ ਨਿਹਾਲ ਦੇ ਜੈਕਾਰੇ ਗਜਾ ਰਹੇ ਸਨ।

ਲੜਾਈ ਦਾ ਰੁਖ ਵੇਖ ਕੇ ਬਾਬਾ ਜੀ ਨੇ ਗੁਰੂ ਸਾਹਿਬ ਦਾ ਬਖਸ਼ਿਸ਼ ਕੀਤਾ ਇੱਕ ਤੀਰ ਚਲਾ ਦਿੱਤਾ। ਲੜਾਈ ਦਾ ਰੁਖ ਬਦਲ ਗਿਆ। ਸਿੰਘਾਂ ਕੋਲ 4 ਹਲਕੀਆਂ ਤੋਪਾਂ ਸਨ। ਤੋਪਚੀਆਂ ਨੇ ਨਿਸ਼ਾਨੇ ਲਾ ਲਾ ਕੇ ਮੁਗਲਾਂ ਦੀਆਂ ਤੋਪਾਂ ਨਕਾਰੀਆਂ ਕਰ ਦਿੱਤੀਆਂ। ਸਿੰਘਾਂ ਨੇ ਤੋਪਚੀ ਮਾਰ ਕੇ ਤੋਪਾਂ ਕਬਜ਼ੇ ਵਿਚ ਕਰ ਲਈਆਂ।

ਲੜਾਈ ਦਾ ਰੁਖ ਵੇਖ ਕੇ ਵਜੀਦਾ ਹਾਥੀ ਉਤੋਂ ਉਤਰ ਕੇ ਘੋੜੇ ਉਤੇ ਅਸਵਾਰ ਹੋ ਕੇ ਘੋੜਾ ਦੌੜਾ ਦੌੜਾ ਕੇ ਫੌਜ ਨੂੰ ਹੱਲਾਸ਼ੇਰੀ ਦੇਣ ਲੱਗ ਪਿਆ। ਇੱਕ ਸਿੰਘ ਦੇ ਤੀਰ ਨਾਲ ਵਜੀਦਾ ਜਖਮੀ ਹੋ ਕੇ ਜਮੀਨ ਉਤੇ ਡਿੱਗ ਪਿਆ। ਕਈ ਲਿਖਦੇ ਹਨ ਕਿ ਫਤਿਹ ਸਿੰਘ ਨੇ ਵਜੀਦੇ ਨੂੰ ਮਾਰ ਦਿੱਤਾ ਸੀ। ਅੰਤ ਦੀ ਗਰਮੀ ਵਿਚ ਸ਼ਾਹੀ ਫੌਜ ਮੈਦਾਨ ਛੱਡ ਕੇ ਦੌੜ ਗਈ। ਸਿੰਘਾਂ ਨੇ 7 ਕੋਹ ਤੱਕ ਫੌਜ ਦਾ ਪਿੱਛਾ ਕਰਕੇ ਲੋਥਾਂ ਉਤੇ ਲੋਥਾਂ ਚਾੜ੍ਹ ਦਿੱਤੀਆਂ। ਖਾਲਸੇ ਦੀ ਜਿੱਤ ਹੋਈ, ਪਾਪੀ ਨੂੰ ਦੰਡ ਮਿਲਿਆ। ਜਖਮੀ ਵਜੀਦੇ ਨੂੰ ਬਾਬਾ ਬੰਦਾ ਸਿੰਘ ਦੇ ਪੇਸ਼ ਕੀਤਾ ਗਿਆ।

ਸ਼ਹੀਦ ਹੋਏ ਸਿੰਘਾਂ ਦਾ ਸਸਕਾਰ ਕਰਕੇ 14 ਮਈ 1710 ਨੂੰ ਖਾਲਸਾ ਫੌਜ ਸਰਹਿੰਦ ਵਿਚ ਦਾਖਲ ਹੋ ਗਈ। ਹੈਦਰੀ ਝੰਡਾ ਉਤਾਰ ਕੇ ਨਿਸ਼ਾਨ ਸਾਹਿਬ ਗੱਡ ਦਿੱਤਾ। ਬਾਬਾ ਬੰਦਾ ਸਿੰਘ ਦਾ ਸਖਤ ਹੁਕਮ ਸੀ, ਕਿਸੇ ਮੰਦਿਰ ਜਾਂ ਮਸੀਤ ਨੂੰ ਨੁਕਸਾਨ ਨਹੀਂ ਪਹੁੰਚਾਉਣਾ ਅਤੇ ਨਾ ਹੀ ਬੱਚੇ, ਬੁੱਢੇ ਅਤੇ ਜਨਾਨੀ ਨੂੰ ਮਾਰਨਾ ਹੈ। ਸਾਡੀ ਲੜਾਈ ਜੁਲਮ ਨਾਲ ਹੈ, ਕਿਸੇ ਧਰਮ ਨਾਲ ਨਹੀਂ।

ਅੱਜ ਤੱਕ ਕਿਸੇ ਵੀ ਸਿੱਖ ਨੇ ਇੱਕ ਵੀ ਮੰਦਿਰ ਨੂੰ ਨੁਕਸਾਨ ਨਹੀਂ ਪਹੁੰਚਾਇਆ, ਪਰ ਫਿਰਕਾਪ੍ਰਸਤ ਹਿੰਦੂਆਂ ਨੇ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹਰਿਆਣਾ ਅਤੇ ਦਿੱਲੀ ਵਿਚ 200 ਤੋਂ ਵੱਧ ਗੁਰਦੁਆਰਿਆਂ ਨੂੰ ਸਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੱਗ ਨਾਲ ਸਾੜ ਦਿੱਤਾ ਸੀ। ਇੱਥੋਂ ਤਕ ਕਿ ਉਨ੍ਹਾਂ ਨੇ ਗੁਰਦੁਆਰਾ ਸੀਸਗੰਜ ਉਤੇ ਵੀ ਹਮਲਾ ਕਰ ਦਿੱਤਾ ਸੀ, ਪਰ ਨੇੜੇ ਮਸੀਤ ਵਿਚੋਂ ਨਿਕਲ ਕੇ ਮੁਸਲਮਾਨਾਂ ਨੇ ਗੁਰਦੁਆਰੇ ਦੀ ਰਾਖੀ ਕੀਤੀ ਸੀ।

ਬੰਦਾ ਸਿੰਘ ਦੇ ਨਾ ਚਾਹੁੰਦਿਆਂ ਵੀ ਧਾੜਵੀਆਂ ਨੇ ਸਰਹਿੰਦ ਨੂੰ ਲੁੱਟਣ ਲਈ 3 ਦਿਨ ਮੰਗ ਲਏ ਅਤੇ ਲੁੱਟ ਮਾਰ ਸ਼ੁਰੂ ਹੋ ਗਈ। ਪਠਾਣੀਆਂ, ਮੁਗਲਾਣੀਆਂ ਤੇ ਖਤਰਾਣੀਆਂ ਨੰਗੇ ਪੈਰੀਂ ਸੜਦੀ ਰੇਤ ਵਿਚ ਭੁਖੀਆਂ ਤਿਹਾਈਆਂ ਜੰਗਲ ਵੱਲ ਦੌੜ ਗਈਆਂ। ਜੋ ਅੜ ਗਏ, ਝੜ ਗਏ; ਜੋ ਦੌੜ ਗਏ, ਉਹ ਬਚ ਗਏ। ਬੋਦੀ ਅਤੇ ਜਨੇਊ ਦੱਸ ਕੇ ਹਿੰਦੂ ਵੀ ਬਚ ਗਏ। ਸੁੱਚਾ ਨੰਦ ਪਾਪੀ ਅਤੇ ਹੋਰ ਹਾਕਮਾਂ ਨੂੰ ਕਮਰਿਆਂ ਅੰਦਰ ਬੰਦ ਕਰ ਦਿੱਤਾ। ਧਾੜਵੀਆਂ ਨੇ 3 ਦਿਨ ਸਰਹਿੰਦ ਨੂੰ ਖੂਬ ਲੁਟਿਆ। 3 ਦਿਨ ਸਰਹਿੰਦ ਵਿਚ ਚੁੱਲ੍ਹੇ ਅੱਗ ਨਾ ਬਲੀ। ਬਾਬਾ ਬੰਦਾ ਸਿੰਘ ਦੇ ਹੁਕਮ ਨਾਲ 3 ਦਿਨਾਂ ਬਾਅਦ ਲੁੱਟ ਮਾਰ ਖਤਮ ਹੋ ਗਈ।

ਸਾਹਿਬਜ਼ਾਦਿਆਂ ਨੂੰ 'ਸਪੋਲੀਏ' ਕਹਿਣ ਅਤੇ ਕਤਲ ਕਰਨ ਦੀ ਸਲਾਹ ਦੇਣ ਵਾਲੇ ਸੁੱਚਾ ਨੰਦ ਪਾਪੀ ਦੇ ਨੱਕ ਵਿਚ ਨਕੇਲ ਪਾ ਕੇ ਗਲੀਆਂ ਵਿਚ ਰਿੱਛਾਂ ਵਾਂਗ ਟਪਾ ਟਪਾ ਕੇ, ਘਸੀਟ-ਘਸੀਟ ਕੇ ਨਰਕ ਨੂੰ ਤੋਰ ਦਿੱਤਾ। ਉਸ ਦਾ ਸਾਰਾ ਪਰਿਵਾਰ ਮਾਰ ਦਿੱਤਾ। ਜਖਮੀ ਹੋਏ ਵਜੀਦੇ ਨੂੰ ਵਹਿੜਕਿਆਂ ਪਿੱਛੇ ਬੰਨ ਕੇ ਗਲੀਆਂ ਵਿਚ ਘਸੀਟ ਕੇ ਇੱਲਾਂ ਦੇ ਖਾਣ ਲਈ ਉਸ ਦੀ ਲੋਥ ਰੁੱਖ ਉਤੇ ਟੰਗ ਦਿੱਤੀ। ਦੋਸ਼ੀ ਹਾਕਮਾਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ। 14 ਮੀਲ ਵਿਚ ਫੈਲੀ ਸਰਹਿੰਦ ਖੰਡਰ ਵਿਚ ਬਦਲ ਗਈ।

ਜੋਗੀ ਅੱਲਾ ਯਾਰ ਖਾਨ ਲਿਖਦਾ ਹੈ,
ਜੋਗੀ ਜੀ ਇਸ ਕੇ ਬਾਅਦ
ਹੁਈ ਥੋੜ੍ਹੀ ਦੇਰ ਥੀ।
ਬਸਤੀ ਸਰਹਿੰਦ ਸ਼ਹਿਰ ਕੀ
ਈਟੋਂ ਕਾ ਢੇਰ ਥੀ।

ਬਾਬਾ ਬੰਦਾ ਸਿੰਘ ਦਾ ਕੋਈ ਰਾਜ ਭਾਗ ਨਹੀਂ ਸੀ, ਤਖਤ-ਤਾਜ ਨਹੀਂ ਸੀ, ਫਿਰ ਵੀ ਪੰਜਾਬ ਵਿਚੋਂ ਮੁਗਲ ਰਾਜ ਤਹਿਸ-ਨਹਿਸ ਕਰਕੇ ਸਿੰਘਾਂ ਦੀ ਸ਼ਕਤੀ ਦਾ ਪ੍ਰਦਰਸ਼ਨ ਕਰਕੇ ਖਾਲਸਾ ਰਾਜ ਸਥਾਪਤ ਕਰ ਦਿੱਤਾ। ਬਾਜ ਸਿੰਘ ਨੂੰ ਸਰਹਿੰਦ ਦਾ ਹਾਕਮ ਥਾਪ ਕੇ ਬਾਬਾ ਫਿਰ ਮਲੰਗ!

# ਕਿਆਮਤ

(ਪਿਛਲੇ ਸਫੇ ਦੀ ਬਾਕੀ)

ਨਾ ਕਿ ਕਿਸੇ ਅਜਿਹੇ ਦਾ ਜੋ ਮੈਨੂੰ ਵਾਪਸ ਇਸਲਾਮਕ ਸਟੇਟ ਵਾਲਿਆਂ ਦੇ ਹੀ ਹਵਾਲੇ ਕਰ ਆਵੇ। ਮੈਂ ਦੋ ਤਿੰਨ ਘਰਾਂ ਅੱਗੇ ਹੌਲੀ ਹੌਲੀ ਪਰ ਮੇਰੇ ਦਿਲ ਨੇ ਹੁੰਗਾਰਾ ਨਾ ਭਰਿਆ। ਮੈਂ ਹੋਰ ਅੱਗੇ ਵਧ ਗਈ। ਅਚਾਨਕ ਇਕ ਘਰ ਦੇ ਬੂਹੇ ਮੂਹਰੇ ਮੈਂ ਬਜੁਰਗ ਔਰਤ ਨੂੰ ਬੈਠਿਆਂ ਵੇਖਿਆ। ਮੈਂ ਉਸ ਦੇ ਨੇੜ ਦੀ ਲੰਘਣ ਲੱਗੀ ਨੇ ਅੱਖਾਂ ਦੇ ਕੋਇਆਂ 'ਚੋਂ ਉਸ ਨੂੰ ਨਿਰਖਿਆ ਪਰਖਿਆ। ਉਹ ਮੈਨੂੰ ਮੇਰੀ ਮਾਂ ਵਰਗੀ ਲੱਗੀ। ਸ਼ਾਮ ਦੇ ਹੁੰਮਸ ਜਿਹੇ 'ਚ ਉਹ ਸ਼ਾਇਦ ਹਵਾ ਹਾਰੇ ਬੈਠੀ ਸੀ। ਮੈਂ ਘਰ ਦਾ ਜਾਇਜ਼ਾ ਵੀ ਲਿਆ। ਮੈਨੂੰ ਲੱਗਾ, ਸ਼ਾਇਦ ਇਹੀ ਘਰ ਮੇਰੇ ਲਈ ਠੀਕ ਹੈ। ਫਿਰ ਮੈਂ ਅਗਲੀ ਗਲੀ ਮੁੜ ਗਈ। ਉਪਰ ਦੀ ਘੁੰਮ ਕੇ ਜਦੋਂ ਮੁੜ ਉਧਰ ਆਈ ਤਾਂ ਉਹ ਔਰਤ ਅੰਦਰ ਜਾ ਚੁਕੀ ਸੀ। ਗਲੀ ਵਿਚ ਇਸ ਵੇਲੇ ਹਨੇਰਾ ਸੀ। ਮੈਂ ਇੱਧਰ ਉਧਰ ਵੇਖਦਿਆਂ ਪੈਰ ਚੁੱਕ ਕੇ ਥੜ੍ਹੇ ਉਪਰ ਧਰਿਆ। ਥੋੜ੍ਹਾ ਅਗਾਂਹ ਹੁੰਦਿਆਂ ਮੈਂ ਦਰਵਾਜੇ 'ਤੇ ਹੱਥ ਰੱਖ ਦਿੱਤਾ। ਮੇਰਾ ਹੱਥ ਕੰਬ ਰਿਹਾ ਸੀ। ਦਿਲ ਫੈਸਲਾ ਨਹੀਂ ਕਰ ਰਿਹਾ ਸੀ, ਦਰਵਾਜਾ ਖੜਕਾਵਾਂ ਜਾਂ ਨਾ। ਇੰਨੇ ਨੂੰ ਅੰਦਰੋਂ ਕਿਸੇ ਦੀ ਆਵਾਜ਼ ਸੁਣੀ ਤਾਂ ਮੇਰੇ ਹੱਥ ਨੇ ਤੁਰੰਤ ਦਰਵਾਜਾ ਖੜਕਾਇਆ। ਅੰਦਰੋਂ ਆਵਾਜ਼ ਬੰਦ ਹੋ ਗਈ ਪਰ ਕੋਈ ਜੁਆਬ ਨਾ ਆਇਆ। ਮੈਂ ਫਿਰ ਦਰਵਾਜਾ ਖੜਕਾਇਆ। ਦਰਵਾਜਾ ਖੁੱਲ੍ਹਿਆ। ਸਾਹਮਣੇ ਵਡੇਰੀ ਉਮਰ ਦਾ ਬਜੁਰਗ ਖੜ੍ਹਾ ਸੀ। ਉਸ ਨੇ ਹੈਰਾਨੀ 'ਚ ਪੁੱਛਿਆ, "ਕੌਣ ਐਂ ਤੂੰ? ਕੀ ਚਾਹੀਦਾ ਐ?"

ਮੈਥੋਂ ਬੋਲ ਨਾ ਹੋਇਆ। ਜੀਭ ਤਾਲੂਏ ਨਾਲ ਲੱਗ ਗਈ। ਇੰਨੇ ਨੂੰ ਉਹੀ ਔਰਤ, ਜੋ ਪਹਿਲਾਂ ਮੈਂ ਬੂਹੇ ਵਿਚ ਬੈਠੀ ਵੇਖੀ ਸੀ, ਉਸ ਬਜੁਰਗ ਕੋਲ ਆ ਖੜ੍ਹੀ ਹੋਈ। ਬਜੁਰਗ ਨੇ ਦੁਬਾਰਾ ਪੁੱਛਿਆ, "ਦੱਸ ਬੀਬੀ ਕੌਣ ਐਂ ਤੂੰ, ਕੁਛ ਬੋਲ ਵੀ?"

"ਮੈਂ...ਮੈਂ ਆਸਮਾ ਆਂ।" ਕੰਬਦੀ ਆਵਾਜ਼ ਵਿਚ ਇੰਨਾ ਕੁ ਕਿਹਾ। ਮੇਰਾ ਮੂੰਹ ਬਹੁਤ ਹੀ ਗਰੀਬੜਾ ਜਿਹਾ ਬਣ ਗਿਆ ਸੀ। ਸ਼ਾਇਦ ਇਸੇ ਲਈ ਔਰਤ ਅਗਾਂਹ ਹੋਈ ਤੇ ਪੁੱਛਿਆ, "ਪੁੱਤਰੀ ਤੈਨੂੰ ਕੋਈ ਤਕਲੀਫ ਐ? ਅਸੀਂ ਤੇਰੀ ਕੀ ਮੱਦਦ ਕਰ ਸਕਦੇ ਆਂ?"

"ਮੈਂ ਮੁਸੀਬਤ 'ਚ ਆਂ। ਮੇਰੀ ਜਾਨ ਨੂੰ ਖਤਰਾ ਐ।" ਇੰਨਾ ਕਹਿੰਦਿਆਂ ਮੈਂ ਆਲੇ ਦੁਆਲੇ ਨਜ਼ਰ ਮਾਰੀ। ਬਜੁਰਗ ਔਰਤ ਨੇ ਅਗਾਂਹ ਹੁੰਦਿਆਂ ਮੇਰੀ ਬਾਂਹ ਫੜ੍ਹ ਲਈ ਤੇ ਅੰਦਰ ਨੂੰ ਤੋਰਦਿਆਂ ਬੋਲੀ, "ਤੂੰ ਅੰਦਰ ਆ ਜਾਹ। ਬਾਕੀ ਗੱਲ ਫਿਰ ਕਰਾਂਗੇ।" ਉਹ ਮੈਨੂੰ ਅੰਦਰ ਲੈ ਗਈ। ਬੈਠਕ ਵਿਚ ਇਕ ਕੁਰਸੀ 'ਤੇ ਬਿਠਾਉਂਦਿਆਂ ਮੇਰਾ ਹੱਥ ਫੜ੍ਹ ਪੁੱਛਿਆ, "ਕਿਸ ਤੋਂ ਖਤਰਾ ਐ ਤੈਨੂੰ? ਹੁਣ ਖੁੱਲ੍ਹ ਕੇ ਦੱਸ।"

"ਮੈਂ ਕਿਸੇ ਦੇ ਚੁੰਗਲ 'ਚੋਂ ਭੱਜ ਕੇ ਆਈ ਆਂ। ਮੈਨੂੰ ਇਸਲਾਮਕ ਸਟੇਟ ਵਾਲਿਆਂ ਨੇ ਬੰਦੀ ਬਣਾ ਰੱਖਿਆ ਸੀ। ਮੇਰਾ ਸਾਰਾ ਪਰਿਵਾਰ...।" ਅਗਾਂਹ ਮੈਂ ਮੇਰੇ ਨਾਲ ਅਤੇ ਪਰਿਵਾਰ ਨਾਲ ਹੋਈ-ਬੀਤੀ ਮੋਟੇ ਤੌਰ 'ਤੇ ਸੁਣਾ ਦਿੱਤੀ। ਮੈਂ ਚਾਹੁੰਦੀ ਸੀ ਕਿ ਉਹ ਸਮਝ ਜਾਣ ਕਿ ਮੈਂ ਬਿਲਕੁਲ ਲਾਵਾਰਸ ਤੇ ਲਾਚਾਰ ਹਾਂ। ਉਨ੍ਹਾਂ ਨੂੰ ਮੇਰੇ ਉਪਰ ਤਰਸ ਆਵੇ।

ਪਰ ਇਸਲਾਮਕ ਸਟੇਟ ਵਾਲਿਆਂ ਦਾ ਨਾਂ ਸੁਣਦਿਆਂ ਹੀ ਉਨ੍ਹਾਂ ਦੇ ਚਿਹਰੇ ਉਤਰ ਗਏ। ਲੱਗਿਆ ਜਿਵੇਂ ਉਨ੍ਹਾਂ ਦਾ ਤਪਦੀ ਤਵੀ ਨੂੰ ਹੱਥ ਲੱਗ ਗਿਆ ਹੋਵੇ। ਔਰਤ ਨੇ ਆਪਣੇ ਹੱਥਾਂ 'ਚੋਂ ਮੇਰਾ ਹੱਥ ਛੱਡ ਦਿੱਤਾ। ਉਹ ਉਠ ਕੇ ਖੜ੍ਹੀ ਹੋ ਗਈ। ਉਸ ਨੇ ਇਕ ਵਾਰ ਦਰਵਾਜੇ ਵੱਲ ਵੇਖਿਆ ਕਿ ਉਹ ਚੰਗੀ ਤਰ੍ਹਾਂ ਬੰਦ ਹੈ। ਫਿਰ ਉਹ ਮੋਰੀ ਵਿਚੋਂ ਬਾਹਰ ਝਾਕੀ। ਸ਼ਾਇਦ ਇਹ ਵੇਖਣ ਲਈ ਕਿ ਕੋਈ ਮੇਰੇ ਪਿੱਛੇ ਤਾਂ ਨਹੀਂ ਲੱਗਾ ਹੋਇਆ। ਕੁਝ ਦੇਰ ਚੁੱਪ ਪਸਰੀ ਰਹੀ। ਫਿਰ ਬਜੁਰਗ ਉਸ ਨੂੰ ਬੋਲਿਆ, "ਹੁਣ ਕੀ ਕਰੀਏ?"

ਉਸ ਦੀ ਗੱਲ ਸੁਣ ਕੇ ਔਰਤ ਕੁਝ ਪਲ ਮੇਰੇ ਉਦਾਸ ਚਿਹਰੇ ਵੱਲ ਵੇਖਦੀ ਰਹੀ। ਫਿਰ ਹੌਲੀ ਜਿਹੇ ਬੋਲੀ, "ਹੈ ਤਾਂ ਬੜਾ ਮੁਸ਼ਕਿਲ, ਪਰ ਇਹ ਸਾਡੇ ਦਰ 'ਤੇ ਸਵਾਲੀ ਬਣ ਕੇ ਆਈ ਐ। ਮਜ਼ਲੂਮ ਐ। ਇਸ ਨੂੰ ਬਾਹਰ ਵੀ ਨਹੀਂ ਧੱਕ ਸਕਦੇ।"

"ਪਰ ਜੇ ਇਸਲਾਮਕ ਸਟੇਟ ਵਾਲਿਆਂ ਨੂੰ ਪਤਾ ਲੱਗ ਗਿਆ ਤਾਂ ਅੱਗ ਲਾ ਕੇ ਫੂਕ ਦੇਣਗੇ।" ਬੰਦੇ ਨੇ ਫਿਕਰ ਜਾਹਰ ਕੀਤਾ। ਸੁਣ ਕੇ ਔਰਤ ਕੁਝ ਦੇਰ ਨੀਵੀਂ ਪਾਈ ਸੋਚਦੀ ਰਹੀ। ਫਿਰ ਮੇਰੇ ਮੋਢੇ 'ਤੇ ਹੱਥ ਧਰਦਿਆਂ ਬੋਲੀ, "ਕੁਝ ਵੀ ਹੋਵੇ ਅਸੀਂ ਇਸ ਨਿਆਸਰੀ ਕੁੜੀ ਨੂੰ ਮੁੜ ਕੇ ਉਨ੍ਹਾਂ ਭੇੜੀਆਂ ਵੱਲ ਨ੍ਹੀਂ ਸੁੱਟ ਸਕਦੇ।" ਫਿਰ ਉਸ ਨੇ ਬਜੁਰਗ ਵੱਲ ਵੇਖਿਆ। ਉਹ ਵੀ ਸ਼ਾਇਦ ਉਸ ਨਾਲ ਸਹਿਮਤ ਸੀ। ਉਨ੍ਹਾਂ ਦੀਆਂ ਹੌਸਲੇ ਵਾਲੀਆਂ ਗੱਲਾਂ ਸੁਣ ਕੇ ਮੇਰਾ ਮਨ ਥਾਂ ਸਿਰ ਆ ਗਿਆ। ਮੈਨੂੰ ਉਥੇ ਹੀ ਛੱਡ ਕੇ ਉਹ ਘਰ ਦੇ ਅੰਦਰ ਚਲੇ ਗਏ। ਸ਼ਾਇਦ ਮੇਰੇ ਤੋਂ ਪਾਸੇ ਹੋ ਕੇ ਕੋਈ ਆਪਸੀ ਵਿਚਾਰ ਕਰਨਾ ਚਾਹੁੰਦੇ ਸਨ।

ਪੰਜ ਸੱਤ ਮਿੰਟਾਂ ਪਿੱਛੋਂ ਉਹ ਵਾਪਸ ਆਏ ਤੇ ਬਜੁਰਗ ਮੇਰੇ ਨੇੜੇ ਹੁੰਦਾ ਬੋਲਿਆ, "ਪੁੱਤਰੀ, ਉਂਜ ਤਾਂ ਅਸੀਂ ਵੀ ਸੁੰਨੀ ਮੁਸਲਮਾਨ ਆਂ। ਪਰ ਅਸੀਂ ਇਨ੍ਹਾਂ ਇਸਲਾਮਕ ਸਟੇਟ ਵਾਲਿਆਂ ਨੂੰ ਨਫਰਤ ਕਰਦੇ ਆਂ। ਇਨ੍ਹਾਂ ਨੇ ਸਾਰਾ ਸਮਾਜ ਤਬਾਹ ਕਰਕੇ ਰੱਖ ਦਿੱਤਾ। ਸਾਡੇ ਕਈ ਰਿਸ਼ਤੇਦਾਰ ਮਾਰੇ ਗਏ। ਪਰ ਮਜਬੂਰ ਆਂ। ਕੁਛ ਬੋਲ ਨ੍ਹੀਂ ਸਕਦੇ। ਸਮੁੰਦਰ 'ਚ ਰਹਿੰਦਿਆਂ ਮਗਰਮੱਛ ਨਾਲ ਵੈਰ ਤਾਂ ਨ੍ਹੀਂ ਪਾ ਸਕਦੇ। ਤੂੰ ਫਿਕਰ ਨਾ ਕਰ, ਅਸੀਂ ਵਿਤ ਮੁਤਾਬਕ ਤੇਰੀ ਮੱਦਦ ਕਰਾਂਗੇ।"

ਉਹ ਚੁੱਪ ਹੋਇਆ ਤਾਂ ਔਰਤ ਬੋਲਣ ਲੱਗੀ, "ਬੱਚੀਏ, ਮੇਰਾ ਨਾਂ ਹਾਮਾ ਐ। ਇਹ ਰਸੂਲ ਐ, ਮੇਰਾ ਖਾਵੰਦ। ਇਸ ਘਰ 'ਚ ਸਾਡੇ ਨਾਲ ਸਾਡਾ ਪੁੱਤਰ ਨਾਸਿਰ ਤੇ ਉਸ ਦੀ ਵਹੁਟੀ ਨਸੀਰਾਂ ਰਹਿੰਦੇ ਨੇ। ਉਹ ਪਿੱਛੇ ਵਿਹੜੇ ਵਿਚ ਨੇ। ਮੈਂ ਤੈਨੂੰ ਮਿਲਾਉਨੀ ਆਂ।"

ਥੋੜ੍ਹੀ ਦੇਰ ਪਿੱਛੋਂ ਹੀ ਉਹ ਨਾਸਿਰ ਅਤੇ ਨਸੀਰਾਂ ਨੂੰ ਲੈ ਆਈ। ਉਹ ਮੇਰੇ ਵੱਲ ਡਡਵੈਰਿਆਂ ਵਾਂਗੂੰ ਝਾਕ ਰਹੇ ਸਨ, ਪਰ ਬੋਲੇ ਕੁਝ ਨਾ। ਨਸੀਰਾਂ ਗੋਦੀ ਚੁੱਕੇ ਜੁਆਕ ਨੂੰ ਲੈ ਕੇ ਵਾਪਸ ਮੁੜ ਗਈ। ਦੋਹਾਂ ਬਜੁਰਗਾਂ ਨੇ ਨਾਸਿਰ ਨੂੰ ਕਿਹਾ ਕਿ ਹੁਣ ਇਹ ਸਾਡੀ ਮਹਿਮਾਨ ਹੈ ਤੇ ਇਸ ਦੀ ਰਾਖੀ ਕਰਨਾ ਸਾਡਾ ਫਰਜ਼ ਹੈ। ਨਾਸਿਰ ਸਹਿਮਤੀ 'ਚ ਸਿਰ ਹਿਲਾਉਂਦਾ ਵਾਪਸ ਅੰਦਰ ਚਲਾ ਗਿਆ। ਰਸੂਲ ਵੀ ਉਸ ਦੇ ਮਗਰੇ ਤੁਰ ਪਿਆ। ਪਿੱਛੋਂ ਹਾਮਾ ਮੇਰੇ ਸਾਹਮਣੇ ਬਹਿੰਦਿਆਂ ਕਹਿਣ ਲੱਗੀ, "ਪੁੱਤਰੀ, ਅਸੀਂ ਮਿਹਨਤ ਮਜ਼ਦੂਰੀ ਕਰਨ ਵਾਲੇ ਗਰੀਬ ਲੋਕ ਆਂ। ਪਰ ਸਾਡਾ ਫਰਜ਼ ਕਹਿੰਦਾ ਐ ਕਿ ਅਸੀਂ ਤੇਰੀ ਮਦਦ ਕਰੀਏ। ਨਾਲੇ ਮੈਂ ਇਕ ਮਾਂ ਵੀ ਆਂ।"

ਉਸ ਦੀ ਗੱਲ ਸੁਣ ਕੇ ਲੱਗਾ ਜਿਵੇਂ ਮੇਰੇ ਸਾਹਮਣੇ ਮੇਰੀ ਆਪਣੀ ਹੀ ਮਾਂ ਬੈਠੀ ਹੋਵੇ। ਮੈਂ ਹਾਮਾ ਦਾ ਹੱਥ ਫੜ੍ਹ ਕੇ ਰੋਣ ਲੱਗੀ। ਉਸ ਨੂੰ ਸ਼ਾਇਦ ਮੇਰੇ ਉਤੇ ਹੋਰ ਤਰਸ ਆਇਆ। ਉਸ ਨੇ ਮੇਰਾ ਹੱਥ ਥਾਪੜਦਿਆਂ ਕਿਹਾ, "ਆਸਮਾ, ਹੁਣ ਤੂੰ ਰੋ ਨਾ ਤੇ ਨਾ ਹੀ ਫਿਕਰ ਕਰ। ਸਾਡਾ ਇਹ ਛੋਟਾ ਜਿਹਾ ਘਰ ਐ। ਜੋ ਵੀ ਰੁੱਖਾ ਸੁੱਖਾ ਐ, ਕਬੂਲ ਕਰੀਂ। ਆ ਤੈਨੂੰ ਦੂਸਰੇ ਕਮਰੇ ਵਿਚ ਬਿਠਾ ਦਿਆਂ।"

ਇੰਨਾ ਕਹਿੰਦਿਆਂ ਉਸ ਮੈਨੂੰ ਉਠਾਇਆ ਤੇ ਨਾਲ ਲੱਗਦੇ ਕਮਰੇ 'ਚ ਲੈ ਗਈ। ਮੈਂ ਵੇਖਿਆ, ਪਿੱਛੇ ਛੋਟਾ ਜਿਹਾ ਵਿਹੜਾ ਸੀ ਤੇ ਬਸ ਇਹ ਦੋ ਹੀ ਕਮਰੇ ਸਨ। ਇਕ ਪਾਸੇ ਨਿੱਕੀ ਜਿਹੀ ਰਸੋਈ ਤੇ ਖੂੰਜੇ 'ਚ ਕੱਚੀ ਕੰਧ ਵਗਲ ਕੇ ਬਣਾਇਆ ਗੁਸਲਖਾਨਾ ਸੀ। ਮੈਨੂੰ ਕਮਰੇ 'ਚ ਬਿਠਾਉਂਦਿਆਂ ਹਾਮਾ ਨੇ ਕਿਹਾ, "ਹੁਣ ਤੂੰ ਸੰਭਲ ਕੇ ਰਹੀਂ। ਇਸ ਕਮਰੇ 'ਚੋਂ ਬਾਹਰ ਨਾ ਆਈਂ। ਨਾ ਈ ਪਿੱਛੇ ਵਿਹੜੇ ਵਿਚ ਜਾਈਂ। ਤੇਰਾ ਛੁਪ ਕੇ ਰਹਿਣਾ ਜ਼ਰੂਰੀ ਐ। ਅੱਛਾ ਮੈਂ ਨਸੀਰਾਂ ਹੱਥ ਖਾਣਾ ਭੇਜਦੀ ਆਂ। ਉਸ ਪਿੱਛੋਂ ਆਰਾਮ ਕਰੀਂ। ਬਾਕੀ ਗੱਲਾਂ ਸਵੇਰੇ ਕਰਾਂਗੇ।"

ਨਸੀਰਾਂ ਮੈਨੂੰ ਖਾਣਾ ਦੇ ਗਈ। ਮੈਂ ਲੋੜ ਜੋਗਾ ਖਾਧਾ ਪੀਤਾ ਤੇ ਆਰਾਮ ਕਰਨ ਲਈ ਮੰਜੇ 'ਤੇ ਲੇਟ ਗਈ। ਕੁਝ ਦੇਰ ਪਿੱਛੋਂ ਸ਼ਾਇਦ ਹਾਮਾ ਦਾ ਪਰਿਵਾਰ ਵੀ ਪੈ ਗਿਆ। ਆਲੇ ਦੁਆਲੇ ਪੈਂਦਾ ਰੌਲਾ ਬੰਦ ਹੋ ਗਿਆ। ਗਹਿਰੀ ਰਾਤ ਉਤਰ ਆਈ ਸੀ। ਕਿੰਨੇ ਹੀ ਚਿਰ ਪਿੱਛੋਂ ਮੈਂ ਜ਼ਰਾ ਚੈਨ ਨਾਲ ਪਈ ਸੀ। ਮੈਂ ਸੌਣ ਦੀ ਕੋਸ਼ਿਸ਼ ਕੀਤੀ, ਪਰ ਨੀਂਦ ਮੇਰੀਆਂ ਅੱਖਾਂ ਤੋਂ ਕੋਹਾਂ ਦੂਰ ਸੀ। ਹੁਣ ਸਰੀਰਕ ਆਰਾਮ ਮਿਲਿਆ ਸੀ ਤਾਂ ਮਨ ਉਚਾਟ ਹੋਣ ਲੱਗਾ। ਪਤਾ ਹੀ ਨਾ ਲੱਗਾ ਕਦੋਂ ਮਨ ਆਪਣੇ ਘਰ ਪਹੁੰਚ ਗਿਆ। ਮੇਰਾ ਮਨ, ਸਾਡੇ ਘਰ ਦੇ ਵਿਹੜੇ ਵਿਚ ਤੁਰੇ ਫਿਰਦੇ ਟੱਬਰ ਦੇ ਜੀਆਂ ਨੂੰ ਵੇਖ ਰਿਹਾ ਸੀ। ਕਦੇ ਕੋਈ ਝਾਕੀ ਸਾਹਮਣੇ ਆਉਂਦੀ ਤੇ ਕਦੇ ਕੋਈ। ਫਿਰ ਮੇਰੇ ਮਨ ਦੀਆਂ ਨਜ਼ਰਾਂ ਮੂਹਰੇ ਆਪਣੇ ਘਰ ਦੇ ਵਿਹੜੇ ਵਿਚ ਫਿਰਦੀ ਛੋਟੀ ਜਿਹੀ ਆਸਮਾ ਘੁੰਮਣ ਲੱਗੀ। ਮੈਂ ਪੂਰੇ ਤੌਰ 'ਤੇ ਅਤੀਤ ਵਿਚ ਗੁਆਚ ਗਈ...।

(ਚਲਦਾ)

# ਸੰਨ ਆਫ ਮਨਜੀਤ ਸਿੰਘ: ਵਧੀਆ ਮਰਾਠੀ ਫਿਲਮ ਦੀ ਘਟੀਆ ਕਾਪੀ!

**ਇਕਬਾਲ ਸਿੰਘ ਚਾਨਾ**

'ਸੰਨ ਆਫ ਮਨਜੀਤ ਸਿੰਘ' ਦੇਖ ਕੇ ਘੋਰ ਨਿਰਾਸ਼ਾ ਹੋਈ। ਜਦ ਕੁਝ ਦੋਸਤਾਂ ਕੋਲ ਜ਼ਿਕਰ ਕੀਤਾ ਤਾਂ ਪਤਾ ਲੱਗਾ ਕਿ ਇਹ ਤਾਂ ਕਿਸੇ ਵੱਡੀ ਤੇ ਚੰਗੀ ਮਰਾਠੀ ਫਿਲਮ ਦੀ ਰੀਮੇਕ ਹੈ (ਨਿਰਮਾਤਾਵਾਂ ਨੇ ਪਹਿਲੇ ਟਾਈਟਲਾਂ ਵਿਚ ਫਲੈਸ਼ ਜਿਹੀ ਮਾਰ ਕੇ ਜ਼ਿਕਰ ਵੀ ਕੀਤਾ ਸੀ, ਜੋ ਮੈਂ ਪੜ੍ਹ ਨਾ ਸਕਿਆ)।

ਮਹੇਸ਼ ਮਾਂਜਰੇਕਰ ਮਰਾਠੀ ਦਾ ਬਹੁਤ ਵੱਡਾ ਰੰਗਕਰਮੀ ਹੈ। ਉਸ ਦੇ ਲਿਖੇ, ਡਾਇਰੈਕਸ਼ਨ ਤੇ ਐਕਟਿੰਗ ਵਾਲੇ ਨਾਟਕ ਦੇਖਣ ਲਈ ਦਰਸ਼ਕਾਂ ਦੀਆਂ ਲਾਈਨਾਂ ਲੱਗ ਜਾਂਦੀਆਂ ਹਨ। ਐਡਵਾਂਸ ਵਿਚ ਹੀ ਸ਼ੋਅ ਫੁੱਲ ਹੋ ਜਾਂਦੇ ਹਨ। ਸਟੇਜ ਦੇ ਨਾਲ ਨਾਲ ਮਹੇਸ਼ ਮਾਂਜਰੇਕਰ ਮਰਾਠੀ ਤੇ ਹਿੰਦੀ ਫਿਲਮਾਂ ਦਾ ਬਹੁਤ ਵੱਡਾ ਡਾਇਰੈਕਟਰ, ਲੇਖਕ ਤੇ ਐਕਟਰ ਵੀ ਹੈ। ਉਸ ਨੇ ਹਿੰਦੀ ਵਿਚ 'ਵਾਸਤਵ', 'ਅਸਤਿਤਵ' ਅਤੇ ਮਰਾਠੀ ਵਿਚ 'ਮੀ ਸ਼ਿਵਾਜੀ ਭੋਸਲੇ ਬੋਲਾਚੇ', 'ਨਟਸਮਰਾਟ' ਜਿਹੀਆਂ ਵਧੀਆ ਬਲਾਕ-ਬਸਟਰ ਫਿਲਮਾਂ ਦਿੱਤੀਆਂ ਹਨ। ਮਹੇਸ਼ ਦੀ 2010 ਵਿਚ ਰਿਲੀਜ਼ ਹੋਈ ਫਿਲਮ 'ਸ਼ਿਕਸ਼ਾਨਾਚਯਾ ਆਈਚਾ ਘੋ' (Shikshnashya Aaicha Gho) ਕਾਮਯਾਬੀ ਦੇ ਝੰਡੇ ਗੱਡਣ ਦੇ ਨਾਲ ਨਾਲ ਚਰਚਾ ਤੇ ਵਿਵਾਦ ਦਾ ਵਿਸ਼ਾ ਵੀ ਖੂਬ ਬਣੀ। ਮਰਾਠਾ ਮਹਾਸੰਘ ਨੇ ਵਿਰੋਧ ਕੀਤਾ ਕਿ ਇਸ ਫਿਲਮ ਦਾ ਟਾਈਟਲ ਸਿੱਖਿਆ ਸਿਸਟਮ ਨੂੰ ਇਕ ਗਾਲ੍ਹ ਹੈ ਤੇ ਇਸ ਦਾ ਬੱਚਿਆਂ ਉਤੇ ਗਲਤ ਪ੍ਰਭਾਵ ਪੈ ਸਕਦਾ ਹੈ। ਮਾਂਜਰੇਕਰ ਟਾਈਟਲ ਬਦਲਣ ਲਈ ਤਾਂ ਨਾ ਮੰਨਿਆ ਪਰ ਉਸ ਨੇ ਫਿਲਮ ਦੇ ਸ਼ੁਰੂ ਵਿਚ ਇੱਕ ਛੋਟਾ ਜਿਹਾ ਭਾਸ਼ਣ ਜ਼ਰੂਰ ਪਾ ਦਿੱਤਾ ਤਾਂ ਕਿ ਬੱਚੇ ਟਾਈਟਲ ਦਾ ਗਲਤ ਮਤਲਬ ਨਾ ਲੈਣ। ਫਿਲਮ ਦੇ ਰਾਈਟਸ ਲੈ ਕੇ ਇਸ ਨੂੰ ਤਾਮਿਲ ਤੇ ਤੈਲਗੂ ਵਿਚ 'ਧੋਨੀ' ਟਾਈਟਲ ਹੇਠ ਅਤੇ ਬੰਗਾਲੀ ਵਿਚ 'ਚਲੋ ਪਾਲਤਾਈ' ਦੇ ਨਾਂ ਹੇਠ ਬਣਾਇਆ ਗਿਆ। ਸਾਰੀਆਂ ਫਿਲਮਾਂ ਬਹੁਤ ਕਾਮਯਾਬ ਰਹੀਆਂ ਸਨ।

ਮਰਾਠੀ ਫਿਲਮ 2010, ਬੰਗਾਲੀ ਫਿਲਮ 2011 ਤੇ ਤਾਮਿਲ-ਤੈਲਗੂ 2012 ਵਿਚ ਰਿਲੀਜ਼ ਹੋਈਆਂ ਸਨ, ਤੇ ਸਾਡੇ ਪੰਜਾਬੀ ਭਰਾ ਹੁਣ ਇਸ ਨੂੰ 2018 ਵਿਚ ਲੈ ਕੇ ਆਏ ਹਨ! ਵੈਸੇ ਵੀ ਫਿਲਮ ਚਾਰ ਕੁ ਸਾਲ ਬੇਹੀ ਲਗਦੀ ਹੈ, ਕਿਉਂਕਿ ਧੋਨੀ, ਯੁਵਰਾਜ ਤੇ ਭੱਜੀ ਹੁਣ ਆਊਟ-ਡੇਟਿਡ ਹੋ ਚੁਕੇ ਹਨ; ਕੋਹਲੀ, ਧਵਨ ਤੇ ਰੋਹਿਤ ਦਾ ਜ਼ਮਾਨਾ ਆ ਚੁਕਾ ਹੈ।

ਫਿਲਮ ਵਿਚ ਗੈਸਟ ਜਿਹਾ ਰੋਲ ਕਰ ਰਹੀ ਜਪੁਜੀ ਖਹਿਰਾ ਸਲਿਮ-ਟ੍ਰਿਮ ਹੈ ਜਦ ਕਿ ਆਪਣੀ ਤਾਜ਼ਾ ਫਿਲਮ 'ਕੁੜਮਾਈਆਂ' ਵਿਚ ਉਹ ਪਹਿਲਾਂ ਨਾਲੋਂ ਮੋਟੀ ਹੈ। ਇਸੇ ਤਰ੍ਹਾਂ ਤਾਨੀਆ ਨੇ ਹਾਲ ਹੀ ਵਿਚ ਫਿਲਮ 'ਕਿਸਮਤ' ਵਿਚ ਸਹਿ-ਨਾਇਕਾ ਦਾ ਕਿਰਦਾਰ ਨਿਭਾਇਆ ਹੈ, ਜਦ ਕਿ ਇਸ ਫਿਲਮ ਵਿਚ ਉਹ ਸਕੂਲੀ ਬੱਚੀ ਹੈ।

ਫਿਲਮ ਦੀ ਕਹਾਣੀ ਬੜੀ ਭਾਵੁਕ ਹੈ (ਮਰਾਠੀ ਦੀ)! ਇਕ ਆਮ ਪਰਿਵਾਰ ਦਾ ਬੰਦਾ ਸਾਧਾਰਨ ਸਕੂਲ ਵਿਚ ਪੜ੍ਹ ਰਹੇ ਆਪਣੇ ਬੱਚੇ ਨੂੰ ਪੜ੍ਹਾਈ ਵਿਚ ਅੱਵਲ ਵੇਖਣਾ ਚਾਹੁੰਦਾ ਹੈ, ਕਿਉਂਕਿ ਚੰਗੀ ਨੌਕਰੀ ਮਿਲ ਜਾਣ ਵਿਚ ਹੀ ਉਸ ਨੂੰ ਬੱਚੇ ਦਾ ਵਧੀਆ ਭਵਿੱਖ ਨਜ਼ਰ ਆਉਂਦਾ ਹੈ। ਇਸ ਦੇ ਉਲਟ ਬੱਚਾ ਪੜ੍ਹਾਈ ਵਿਚ ਨਾਲਾਇਕ ਹੈ ਤੇ ਉਸ ਨੂੰ ਪੜ੍ਹਨ ਵਿਚ ਉਕਾ ਹੀ ਦਿਲਚਸਪੀ ਨਹੀਂ ਹੈ, ਪਰ ਕ੍ਰਿਕਟ ਖੇਡਣ ਲਈ ਕੁਦਰਤੀ ਉਸ ਅੰਦਰ ਬੜੀ ਪ੍ਰਤਿਭਾ ਹੈ। ਇਸੇ ਮੁੱਦੇ 'ਤੇ ਪਿਓ-ਪੁੱਤ ਵਿਚ ਖਿਚਾਅ ਹੈ ਅਤੇ ਇਸੇ ਖਿਚਾਅ ਵਿਚ ਬਾਪ ਹੱਥੋਂ ਬੇਟੇ ਦੇ ਸੱਟ ਲੱਗ ਜਾਂਦੀ ਹੈ ਤੇ ਉਹ ਕੌਮਾ 'ਚ ਚਲਾ ਜਾਂਦਾ ਹੈ। ਅੰਤ ਸੁਖਦਾਈ ਹੈ।

ਮਰਾਠੀ ਫਿਲਮ ਵਿਚ ਮਾਂਜਰੇਕਰ ਨੇ ਜਿਸ ਤਰ੍ਹਾਂ ਸਿਖਿਆ ਸਿਸਟਮ ਉਤੇ ਚੋਟ ਕੀਤੀ ਹੈ, ਪੰਜਾਬੀ ਫਿਲਮ ਉਸ ਦੇ ਨੇੜੇ-ਤੇੜੇ ਵੀ ਨਹੀਂ ਹੈ। ਇਸ ਫਿਲਮ ਦੇ ਲੇਖਕ ਆਪਣੇ ਆਪ ਨੂੰ ਪੰਜਾਬੀ ਫਿਲਮਾਂ ਦੇ ਦਿੱਗਜ ਕਹਾਉਂਦੇ ਧੀਰਜ ਰਤਨ (ਸਕ੍ਰੀਨਪਲੇ) ਅਤੇ ਸੁਰਮੀਤ ਮਾਵੀ (ਡਾਇਲਾਗ) ਦੱਸੇ ਗਏ ਹਨ, ਹਾਲਾਂਕਿ ਇਨ੍ਹਾਂ ਨੇ ਪੰਜਾਬੀ ਸਿਨਮੇ ਨੂੰ ਜ਼ਿਆਦਾਤਰ ਫਲਾਪ ਫਿਲਮਾਂ ਹੀ ਦਿੱਤੀਆਂ ਹਨ। ਇੰਜ ਲਗਦਾ ਹੈ ਕਿ ਦੋਹਾਂ ਨੇ 'ਸੰਨ ਆਫ ਮਨਜੀਤ ਸਿੰਘ' ਨੂੰ ਮਰਾਠੀ ਫਿਲਮ ਤੋਂ ਵੀ ਉਤੇ ਦੀ ਫਿਲਮ ਬਣਾਉਣ ਦੇ ਚੱਕਰ ਵਿਚ ਅਸਲ ਕਹਾਣੀ ਦਾ ਨਾਸ ਮਾਰ ਦਿੱਤਾ।

ਪਹਿਲੀ ਗੱਲ ਇਹ ਕਿ ਸਾਨੂੰ ਸ਼ਾਇਦ ਕਿਸੇ ਫਿਲਮ ਦੀ ਰੀਮੇਕ ਜਾਂ ਕਾਪੀ ਕਹਿਣ ਵਿਚ ਵੀ ਸ਼ਰਮ ਜਾਂ ਸੰਗ ਮਹਿਸੂਸ ਹੁੰਦੀ ਹੈ। ਇਸੇ ਮਰਾਠੀ ਫਿਲਮ ਨੂੰ ਸਾਊਥ ਦੇ ਮਸ਼ਹੂਰ ਐਕਟਰ ਪ੍ਰਕਾਸ਼ਰਾਜ ਨੇ ਤਾਮਿਲ ਤੇ ਤੈਲਗੂ ਵਿਚ ਬਣਾਇਆ ਹੈ। ਭਾਸ਼ਾ ਬਦਲਣ ਕਾਰਨ ਉਸ ਨੇ ਲੇਖਕ ਦੇ ਤੌਰ 'ਤੇ ਆਪਣਾ ਕਰੈਡਿਟ ਤਾਂ ਦਿੱਤਾ ਪਰ ਸਿਰਫ 'ਕੋ-ਰਾਈਟਰ' ਦੇ ਤੌਰ 'ਤੇ! ਇਸ ਨੂੰ ਕਹਿੰਦੇ ਹਨ, ਸਾਹਿਤ ਪ੍ਰਤੀ ਇਮਾਨਦਾਰੀ। ਪਰ ਅਸੀਂ ਚੋਰੀ ਨੂੰ ਆਪਣਾ 'ਮਾਲ' ਦੱਸਣ ਵਿਚ ਜ਼ਰਾ ਵੀ ਝਿਜਕ ਜਾਂ ਸ਼ਰਮ ਮਹਿਸੂਸ ਨਹੀਂ ਕਰਦੇ।

ਜਦ 'ਕੈਰੀ ਆਨ ਜੱਟਾ' ਬਾਰੇ ਪੰਜਾਬੀ ਸਕਰੀਨ ਮੈਗਜ਼ੀਨ ਵਿਚ ਛਪਿਆ ਕਿ ਇਹ ਅਨੂ ਕਪੂਰ ਦੀ ਇਕ ਫਿਲਮ 'ਕੁਛ ਤੋ ਗੜਬੜ ਹੈ' ਦੀ ਫਰੇਮ ਟੂ ਫਰੇਮ ਕਾਪੀ ਹੈ ਤੇ ਫਿਲਮ ਦੇ ਸਕ੍ਰਿਪਟ ਦੇ ਸਾਰੇ ਚੋਰੀ ਵਾਲੇ ਕਰੈਡਿਟ ਆਪਣੇ ਸਿਰਾਂ 'ਤੇ ਸਜਾ ਲਏ ਸਨ। ਨਿਰਮਾਤਾਵਾਂ ਨੇ ਗਲਤੀ ਮੰਨਣ ਦੀ ਥਾਂ ਫਿਲਮ ਦੇ ਸੰਪਾਦਕ ਨਾਲ ਹੀ ਮੂੰਹ ਸੁਜਾ ਲਿਆ। ਇਸੇ ਤਰ੍ਹਾਂ ਜਦ ਉਸੇ ਸੰਪਾਦਕ ਦਿਲਜੀਤ ਸਿੰਘ ਅਰੋੜਾ ਨੇ ਪਰਦਾ ਫਾਸ਼ ਕੀਤਾ ਕਿ 'ਲੌਕ' ਫਿਲਮ ਪਾਲੀ ਭੁਪਿੰਦਰ ਨੇ ਨਹੀਂ ਲਿਖੀ ਸੀ, ਸਗੋਂ ਸਾਊਥ ਦੀ ਇਕ ਫਿਲਮ ਦੀ ਡਿੱਟੋ ਕਾਪੀ ਹੈ, ਤਾਂ ਪੰਜਾਬੀ ਫਿਲਮੀ ਲੇਖਕਾਂ ਦੀ ਇਮਾਨਦਾਰੀ ਨੂੰ ਲੈ ਕੇ ਕਾਫੀ ਹੰਗਾਮਾ ਹੋਇਆ ਸੀ।

ਖੈਰ! ਮਰਾਠੀ ਫਿਲਮ ਦੀ ਇਸ ਕਾਪੀ ਦੇ ਘਟੀਆ ਹੋਣ ਪਿਛੇ ਦੂਜਾ ਵੱਡਾ ਕਾਰਨ ਇਸ ਦੀ ਸਟਾਰਕਾਸਟ ਹੈ। ਮਰਾਠੀ ਫਿਲਮ ਵਿਚ ਸਚਿਨ ਖੇਡੇਕਰ, ਭਰਤ ਜਾਧਵ ਤੇ ਖੁਦ ਮਹੇਸ਼ ਮਾਂਜਰੇਕਰ ਜਿਹੇ ਮੰਨੇ ਪ੍ਰਮੰਨੇ ਸਟੇਜ ਆਰਟਿਸਟ ਸਨ। ਤੈਲਗੂ ਤੇ ਤਾਮਿਲ ਵਰਜ਼ਨ ਸਾਊਥ ਦੇ ਪ੍ਰਸਿੱਧ ਐਕਟਰ ਪ੍ਰਕਾਸ਼ਰਾਜ ਅਤੇ ਬੰਗਾਲੀ ਵਿਚ ਇਸ ਨੂੰ ਉਥੋਂ ਦੇ ਸੁਪਰ ਸਟਾਰ ਪ੍ਰਸਨਜੀਤ ਨੇ ਬਣਾਇਆ ਸੀ; ਤੇ ਸਾਡੇ ਇੱਥੇ ਫਿਲਮ ਦਾ ਮੁੱਖ ਪਾਤਰ ਗੁਰਪ੍ਰੀਤ ਘੁੱਗੀ ਹੈ।

ਗੁਰਪ੍ਰੀਤ ਘੁੱਗੀ ਵਧੀਆ ਕਾਮੇਡੀਅਨ ਹੈ, 'ਪੰਚਾਂ' ਨਾਲ ਦਰਸ਼ਕਾਂ ਨੂੰ ਹਸਾ ਲੈਂਦਾ ਹੈ, ਪਰ

## ਫਿਲਮ ਸਮੀਖਿਆ

ਮੈਂ ਇਸ ਗੱਲ 'ਤੇ ਸਹਿਮਤ ਨਹੀਂ ਕਿ ਉਹ ਇੱਕ ਬਹੁਤ ਵੱਡਾ ਐਕਟਰ ਹੈ ਤੇ ਫਿਲਮ, ਉਹ ਵੀ ਬੜੇ ਸੰਜੀਦਾ ਵਿਸ਼ੇ ਵਾਲੀ, ਨੂੰ ਆਪਣੇ ਮੋਢਿਆਂ 'ਤੇ ਚੁੱਕ ਕੇ ਪਾਰ ਕਰਾ ਸਕਦਾ ਹੈ। ਉਹ ਨਾਨਾ ਪਾਟੇਕਰ, ਓਮ ਪੁਰੀ, ਭਰਤ ਜਾਧਵ ਜਾਂ ਪ੍ਰਕਾਸ਼ਰਾਜ ਜਿਹਾ ਹੰਢਿਆ ਤੇ ਮੰਝਿਆ ਫਿਲਮੀ ਅਦਾਕਾਰ ਜਾਂ ਰੰਗਕਰਮੀ ਨਹੀਂ ਹੈ। ਉਂਜ ਵੀ ਉਹ ਆਪਣੇ ਕਿਰਦਾਰ ਨਾਲ ਇਨਸਾਫ ਨਹੀਂ ਕਰ ਸਕਿਆ। ਹੋਟਲ ਵਿਚ ਦਾਲਾਂ-ਸਬਜ਼ੀਆਂ ਨੂੰ ਤੜਕੇ ਲਾਉਣ ਵਾਲਾ ਕੁੱਕ ਜਦ ਭਾਸ਼ਣ ਦੇਣ ਲਗਦਾ ਹੈ ਤਾਂ ਇੰਜ ਲਗਦਾ ਹੈ ਜਿਵੇਂ ਡਾ. ਰਾਧਾ ਕ੍ਰਿਸ਼ਨਨ ਤੋਂ ਵੀ ਵੱਡਾ ਫਿਲਾਸਫਰ ਹੋਵੇ। ਆਪਣੇ ਭਾਸ਼ਣਾਂ ਨਾਲ ਉਹ ਸਿਵਾਏ ਸਿਰਦਰਦ ਤੋਂ ਕੁਝ ਨਹੀਂ ਦਿੰਦਾ, ਤੇ ਇਸ ਵਿਚ ਸ਼ਾਇਦ ਮਰਾਠੀ ਤੋਂ 'ਉਤੇ' ਦੀ ਫਿਲਮ ਬਣਾਉਣ ਵਾਲੇ ਸਾਡੇ ਪੰਜਾਬੀ ਲੇਖਕਾਂ ਦਾ ਵੀ ਭਰਪੂਰ ਯੋਗਦਾਨ ਹੋਵੇ!

ਮਨਜੀਤ ਸਿੰਘ ਦੇ ਬੇਟੇ ਦਾ ਰੋਲ ਦਮਨਪ੍ਰੀਤ ਸਿੰਘ ਨੇ ਨਿਭਾਇਆ ਹੈ, ਜੋ ਇਸ ਤੋਂ ਪਹਿਲਾਂ ਟੀ. ਵੀ. ਸੀਰੀਅਲ 'ਮਹਾਰਾਜਾ ਰਣਜੀਤ ਸਿੰਘ' ਰਾਹੀਂ ਪ੍ਰਸਿੱਧੀ ਖੱਟ ਚੁਕਾ ਹੈ। ਪਰ ਉਹ 'ਸ਼ਿਕਸ਼ਾਨਾਚਯਾ ਆਈਚਾ ਘੋ' ਦੇ ਸਖਸ਼ਮ ਕੁਲਕਰਣੀ ਨਾਲੋਂ ਕਾਫੀ ਪੱਛੜ ਗਿਆ। ਇਸ ਵਿਚ ਵੀ ਲੇਖਕਾਂ ਦਾ ਹੱਥ ਲਗਦਾ ਹੈ, ਤੇ ਉਨ੍ਹਾਂ ਨੇ ਘੁੱਗੀ ਦੇ ਮੁਕਾਬਲੇ ਦਮਨ ਦੇ ਰੋਲ ਨੂੰ ਵੀ ਕ੍ਰਿਸਪੀ ਬਣਾਉਣ ਦੇ ਚੱਕਰ ਵਿਚ ਕਰੈਕਟਰ 'ਜੈਵੀਰ' ਨੂੰ ਮਰਾਠੀ ਫਿਲਮ ਵਾਲੇ ਅਤਿ-ਭਾਵੁਕ ਕਿਰਦਾਰ 'ਸ਼੍ਰੀਨਿਵਾਸ ਰਾਣੇ' ਤੋਂ ਬਹੁਤ ਦੂਰ ਧੱਕ ਦਿੱਤਾ।

ਤਾਨੀਆ ਆਪਣੇ ਭੈਣ ਵਾਲੇ ਰੋਲ ਨੂੰ ਠੀਕ ਨਿਭਾ ਗਈ। ਜਪੁਜੀ ਖਹਿਰਾ ਦੇ ਹਿੱਸੇ ਇਕ ਗਾਣੇ ਤੇ ਚਾਰ ਪੰਜ ਦ੍ਰਿਸ਼ਾਂ ਤੋਂ ਇਲਾਵਾ ਕੁਝ ਨਹੀਂ ਹੈ। ਹਾਰਬੀ ਸੰਘਾ ਤੇ ਮਲਕੀਤ ਰੌਣੀ ਬੇਕਾਰ ਹਨ। ਉਨ੍ਹਾਂ ਨੂੰ '3 ਈਡੀਅਟ' ਸਟਾਈਲ ਕੁਝ 'ਪੰਚ' ਭਰਨ ਲਈ ਹੀ ਫਿਲਮ ਵਿਚ ਭਰਤੀ ਕਰ ਲਿਆ ਗਿਆ। ਕਰਮਜੀਤ ਅਨਮੋਲ ਨੇ ਇਸ ਫਿਲਮ ਦਾ ਰੋਲ ਕੀ ਸੋਚ ਕੇ ਕੀਤਾ, ਸਮਝ ਤੋਂ ਬਾਹਰ ਦੀ ਗੱਲ ਹੈ। ਬਾਕੀ ਦੇ ਸਾਰੇ ਕਲਾਕਾਰ 'ਫਿੱਲਰ' ਹਨ, ਕਰਨ ਲਈ ਕੁਝ ਵੀ ਖਾਸ ਨਹੀਂ ਹੈ।

ਕਾਸ਼! ਡਾਇਰੈਕਟਰ ਵਿਕਰਮ ਗਰੋਵਰ ਮਰਾਠੀ ਫਿਲਮ ਦੀ ਫਰੇਮ ਟੂ ਫਰੇਮ ਕਾਪੀ ਹੀ ਮਾਰ ਲੈਂਦਾ! ਮੇਰੀ ਸਭ ਨੂੰ ਗੁਜ਼ਾਰਿਸ਼ ਹੈ ਕਿ ਉਹ ਮਰਾਠੀ ਫਿਲਮ ਜ਼ਰੂਰ ਵੇਖਣ।




*(ਖੱਬੇ) ਪੰਜਾਬੀ ਫਿਲਮ 'ਸੰਨ ਆਫ ਮਨਜੀਤ ਸਿੰਘ' ਅਤੇ (ਸੱਜੇ) ਮਰਾਠੀ ਫਿਲਮ 'ਸ਼ਿਕਸ਼ਾਨਾਚਯਾ ਆਈਚਾ ਘੋ' ਦਾ ਪੋਸਟਰ*

# ਸਰਦਾਰ ਸੋਹੀ ਦੀ ਅਦਾਕਾਰੀ

ਪਿੰਡ ਟਿੱਬੇ (ਨੇੜੇ ਸ਼ੇਰਪੁਰ) ਦੀਆਂ ਗਲੀਆਂ 'ਚ ਖੇਡ ਕੇ ਜਵਾਨ ਹੋਏ ਪਰਮਜੀਤ ਬਾਰੇ ਕੋਈ ਨਹੀਂ ਸੀ ਜਾਣਦਾ ਕਿ ਇਹ ਚੁੱਪ ਕੀਤਾ ਜਿਹਾ ਮੁੰਡਾ ਇੱਕ ਦਿਨ ਫਿਲਮੀ ਪਰਦੇ 'ਤੇ ਸਰਦਾਰ ਸੋਹੀ ਬਣ ਕੇ ਚਮਕੇਗਾ। ਪਰਮਜੀਤ ਤੋਂ ਸਰਦਾਰ ਸੋਹੀ ਬਣਨਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ। ਸੋਹੀ, ਹਰਪਾਲ ਟਿਵਾਣਾ ਦਾ ਚੰਡਿਆ ਚੇਲਾ ਹੈ। ਉਸ ਨੇ ਹਰਪਾਲ ਟਿਵਾਣਾ ਦੀ ਨਾਟਸ਼ਾਲਾ ਵਿਚ 12 ਸਾਲ ਸ਼ਾਗਿਰਦੀ ਕੀਤੀ ਤਾਂ ਕਿਤੇ ਜਾ ਕੇ ਹਰਪਾਲ ਟਿਵਾਣਾ ਨੇ ਉਸ ਨੂੰ ਸਰਦਾਰ ਸੋਹੀ ਦਾ ਨਾਂ ਦਿੱਤਾ।

ਅੱਜ ਸਰਦਾਰ ਸੋਹੀ ਇੱਕ ਸਫਲ ਚਰਿੱਤਰ ਅਭਿਨੇਤਾ ਹੈ। ਕਈ ਦ੍ਰਿਸ਼ਾਂ ਵਿਚ ਉਹ ਆਪ ਨਹੀਂ ਬੋਲਦਾ, ਉਸ ਦੀ ਅਦਾਕਾਰੀ ਬੋਲਦੀ ਹੈ। ਰੋਹਬਦਾਰ ਕਿਰਦਾਰਾਂ ਨਾਲ ਖੇਡਣਾ ਉਸ ਨੂੰ ਚੰਗਾ ਲੱਗਦਾ ਹੈ। ਚਾਹੇ ਪੁਲਿਸ ਅਫਸਰ ਹੋਵੇ ਜਾਂ ਵੈਲੀਪੁਣੇ ਵਾਲਾ, ਹਰ ਕਿਰਦਾਰ ਵਿਚ ਜਾਨ ਪਾਉਣਾ ਉਸ ਦੀ ਕਲਾਕਾਰੀ ਦਾ ਰੰਗ ਹੈ। ਦਰਜਨਾਂ ਫਿਲਮਾਂ ਵਿਚ ਅਦਾਕਾਰੀ ਕਰਨ ਦੇ ਨਾਲ ਨਾਲ ਸਰਦਾਰ ਸੋਹੀ ਨੇ ਅਨੇਕਾਂ ਫਿਲਮਾਂ ਦੀਆਂ ਕਹਾਣੀਆਂ ਤੇ ਡਾਇਲਾਗ ਵੀ ਲਿਖੇ।

ਸਰਦਾਰ ਸੋਹੀ ਨੇ ਦੱਸਿਆ ਕਿ ਕਲਾ ਰੂਪੀ ਜਾਗ ਉਸ ਨੂੰ ਨਿਆਣੀ ਉਮਰੇ ਹੀ ਲੱਗਿਆ। ਉਸ ਦਾ ਪਿੰਡ ਟਿੱਬਾ (ਨਾਨਕਾ ਪਿੰਡ) ਕਾਮਰੇਡਾਂ ਦਾ ਪਿੰਡ ਰਿਹਾ ਹੈ। ਲੋਕ ਲਹਿਰ ਦੇ ਸਿਰਕੱਢ ਬੁਲਾਰਿਆਂ ਤੇ ਸੰਗੀਤਕ ਕਾਮਰੇਡੀ ਡਰਾਮੇ ਕਰਨ ਵਾਲਿਆਂ ਦਾ ਇੱਥੇ ਬਹੁਤ ਆਉਣਾ-ਜਾਣਾ ਸੀ। ਉਸ ਦੱਸਿਆ, ਜਲਾਲਦੀਵਾਲ ਵਾਲਾ ਦਲੀਪ ਸਿੰਘ ਮਸਤ ਕਹਿੰਦਾ-ਕਹਾਉਂਦਾ ਕਾਮਰੇਡ ਬੁਲਾਰਾ ਸੀ, ਜੋ ਅਕਸਰ ਮੇਰੇ ਨਾਨਾ ਜੀ ਕੋਲ ਆਉਂਦਾ। 'ਬਾਹਰਲੇ ਘਰ' ਵੱਜਦੇ ਤੂੰਬੀ-ਢੋਲਕੀ ਵਾਲੇ ਮਾਹੌਲ ਨੇ ਮੈਨੂੰ ਵੀ ਪ੍ਰਭਾਵਿਤ ਕੀਤਾ। ਇਸੇ ਸਦਕਾ ਮੈਂ ਸਕੂਲ ਵਿਚ ਗਾਉਣ ਲੱਗਾ। ਸਨਿਚਰਵਾਰ ਦੀ ਸਭਾ ਵਿਚ ਮੈਂ 'ਚਾਹ ਦੇ ਨਸ਼ੇ' ਬਾਰੇ ਗੀਤ ਗਾਉਂਦਾ, ਜੋ ਬਹੁਤ ਸਲਾਹਿਆ ਜਾਂਦਾ। ਉਦੋਂ ਆਮ ਚਰਚਾ ਸੀ ਕਿ ਅੰਗਰੇਜ਼ ਜਾਣ ਲੱਗੇ ਦੁੱਧ-ਲੱਸੀਆਂ ਪੀਣ ਵਾਲੇ ਪੰਜਾਬੀਆਂ ਨੂੰ ਚਾਹ ਦੇ ਅਮਲ 'ਤੇ ਲਾ ਗਏ।

ਸਕੂਲ-ਕਾਲਜ ਵਿਚ ਪੜ੍ਹਦਿਆਂ ਸੋਹੀ ਨੂੰ ਫਿਲਮਾਂ ਵੇਖਣ ਦਾ ਸ਼ੌਕ ਪੈ ਗਿਆ ਜਿਸ ਨਾਲ ਉਸ ਅੰਦਰਲਾ ਕਲਾਕਾਰ ਅੰਗੜਾਈਆਂ ਲੈਣ ਲੱਗਾ ਤੇ ਇਹੀ ਉਸ ਨੂੰ ਮੁੰਬਈ ਲੈ ਗਿਆ ਪਰ ਉਸ ਅੰਦਰਲਾ ਕਲਾਕਾਰ ਅਜੇ ਕੱਚਾ ਸੀ। ਉਸਤਾਦ ਗੁਰੂ ਦਾ ਜਾਗ ਨਹੀਂ ਸੀ ਲੱਗਾ, ਇਸ ਕਰਕੇ ਉਹ ਕੁਝ ਮਹੀਨੇ ਖੱਜਲ-ਖੁਆਰ ਹੋ ਕੇ ਪਿੰਡ ਮੁੜ ਆਇਆ ਤੇ ਹਲ ਦਾ ਮੁੰਨਾ ਫੜ੍ਹ ਬਾਪੂ ਨਾਲ ਖੇਤ ਦੀਆਂ ਵੱਟਾਂ ਮਿੱਧਣ ਲੱਗਾ। ਬਾਪੂ ਨੇ ਉਸ ਦਾ ਉਦਾਸ ਚਿਹਰਾ ਪੜ੍ਹ ਕੇ ਕਿਹਾ, "ਜੇ ਤੇਰਾ ਮਨ ਐਕਟਰ ਬਣਨ ਦਾ ਹੀ ਹੈ ਤਾਂ ਜਾਹ, ਆਪਣੀ ਮੰਜ਼ਿਲ ਲੱਭ ਲੈ, ਪਰ ਕੁਝ ਬਣ ਕੇ ਮੁੜੀਂ।"

ਸਰਦਾਰ ਸੋਹੀ ਦਾ ਬਾਪੂ ਇੱਕ ਸੁਲਝਿਆ ਬੰਦਾ ਸੀ। ਅੰਗਰੇਜ਼ਾਂ ਦੇ ਵੇਲੇ ਉਹ ਫੌਜ ਵਿਚ ਵੈਦਗਿਰੀ ਦੀ ਨੌਕਰੀ ਕਰਦਾ ਸੀ ਜਿਸ ਕਰਕੇ ਉਸ ਨੂੰ ਉਰਦੂ, ਫਾਰਸੀ ਤੇ ਪੰਜਾਬੀ ਸਮੇਤ ਕਈ ਜ਼ੁਬਾਨਾਂ ਦਾ ਗਿਆਨ ਸੀ। ਉਸ ਨੇ ਆਪਣੇ ਪੁੱਤਰ ਦੀਆਂ ਭਾਵਨਾਵਾਂ ਪੜ੍ਹ ਕੇ ਉਸ ਨੂੰ ਕਲਾ ਦੇ ਅਸਮਾਨ 'ਚ ਉਡਾਰੀ ਮਾਰਨ ਦੀ ਖੁੱਲ੍ਹ ਦੇ ਦਿੱਤੀ।



ਆਪਣੀ ਮੰਜ਼ਿਲ ਦੀ ਤਲਾਸ਼ ਵਿਚ ਤੁਰਦੇ-ਫਿਰਦੇ ਸੋਹੀ ਨੂੰ ਉਸ ਦੇ ਇੱਕ ਖਾਸ ਮਿੱਤਰ ਨੇ ਹਰਪਾਲ ਟਿਵਾਣਾ ਦੇ ਦਰ ਦਾ ਕੁੰਡਾ ਖੜਕਾਉਣ ਦੀ ਸਲਾਹ ਦਿੱਤੀ। ਕਰੜੇ ਇਮਤਿਹਾਨਾਂ ਵਿਚੋਂ ਲੰਘਦਿਆਂ, ਜੀ ਹਜ਼ੂਰੀ ਕਰਦਿਆਂ ਸੋਹੀ ਆਪਣੀ ਮੰਜ਼ਿਲ ਵੱਲ ਵਧਣ ਲੱਗਾ। ਉਸ ਨੇ ਹਿੰਦ ਦੀ ਚਾਦਰ, ਚਮਕੌਰ ਦੀ ਗੜ੍ਹੀ, ਰਮਾਇਣ, ਦੀਵਾ ਬਲੇ ਸਾਰੀ ਰਾਤ, ਲੌਂਗ ਦਾ ਲਿਸ਼ਕਾਰਾ, ਮੇਲਾ ਮੁੰਡੇ ਕੁੜੀਆਂ ਦਾ, ਮੱਸਿਆ ਦੀ ਰਾਤ, ਚੰਡੀਗੜ੍ਹ ਮੁਸੀਬਤਾਂ ਦਾ ਘਰ, ਲੋਹਾ ਕੁੱਟ ਆਦਿ ਨਾਟਕਾਂ ਵਿਚ ਵੱਖ ਵੱਖ ਕਿਰਦਾਰ ਖੇਡੇ।

ਸਰਦਾਰ ਸੋਹੀ ਨੇ ਆਪਣੇ ਫਿਲਮੀ ਸਫਰ ਦੀ ਸ਼ੁਰੂਆਤ ਵੀ ਹਰਪਾਲ ਟਿਵਾਣਾ ਦੀ ਫਿਲਮ 'ਲੌਂਗ ਦਾ ਲਿਸ਼ਕਾਰਾ' (1983) ਤੋਂ ਕੀਤੀ। ਉਸ ਦੀ ਦੂਜੀ ਫਿਲਮ 'ਦੀਵਾ ਬਲੇ ਸਾਰੀ ਰਾਤ' ਨੇ ਸਰਦਾਰ ਸੋਹੀ ਨੂੰ ਉਸੇ ਮੁੰਬਈ ਪਹੁੰਚਾ ਦਿੱਤਾ, ਜਿੱਥੋਂ ਕਦੇ ਉਹ ਨਿਰਾਸ਼ ਹੋ ਕੇ ਪਰਤਿਆ ਸੀ। ਗੁਲਜ਼ਾਰ ਦੇ ਨਾਟਕ 'ਮਿਰਜਾ ਗਾਲਿਬ' ਸਮੇਤ ਕਈ ਚਰਚਿਤ ਲੜੀਵਾਰਾਂ ਵਿਚ ਕੰਮ ਕਰਨ ਦੇ ਇਲਾਵਾ ਕਈ ਹਿੰਦੀ ਫਿਲਮਾਂ-ਵਾਰਿਸ, ਵਿਜੈ ਸ਼ਕਤੀ, ਐਲਾਨ, ਪਿਆਸੀ ਨਿਗਾਹੇ, ਦਿਵਿਆ ਸ਼ਕਤੀ, ਸ਼ਹੀਦ ਭਗਤ ਸਿੰਘ, ਹਵਾਏਂ ਤੇ ਕਾਫਲਾ ਕੀਤੀਆਂ। ਪੰਜਾਬੀ ਫਿਲਮਾਂ ਵਿਚ ਚੰਗਾ ਕੰਮ ਨਾ ਹੋਣ ਕਰਕੇ ਉਹ ਕਈ ਸਾਲ ਪੰਜਾਬੀ ਫਿਲਮਾਂ ਤੋਂ ਦੂਰ ਹੀ ਰਿਹਾ।

1997 ਵਿਚ ਆਈ ਪੰਜਾਬੀ ਫਿਲਮ 'ਮੇਲਾ' ਨਾਲ ਉਹ ਪੰਜਾਬੀ ਫਿਲਮਾਂ ਲਈ ਮੁੜ ਸਰਗਰਮ ਹੋਇਆ। ਫਿਰ ਸੁਖਮੰਦਰ ਧੰਜਲ ਦੀ ਨੈਸ਼ਨਲ ਐਵਾਰਡ ਜੇਤੂ ਫਿਲਮ 'ਬਾਗੀ' ਵਿਚ ਉਸ ਦੀ ਅਦਾਕਾਰੀ ਪੂਰੇ ਜਲੌਅ 'ਤੇ ਰਹੀ। ਖੇਲ ਤਕਦੀਰਾਂ ਦੇ, ਲੱਗਦਾ ਇਸ਼ਕ ਹੋ ਗਿਆ, ਜਿਹਨੇ ਮੇਰਾ ਦਿਲ ਲੁੱਟਿਆ, ਜੱਟ ਜੇਮਸ਼ ਬਾਂਡ, ਕੈਰੀ ਆਨ ਜੱਟਾ, ਸਾਬ੍ਹ ਬਹਾਦਰ, ਦੁੱਲਾ ਭੱਟੀ, ਨਿੱਕਾ ਜੈਲਦਾਰ-2, ਸੂਬੇਦਾਰ ਜੋਗਿੰਦਰ ਸਿੰਘ, ਕੌਮ ਦੇ ਹੀਰੇ, ਮੋਟਰ ਮਿੱਤਰਾਂ ਦੀ, ਬਲੱਡ ਸਟਰੀਟ, ਸਰਦਾਰ ਮੁਹੰਮਦ ਆਦਿ ਦਰਜਨਾਂ ਪੰਜਾਬੀ ਫਿਲਮਾਂ 'ਚ ਯਾਦਗਰੀ ਕਿਰਦਾਰ ਨਿਭਾਏ।

ਆਪਣੀ ਜ਼ਿੰਦਗੀ ਵਿਚ ਮਸਤ ਰਹਿਣ ਵਾਲਾ ਸਰਦਾਰ ਸੋਹੀ ਪੰਜਾਬ ਦੀ ਮਿੱਟੀ ਨਾਲ ਜੁੜਿਆ ਕਲਾਕਾਰ ਹੈ। ਉਸ ਨੂੰ ਚੰਗੀ ਅਦਾਕਾਰੀ ਦੀਆਂ ਵੱਖ ਵੱਖ ਵੰਨਗੀਆਂ ਵਿਚ ਬਿਹਤਰੀਨ ਅਦਾਕਾਰੀ ਬਦਲੇ ਵਿਸ਼ੇਸ਼ ਐਵਾਰਡ ਵੀ ਮਿਲੇ। ਉਂਜ ਉਸ ਦਾ ਕਹਿਣਾ ਹੈ ਕਿ ਸਿਨੇਮਾ ਹਾਲ ਵਿਚ ਦਰਸ਼ਕਾਂ ਦੀਆਂ ਤਾੜੀਆਂ, ਸੀਟੀਆਂ ਉਸ ਦੇ ਅਸਲ ਐਵਾਰਡ ਹੁੰਦੇ ਹਨ।

ਪਿਛਲੇ ਦਿਨੀਂ ਰਿਲੀਜ਼ ਹੋਈ ਪੰਜਾਬੀ ਫਿਲਮ 'ਆਟੇ ਦੀ ਚਿੜੀ' ਵਿਚ ਸਰਦਾਰ ਸੋਹੀ ਨੇ ਕੇਂਦਰੀ ਭੂਮਿਕਾ ਨਿਭਾਈ ਹੈ। ਇਸ ਫਿਲਮ ਵਿਚ ਉਸ ਨੇ ਦਲੀਪ ਸਿੰਘ ਨਾਂ ਦੇ ਬਜੁਰਗ ਦਾ ਕਿਰਦਾਰ ਨਿਭਾਇਆ ਹੈ, ਜੋ ਸੱਤ ਸਮੁੰਦਰੋਂ ਪਾਰ ਰਹਿੰਦਿਆਂ ਵੀ ਆਪਣੀਆਂ ਜੜ੍ਹਾਂ ਨਾਲ ਜੁੜਿਆ ਹੋਇਆ ਹੈ। ਫਿਲਮ ਵਿਚ ਦਾਦੇ-ਪੋਤੇ ਦੀ ਕਹਾਣੀ ਰਾਹੀਂ ਪੀੜ੍ਹੀਆਂ 'ਚ ਪਏ ਵਿਰਸੇ ਦੇ ਪਾੜੇ ਨੂੰ ਤੜਫਮਈ ਹਾਲਾਤ 'ਚ ਬਿਆਨ ਕੀਤਾ ਗਿਆ ਹੈ।

*-ਸੁਰਜੀਤ ਜੱਸਲ*
*ਫੋਨ: 91-98146-07737*

# ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

**242-25 Braddock Ave., Bellerose, NY 11426**

## ਪ੍ਰਥਮ ਪਾਤਿਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ ਲੱਖ-ਲੱਖ ਵਧਾਈ

# 13ਵਾਂ ਮਹਾਨ ਨਗਰ ਕੀਰਤਨ

## ਸਨਿਚਰਵਾਰ, 10 ਨਵੰਬਰ 2018, ਸਵੇਰੇ 11:30 ਵਜੇ ਤੋਂ

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 23 ਨਵੰਬਰ, ਦਿਨ ਸ਼ੁਕਰਵਾਰ ਨੂੰ ਆ ਰਿਹਾ ਹੈ। ਇਸ ਸਬੰਧੀ ਹਰ ਸਾਲ ਦੀ ਤਰ੍ਹਾਂ ਗੁਰਦੁਆਰਾ ਸੰਤ ਸਾਗਰ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿਚ 10 ਨਵੰਬਰ, ਸਨਿਚਰਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਅਤੇ ਪੰਜ ਨਗਾਰਿਆਂ ਦੀ ਗੂੰਜ ਵਿਚ ਸਵੇਰੇ 11:30 ਵਜੇ ਮਹਾਨ ਨਗਰ ਕੀਰਤਨ ਅਰੰਭ ਹੋਵੇਗਾ, ਜੋ ਹਿਲ ਸਾਈਡ 263 ਸਟਰੀਟ ਤੋਂ ਲੰਘਦਾ ਹੋਇਆ 82 ਐਵੀਨਿਊ ਤੋਂ ਸ਼ਾਮ ਦੇ 3:00 ਵਜੇ ਗੁਰਦੁਆਰਾ ਸੰਤ ਸਾਗਰ ਵਿਖੇ ਸਮਾਪਤ ਹੋਵੇਗਾ। ਗਤਕਾ ਟੀਮ ਆਪਣੇ ਜੌਹਰ ਦਿਖਾਏਗੀ।



*ਜਰੂਰੀ ਬੇਨਤੀ: ਸਮੂਹ ਸੰਗਤ ਨੂੰ ਬੇਨਤੀ ਹੈ ਕਿ ਨਗਰ ਕੀਰਤਨ ਵਿਚ ਕੇਸਰੀ ਰੰਗ ਦੀਆਂ ਦਸਤਾਰਾਂ ਤੇ ਦੁਪੱਟੇ ਸਜਾ ਕੇ ਆਓ ਜੀ।*

**ਨਗਰ ਕੀਰਤਨ ਵਿਚ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਰਾਗੀ ਜਥੇ**

ਭਾਈ ਗੁਰਪ੍ਰੀਤ ਸਿੰਘ ਬੱਲ੍ਹੜਵਾਲ ਵਾਲੇ
ਭਾਈ ਗੁਰਮੇਲ ਸਿੰਘ (ਸਾਬਕਾ ਹਜ਼ੂਰੀ ਰਾਗੀ, ਦਰਬਾਰ ਸਾਹਿਬ, ਅੰਮ੍ਰਿਤਸਰ)
ਭਾਈ ਮਹਿੰਦਰ ਸਿੰਘ ਸਾਗਰ ਤੇ ਜਥਾ
ਬੀਬੀ ਜਸਵਿੰਦਰ ਕੌਰ ਖਾਲਸਾ (ਰਾਮਾ ਮੰਡੀ ਵਾਲੇ) ਬੀਬੀਆਂ ਦਾ ਢਾਡੀ ਜਥਾ

ਪਲੇਨ ਤੇ ਬੈਨਰ ਦੀ ਸੇਵਾ ਭਾਈ ਜਗਦੀਸ਼ ਸਿੰਘ ਤੇ ਪਰਿਵਾਰ ਵਲੋਂ ਹੋਵੇਗੀ।
ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਹੋਵੇਗੀ, ਜਿਸ ਦੀ ਸੇਵਾ ਸ. ਜਸਵੀਰ ਸਿੰਘ (ਲਾਲੀ) ਤੇ ਪਰਿਵਾਰ ਵਲੋਂ।
ਨਗਰ ਕੀਰਤਨ ਵਾਲੇ ਦਿਨ ਦੇ ਲੰਗਰ ਦੀ ਸੇਵਾ ਟੈਕਸੀ ਵਾਲੇ ਵੀਰਾਂ ਵੱਲੋਂ ਹੋਵੇਗੀ।
ਫਲੋਟ ਸਜਾਉਣ ਦੀ ਸੇਵਾ ਬੀਬੀ ਸ਼ਾਂਤ ਕੌਰ ਕਰਨਗੇ।
ਨਗਰ ਕੀਰਤਨ ਵਿਚ ਹਿੱਸਾ ਲੈ ਰਹੇ ਜਥਿਆਂ ਦੀ ਸੇਵਾ ਭਾਈ ਨਿਸ਼ਾਨ ਸਿੰਘ ਤੇ ਪਰਿਵਾਰ ਵਲੋਂ ਹੋਵੇਗੀ।

**ਨੋਟ:** ਅਖੰਡ ਪਾਠਾਂ ਦੀ ਸੇਵਾ 25 ਨਵੰਬਰ ਤੱਕ ਚਲੇਗੀ।

-ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਦਾ ਜਥਾ 21 ਤੋਂ 24 ਨਵੰਬਰ ਤੱਕ ਰੋਜ਼ ਸ਼ਾਮ ਦੀਵਾਨ ਅਤੇ 25 ਨਵੰਬਰ, ਐਤਵਾਰ ਨੂੰ ਦਿਨ ਦੇ ਦੀਵਾਨ ਦੀ ਹਾਜ਼ਰੀ ਭਰੇਗਾ।

-ਬੀਬੀਆਂ ਦਾ ਢਾਡੀ ਜਥਾ 7 ਨਵੰਬਰ ਤੋਂ 30 ਨਵੰਬਰ ਤੱਕ ਰੋਜ਼ ਹਾਜ਼ਰੀ ਭਰੇਗਾ।

**ਪ੍ਰਭਾਤ ਫੇਰੀਆਂ:** ਗੁਰਪੁਰਬ ਸਬੰਧੀ ਹਰ ਸਾਲ ਵਾਂਗ 25 ਅਗਸਤ ਤੋਂ ਪ੍ਰਭਾਤ ਫੇਰੀਆਂ ਅਰੰਭ ਹਨ, ਜੋ 18 ਨਵੰਬਰ ਨੂੰ ਸਮਾਪਤ ਹੋਣਗੀਆਂ।

## ਗੁਰਪੁਰਬ ਸਬੰਧੀ ਪ੍ਰੋਗਰਾਮ ਦਾ ਵੇਰਵਾ

**ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਸੰਗਤਾਂ ਦੇ ਪਿਆਰ ਤੇ ਅਦਬ ਸਦਕਾ 23 ਨਵੰਬਰ, ਸ਼ੁਕਰਵਾਰ ਨੂੰ ਬੜੀ ਸ਼ਰਧਾ ਤੇ ਧੂਮ ਧਾਮ ਨਾਲ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਉਲੀਕੇ ਗਏ ਪ੍ਰੋਗਰਾਮਾਂ ਅਨੁਸਾਰ ਗੁਰੂ ਘਰ ਵਿਖੇ ਹਾਜਰੀ ਭਰ ਕੇ ਜੀਵਨ ਸਫਲ ਕਰਨ ਦੀ ਬੇਨਤੀ ਹੈ ਜੀ:**

**ਵਿਸ਼ੇਸ਼ ਦੀਵਾਨ:** ਗੁਰਪੁਰਬ ਸਬੰਧੀ 19 ਨਵੰਬਰ ਤੋਂ 25 ਨਵੰਬਰ ਤੱਕ ਸ਼ਾਮ 5:30 ਤੋਂ 9:00 ਵਜੇ ਤਕ ਹਰ ਰੋਜ਼ ਵਿਸ਼ੇਸ਼ ਦੀਵਾਨ ਸਜਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ ਜਥੇ ਗੁਰਬਾਣੀ ਕੀਰਤਨ ਨਾਲ ਅਤੇ ਕਥਾਵਾਚਕ ਕਥਾ ਵਿਆਖਿਆ ਤੇ ਬੀਬੀਆਂ ਦਾ ਢਾਡੀ ਜਥਾ ਢਾਡੀ ਵਾਰਾਂ ਨਾਲ ਸਿੱਖ ਇਤਿਹਾਸ ਸਵਰਣ ਕਰਵਾਉਣਗੇ।

**ਗੁਰਪੁਰਬ ਸਬੰਧੀ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਰਾਗੀ ਜਥੇ ਅਤੇ ਕਥਾਵਾਚਕ**

ਪੰਥ ਪ੍ਰਸਿੱਧ ਰਾਗੀ ਜਥਾ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ
ਭਾਈ ਮਹਿੰਦਰ ਸਿੰਘ ਸਾਗਰ ਦਾ ਜਥਾ
ਕਥਾਵਾਚਕ ਗਿਆਨੀ ਦਲਜੀਤ ਸਿੰਘ (ਵਿਦਿਆਰਥੀ ਦਮਦਮੀ ਟਕਸਾਲ)
ਬੀਬੀ ਜਸਵਿੰਦਰ ਕੌਰ ਖਾਲਸਾ (ਰਾਮਾ ਮੰਡੀ ਵਾਲੇ) ਬੀਬੀਆਂ ਦਾ ਢਾਡੀ ਜਥਾ
ਹੋਰ ਵੀ ਪੰਥ ਪ੍ਰਸਿੱਧ ਜਥੇ ਹਿੱਸਾ ਲੈ ਰਹੇ ਹਨ।

**22 ਨਵੰਬਰ 2018:** ਗੁਰਪੁਰਬ ਸਬੰਧੀ ਹਰ ਸਾਲ ਦੀ ਤਰ੍ਹਾਂ 22 ਨਵੰਬਰ, ਵੀਰਵਾਰ ਸ਼ਾਮ 5:30 ਤੋਂ ਰਾਤ ਪ੍ਰਕਾਸ਼ ਸਮੇਂ ਤੱਕ ਦੀਵਾਨ ਸਜਣਗੇ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਕਥਾ 11:30 ਤੋ 12:05 ਤੱਕ ਹੋਵੇਗੀ। ਉਪਰੰਤ ਸਤਿਗੁਰੂ ਦੇ ਪ੍ਰਕਾਸ਼ ਸਮੇਂ ਤੋਂ ਆਰਤੀ ਕੀਰਤਨ ਤੇ ਫੁੱਲਾਂ ਦੀ ਵਰਖਾ ਨਾਲ ਸਮਾਪਤੀ ਹੋਵੇਗੀ।

**23 ਨਵੰਬਰ, ਸ਼ੁਕਰਵਾਰ** ਨੂੰ ਸਵੇਰੇ 9:00 ਵਜੇ ਅਖੰਡ ਪਾਠ ਦਾ ਭੋਗ ਪਵੇਗਾ। ਉਪਰੰਤ ਸਵੇਰੇ 9:30 ਤੋਂ ਬਾਅਦ ਦੁਪਹਿਰ 2 ਵਜੇ ਤੱਕ ਦੀਵਾਨ ਸਜਣਗੇ। ਸ਼ਾਮ 5 ਵਜੇ ਰੱਖੇ ਹੋਏ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ। ਉਪਰੰਤ 5:30 ਵਜੇ ਤੋਂ ਰਾਤ 10:30 ਵਜੇ ਤੱਕ ਦੀਵਾਨ ਸਜਾਏ ਜਾਣਗੇ।

**ਗੁਰੂ ਕਾ ਲੰਗਰ ਅਟੁੱਟ ਵਰਤੇਗਾ**

## ਗੁਰੂ-ਸੰਗਤਾਂ ਦਾ ਦਾਸ: ਭਾਈ ਸੱਜਣ ਸਿੰਘ, ਫੋਨ: 718-343-1030

**ਸਾਬਕਾ ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ**

**ਮੁੱਖ ਸੰਚਾਲਕ, ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)**